PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
14th - 21st May 2026 • Issue No. 3131
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

# ਡੋਨਾਲਡ ਟਰੰਪ ਨੇ ਜੰਗ ਰੋਕਣ ਲਈ ਇਰਾਨ ਦਾ ਪ੍ਰਸਤਾਵ ਠੁਕਰਾਇਆ

## ਕਿਹਾ: ਮੈਨੂੰ ਇਰਾਨੀ ਪ੍ਰਤੀਨਿਧੀਆਂ ਦਾ ਜਵਾਬ ਬਿਲਕੁਲ ਵੀ ਪਸੰਦ ਨਹੀਂ ਆਇਆ



ਤੇਲਅਵੀਵ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਨਵੇਂ ਸ਼ਾਂਤੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਟਰੂਥਸੋਸ਼ਲ 'ਤੇ ਲਿਖਿਆ ਕਿ ਮੈਂ ਇਰਾਨੀ ਪ੍ਰਤੀਨਿਧੀਆਂ ਦਾ ਜਵਾਬ ਪੜ੍ਹਿਆ, ਜੋ ਮੈਨੂੰ ਬਿਲਕੁਲ ਵੀ ਪਸੰਦ ਨਹੀਂ ਆਇਆ। ਮੈਂ ਇਸ ਨੂੰ ਸਵੀਕਾਰ ਨਹੀਂ ਕਰ ਸਕਦਾ।" ਪਹਿਲਾਂ ਟਰੰਪ ਨੇ ਇਰਾਨ 'ਤੇ ਖੇਡ ਖੇਡਣ ਦਾ ਦੋਸ਼ ਲਗਾਇਆ ਸੀ।

ਇਰਾਨੀ ਮੀਡੀਆ ਅਨੁਸਾਰ ਤਹਿਰਾਨ ਨੇ ਐਤਵਾਰ ਨੂੰ ਪਾਕਿ-ਸਤਾਨ ਰਾਹੀਂ ਅਮਰੀਕਾ ਨੂੰ ਆਪਣਾ ਨਵਾਂ ਪ੍ਰਸਤਾਵ ਭੇਜਿਆ। ਰਿਪੋਰਟ ਦੇ ਅਨੁਸਾਰ ਪ੍ਰਸਤਾਵ ਵਿੱਚ ਯੁੱਧ ਖਤਮ ਕਰਨ, ਫਾਰਸ ਦੀ ਖਾੜੀ ਅਤੇ ਹੋਰਮੁਜ਼ ਜਲਡਮਰੂ ਵਿੱਚ ਸਮੁੰਦਰੀ ਸੁਰੱਖਿਆ ਨੂੰ ਯਕੀਨੀ ਬਣਾਉਣ, ਪਾਬੰਦੀਆਂ ਹਟਾਉਣ ਅਤੇ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨ ਦੀ ਮੰਗ ਕੀਤੀ ਗਈ ਸੀ। ਇਸ ਹਫ਼ਤੇ ਅਮਰੀਕਾ ਨੇ ਇਰਾਨ ਨੂੰ 14-ਨੁਕਾਤੀ ਪ੍ਰਸਤਾਵ ਭੇਜਿਆ । ਇਸ ਪ੍ਰਸਤਾਵ ਦੇ ਤਹਿਤ ਇਰਾਨ ਨੂੰ ਘੱਟੋ-ਘੱਟ 12 ਸਾਲਾਂ ਲਈ ਯੂਰੇਨੀਅਮ ਸੰਸ਼ੋਧਨ ਨੂੰ ਰੋਕਣਾ ਪਵੇਗਾ ਅਤੇ ਲਗਭਗ 440 ਕਿਲੋਗ੍ਰਾਮ 60% ਸੰਸ਼ੋਧਿਤ ਯੂਰੇਨੀਅਮ ਅਮਰੀਕਾ ਨੂੰ ਸੌਂਪਣਾ ਪਵੇਗਾ।

# ਕੈਨੇਡਾ 'ਚ ਸਿੱਖਾਂ ਨਾਲ ਵਿਤਕਰਾ ਜਾਰੀ!

## ਸ੍ਰੀ ਸਾਹਿਬ ਕਾਰਨ ਸਿੱਖ ਪ੍ਰੀਖਿਆਰਥੀ ਨੂੰ ਪੁਲਿਸ ਦੀ ਭਰਤੀ ਪ੍ਰੀਖਿਆ 'ਚ ਬੈਠਣ ਤੋਂ ਰੋਕਿਆ ਗਿਆ



ਵਿਨੀਪੈਗ : ਕੈਨੇਡਾ 'ਚ ਇਕ ਸਿੱਖ ਨੌਜਵਾਨ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਰੋਕਿਆ ਗਿਆ ਹੈ। ਘਟਨਾ ਕੈਨੇਡਾ ਦੇ ਸੂਬੇ ਮੈਨੀਟੋਬਾ ਦੀ ਰਾਜਧਾਨੀ ਵਿਨੀਪੈਗ ਵਿਚ ਵਾਪਰੀ । ਸਿੱਖ ਨੌਜਵਾਨ ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਹ ਪੁਲੀਸ ਭਰਤੀ ਪ੍ਰੀਖਿਆ ਦੇਣ ਲਈ ਗਿਆ ਸੀ, ਜਿਥੇ ਉਸ ਨੂੰ ਪ੍ਰੀਖਿਆ ਦੇਣ ਲਈ ਸ੍ਰੀ ਸਾਹਿਬ ਉਤਾਰਨ ਲਈ ਕਿਹਾ ਗਿਆ। ਜਸਪਾਲ ਸਿੰਘ ਨੇ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰ ਦਿੱਤਾ ਜਿਸ ਮਗਰੋਂ ਉਸ ਨੂੰ ਪ੍ਰੀਖਿਆ ਦੇਣ ਤੋਂ ਰੋਕ ਦਿੱਤਾ ਗਿਆ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲੀਸ ਅਧਿਕਾਰੀ ਬਣਨ ਦਾ ਸੁਪਨਾ ਤੋੜ ਦਿਤਾ ਹੈ।

# ਅੰਮ੍ਰਿਤਪਾਲ ਦੀ ਅਰਜ਼ੀ ਵਿਰੁੱਧ ਪੁਲੀਸ ਵੱਲੋਂ ਜਵਾਬ ਦਾਇਰ



ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਅਜਨਾਲਾ ਪੁਲੀਸ ਸਟੇਸ਼ਨ 'ਤੇ ਹਮਲੇ ਦੇ ਮਾਮਲੇ ਵਿੱਚ ਦਾਇਰ ਕੀਤੀ ਰਿਹਾਈ ਦੀ ਅਰਜ਼ੀ ਦੇ ਜਵਾਬ ਵਿੱਚ ਸੂਬਾ ਸਰਕਾਰ ਨੇ ਜਵਾਬ ਦਾਇਰ ਕੀਤਾ ਹੈ। ਉਸ ਨੂੰ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅੰਮ੍ਰਿਤਸਰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਪੰਜਾਬ ਪੁਲੀਸ ਨੇ 30 ਅਪਰੈਲ ਨੂੰ ਅਜਨਾਲਾ ਪੁਲੀਸ ਸਟੇਸ਼ਨ ਹਮਲੇ ਦੇ ਮਾਮਲੇ ਵਿੱਚ ਅੰਮ੍ਰਿਤਪਾਲ ਵਿਰੁੱਧ ਅੰਤਿਮ 1200 ਪੰਨਿਆਂ ਦਾ ਚਲਾਨ ਦਾਇਰ ਕੀਤਾ ਸੀ, ਜਿਸ ਤੋਂ ਬਾਅਦ ਬਚਾਅ ਪੱਖ ਦੇ ਵਕੀਲ ਨੇ ਇਨ੍ਹਾਂ ਦੋਸ਼ਾਂ ਵਿਰੁੱਧ ਆਪਣਾ ਪੱਖ ਰੱਖਦੇ ਹੋਏ ਰਿਹਾਈ ਦੀ ਅਰਜ਼ੀ ਦਾਇਰ ਕੀਤੀ।

# 'ਕਿਮ ਜੋਂਗ ਉਨ ਨੂੰ ਕੁਝ ਹੋਇਆ ਤਾਂ ਹੋਵੇਗਾ ਆਟੋਮੈਟਿਕ ਪ੍ਰਮਾਣੂ ਹਮਲਾ'



ਉੱਤਰ ਕੋਰੀਆ ਨੇ ਆਪਣੇ ਸੰਵਿਧਾਨ ਤੇ ਪ੍ਰਮਾਣੂ ਨੀਤੀ ਵਿਚ ਵੱਡਾ ਬਦਲਾਅ ਕਰਦੇ ਹੋਏ ਸੋਧ ਕੀਤੀ ਹੈ। ਹੁਣ ਜੇਕਰ ਦੇਸ਼ ਦੇ ਸੁਪਰੀਮ ਲੀਡਰ ਕਿਮ ਜੋਂਗ ਉਨ ਦੀ ਹੱਤਿਆ ਹੋ ਜਾਂਦੀ ਹੈ ਜਾਂ ਕਿਸੇ ਵਿਦੇਸ਼ੀ ਹਮਲੇ ਦੌਰਾਨ ਉਹ ਲੀਡਰਸ਼ਿਪ ਕਰਨ ਦੀ ਹਾਲਤ ਵਿਚ ਨਹੀਂ ਰਹਿੰਦੇ ਤਾਂ ਉੱਤਰ ਕੋਰੀਆ ਤੁਰੰਤ ਪ੍ਰਮਾਣੂ ਹਮਲਾ ਕਰੇਗਾ। ਬ੍ਰਿਟਿਸ਼ ਅਖਬਾਰ ਦਿ ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਇਹ ਬਦਲਾਅ ਮਾਰਚ ਵਿਚ ਤੇਹਰਾਨ 'ਤੇ ਅਮਰੀਕਾ ਤੇ ਇਜ਼ਰਾਈਲ ਦੇ ਹਮਲਿਆਂ ਦੇ ਬਾਅਦ ਕੀਤਾ ਗਿਆ।

# ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਮੁੜ ਕੀਤੀ ਅਪੀਲ

## ਸੋਨਾ ਨਾ ਖਰੀਦੋ, ਪੈਟਰੋਲ ਤੇ ਡੀਜ਼ਲ ਦੀ ਵਰਤੋਂ ਘਟਾਓ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਗਾਤਾਰ ਦੂਜੇ ਦਿਨ, ਲੋਕਾਂ ਨੂੰ ਬਾਲਣ ਅਤੇ ਸਰੋਤ ਘਟਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਿੱਥੇ ਵੀ ਸੰਭਵ ਹੋਵੇ, ਪੈਟਰੋਲ ਅਤੇ ਡੀਜ਼ਲ ਦੀ ਵਰਤੋਂ ਘਟਾਓ ਅਤੇ ਮੈਟਰੋ, ਇਲੈਕਟ੍ਰਿਕ ਬੱਸਾਂ ਅਤੇ ਜਨਤਕ ਆਵਾਜਾਈ ਦੀ ਵਰਤੋਂ ਕਰੋ।

ਵਡੋਦਰਾ ਵਿੱਚ, ਮੋਦੀ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਨੇ ਇਕੱਠੇ ਕੋਰੋਨਾ ਸੰਕਟ ਦਾ ਸਾਹਮਣਾ ਕੀਤਾ, ਉਸੇ ਤਰ੍ਹਾਂ ਇਹ ਮੌਜੂਦਾ ਸੰਕਟ ਨੂੰ ਵੀ ਦੂਰ ਕਰ ਲਵੇਗਾ। ਉਨ੍ਹਾਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਘੱਟੋ-ਘੱਟ ਪੰਜ ਵਿਦੇਸ਼ੀ ਮਹਿਮਾਨਾਂ ਨੂੰ ਭਾਰਤ ਦੇ ਦੌਰੇ ਲਈ ਲਿਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਦੇਸ਼ ਦੇ ਪੈਸੇ ਦੀ ਵੱਡੀ ਮਾਤਰਾ ਸੋਨੇ ਦੀ ਦਰਾਮਦ 'ਤੇ ਵਿਦੇਸ਼ਾਂ ਵਿੱਚ ਜਾਂਦੀ ਹੈ। ਸਾਨੂੰ ਸੋਨੇ ਦੀ ਖਰੀਦਦਾਰੀ ਉਦੋਂ ਤੱਕ ਮੁਲਤਵੀ ਕਰਨੀ ਚਾਹੀਦੀ ਹੈ



ਜਦੋਂ ਤੱਕ ਸਥਿਤੀ ਆਮ ਨਹੀਂ ਹੋ ਜਾਂਦੀ। ਸੋਨੇ ਦੀ ਲੋੜ ਨਹੀਂ ਹੈ।"

ਮੋਦੀ ਨੇ ਖਾਣ ਵਾਲੇ ਤੇਲ ਦੀ ਖਪਤ ਘਟਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਖਾਣ ਵਾਲੇ ਤੇਲ ਦੀ ਦਰਾਮਦ ਕਰਨ ਨਾਲ ਦੇਸ਼ ਨੂੰ ਕਾਫ਼ੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਦਾ ਨੁਕਸਾਨ ਹੁੰਦਾ ਹੈ। ਜੇਕਰ ਲੋਕ ਘੱਟ ਖਾਣ ਵਾਲੇ ਤੇਲ ਦੀ ਵਰਤੋਂ ਕਰਦੇ ਹਨ, ਤਾਂ ਇਸ ਨਾਲ ਦੇਸ਼ ਅਤੇ ਸ਼ਹਿਰ ਦੋਵਾਂ ਨੂੰ ਫਾਇਦਾ ਹੋਵੇਗਾ।




# ਪੰਜਾਬੀ ਮਾਂ ਬੋਲੀ ਨੂੰ ਬਚਾਉਣ ਲਈ ਸਭ ਨੂੰ ਸੁਹਿਰਦ ਹੋਣ ਦੀ ਲੋੜ

ਅਸੀਂ ਵਿਦੇਸ਼ਾਂ 'ਚ ਬੈਠੇ ਆਪੋ ਆਪਣੇ ਦਿਮਾਗ ਲੜਾ ਰਹੇ ਹਾਂ, ਪਰ ਯਾਦ ਰੱਖਣ ਵਾਲ਼ੀ ਗੱਲ ਇਹ ਹੈ ਕਿ ਜਨਸੰਘੀ ਸੋਚ ਮੁੱਢ ਤੋਂ 'ਪੰਜਾਬੀ ਵਿਰੋਧੀ' ਰਹੀ ਹੈ। ਦੂਜੇ ਪਾਸੇ ਪੰਜਾਬ ਦੇ ਰਾਜਸੀ ਆਗੂਆਂ, ਬੁੱਧੀਜੀਵੀ ਵਿਦਵਾਨਾਂ ਨੇ ਮਾਤ ਭਾਸ਼ਾ ਦੇ ਪੱਖ ਨੂੰ ਹਮੇਸ਼ਾਂ ਅਣਗੌਲਿਆਂ ਕੀਤਾ। ਵੱਡੇ ਇਤਿਹਾਸਕਾਰਾਂ ਨੇ ਵੀ ਅੰਗਰੇਜੀ ਹੀ ਅਪਨਾਈ। ਨਤੀਜਾ ਪੰਜਾਬੀ ਲੋਕ ਆਪਣੇ ਗੌਰਵਮਈ ਇਤਿਹਾਸ ਤੋਂ ਵਾਂਝੇ ਰਹੇ। ਤਕਸ਼ਲਾ ਵਿਸ਼ਵਿਦਿਆਲਾ ਕਿਸੇ ਨੂੰ ਯਾਦ ਹੀ ਨਹੀਂ ਜਦ ਕਿ ਹਾਰਵਰਡ ਬਾਰੇ ਸਭ ਜਾਣਦੇ ਹਨ। ਸਰਕਾਰਾਂ ਆਈਆਂ ਗਈਆਂ, ਕਿਸੇ ਨੇ ਪੰਜਾਬੀ ਦੀ ਸਾਰ ਨਹੀਂ ਲਈ।

ਬਦਕਿਸਮਤੀ ਕਿ ਪੰਜਾਬ ਨੂੰ ਕਦੇ ਵੀ ਦੂਰਅੰਦੇਸ਼ ਵਿੱਦਿਆ ਮੰਤਰੀ ਨਸੀਬ ਹੀ ਨਹੀਂ ਹੋਇਆ। ਜ: ਤੋਤਾ ਸਿੰਘ ਬਾਰੇ ਆਪਾਂ ਸਾਰੇ ਜਾਣਦੇ ਹੀ ਹਾਂ ਜਿਸਨੇ ਪੰਜਾਬੀ ਭਾਸ਼ਾ ਦੇ ਨਾਲ਼-ਨਾਲ਼ ਪੰਜਾਬ ਦੀ ਕਿਸਾਨੀ ਦੀਆਂ ਜੜ੍ਹਾਂ ਵਿੱਚ ਵੀ ਤੇਲ ਦਿੱਤਾ।

ਹੁਣ ਦੇ ਲੋਕ ਮਾਧਿਅਮ ਯੁੱਗ ਵਿੱਚ ਗਿਣੀ ਮਿੱਥੀ ਸਾਜ਼ਿਸ਼ ਤਹਿਤ ਲੋਕਾਂ ਦਾ ਦਿਮਾਗ ਧੋਤਾ ਜਾ ਰਿਹਾ ਅਤੇ ਉਹ ਅੱਗੋਂ ਸੀਲ ਕੁੱਕੜ ਬਣੇ ਸਭ ਸਹਿਣ ਹੀ ਨਹੀਂ ਕਰਦੇ ਸਗੋਂ ਨਕਲ ਕਰਨ ਵਿੱਚ ਕਿਸੇ ਤੋਂ ਪਿੱਛੇ ਨਹੀਂ ਰਹਿਣਾ ਚਾਹੁੰਦੇ।

ਅਖੌਤੀ ਪੰਜਾਬੀ ਕਾਨਫ਼ਰੰਸਾਂ ਵਿੱਚ ਵੀ ਅੰਗਰੇਜੀ ਹੀ ਭਾਰੂ ਹੁੰਦੀ ਹੈ - ਨਹੀਂ ਯਕੀਨ ਤਾਂ ਪੰਜਾਬ ਵਿੱਚ ਪੰਜਾਬੀ ਦੇ ਪਹਿਰੇਦਾਰਾਂ, ਅਲੰਬਰਦਾਰਾਂ, ਝੰਡਾਬਰਦਾਰਾਂ ਦੇ ਭਾਸ਼ਨ ਸੁਣਕੇ ਦੇਖ ਲੈਣਾ ਕਿ ਉਹ ਕਿੰਨੀ ਕੁ ਠੇਠ ਤੇ ਸ਼ੁੱਧ ਪੰਜਾਬੀ ਬੋਲਦੇ ਹਨ ਅਤੇ ਪੰਜਾਬੀ ਦੀ ਕਿੰਨੀ ਕੁ ਗੱਲ ਕਰਦੇ ਹਨ ਤੇ ਪੰਜਾਬੀ ਬਾਰੇ ਕਿੰਨੇ ਕੁ ਫਿਕਰਮੰਦ ਹਨ।

ਸ਼ਿੰਦਰਪਾਲ ਸਿੰਘ ਮਾਹਲ

# ਹਜ਼ੂਰੀ ਰਾਗੀ ਗਿਆਨੀ ਰਣਧੀਰ ਸਿੰਘ ਜੀ ਦਾ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਸਨਮਾਨ



ਗਿਆਨੀ ਰਣਧੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਬੀਤੇ ਦਿਨੀਂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਕੀਰਤਨ ਉਪਰੰਤ ਮਾਣ ਸਨਮਾਨ ਕਰਦੇ ਹੋਏ ਖੱਬੇ ਤੋਂ ਭਾਈ ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ, ਗਿਆਨੀ ਪਿਆਰਾ ਸਿੰਘ, ਭਾਈ ਲਖਵੀਰ ਸਿੰਘ ਅਤੇ ਭਾਈ ਅਮਰੀਕ ਸਿੰਘ


# ਪੰਜਾਬ ਯੂਨਾਈਟਿਡ ਫੁੱਟਬਾਲ ਕਲੱਬ ਡਰਬੀ ਦੀ 60ਵੀਂ ਵਰ੍ਹੇਗੰਢ ਮੌਕੇ ਏਸ਼ੀਅਨ ਔਰਤਾਂ ਦੀ ਪਹਿਲੀ ਫੁੱਟਬਾਲ ਟੀਮ ਦਾ ਕੀਤਾ ਗਠਨ



ਪੰਜਾਬ ਯੂਨਾਈਟਿਡ ਫੁੱਟਬਾਲ ਕਲੱਬ ਡਰਬੀ ਦੀ ਸੱਠਵੀਂ ਵਰੇਗੰਢ ਮੋਕੇ ਡਰਬੀ ਦੀਆਂ ਪੰਜਾਬੀ (ਏਸ਼ੀਅਨ) ਬੀਬੀਆਂ ਦੀ ਪਹਿਲੀ ਫੁੱਟਬਾਲ ਟੀਮ ਦਾ ਗਠਨ ਕਰਕੇ ਐਲਾਨ ਕੀਤਾ ਗਿਆ। ਪੂਰੀ ਖਬਰ ਤੇ ਹੋਰ ਤਸਵੀਰਾਂ ਪੰਨਾ 34 ਤੇ ਦੇਖੋ;

# ਡਰਬੀ ਦੇ ਸਿੱਖ ਨੌਜਵਾਨ ਰਾਜਦੀਪ ਸਿੰਘ ਨੇ ਮਿਲਟਨ ਕੀਨਜ਼ ਵਿਖੇ 26 ਮੀਲ ਮੈਰਾਥਨ ਦੌੜ ਸਾਢੇ 3 ਘੰਟਿਆਂ 'ਚ ਪੂਰੀ ਕੀਤੀ

ਬੀਤੇ ਦਿਨੀਂ ਮਿਲਟਨ ਕੀਨਜ਼ ਵਿਖੇ ਹੋਈ ਮੈਰਾਥਨ ਦੌੜ ਵਿੱਚ ਡਰਬੀ ਦੇ ਦੰਦਸਾਜ਼ ਸਿੱਖ ਨੌਜਵਾਨ ਰਾਜਦੀਪ ਸਿੰਘ ਨੇ ਭਾਗ ਲੈ ਕੇ ਇਹ ਦੌੜ ਸਾਢੇ ਤਿੰਨ ਘੰਟਿਆਂ ਵਿੱਚ ਪੂਰੀ ਕੀਤੀ। ਮੈਰਾਥਨ ਦੌੜ ਕੇ ਉਹਨਾਂ ਨੇ ਮਿਡਲੈਂਡ ਲੰਗਰ ਸੇਵਾ ਸੁਸਇਟੀ ਵਾਸਤੇ 15 ਹਜ਼ਾਰ ਪੌਂਡ ਇਕੱਠਾ ਕੀਤਾ।




# ਰੈਡਬ੍ਰਿਜ ਬਾਰੋ ਕੌਂਸਲ ਦੇ ਮੇਅਫੀਲਡ ਵਾਰਡ ਤੋਂ ਹਰਨੀਕ ਕੌਰ ਨੇ ਕੌਂਸਲਰ ਦੀ ਚੋਣ ਜਿੱਤ ਕੇ ਪੰਜਾਬੀਆਂ ਦਾ ਮਾਣ ਵਧਾਇਆ

ਲੰਡਨ (ਪੰਜਾਬ ਟਾਈਮਜ਼) - ਬਰਤਾਨੀਆਂ ਵਿੱਚ ਹਾਲ ਹੀ ਵਿੱਚ ਹੋਈਆਂ ਕੌਂਸਲਾਂ ਦੀਆਂ ਚੋਣਾਂ ਵਿੱਚ ਰੈਡ ਬ੍ਰਿਜ ਬਾਰੋ ਕੌਂਸਲ ਦੇ ਮੇਅਫੀਲਡ ਵਾਰਡ ਤੋਂ ਹਰਨੀਕ ਕੌਰ ਨੇ ਕੌਂਸਲਰ ਵਜੋਂ 1306 ਵੋਟਾਂ ਹਾਸਲ ਕਰਕੇ ਚੋਣ ਜਿੱਤ ਲਈ ਹੈ। ਉਹ ਇਸ ਵਕਤ ਯੂ ਕੇ ਦੇ ਸਾਰੇ ਕੌਂਸਲਰਾਂ ਨਾਲੋਂ ਸਭ ਤੋਂ ਛੋਟੀ ਉਮਰ ਦੀ ਕੌਂਸਲਰ ਹੈ। ਉਸ ਨੇ ਲੇਬਰ ਪਾਰਟੀ ਦੀ ਟਿਕਟ ਤੇ ਚੋਣ ਲੜ ਕੇ ਇਹ ਜਿੱਤ ਹਾਸਲ ਕੀਤੀ ਹੈ। ਰੈਡ ਬ੍ਰਿਜ ਕੌਂਸਲ ਦੀਆਂ ਕੁੱਲ 63 ਸੀਟਾਂ ਹਨ। ਯਾਦ ਰਹੇ ਹਰਨੀਕ ਕੌਰ ਬਰਤਾਨਵੀ ਸੰਸਦ ਮੈਂਬਰ ਸ: ਜੱਸ ਅਠਵਾਲ ਦੀ ਭਤੀਜੀ ਹੈ। ਜਸ ਅਟਵਾਲ ਵੀ ਸਾਂਸਦ ਬਣਨ ਤੋਂ ਪਹਿਲਾਂ ਰੈਡ ਬ੍ਰਿਜ ਬਾਰੋ ਵਿੱਚ ਕੌਂਸਲਰ ਵਜੋਂ ਸੇਵਾ ਕਰਦੇ ਰਹੇ ਹਨ। ਨਾਲ ਦੀ ਤਸਵੀਰ ਵਿੱਚ ਐਮ ਪੀ ਜੱਸ ਅਠਵਾਲ ਆਪਣੀ ਭਤੀਜੀ ਕੌਂਸਲਰ ਹਰਨੀਕ ਕੌਰ ਨੂੰ ਵਧਾਈ ਦਿੰਦੇ ਹੋਏ।



# ਨਵੇਂ ਬੇਅਦਬੀ ਕਨੂੰਨ ਵਿੱਚ ਕੁਝ ਸੋਧਾਂ ਹੋਣ- ਜਥੇਦਾਰ

## ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਕਾਨੂੰਨ ਦੀ ਖੁਸ਼ੀ ਵਿੱਚ ਕੱਢੀ ਗਈ 'ਸ਼ੁਕਰਾਨਾ ਯਾਤਰਾ' ਨੂੰ ਜਥੇਦਾਰ ਨੇ ਸਿੱਖ ਰਵਾਇਤਾਂ ਦੇ ਉਲਟ ਦੱਸਿਆ ਹੈ

## ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕੀ ਕਾਰਵਾਈ ਕੀਤੀ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ ਨਵੇਂ ਬੇਅਦਬੀ ਕਾਨੂੰਨ (ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026) ਨੂੰ ਰਸਮੀ ਤੌਰ 'ਤੇ ਰੱਦ ਕਰ ਦਿੱਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ 15 ਦਿਨਾਂ ਦਾ ਸਮਾਂ ਦਿੱਤਾ ਹੈ ਕਿ ਉਹ ਇਸ ਕਾਨੂੰਨ ਵਿੱਚੋਂ 'ਇਤਰਾਜ਼ਯੋਗ' ਧਾਰਾਵਾਂ ਨੂੰ ਹਟਾਉਣ। ਜਥੇਦਾਰ ਸਾਹਿਬ ਨੇ ਕਿਹਾ ਕਿ ਸਿੱਖ ਧਰਮ ਦੇ ਪ੍ਰਬੰਧਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਖਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਰਿਕਾਰਡ ਸਰਕਾਰੀ ਵੈੱਬਸਾਈਟ 'ਤੇ ਅਪਲੋਡ ਕਰਨ ਦੀ ਸ਼ਰਤ ਨੂੰ "ਸਟੇਟ ਨਿਗਰਾਨੀ" ਕਰਾਰ ਦਿੱਤਾ ਗਿਆ । ਜਥੇਦਾਰ ਅਨੁਸਾਰ ਧਾਰਮਿਕ ਪ੍ਰਬੰਧਾਂ ਨੂੰ ਸਰਕਾਰੀ ਡਿਜੀਟਲ ਨਿਗਰਾਨੀ ਹੇਠ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਦਾ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਅਤੇ ਬੀੜਾਂ ਦਾ ਪ੍ਰਬੰਧ ਸਿਰਫ਼ ਪੰਥ (ਸਿੱਖ ਕੌਮ) ਦਾ ਨਿਜੀ ਖੇਤਰ ਹੈ। ਸਰਕਾਰ ਵੱਲੋਂ ਬਣਾਏ ਗਏ ਨਿਯਮ ਇਸ ਖ਼ੁਦਮੁਖਤਿਆਰੀ ਵਿੱਚ ਦਖਲਅੰਦਾਜ਼ੀ ਕਰਦੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਕਾਨੂੰਨ ਦੀ ਖੁਸ਼ੀ ਵਿੱਚ ਕੱਢੀ ਗਈ 'ਸ਼ੁਕਰਾਨਾ ਯਾਤਰਾ' ਨੂੰ ਜਥੇਦਾਰ ਨੇ ਸਿੱਖ ਰਵਾਇਤਾਂ ਦੇ ਉਲਟ ਦੱਸਿਆ ਹੈ। ਉਨ੍ਹਾਂ ਅਨੁਸਾਰ, ਅਜੇ ਤੱਕ ਕੌਮ ਵਿੱਚ ਕਾਨੂੰਨ ਨੂੰ ਲੈ ਕੇ ਕੋਈ ਸਹਿਮਤੀ ਨਹੀਂ ਬਣੀ, ਇਸ ਲਈ ਅਜਿਹੇ ਜਸ਼ਨ ਮਨਾਉਣਾ ਗਲਤ ਹੈ। ਜਥੇਦਾਰ ਗੜਗੱਜ ਵਲੋਂ ਇਸ ਸਬੰਧੀ ਬਾਕਾਇਦਾ ਦੋ ਸਫ਼ਿਆਂ ਦਾ ਲਿਖਤੀ ਆਦੇਸ਼ ਜਾਰੀ ਕਰਕੇ ਹਦਾਇਤ ਕੀਤੀ ਹੈ 15 ਦਿਨਾਂ ਅੰਦਰ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਇਤਰਾਜ਼ਯੋਗ ਮੱਦਾਂ ਨੂੰ ਸੋਧ ਐਕਟ ਵਿਚੋਂ ਹਟਾਇਆ ਜਾਵੇ। ਜਥੇਦਾਰ ਵਲੋਂ ਜਾਰੀ ਕੀਤੇ ਆਦੇਸ਼ ਨਾਲ ਸੋਧ ਐਕਟ ਨੂੰ ਲੈ ਕੇ ਪੰਜ ਸਫ਼ਿਆਂ ਦਾ ਇਤਰਾਜ਼ਾਂ ਵਾਲਾ ਪੱਤਰ ਵੀ ਸ਼ਾਮਿਲ ਹੈ।

ਸਕੱਤਰੇਤ ਅਕਾਲ ਤਖਤ ਸਾਹਿਬ ਵਲੋਂ ਸਪੀਕਰ ਸੰਧਵਾਂ ਨੂੰ ਭੇਜੇ ਜਥੇਦਾਰ ਦੇ ਲਿਖਤੀ ਆਦੇਸ਼ ਵਿਚ ਗਿਆਨੀ ਗੜਗੱਜ ਨੇ ਸ. ਸੰਧਵਾਂ ਨੂੰ ਮੁੜ ਆਖਿਆ ਹੈ ਕਿ ਇਸ ਕਾਨੂੰਨੀ ਸੋਧ ਨੂੰ ਪਾਸ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਜਾਣ ਬੁੱਝ ਕੇ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਅਕਾਲ ਤਖ਼ਤ ਸਾਹਿਬ ਪੰਜਾਬ ਸਰਕਾਰ ਨੂੰ ਸਿੱਖ ਕਾਨੂੰਨੀ ਮਾਹਿਰਾਂ ਤੇ ਜੱਜਾਂ ਦੀ ਇੱਕ ਟੀਮ ਦੇਵੇਗਾ ਜਿਸ ਰਾਹੀਂ ਸਰਕਾਰ ਇਸ ਕਾਨੂੰਨੀ ਸੋਧ ਬਾਰੇ ਸਿੱਖਾਂ ਨਾਲ ਸਹਿਮਤੀ ਬਣਾ ਸਕਦੀ ਹੈ।

ਜਥੇਦਾਰ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੂੰ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾ (ਉਮਰ ਕੈਦ) ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ, ਪਰ ਉਹ ਕਾਨੂੰਨ ਦੀ ਆੜ ਵਿੱਚ ਧਾਰਮਿਕ ਸੰਸਥਾਵਾਂ 'ਤੇ ਸਰਕਾਰੀ ਕੰਟਰੋਲ ਦੇ ਖ਼ਿਲਾਫ਼ ਹਨ। ਜਥੇਦਾਰ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੀ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾ ਕੇ ਪੰਥਕ ਰਵਾਇਤਾਂ ਅਨੁਸਾਰ ਸਖ਼ਤ ਫੈਸਲਾ ਲਿਆ ਜਾਵੇਗਾ।

ਯਾਦ ਰਹੇ ਕਿ ਬੀਤੇ ਦਿਨੀਂ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਜਥੇਦਾਰ ਸਾਹਿਬ ਨਾਲ ਮੁਲਾਕਾਤ ਕੀਤੀ ਸੀ ਅਤੇ ਕਿਹਾ ਸੀ ਕਿ ਸਰਕਾਰ ਪੰਥ ਦੀਆਂ ਭਾਵਨਾਵਾਂ ਅਨੁਸਾਰ ਕੰਮ ਕਰਨ ਲਈ ਵਚਨਬੱਧ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੋਈ ਖ਼ਦਸ਼ਾ ਹੈ, ਤਾਂ ਉਸ ਨੂੰ ਨਿਯਮਾਂ ਵਿੱਚ ਸੋਧ ਕਰਕੇ ਦੂਰ ਕੀਤਾ ਜਾ ਸਕਦਾ ਹੈ।

ਦੱਸ ਦੇਈਏ ਕਿ ਇਸ ਨਵੇਂ ਕਾਨੂੰਨ ਵਿੱਚ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।



### ਖਾਸ ਰਿਪੋਟ

ਪੰਜਾਬ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਬੇਅਦਬੀ ਵਿਰੋਧੀ ਕਾਨੂੰਨ (2026) ਨੇ ਅੱਜ ਸਿੱਖ ਜਗਤ ਵਿੱਚ ਇੱਕ ਅਜਿਹੀ ਦੁਬਿਧਾ ਪੈਦਾ ਕਰ ਦਿੱਤੀ ਹੈ, ਜਿਸ ਦੀ ਮਿਸਾਲ ਇਤਿਹਾਸ ਵਿੱਚ ਨਹੀਂ ਮਿਲਦੀ। ਜਿਹੜੀ ਗੁਰਬਾਣੀ ਸਿੱਖ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣ ਦਾ ਮਾਰਗ ਦੱਸਦੀ ਹੈ, ਅੱਜ ਉਸੇ ਗੁਰਬਾਣੀ ਦੇ ਪਾਵਨ ਸਰੂਪਾਂ ਅਤੇ ਗੁਟਕਾ ਸਾਹਿਬ ਨੂੰ ਘਰਾਂ ਵਿੱਚ ਰੱਖਣ ਤੋਂ ਸਿੱਖ ਸ਼ਰਧਾਲੂ ਭੈਅ ਖਾ ਰਹੇ ਹਨ।

ਅੰਗਰੇਜ਼ੀ ਦੀ ਪ੍ਰਸਿੱਧ ਅਖਬਾਰ ਹਿੰਦੋਸਤਾਨ ਟਾਈਮਜ਼ ਅਨੁਸਾਰ ਸੰਗਰੂਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਵੱਲੋਂ ਸਮੂਹਿਕ ਤੌਰ 'ਤੇ ਪਾਵਨ ਪੋਥੀਆਂ ਗੁਰਦੁਆਰਿਆਂ ਵਿੱਚ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਸੰਗਰੂਰ ਜ਼ਿਲ੍ਹੇ ਦੇ ਸੁਨਾਮ ਇਲਾਕੇ ਵਿੱਚ ਸੱਤ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਨੇ ਸ਼ੁੱਕਰਵਾਰ ਨੂੰ ਗੁਰਦੁਆਰਾ ਨਨਕਿਆਣਾ ਸਾਹਿਬ ਵਿਖੇ ਇਕੱਠੇ ਹੋ ਕੇ ਸ਼ਰਧਾਲੂਆਂ ਵੱਲੋਂ ਮੋੜੇ ਗਏ 452 ਗੁਟਕਾ ਸਾਹਿਬ ਅਤੇ ਪੋਥੀਆਂ ਜਮ੍ਹਾਂ ਕਰਵਾਈਆਂ ਸਨ। 20 ਅਪ੍ਰੈਲ 2026 ਨੂੰ ਲਾਗੂ ਹੋਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਤਹਿਤ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਅਤੇ 25 ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਹੈ।

ਸ਼ਰਧਾਲੂਆਂ ਦਾ ਮੰਨਣਾ ਹੈ ਕਿ ਨਿਤਨੇਮ ਜਾਂ ਸੇਵਾ ਦੌਰਾਨ ਅਣਜਾਣੇ ਵਿੱਚ ਹੋਈ ਕੋਈ ਵੀ ਗਲਤੀ ਹੁਣ ਉਨ੍ਹਾਂ ਨੂੰ ਜੇਲ੍ਹ ਪਹੁੰਚਾ ਸਕਦੀ ਹੈ। ਕੁਝ ਸਿੱਖਾਂ ਨੇ ਹੁਣ ਘਰਾਂ ਵਿੱਚ ਪਾਠ ਕਰਨ ਦੀ ਬਜਾਏ ਗੁਰਦੁਆਰਾ ਸਾਹਿਬ ਜਾ ਕੇ ਨਿਤਨੇਮ ਕਰਨ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਹੈ।

ਹਿੰਦੋਸਤਾਨ ਟਾਈਮਜ਼ ਦੀ ਖ਼ਬਰ ਅਨੁਸਾਰ ਸੁਨਾਮ ਦੇ ਗੁਰਦੁਆਰਾ ਹਰਗੋਬਿੰਦਪੁਰਾ ਦੇ ਮੁੱਖ ਗ੍ਰੰਥੀ ਸਵਰਨਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਇਸ ਫੈਸਲੇ ਨੇ ਸ਼ਰਧਾਲੂਆਂ ਦੇ ਮਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਅਜਿਹਾ ਹੀ ਹਾਲ ਸ਼ਹੀਦ ਭਗਤ ਸਿੰਘ ਨਗਰ ਬੰਗਾ ਅਤੇ ਹੋਰ ਇਲਾਕਿਆਂ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ, ਜਿੱਥੇ ਕਈ ਪਰਿਵਾਰ ਪੋਥੀਆਂ ਵਾਪਸ ਕਰ ਚੁੱਕੇ ਹਨ।

ਇਕ ਡੇਰੇ ਦੇ ਪ੍ਰਧਾਨ ਅਮਰੀਕ ਸਿੰਘ ਬੱਲੋਵਾਲ ਅਨੁਸਾਰ ਹੁਣ ਪਿੰਡਾਂ ਦੀਆਂ ਗੁਰਦੁਆਰਾ ਕਮੇਟੀਆਂ ਵੀ ਸਹਿਜ ਪਾਠ ਜਾਂ ਅਖੰਡ ਪਾਠ ਲਈ ਪਾਵਨ ਸਰੂਪ ਦੇਣ ਤੋਂ ਗੁਰੇਜ਼ ਕਰ ਰਹੀਆਂ ਹਨ, ਕਿਉਂਕਿ ਕਾਨੂੰਨ ਮੁਤਾਬਕ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਮੁੱਖ ਸੇਵਾਦਾਰ ਜਾਂ ਕਸਟੋਡੀਅਨ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਪਰਮਵੀਰ ਸਿੰਘ ਅਨੁਸਾਰ, ਇਸ ਕਾਨੂੰਨ ਦਾ ਅਸਰ ਧਾਰਮਿਕ ਖੋਜ ਕਰ ਰਹੇ ਵਿਦਿਆਰਥੀਆਂ 'ਤੇ ਵੀ ਪਵੇਗਾ। ਖੋਜਾਰਥੀ ਜੋ ਪਹਿਲਾਂ ਸਿੱਖਣ ਲਈ ਹਵਾਲਿਆਂ 'ਤੇ ਨਿਸ਼ਾਨ ਲਗਾਉਂਦੇ ਸਨ, ਹੁਣ ਅਜਿਹਾ ਕਰਨ ਤੋਂ ਡਰਨਗੇ ਕਿ ਕਿਤੇ ਇਸ ਨੂੰ ਬੇਅਦਬੀ ਦੇ ਦਾਇਰੇ ਵਿੱਚ ਨਾ ਲਿਆਂਦਾ ਜਾਵੇ।

**ਬਾਕੀ ਹਿਸਾ ਸਫਾ ਤੇ ਪੜ੍ਹੋ**

**ਸਫ਼ੇ ਦੀ ਬਾਕੀ**

ਮਤਲਬ ਇਹ ਕਨੂੰਨ ਕਾਰਣ ਗੁਰਮਤਿ ਖੋਜ ਦਾ ਕਾਰਜ ਬੰਦ ਹੋ ਰਿਹਾ ਹੈ। ਇਹ ਕੁਝ ਮੌਕਾਪ੍ਰਸਤ ਪੰਥਕ ਆਗੂਆਂ ਅਤੇ ਕੁਝ ਖ਼ੁਦਗਰਜ਼ ਮੋਰਚੇਬਾਜ਼ਾਂ ਲਈ ਇੱਕ ਵੱਡਾ ਸਵਾਲੀਆ ਨਿਸ਼ਾਨ ਹਨ, ਜਿਨ੍ਹਾਂ ਦੇ ਗਲਤ ਫੈਸਲਿਆਂ ਕਾਰਣ ਸਿੱਖ ਗੁਰਬਾਣੀ ਤੇ ਗੁਰੂ ਗ੍ਰੰਥ ਸਾਹਿਬ ਤੋਂ ਟੁਟ ਰਹੇ ਹਨ।

ਸਭ ਤੋਂ ਪਹਿਲਾਂ ਸਵਾਲ ਉਨ੍ਹਾਂ ਧਿਰਾਂ 'ਤੇ ਉੱਠਦਾ ਹੈ ਜਿਨ੍ਹਾਂ ਨੇ ਭਾਵਨਾਵਾਂ ਦੀ ਸਿਆਸਤ ਕਰਦਿਆਂ 'ਸਮਾਣਾ ਮੋਰਚੇ' ਵਰਗੇ ਮੰਚਾਂ ਤੋਂ ਸਰਕਾਰ 'ਤੇ ਸਖ਼ਤ ਕਾਨੂੰਨ ਬਣਾਉਣ ਲਈ ਦਬਾਅ ਪਾਇਆ। ਅਮਿਤੋਜ ਮਾਨ ਵਰਗੇ ਕਾਰਕੁੰਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਾਇਦ ਇਹ ਨਹੀਂ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਜਾਗਤਿ ਜੋਤਿ' ਮੰਨਣ ਵਾਲਾ ਪੰਥ ਜਦੋਂ ਗੁਰੂ ਸਾਹਿਬ ਨੂੰ ਦੁਨਿਆਵੀ ਕਾਨੂੰਨ ਦੀਆਂ ਧਾਰਾਵਾਂ ਹੇਠ ਲੈ ਕੇ ਆਵੇਗਾ, ਤਾਂ ਉਸ ਦਾ ਸਿਧਾਂਤਕ ਰੁਤਬਾ ਜਾਗਤਿ ਜੋਤਿ ਵਾਲਾ ਖਤਮ ਹੋ ਜਾਵੇਗਾ,ਉਹ ਸਿਰਫ ਪੁਸਤਕ ਜਾਂ ਪ੍ਰੋਡੈਕਟ ਬਣਕੇ ਰਹਿ ਜਾਵੇਗਾ। ਗੁਰੂ ਸਾਹਿਬ 'ਸ਼ਬਦ ਗੁਰੂ' ਹਨ, ਉਹ ਕਿਸੇ ਸਰਕਾਰੀ ਐਕਟ ਦੇ ਮੁਹਤਾਜ ਨਹੀਂ। ਇਨ੍ਹਾਂ ਮੋਰਚਿਆਂ ਨੇ ਸਖ਼ਤ ਸਜ਼ਾਵਾਂ ਦੀ ਮੰਗ ਕਰਦਿਆਂ ਐਕਟ ਬਣਵਾਕੇ ਅਣਜਾਣੇ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਨੂੰ ਸਿੱਖਾਂ ਦੇ ਨਿੱਜੀ ਅਧਿਆਤਮਿਕ ਜੀਵਨ ਵਿੱਚ ਦਖਲ ਦੇਣ ਦਾ ਰਾਹ ਪੱਧਰਾ ਕਰ ਦਿੱਤਾ ਹੈ।

ਕੀ 'ਬੇਅਦਬੀ' ਵਰਗੇ ਸੰਵੇਦਨਸ਼ੀਲ ਮੁੱਦੇ ਦਾ ਹੱਲ ਸਿਰਫ਼ ਉਮਰ ਕੈਦ ਜਾਂ 25 ਲੱਖ ਰੁਪਏ ਜੁਰਮਾਨਾ ਹੈ ? ਕੀ ਕਿਸੇ ਸ਼ਰਧਾਲੂ ਤੋਂ ਅਣਜਾਣੇ ਵਿੱਚ ਹੋਈ ਮਰਯਾਦਾ ਦੀ ਭੁੱਲ ਨੂੰ ਸਾਜ਼ਿਸ਼ੀ ਬੇਅਦਬੀ ਦੇ ਬਰਾਬਰ ਤੋਲਿਆ ਜਾ ਸਕਦਾ ਹੈ ? ਕਾਨੂੰਨ ਇਸ ਪਰਿਭਾਸ਼ਾ ਨੇ ਪੰਥ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਇੱਕ ਪਾਸੇ ਉਹ ਰਾਜਨੀਤਕ ਲੋਕ ਹਨ ਜੋ ਮਰਿਯਾਦਾ ਦੇ ਨਾਂ 'ਤੇ ਸਖ਼ਤੀ ਚਾਹੁੰਦੇ ਹਨ ਅਤੇ ਦੂਜੇ ਪਾਸੇ ਉਹ ਮਾਸੂਮ ਬਹੁਗਿਣਤੀ ਸਿੱਖ ਸ਼ਰਧਾਲੂ ਜੋ ਗੁਰੂ ਤੋਂ ਦੂਰ ਕੀਤੇ ਜਾ ਰਹੇ ਹਨ ਤੇ ਉਹ ਸਿਧਾਂਤਕ ਸਿੱਖ ਤੇ ਬੁਧੀਜੀਵੀ ਹਨ ਜੋ ਕਨੂੰਨ ਦੇ ਹਕ ਵਿਚ ਨਹੀਂ ਹਨ ਤੇ ਨਾ ਹੀ ਕਨੂੰਨ ਅਧੀਨ ਗੁਰੂ ਦਾ ਰੁਤਬਾ ਜਾਗਤਿ ਜੋਤਿ ਵਾਲਾ ਰੁਤਬਾ ਖਤਮ ਕਰਨਾ ਚਾਹੁੰਦੇ ਹਨ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਇਸ ਕਾਨੂੰਨ ਨੂੰ ਹਾਈਕੋਰਟ ਵਿੱਚ ਚੁਣੌਤੀ ਦੇਵੇ। ਇਹ ਸਪੱਸ਼ਟ ਕੀਤਾ ਜਾਵੇ ਕਿ ਗੁਰੂ ਸਾਹਿਬ ਦੀ ਹਸਤੀ ਕਾਨੂੰਨ ਤੋਂ ਉੱਪਰ ਹੈ ਅਤੇ ਕਿਸੇ ਵੀ ਸ਼ਰਧਾਲੂ ਨੂੰ ਉਸ ਦੀ ਨਿੱਜੀ ਸ਼ਰਧਾ ਲਈ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।

ਪ੍ਰਸਿਧ ਬੁਧੀਜੀਵੀ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਮੰਨਣਾ ਹੈ ਕਿ ਜੇਕਰ ਅੱਜ ਘਰ-ਘਰ ਵਿੱਚੋਂ ਗੁਰਬਾਣੀ ਦੀਆਂ ਪੋਥੀਆਂ ਗੁਰਦੁਆਰਿਆਂ ਦੇ ਸਟੋਰਾਂ ਵਿੱਚ ਜਮ੍ਹਾਂ ਹੋ ਗਈਆਂ, ਤਾਂ ਇਹ ਸਿੱਖੀ ਦੇ ਪ੍ਰਚਾਰ-ਪਸਾਰ ਲਈ ਇੱਕ ਵੱਡੀ ਸੱਟ ਹੋਵੇਗੀ। ਇਸ ਭੰਬਲਭੂਸੇ ਨੂੰ ਦੂਰ ਕਰਨਾ ਹੁਣ ਕਿਸੇ ਸਰਕਾਰ ਦੇ ਵੱਸ ਦੀ ਗੱਲ ਨਹੀਂ,

**ਬਾਕੀ ਹਿਸਾ ਸਫਾ 4 ਤੇ ਪੜ੍ਹੋ** →

## 3 ਸਫ਼ੇ ਦੀ ਬਾਕੀ

ਬਲਕਿ ਇਹ ਜ਼ਿੰਮੇਵਾਰੀ ਅਕਾਲ ਤਖ਼ਤ ਸਾਹਿਬ ਦੀ ਹੈ ਕਿ ਉਹ ਅੱਗੇ ਆ ਕੇ ਸੰਗਤ ਦਾ ਡਰ ਦੂਰ ਕਰੇ ਅਤੇ ਸਿਧਾਂਤਕ ਸਪੱਸ਼ਟਤਾ ਲਿਆਵੇ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਮ ਉਪਰ ਕਨੂੰਨ ਨਹੀਂ ਬਣਨਾ ਚਾਹੀਦਾ। ਦੇ ਕਨੂੰਨ ਬਣਾਉਣਾ ਹੈ ਤਾਂ ਧਾਰਮਿਕ ਭਾਵਨਾਵਾਂ ਬਣਾਉਣ ਵਾਲਾ ਕਨੂੰਨ 295ਏ ਸਖ਼ਤ ਕਰੋ।

ਸੀਨੀਅਰ ਵਕੀਲ ਅਤੇ ਭਾਜਪਾ ਆਗੂ ਐਚ. ਐਸ. ਫੂਲਕਾ ਨੇ ਸੂਬਾ ਸਰਕਾਰ ’ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਹੈ ਕਿ ਬੇਅਦਬੀ ਦੀਆਂ ਸਜ਼ਾਵਾਂ ਵਧਾਉਣ ਦੇ ਬਹਾਨੇ ਸਰਕਾਰ ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ’ਤੇ ਪੂਰਾ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਮੁਤਾਬਕ ਨਵੇਂ ਕਾਨੂੰਨ ਤਹਿਤ ਘਰਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਰੱਖਣ ਵਾਲੇ ਸਿੱਖਾਂ ਨੂੰ ਹੁਣ ‘ਅਧਿਕਾਰਤ ਰਖਵਾਲਾ’ ਕਸਟੋਡੀਅਨ ਨਿਯੁਕਤ ਕੀਤਾ ਜਾਵੇਗਾ। ਜੇਕਰ ਕੋਈ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਫੂਲਕਾ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ਼ੁਰੂ ਤੋਂ ਹੀ ਐਸਜੀਪੀਸੀ ਦੇ ਖਿਲਾਫ ਚੱਲ ਰਹੀ ਹੈ ਅਤੇ ਹੁਣ ਝੂਠ ਦੇ ਅਧਾਰ ’ਤੇ ਕਾਨੂੰਨ ਬਣਾ ਕੇ ਧਾਰਮਿਕ ਸੰਸਥਾਵਾਂ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ ਗੁਰਬਾਣੀ ਨਾਲ ਜੁੜਨਾ ਅਤੇ ਘਰ-ਘਰ ਵਿੱਚ ਪ੍ਰਕਾਸ਼ ਹੋਣਾ ਇੱਕ ਸੁਭਾਗ ਮੰਨਿਆ ਜਾਂਦਾ ਹੈ। ਜੇਕਰ ਡਰ ਕਾਰਨ ਸਾਰੀਆਂ ਪੋਥੀਆਂ ਗੁਰਦੁਆਰਿਆਂ ਵਿੱਚ ਚਲੀਆਂ ਗਈਆਂ, ਤਾਂ ਸਿੱਖਾਂ ਦਾ ਆਪਣੇ ਘਰਾਂ ਵਿੱਚ ਨਿਤਨੇਮ ਅਤੇ ਬਾਣੀ ਨਾਲ ਜੁੜਨਾ ਘਟ ਸਕਦਾ ਹੈ, ਜੋ ਕਿ ਸਿੱਖੀ ਦਾ ਵੱਡਾ ਨੁਕਸਾਨ ਹੋਵੇਗਾ। ਭਾਰਤੀ ਸੰਵਿਧਾਨ ਦੀ ਧਾਰਾ 25-28 ਹਰ ਨਾਗਰਿਕ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਅਨੁਸਾਰ ਪੂਜਾ ਕਰਨ ਦੀ ਆਜ਼ਾਦੀ ਦਿੰਦੀ ਹੈ ਜ਼ੇਕਰ ਬੇਅਦਬੀ ਕਾਨੂੰਨ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਨਿੱਜੀ ਨਿਤਨੇਮ ਅਤੇ ਧਾਰਮਿਕ ਅਕੀਦੇ ਤੋਂ ਦੂਰ ਕਰ ਰਿਹਾ ਹੈ, ਜੋ ਕਿ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।ਗੁਰੂ ਨਾਲ ਨਾਤਾ ਤੋੜਨਾ ਸਿੱਖ ਲਈ ਅਸੰਭਵ ਹੈ, ਪਰ ਜੇਕਰ ਕਾਨੂੰਨ ਅਤੇ ਲੀਡਰਸ਼ਿਪ ਦਾ ਰਵੱਈਆ ਇਸੇ ਤਰ੍ਹਾਂ ਰਿਹਾ, ਤਾਂ ‘ਘਰ-ਘਰ ਅੰਦਰਿ ਧਰਮਸਾਲ’ ਦਾ ਸੰਕਲਪ ਜ਼ਰੂਰ ਖ਼ਤਰੇ ਵਿੱਚ ਪੈ ਸਕਦਾ ਹੈ। ਪੰਥਕ ਮਾਹਿਰਾਂ ਅਤੇ ਐਚ.ਐਸ. ਫੂਲਕਾ ਅਨੁਸਾਰ, ਇਤਿਹਾਸ ਵਿੱਚ ਜਦੋਂ ਵੀ ਧਾਰਮਿਕ ਮਾਮਲਿਆਂ ’ਤੇ ਕੋਈ ਕਾਨੂੰਨ ਬਣਿਆ ਹੈ, ਤਾਂ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਐਸਜੀਪੀਸੀ ਨਾਲ ਸਲਾਹ-ਮਸ਼ਵਰਾ ਕੀਤਾ ਜਾਂਦਾ ਰਿਹਾ ਹੈ। ਪਰ ਇਸ ਵਾਰ ਸਰਕਾਰ ’ਤੇ ‘ਗੁਪਤ ਏਜੰਡੇ’ ਤਹਿਤ ਕੰਮ ਕਰਨ ਦੇ ਇਲਜ਼ਾਮ ਲੱਗ ਰਹੇ ਹਨ, ਜਿਸ ਨਾਲ ਸਿੱਖਾਂ ਦੇ ਨਿੱਜੀ ਧਾਰਮਿਕ ਅਧਿਕਾਰਾਂ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ।

### ਪੰਜਾਬ ਟਾਈਮਜ਼ ਦਾ ਪਖ

ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਤਾਜ਼ਾ ਬਿਆਨਬਾਜ਼ੀ ਨੇ ਨਾ ਸਿਰਫ਼ ਸਿੱਖ ਸੰਸਥਾਵਾਂ ਦੀ ਮਰਯਾਦਾ ਨੂੰ ਵੰਗਾਰਿਆ ਹੈ, ਸਗੋਂ ਸੱਤਾ ਦੇ ਉਸ ਹੰਕਾਰ ਨੂੰ ਵੀ ਜਨਤਕ ਕੀਤਾ ਹੈ ਜੋ ਅਕਸਰ ਲੋਕਤੰਤਰ ਅਤੇ ਧਾਰਮਿਕ ਭਾਵਨਾਵਾਂ ਲਈ ਘਾਤਕ ਸਿੱਧ ਹੁੰਦਾ ਹੈ। ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026’ ਦੇ ਮੁੱਦੇ ’ਤੇ ਮੁੱਖ ਮੰਤਰੀ ਵੱਲੋਂ ਵਰਤੀ ਗਈ ਭਾਸ਼ਾ ਅਤੇ ਸਤਿਕਾਰਤ ਸਿੱਖ ਸ਼ਖ਼ਸੀਅਤਾਂ ਪ੍ਰਤੀ ਕੀਤੀਆਂ ਭੱਦੀਆਂ ਟਿੱਪਣੀਆਂ ਨੇ ਸਿੱਖ ਜਗਤ ਅੰਦਰ ਭਾਰੀ ਰੋਸ ਪੈਦਾ ਕਰ ਦਿੱਤਾ ਹੈ।

ਮੁੱਖ ਮੰਤਰੀ ਦਾ ਇਹ ਕਹਿਣਾ ਕਿ ‘ਸਿਰਫ਼ ਇੱਕ ਪਰਿਵਾਰ’ ਕਾਨੂੰਨ ਦਾ ਵਿਰੋਧ ਕਰ ਰਿਹਾ ਹੈ ਕਿਉਂਕਿ ਉਹ ਬੇਅਦਬੀਆਂ ਵਿੱਚ ਸ਼ਾਮਲ ਹੈ, ਇੱਕ ਬੇਹੱਦ ਗੈਰ-ਜ਼ਿੰਮੇਵਾਰਾਨਾ ਬਿਆਨ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਸਰਕਾਰ ਨੂੰ ਦੋਸ਼ੀਆਂ ਦਾ ਪਤਾ ਹੈ, ਤਾਂ ਪਿਛਲੇ ਚਾਰ ਸਾਲਾਂ ਤੋਂ ਸੱਤਾ ਦਾ ਅਨੰਦ ਮਾਣ ਰਹੀ ‘ਆਪ’ ਸਰਕਾਰ ਨੇ ਹੁਣ ਤੱਕ ਉਨ੍ਹਾਂ ਨੂੰ ਸਲਾਖਾਂ ਪਿੱਛੇ ਕਿਉਂ ਨਹੀਂ ਪਹੁੰਚਾਇਆ? ਕੇਸਾਂ ਦਾ ਪੰਜਾਬ ਤੋਂ ਬਾਹਰ ਤਬਦੀਲ ਹੋਣਾ ਸਰਕਾਰ ਦੀ ਕਾਨੂੰਨੀ ਅਤੇ ਪ੍ਰਸ਼ਾਸਨਿਕ ਨਾਕਾਮੀ ਦਾ ਪ੍ਰਤੱਖ ਪ੍ਰਮਾਣ ਹੈ। ਬੇਅਦਬੀ ਵਰਗੇ ਸੰਵੇਦਨਸ਼ੀਲ ਮੁੱਦੇ ’ਤੇ ਸਿਆਸੀ ਰੋਟੀਆਂ ਸੇਕਣਾ ਬੰਦ ਕਰਕੇ ਇਨਸਾਫ਼ ਦੀ ਗੱਲ ਕਰਨੀ ਚਾਹੀਦੀ ਹੈ।

ਮੁੱਖ ਮੰਤਰੀ ਵੱਲੋਂ ਖਾਲਸਾ ਪੰਥ ਨੂੰ ਆਪਣੇ ਹਿਸਾਬ ਨਾਲ ਪਰਿਭਾਸ਼ਿਤ ਕਰਨਾ ਅਤੇ ਸਿੱਖ ਸੰਸਥਾਵਾਂ ਦੇ ਅਕਸ ਨੂੰ ਢਾਹ ਲਾਉਣਾ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਜਾਪਦਾ ਹੈ। ਅੱਜ ਦੀ ਸਰਕਾਰ ਵਿਚਾਰ ਦੇ ਰਾਹ ਬੰਦ ਕਰਕੇ ਜਬਰੀ ਕਾਨੂੰਨ ਠੋਸਣ ਦੀ ਨੀਤੀ ’ਤੇ ਚੱਲ ਰਹੀ ਹੈ।

ਭਗਵੰਤ ਮਾਨ ਵਲੋਂ ਜੁਲਾਈ 2007 ਦੇ ਮਤੇ ਦਾ ਹਵਾਲਾ ਦੇ ਕੇ 2026 ਦੀਆਂ ਮਨਮਾਨੀਆਂ ਸੋਧਾਂ ਨੂੰ ਜਾਇਜ਼ ਠਹਿਰਾਉਣਾ ਤਰਕਹੀਣ ਹੈ। 2008 ਵਾਲਾ ਕਾਨੂੰਨ ਸਿੱਖ ਸੰਗਤ ਅਤੇ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਨਾਲ ਬਣਿਆ ਸੀ, ਪਰ ਮੌਜੂਦਾ ਸੋਧਾਂ ਵੇਲੇ ਸ਼੍ਰੋਮਣੀ ਕਮੇਟੀ ਦੀ ਕਾਨੂੰਨੀ ਸਬ-ਕਮੇਟੀ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ। ਬਿਨਾਂ ਖਰੜਾ ਸਾਂਝਾ ਕੀਤੇ ਕਾਨੂੰਨ ਬਣਾਉਣਾ ਲੋਕਤੰਤਰ ਦੀ ਨਹੀਂ, ਸਗੋਂ ਤਾਨਾਸ਼ਾਹੀ ਦੀ ਨਿਸ਼ਾਨੀ ਹੈ। ਸਭ ਤੋਂ ਚਿੰਤਾਜਨਕ ਪਹਿਲੂ ਮੁੱਖ ਮੰਤਰੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤੇ ਗਏ 15 ਦਿਨਾਂ ਦੇ ਅਲਟੀਮੇਟਮ ਪ੍ਰਤੀ ਵਤੀਰਾ ਹੈ। ਇਹ ਕਹਿਣਾ ਕਿ “ਭਾਵੇਂ 20-25 ਦਿਨਾਂ ਬਾਅਦ ਬੈਠਕ ਕਰ ਲੈਣ, ਕਾਨੂੰਨ ਵਾਪਸ ਨਹੀਂ ਹੋਵੇਗਾ”, ਸਿੱਧਾ ਸਿੱਖ ਕੌਮ ਦੀ ਸਰਵਉੱਚ ਸੰਸਥਾ ਨੂੰ ਚੁਣੌਤੀ ਦੇਣਾ ਹੈ। ਇਹ ਬਿਆਨ ਸਿਰਫ਼ ਇੱਕ ਸਿਆਸੀ ਜਵਾਬ ਨਹੀਂ, ਸਗੋਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਜ਼ਲੀਲ ਕਰਨ ਅਤੇ ਅੰਦਰੂਨੀ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਹੈ। ਮੁੱਖ ਮੰਤਰੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਸੰਸਥਾਵਾਂ ਅਤੇ ਸਿਧਾਂਤ ਅਟੱਲ ਰਹਿੰਦੇ ਹਨ। ਪੰਥਕ ਮੁੱਦਿਆਂ ’ਤੇ ਹਉਮੈ ਨੂੰ ਤਿਆਗ ਕੇ ਸੰਵਾਦ ਦਾ ਰਸਤਾ ਅਪਨਾਉਣਾ ਹੀ ਸੂਬੇ ਦੀ ਸ਼ਾਂਤੀ ਅਤੇ ਸਿੱਖ ਭਾਵਨਾਵਾਂ ਦੇ ਹਿੱਤ ਵਿੱਚ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨਾਲ ਟਕਰਾਅ ਦਾ ਨਤੀਜਾ ਕਦੇ ਵੀ ਸੁਖਦ ਨਹੀਂ ਰਿਹਾ।

## ਵਧਾਵਾ ਸਿੰਘ ਬੱਬਰ ਦੀ ਮੌਤ ਦੀਆਂ ਖ਼ਬਰਾਂ ਮਹਿਜ਼ ਅਫ਼ਵਾਹ, ਜਥੇਬੰਦੀ ਨੇ ਕੀਤਾ ਖੰਡਨ

ਅੰਮ੍ਰਿਤਸਰ-ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਜਥੇਦਾਰ ਵਧਾਵਾ ਸਿੰਘ ਬੱਬਰ ਦੀ ਮੌਤ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਚੱਲ ਰਹੀਆਂ ਖ਼ਬਰਾਂ ਨੂੰ ਜਥੇਬੰਦੀ ਨੇ ਸਿਰੇ ਤੋਂ ਨਕਾਰ ਦਿੱਤਾ ਹੈ। ਜਥੇਬੰਦੀ ਦੇ ਆਗੂ ਕਾਰਜ ਸਿੰਘ ਬੱਬਰ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਵਧਾਵਾ ਸਿੰਘ ਬੱਬਰ ਬਿਲਕੁਲ ਤੰਦਰੁਸਤ ਹਨ ਅਤੇ ਉਨ੍ਹਾਂ ਦੀ ਮੌਤ ਬਾਰੇ ਫੈਲਾਈਆਂ ਜਾ ਰਹੀਆਂ ਪੋਸਟਾਂ ਸਰਾਸਰ ਝੂਠੀਆਂ ਹਨ। ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ ’ਤੇ ਕੁਝ ਪੋਸਟਾਂ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਸਨ, ਜਿਨ੍ਹਾਂ ਵਿੱਚ ਇਹ ਦਾਅਵਾ ਕੀਤਾ ਗਿਆ ਸੀ ਕਿ ਵਧਾਵਾ ਸਿੰਘ ਬੱਬਰ ਉਰਫ਼ ਚਾਚਾ ਧਰਮ ਸਿੰਘ ਦੀ ਮੌਤ 10 ਮਈ 1988 ਨੂੰ ਜਲੰਧਰ-ਕਪੂਰਥਲਾ ਸਰਹੱਦ ’ਤੇ ਸਥਿਤ ‘ਮਾਨਾਂ ਤਾਲ’ ਦੇ ਇਲਾਕੇ ਵਿੱਚ ਇੱਕ ਪੁਲਿਸ ਮੁਕਾਬਲੇ ਦੌਰਾਨ ਹੋ ਗਈ ਸੀ। ਪੋਸਟ ਵਿੱਚ ਇਸ ਕਥਿਤ ਮੁਕਾਬਲੇ ਦਾ ਪੂਰਾ ਵੇਰਵਾ ਵੀ ਦਿੱਤਾ ਗਿਆ ਸੀ। ਜਥੇਬੰਦੀ ਅਤੇ ਨਜ਼ਦੀਕੀਆਂ ਦਾ ਪੱਖ-ਬੱਬਰ ਖ਼ਾਲਸਾ ਦੇ ਲੈਟਰ-ਹੈੱਡ ’ਤੇ ਜਾਰੀ ਬਿਆਨ ਵਿੱਚ ਇਨ੍ਹਾਂ ਦਾਅਵਿਆਂ ਨੂੰ ਜਥੇਬੰਦੀ ਦੇ ਮੈਂਬਰਾਂ ਅਤੇ ਸਮਰਥਕਾਂ ਨੂੰ ਗੁਮਰਾਹ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ, ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਤੋਂ ਵਧਾਵਾ ਸਿੰਘ ਦੇ ਨਜ਼ਦੀਕੀ ਸਾਥੀ ਗੋਪਾਲ ਸਿੰਘ ਚਾਵਲਾ ਨੇ ਵੀ ਪੁਸ਼ਟੀ ਕੀਤੀ ਹੈ ਕਿ ਵਧਾਵਾ ਸਿੰਘ ਪੂਰੀ ਤਰ੍ਹਾਂ ਸਿਹਤਯਾਬ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਅਫ਼ਵਾਹਾਂ ਜਾਣਬੁੱਝ ਕੇ ਭੰਬਲਭੂਸਾ ਪੈਦਾ ਕਰਨ ਲਈ ਫੈਲਾਈਆਂ ਜਾ ਰਹੀਆਂ ਹਨ।

## ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਆਪ ਵਿੱਚ ਸ਼ਾਮਲ ਹੋਣ ਜਾ ਰਹੇ ਹਨ



ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਕਾਲੀ ਆਗੂ ਸੁਰਜੀਤ ਸਿੰਘ ਰੱਖੜਾ ਆਪ ਵਿੱਚ ਸ਼ਾਮਲ ਹੋਣ ਜਾ ਰਹੇ ਹਨ । ਉਹ ਅਕਾਲੀ ਦਲ ਦੇ ਸੀਨੀਅਰ ਆਗੂ ਹਨ । ਇਹ ਉਮੀਦ ਨਹੀਂ ਸੀ । ਇਸ ਸੱਚਾਈ ਦਾ ਇਕ ਦੋ ਦਿਨਾਂ ਤੱਕ ਪੂਰਾ ਪਤਾ ਚੱਲੇਗਾ ।

## ਦਲਜੀਤ ਦੁਸਾਂਝ ਦੇ ਮੈਨੇਜਰ ਦੇ ਘਰ ਉੱਤੇ ਫਾਇਰਿੰਗ



ਦਲਜੀਤ ਦੁਸਾਂਝ ਦੇ ਮੈਨੇਜਰ ਗੁਰਪ੍ਰਤਾਪ ਸਿੰਘ ਕੰਗ ਦੇ ਘਰ ਉੱਤੇ ਕੁਝ ਅਣਪਛਾਤਿਆਂ ਵੱਲੋਂ ਫਾਇਰਿੰਗ ਕੀਤੀ ਗਈ ਹੈ। ਕੰਗ ਜੋ ਕਿ ਹਰਿਆਣਾ ਦੇ ਪਿੰਡ ਗੋਂਡਰ ਤੋਂ ਹਨ ਜਿਥੇ ਇਹ ਘਟਨਾ ਵਾਪਰੀ ਦੱਸੀ ਜਾਂਦੀ ਹੈ। ਇਸ ਫਾਇਰਿੰਗ ਦੀ ਜਿੰਮੇਵਾਰੀ ਲੋਰੈਂਸ ਬਿਸ਼ਨੋਈ ਗੈਂਗ ਵੱਲੋਂ ਸੋਸ਼ਲ ਮੀਡੀਆ ਤੇ ਲਈ ਗਈ ਹੈ। ਆਪ ਦੇ ਸਪੋਕਸਮੈਨ ਨੇ ਕਿਹਾ ਕਿ ਇਹ ਸਭ ਕੁਝ ਭਾਜਪਾ ਵੱਲੋਂ ਕਰਾਇਆ ਗਿਆ ਹੈ। ਕਿਉਂਕਿ ਉਸ ਨੇ ਭਾਜਪਾ ਵਿੱਚ ਆਉਣ ਤੋਂ ਇਨਕਾਰ ਕਰ ਦਿੱਤਾ ਸੀ ।

## ਪੰਜਾਬ ਚੋਣਾਂ 2026: ‘ਆਪ’ ਦੀ ਚੋਣ ਮੁਹਿੰਮ ਦਾ ਮੁੱਖ ਚਿਹਰਾ ਹੋਣਗੇ ਭਗਵੰਤ ਮਾਨ, ਪਾਰਟੀ ਨੇ ਬਣਾਈ ਖ਼ਾਸ ਰਣਨੀਤੀ



ਚੰਡੀਗੜ੍ਹ-ਪੰਜਾਬ ਵਿੱਚ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਹੁਕਮਰਾਨ ਆਮ ਆਦਮੀ ਪਾਰਟੀ (ਆਪ) ਨੇ ਆਪਣੀ ਚੋਣ ਮੁਹਿੰਮ ਦਾ ਖਾਕਾ ਤਿਆਰ ਕਰ ਲਿਆ ਹੈ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਹੀ ਪਾਰਟੀ ਦਾ ਮੁੱਖ ਚਿਹਰਾ ਅਤੇ ਸਟਾਰ ਪ੍ਰਚਾਰਕ ਰਹਿਣਗੇ। ਪਾਰਟੀ ਹਾਈਕਮਾਨ ਨੇ ਫੈਸਲਾ ਕੀਤਾ ਹੈ ਕਿ ਪੂਰੀ ਚੋਣ ਮੁਹਿੰਮ ਮੁੱਖ ਮੰਤਰੀ ਦੇ ਆਲੇ-ਦੁਆਲੇ ਹੀ ਕੇਂਦਰਿਤ ਰਹੇਗੀ। ਭਗਵੰਤ ਮਾਨ ’ਤੇ ਹੀ ਭਰੋਸਾ ਕਿਉਂ ?-ਪਾਰਟੀ ਸੂਤਰਾਂ ਅਨੁਸਾਰ ਮੁੱਖ ਮੰਤਰੀ ਮਾਨ ਨੂੰ ਜਨਤਕ ਪੱਧਰ ’ਤੇ ਮਿਲ ਰਿਹਾ ਭਰਪੂਰ ਹੁੰਗਾਰਾ ਇਸ ਫੈਸਲੇ ਦੀ ਮੁੱਖ ਵਜ੍ਹਾ ਹੈ: ਬੇਅਦਬੀ ਵਿਰੋਧੀ ਕਾਨੂੰਨ ਸਿਰੇ ਚੜ੍ਹਨ ਤੋਂ ਬਾਅਦ ਕੱਢੀ ਗਈ ਯਾਤਰਾ ਨੂੰ ਮਿਲੇ ਭਾਰੀ ਸਮਰਥਨ ਨੇ ਪਾਰਟੀ ਦਾ ਉਤਸ਼ਾਹ ਵਧਾਇਆ ਹੈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਭਗਵੰਤ ਮਾਨ ਦੇ ਪ੍ਰਚਾਰ ਕਰਨ ਦੇ ਅੰਦਾਜ਼ ਅਤੇ ਉਨ੍ਹਾਂ ਦੀ ਲੋਕਪ੍ਰਿਯਤਾ ਨੂੰ ਪਾਰਟੀ ਵੱਡੇ ਹਥਿਆਰ ਵਜੋਂ ਵਰਤਣਾ ਚਾਹੁੰਦੀ ਹੈ। ਪਾਰਟੀ ਚਾਹੁੰਦੀ ਹੈ ਕਿ ਵਿਰੋਧੀਆਂ ਵੱਲੋਂ ਲਗਾਏ ਜਾਣ ਵਾਲੇ ‘ਦਿੱਲੀ ਦੇ ਦਖ਼ਲ’ ਦੇ ਦੋਸ਼ਾਂ ਨੂੰ ਭਗਵੰਤ ਮਾਨ ਨੂੰ ਅੱਗੇ ਰੱਖ ਕੇ ਝੂਠਾ ਸਾਬਤ ਕੀਤਾ ਜਾਵੇ।

ਪਾਰਟੀ ਆਪਣੀ ਚੋਣ ਮੁਹਿੰਮ ਦੌਰਾਨ ਹੇਠ ਲਿਖੇ ਮੁੱਦਿਆਂ ’ਤੇ ਧਿਆਨ ਕੇਂਦਰਿਤ ਕਰੇਗੀ:300 ਯੂਨਿਟ ਮੁਫ਼ਤ ਬਿਜਲੀ, ਸਿੱਖਿਆ ਤੇ ਸਿਹਤ ਸੁਧਾਰ, ਸਰਕਾਰੀ ਨੌਕਰੀਆਂ ਅਤੇ ਮੁਫ਼ਤ ਰਾਸ਼ਨ। ਸੂਬੇ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਜਾਂਦੇ ਕਥਿਤ ਵਿਤਕਰੇ ਅਤੇ ਲਟਕਦੇ ਮੁੱਦਿਆਂ ਨੂੰ ਲੈ ਕੇ ਭਾਜਪਾ ਨੂੰ ਜਵਾਬਦੇਹ ਬਣਾਇਆ ਜਾਵੇਗਾ।

ਪਾਰਟੀ ਪ੍ਰਚਾਰ ਵਿੱਚ ਤੇਜ਼ੀ ਲਿਆਉਣ ਲਈ ਪੰਜਾਬ ਦੇ ਕੁਝ ਹਰਮਨ ਪਿਆਰੇ ਕਲਾਕਾਰਾਂ ਨੂੰ ਵੀ ਚੋਣ ਮੈਦਾਨ ਵਿੱਚ ਉਤਾਰਨ ਦੀ ਯੋਜਨਾ ਬਣਾ ਰਹੀ ਹੈ ਭਾਵੇਂ ਚਿਹਰਾ ਭਗਵੰਤ ਮਾਨ ਹੋਣਗੇ, ਪਰ ਚੋਣਾਂ ਦੀ ਪੂਰੀ ਯੋਜਨਾਬੰਦੀ ਅਤੇ ਉਮੀਦਵਾਰਾਂ ਦੀ ਚੋਣ ਦੀ ਜ਼ਿੰਮੇਵਾਰੀ ਪਾਰਟੀ ਹਾਈਕਮਾਨ ਕੋਲ ਹੀ ਰਹੇਗੀ। ਕੇਂਦਰੀ ਲੀਡਰਸ਼ਿਪ ਸਿਰਫ਼ ਵਿਸ਼ੇਸ਼ ਪ੍ਰੋਗਰਾਮਾਂ ਦੌਰਾਨ ਹੀ ਹਾਜ਼ਰੀ ਭਰੇਗੀ, ਤਾਂ ਜੋ ਸੂਬਾਈ ਲੀਡਰਸ਼ਿਪ ਦਾ ਪ੍ਰਭਾਵ ਬਣਿਆ ਰਹੇ।

# ਪੰਜਾਬ ਰਾਜਨੀਤੀ ਵਿਚ ਕੀ ਭਾਜਪਾ ਦੀ 'ਹਮਲਾਵਰ ਨੀਤੀ' ਪਿੱਛੇ ਲੁਕੀ ਹੈ ਕੋਈ ਵੱਡੀ ਗੇਮ ਪਲਾਨ ?

## ✪ ਕਾਂਗਰਸ ਦੀ ਚੁੱਪ ਤੇ ਅਕਾਲੀਆਂ ਦੀ ਟਕਸਾਲੀ ਗੜ੍ਹਕ ਵਿਚ ਘਾਟ, ਭਾਜਪਾ ਦੀ 'ਆਪ' ਨਾਲ 'ਨੂਰਾ-ਕੁਸ਼ਤੀ'

ਪੰਜਾਬ ਦੀ ਸਿਆਸਤ ਇਸ ਵੇਲੇ ਇੱਕ ਅਹਿਮ ਅਤੇ ਦਿਲਚਸਪ ਮੋੜ 'ਤੇ ਖੜ੍ਹੀ ਹੈ। ਵਿਧਾਨ ਸਭਾ ਚੋਣਾਂ ਵਿੱਚ ਅਜੇ ਭਾਵੇਂ ਕੁਝ ਮਹੀਨਿਆਂ ਦਾ ਸਮਾਂ ਬਾਕੀ ਹੈ, ਪਰ ਸੂਬੇ ਦੇ ਸਿਆਸੀ ਅਖਾੜੇ ਵਿੱਚ ਜਿਸ ਤਰ੍ਹਾਂ ਦੀ ਗਰਮਾ-ਗਰਮੀ ਦੇਖਣ ਨੂੰ ਮਿਲ ਰਹੀ ਹੈ, ਉਸ ਨੇ ਰਵਾਇਤੀ ਸਿਆਸੀ ਸਮੀਕਰਨਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮੌਜੂਦਾ ਹਾਲਾਤ ਸੰਕੇਤ ਦੇ ਰਹੇ ਹਨ ਕਿ ਆਉਣ ਵਾਲਾ ਚੋਣ ਦੰਗਲ ਮੁੱਖ ਤੌਰ 'ਤੇ ਸੱਤਾਧਾਰੀ 'ਆਮ ਆਦਮੀ ਪਾਰਟੀ' (ਆਪ) ਅਤੇ 'ਭਾਰਤੀ ਜਨਤਾ ਪਾਰਟੀ' (ਭਾਜਪਾ) ਦੇ ਦਰਮਿਆਨ ਸਿੱਧੀ ਟੱਕਰ ਵੱਲ ਵਧ ਰਿਹਾ ਹੈ।



ਪੰਥਕ ਧਿਰਾਂ ਨੇ ਸਮੇਂ ਸਿਰ ਆਪਣੇ ਅੰਦਰੂਨੀ ਮਤਭੇਦ ਖ਼ਤਮ ਕਰਕੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਵਾਲਾ 'ਪੰਜਾਬ ਮਾਡਲ' ਪੇਸ਼ ਨਾ ਕੀਤਾ, ਤਾਂ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਨਾਮ-ਮਾਤਰ ਰਹਿ ਜਾਣ ਦਾ ਖ਼ਤਰਾ ਹੈ। ਪੰਜਾਬ ਦੀ ਮਾਨਸਿਕਤਾ ਕਦੇ ਵੀ ਕੌਮੀ ਪਾਰਟੀਆ ਦੇ ਪੂਰੀ ਤਰ੍ਹਾਂ ਅਧੀਨ ਨਹੀਂ ਰਹਿ ਸਕਦੀ। ਪੰਜਾਬੀ ਇੱਕ ਅਜਿਹੇ ਖੇਤਰੀ ਗਠਜੋੜ ਦੀ ਉਡੀਕ ਵਿੱਚ ਹਨ ਜੋ ਧਾਰਮਿਕ ਕੱਟੜਤਾ ਦੀ ਬਜਾਏ ਇਮਾਨਦਾਰੀ ਨਾਲ ਪੰਜਾਬ ਦੇ ਵਿਕਾਸ ਦੀ ਗੱਲ ਕਰੇ। ਜੇਕਰ ਅਜਿਹਾ ਵਿਸ਼ਵਾਸ ਪੈਦਾ ਹੁੰਦਾ ਹੈ, ਤਾਂ ਪੰਜਾਬ ਮੁੜ ਖੇਤਰੀ ਸਿਆਸਤ ਦਾ ਗੜ੍ਹ ਬਣੇਗਾ।

ਭਾਜਪਾ ਵੱਲੋਂ ਅਪਣਾਈ ਗਈ ਤਿੱਖੀ ਹਮਲਾਵਰ ਰਣਨੀਤੀ ਕਈ ਸਵਾਲ ਪੈਦਾ ਕਰਦੀ ਹੈ। ਕੇਂਦਰੀ ਏਜੰਸੀਆਂ ਦੀ ਸਰਗਰਮੀ ਅਤੇ ਸੂਬਾ ਸਰਕਾਰ ਦੇ ਨਜ਼ਦੀਕੀਆਂ 'ਤੇ ਹੋ ਰਹੀ ਛਾਪੇਮਾਰੀ ਨੇ ਜਿੱਥੇ 'ਆਪ' ਨੂੰ ਰੱਖਿਆਤਮਕ ਹੋਣ ਦੀ ਬਜਾਏ ਹੋਰ ਹਮਲਾਵਰ ਹੋਣ ਲਈ ਮਜਬੂਰ ਕੀਤਾ ਹੈ, ਉੱਥੇ ਹੀ ਇਸ ਟਕਰਾਅ ਨੇ ਸੂਬੇ ਦੀਆਂ ਦੋ ਮੁੱਖ ਰਿਵਾਇਤੀ ਧਿਰਾਂ-ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਨੂੰ ਫਿਲਹਾਲ ਮੁੱਖ ਚਰਚਾ ਤੋਂ ਲਾਂਭੇ ਕਰ ਦਿੱਤਾ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਇਹ ਭਾਜਪਾ ਦੀ ਸੋਚੀ-ਸਮਝੀ ਰਣਨੀਤੀ ਹੈ ਕਿ ਉਹ ਖ਼ੁਦ ਨੂੰ ਪੰਜਾਬ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਸਥਾਪਿਤ ਕਰਨਾ ਚਾਹੁੰਦੀ ਹੈ?

ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਸਿਆਸੀ ਰਣਨੀਤੀ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਕੇਂਦਰ ਸਰਕਾਰ ਨਾਲ ਸਿੱਧਾ ਮੱਥਾ ਲਾ ਕੇ ਅਤੇ ਪੰਥਕ ਏਜੰਡੇ ਬੇਅਦਬੀ ਕਨੂੰਨ ਦੀ ਗਲ ਕਰਕੇ, ਪੰਜਾਬ ਦੇ ਹੱਕਾਂ ਦੀ ਗੱਲ ਕਰਕੇ ਉਹ ਉਸ 'ਪੰਜਾਬੀ ਮਾਨਸਿਕਤਾ' ਨੂੰ ਆਪਣੇ ਵੱਲ ਖਿੱਚ ਰਹੇ ਹਨ, ਜੋ ਰਵਾਇਤੀ ਤੌਰ 'ਤੇ ਅਕਾਲੀ ਦਲ ਦਾ ਅਧਾਰ ਰਹੀ ਹੈ। ਬੇਅਦਬੀ ਮਾਮਲਿਆਂ ਵਿਚ ਸਖ਼ਤ ਕਾਨੂੰਨ ਅਤੇ 'ਸ਼ੁਕਰਾਨਾ ਯਾਤਰਾ' ਰਾਹੀਂ ਧਾਰਮਿਕ ਏਜੰਡੇ 'ਤੇ ਚੱਲ ਕੇ ਉਨ੍ਹਾਂ ਨੇ ਅਕਾਲੀ ਦਲ ਦੇ ਪੰਥਕ ਏਜੰਡੇ ਨੂੰ ਵੱਡੀ ਸੱਟ ਮਾਰੀ ਹੈ। ਇਸ ਦਾ ਕਾਰਣ ਅਕਾਲੀ ਦਲ ਤੇ ਪੰਥਕ ਧਿਰਾਂ ਦਾ ਬੇਅਦਬੀ ਕਨੂੰਨ ਬਾਰੇ ਚੁਪ ਰਹਿਣਾ ਜਾਂ ਸਿਧਾਂਤਕ ਆਧਾਰ ਬਾਰੇ ਸਪਸ਼ਟ ਨਾ ਹੋਣਾ ਹੈ। ਕੇਂਦਰ ਦੇ "ਪੰਜਾਬ ਵਿਰੋਧੀ ਰਵੱਈਏ" ਵਿਰੁੱਧ ਡਟ ਕੇ ਖੜ੍ਹਨਾ ਪੰਜਾਬੀ ਮਾਨਸਿਕਤਾ ਨੂੰ ਕਾਫੀ ਪ੍ਰਭਾਵਿਤ ਕਰ ਰਿਹਾ ਹੈ।

ਕਾਂਗਰਸ ਦੀ ਪੰਜਾਬ ਮਾਮਲਿਆਂ ਬਾਰੇ ਚੁਪ, ਜਨਤਕ ਸਰਗਰਮੀਆਂ ਦੀ ਘਾਟ ਅਤੇ ਅੰਦਰੂਨੀ ਖਿੱਚੋਤਾਣ ਉਸ ਲਈ ਘਾਤਕ ਸਾਬਤ ਹੋ ਰਹੀ ਹੈ। ਵਿਰੋਧੀ ਧਿਰ ਵਜੋਂ ਆਪਣੀ ਭੂਮਿਕਾ ਨੂੰ ਸਿਰਫ਼ ਮੀਡੀਆ ਤੱਕ ਸੀਮਤ ਰੱਖਣਾ ਕਾਂਗਰਸ ਨੂੰ ਜਨਤਕ ਅਧਾਰ ਤੋਂ ਦੂਰ ਕਰ ਸਕਦਾ ਹੈ। ਅਜਿਹੇ ਸਮੇਂ ਜਦੋਂ ਸੂਬੇ ਵਿੱਚ ਨਵੀਂਆਂ ਧਾਰਮਿਕ ਅਤੇ ਸਿਆਸੀ ਸਫ਼ਬੰਦੀਆਂ ਹੋ ਰਹੀਆਂ ਹਨ, ਕਾਂਗਰਸ ਦੀ ਸੁਸਤ ਰਫ਼ਤਾਰ ਉਸ ਦੇ ਭਵਿੱਖ 'ਤੇ ਸਵਾਲੀਆ ਚਿੰਨ੍ਹ ਲਾਉਂਦੀ ਹੈ।

ਅਕਾਲੀ ਦਲ ਪੁਨਰ ਸੁਰਜੀਤ ਦੀ ਕੋਸ਼ਿਸ਼ ਵਿੱਚ ਹੈ, ਜਦਕਿ ਅੰਮ੍ਰਿਤਪਾਲ ਸਿੰਘ ਦਾ ਧੜਾ ਵੀ ਆਪਣੀ ਮੌਜੂਦਗੀ ਦਰਸਾ ਰਿਹਾ ਹੈ, ਪਰ 'ਆਪ'-ਭਾਜਪਾ ਦੀ ਤਕਰਾਰ ਵਿੱਚ ਇਨ੍ਹਾਂ ਦੀ ਆਵਾਜ਼ ਮੱਧਮ ਪੈਂਦੀ ਜਾ ਰਹੀ ਹੈ। ਸੂਬੇ ਵਿੱਚ ਵਧ ਰਹੀ ਸਿਆਸੀ ਸਰਗਰਮੀ ਕਾਰਨ ਇਹ ਚਰਚਾਵਾਂ ਵੀ ਜ਼ੋਰਾਂ 'ਤੇ ਹਨ ਕਿ ਕੀ ਪੰਜਾਬ ਵਿੱਚ ਚੋਣਾਂ ਨਿਰਧਾਰਤ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ? ਫਰਵਰੀ ਵਿੱਚ ਹੋਣ ਵਾਲੀ ਮਰਦਮਸ਼ੁਮਾਰੀ ਅਤੇ ਟ੍ਰੇਨਿੰਗ ਪ੍ਰਕਿਰਿਆ ਨੂੰ ਦੇਖਦੇ ਹੋਏ ਚੋਣਾਂ ਦੇ ਸ਼ਡਿਊਲ ਵਿੱਚ ਤਬਦੀਲੀ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਹਨ, ਹਾਲਾਂਕਿ ਚੋਣ ਕਮਿਸ਼ਨ ਵੱਲੋਂ ਅਜੇ ਕੋਈ ਅਧਿਕਾਰਤ ਸੰਕੇਤ ਨਹੀਂ ਮਿਲਿਆ। ਫਿਲਹਾਲ ਪੰਜਾਬ ਦੀ ਸਿਆਸਤ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ 'ਆਪ' ਆਪਣੇ ਸ਼ਾਸਨ ਅਤੇ ਨਵੇਂ ਏਜੰਡੇ ਨਾਲ ਅਤੇ ਭਾਜਪਾ ਆਪਣੇ ਹਮਲਾਵਰ ਅੰਦਾਜ਼ ਨਾਲ ਇੱਕ-ਦੂਜੇ ਦੇ ਸਾਹਮਣੇ ਹਨ। ਕੀ ਇਹ ਸਿਰਫ਼ ਚੋਣਵੀਂ ਰਣਨੀਤੀ ਹੈ ਜਾਂ ਪੰਜਾਬ ਦੀ ਸਿਆਸਤ ਵਿੱਚ ਕਿਸੇ ਵੱਡੇ ਬਦਲਾਅ ਦਾ ਸੰਕੇਤ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

ਪੰਜਾਬ ਦੇ ਲੋਕ ਹਮੇਸ਼ਾ ਟਕਰਾਅ ਦੀ ਸਿਆਸਤ ਦੀ ਬਜਾਏ ਮੁੱਦਿਆਂ ਦੀ ਸਿਆਸਤ ਨੂੰ ਤਰਜੀਹ ਦਿੰਦੇ ਆਏ ਹਨ। ਮੌਜੂਦਾ ਸਮੇਂ ਵਿੱਚ ਜਿੱਥੇ ਸਿਆਸੀ ਪਾਰਟੀਆਂ ਇੱਕ-ਦੂਜੇ ਨੂੰ ਪਛਾੜਨ ਲਈ ਰਣਨੀਤੀਆਂ ਘੜ ਰਹੀਆਂ ਹਨ, ਉੱਥੇ ਸੂਬੇ ਦੇ ਅਸਲ ਮੁੱਦੇ ਜਿਵੇਂ ਕਿ ਬੇਰੁਜ਼ਗਾਰੀ, ਨਸ਼ਾ ਅਤੇ ਖੇਤੀਬਾੜੀ ਸੰਕਟ ਕਿਤੇ ਪਿੱਛੇ ਨਾ ਰਹਿ ਜਾਣ। ਅਗਲੇ ਛੇ ਮਹੀਨੇ ਪੰਜਾਬ ਦੀ ਸਿਆਸਤ ਲਈ ਬੇਹੱਦ ਨਿਰਣਾਇਕ ਹੋਣਗੇ। ਕੀ ਰਵਾਇਤੀ ਪਾਰਟੀਆਂ ਮੁੜ ਆਪਣੇ ਪੈਰਾਂ 'ਤੇ ਖੜ੍ਹੀਆਂ ਹੋ ਸਕਣਗੀਆਂ ਜਾਂ ਪੰਜਾਬ ਵਿੱਚ 'ਆਪ' ਤੇ ਭਾਜਪਾ ਦਾ ਇਹ ਨਵਾਂ 'ਦੋ-ਧਰੁਵੀ' ਮੁਕਾਬਲਾ ਪੱਕਾ ਹੋ ਜਾਵੇਗਾ? ਇਹ ਵੱਡਾ ਸਵਾਲ ਅੱਜ ਪੰਜਾਬ ਦੇ ਹਰ ਨਾਗਰਿਕ ਦੇ ਮਨ ਵਿੱਚ ਹੈ।

ਬਾਦਲ ਅਕਾਲੀ ਦਲ ਸਮੇਤ ਪੰਥਕ ਧਿਰਾਂ ਨੂੰ ਸਭ ਤੋਂ ਪਹਿਲਾਂ ਸਿੱਖ ਸੰਗਤ ਅਤੇ ਪੰਜਾਬ ਦੇ ਲੋਕਾਂ ਵਿੱਚ ਆਪਣੀ ਗੁਆਚੀ ਹੋਈ ਭਰੋਸੇਯੋਗਤਾ ਬਹਾਲ ਕਰਨੀ ਪਵੇਗੀ। ਬੇਅਦਬੀ ਦੇ ਮਾਮਲਿਆਂ ਸਿਰਫ਼ ਸਿਆਸੀ ਬਿਆਨਬਾਜ਼ੀ ਕਰਨ ਦੀ ਬਜਾਏ, ਲੋਕਾਂ ਦੀ ਕਚਹਿਰੀ ਵਿੱਚ ਜਾ ਕੇ ਸਪੱਸ਼ਟ ਸਟੈਂਡ ਲੈਣ ਦੀ ਲੋੜ ਹੈ। ਸਿਰਫ਼ ਧਾਰਮਿਕ ਨਾਅਰਿਆਂ ਨਾਲ ਹੁਣ ਗੁਜ਼ਾਰਾ ਨਹੀਂ ਹੋਣਾ। ਪੰਥਕ ਧਿਰਾਂ ਨੂੰ ਪੰਥਕ ਹਿੱਤਾਂ (ਜਿਵੇਂ ਬੰਦੀ ਸਿੰਘਾਂ ਦੀ ਰਿਹਾਈ, ਐਸ.ਜੀ.ਪੀ.ਸੀ. ਦੀ ਖ਼ੁਦਮੁਖ਼ਤਿਆਰੀ) ਦੇ ਨਾਲ-ਨਾਲ ਪੰਜਾਬ ਦੇ ਅਸਲ ਮੁੱਦਿਆਂ (ਜਿਵੇਂ ਖੇਤੀ ਸੰਕਟ, ਪਾਣੀਆਂ ਦਾ ਮੁੱਦਾ, ਨਸ਼ਾ ਅਤੇ ਬੇਰੁਜ਼ਗਾਰੀ) ਨੂੰ ਮਜ਼ਬੂਤੀ ਨਾਲ ਚੁੱਕਣਾ ਪਵੇਗਾ। ਉਨ੍ਹਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਹ ਸਿਰਫ਼ ਇੱਕ ਧਰਮ ਦੀਆਂ ਨਹੀਂ, ਸਗੋਂ ਪੂਰੇ ਪੰਜਾਬ ਦੀਆਂ ਹਿਤੈਸ਼ੀ ਹਨ। ਪੰਥਕ ਧਿਰਾਂ ਦਾ ਜਥੇਬੰਦਕ ਢਾਂਚਾ ਪਿੰਡਾਂ ਤੱਕ ਬਹੁਤ ਮਜ਼ਬੂਤ ਰਿਹਾ ਹੈ, ਜੋ ਹੁਣ ਖਿੰਡਰ ਚੁੱਕਾ ਹੈ। ਨੌਜਵਾਨਾਂ ਨੂੰ ਨਵੀਂ ਲੀਡਰਸ਼ਿਪ ਵਿੱਚ ਥਾਂ ਦੇਣੀ ਚਾਹੀਦੀ ਹੈ।

ਸੋਸ਼ਲ ਮੀਡੀਆ ਦੇ ਯੁੱਗ ਵਿੱਚ 'ਆਪ' ਅਤੇ ਭਾਜਪਾ ਵਰਗੀਆਂ ਪਾਰਟੀਆਂ ਦੇ ਬਿਰਤਾਂਤ ਦਾ ਮੁਕਾਬਲਾ ਕਰਨ ਲਈ ਇੱਕ ਆਧੁਨਿਕ ਅਤੇ ਬੌਧਿਕ ਟੀਮ ਤਿਆਰ ਕਰਨੀ ਹੋਵੇਗੀ।

ਇਸ ਵੇਲੇ ਪੰਥਕ ਵੋਟ ਕਈ ਧੜਿਆਂ (ਬਾਦਲ ਦਲ, ਸੁਧਾਰ ਲਹਿਰ, ਅੰਮ੍ਰਿਤਪਾਲ ਸਿੰਘ ਦਾ ਪ੍ਰਭਾਵ ਆਦਿ) ਵਿੱਚ ਵੰਡੀ ਹੋਈ ਹੈ। ਜਿੰਨਾ ਚਿਰ ਪੰਥਕ ਸੋਚ ਵਾਲੀਆਂ ਧਿਰਾਂ ਇੱਕ ਸਾਂਝੇ ਘੱਟੋ-ਘੱਟ ਪ੍ਰੋਗਰਾਮ 'ਤੇ ਇਕੱਠੀਆਂ ਨਹੀਂ ਹੁੰਦੀਆਂ, ਉਦੋਂ ਤੱਕ ਉਹ 'ਆਪ' ਜਾਂ ਭਾਜਪਾ ਵਰਗੀਆਂ ਮਜ਼ਬੂਤ ਧਿਰਾਂ ਨੂੰ ਟੱਕਰ ਨਹੀਂ ਦੇ ਸਕਦੀਆਂ। ਮੁੱਖ ਮੰਤਰੀ ਭਗਵੰਤ ਮਾਨ ਜੇਕਰ ਅਕਾਲੀ ਦਲ ਦਾ ਏਜੰਡਾ ਖੋਹ ਰਹੇ ਹਨ, ਤਾਂ ਪੰਥਕ ਧਿਰਾਂ ਨੂੰ 'ਆਪ' ਸਰਕਾਰ ਦੀਆਂ ਉਨ੍ਹਾਂ ਕਮੀਆਂ ਨੂੰ ਉਜਾਗਰ ਕਰਨਾ ਚਾਹੀਦਾ ਹੈ ਜਿੱਥੇ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀ ਹੈ। ਇਸੇ ਤਰ੍ਹਾਂ ਭਾਜਪਾ ਦੀਆਂ ਪੰਜਾਬ ਵਿਰੋਧੀ ਨੀਤੀਆਂ 'ਤੇ ਤਿੱਖਾ ਅਤੇ ਦਲੀਲਬੱਧ ਹਮਲਾ ਕਰਨਾ ਹੋਵੇਗਾ। ਪੰਥਕ ਧਿਰਾਂ ਨੂੰ ਆਪਣੀ ਪੁਰਾਣੀ ਸਿਆਸੀ ਭਾਸ਼ਾ ਬਦਲਣੀ ਪਵੇਗੀ। ਪੁਰਾਣੇ ਚਿਹਰਿਆਂ ਦੀ ਬਜਾਏ ਸਾਫ਼-ਸੁਥਰੇ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਅੱਜ ਦਾ ਪੰਜਾਬੀ ਨੌਜਵਾਨ ਤਰਕ ਅਤੇ ਭਵਿੱਖ ਦੀ ਗੱਲ ਸੁਣਨਾ ਚਾਹੁੰਦਾ ਹੈ। ਭਾਵੁਕਤਾ ਦੇ ਨਾਲ-ਨਾਲ ਵਿਕਾਸ, ਸਿੱਖਿਆ ਅਤੇ ਆਰਥਿਕ ਮਾਡਲ ਪੇਸ਼ ਕਰਨਾ ਲਾਜ਼ਮੀ ਹੈ। ਇਹ ਸਾਬਤ ਕਰਨਾ ਪਵੇਗਾ ਕਿ ਪਾਰਟੀ ਦੇ ਫੈਸਲੇ ਚੰਡੀਗੜ੍ਹ ਜਾਂ ਅੰਮ੍ਰਿਤਸਰ ਵਿੱਚ ਹੁੰਦੇ ਹਨ, ਨਾ ਕਿ ਦਿੱਲੀ ਵਿੱਚ। ਪੰਜਾਬ ਦੇ ਆਰਥਿਕ ਸਰੋਤਾਂ, ਪਾਣੀਆਂ ਅਤੇ ਪੰਜਾਬੀ ਭਾਸ਼ਾ ਲਈ ਬਿਨਾਂ ਕਿਸੇ ਸਮਝੌਤੇ ਦੇ ਲੜਨਾ ਹੋਵੇਗਾ।

ਜੇਕਰ ਪੰਥਕ ਧਿਰਾਂ ਨੇ ਸਮੇਂ ਸਿਰ ਆਪਣੇ ਅੰਦਰੂਨੀ ਮਤਭੇਦ ਖ਼ਤਮ ਕਰਕੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਵਾਲਾ 'ਪੰਜਾਬ ਮਾਡਲ' ਪੇਸ਼ ਨਾ ਕੀਤਾ, ਤਾਂ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਭੂਮਿਕਾ ਸਿਰਫ਼ ਨਾਮ-ਮਾਤਰ ਰਹਿ ਜਾਣ ਦਾ ਖ਼ਤਰਾ ਹੈ। ਪੰਜਾਬ ਦੀ ਮਾਨਸਿਕਤਾ ਕਦੇ ਵੀ ਕੌਮੀ ਪਾਰਟੀਆ ਦੇ ਪੂਰੀ ਤਰ੍ਹਾਂ ਅਧੀਨ ਨਹੀਂ ਰਹਿ ਸਕਦੀ। ਪੰਜਾਬੀ ਇੱਕ ਅਜਿਹੇ ਖੇਤਰੀ ਗਠਜੋੜ ਦੀ ਉਡੀਕ ਵਿੱਚ ਹਨ ਜੋ ਧਾਰਮਿਕ ਕੱਟੜਤਾ ਦੀ ਬਜਾਏ ਇਮਾਨਦਾਰੀ ਨਾਲ ਪੰਜਾਬ ਦੇ ਵਿਕਾਸ ਦੀ ਗੱਲ ਕਰੇ। ਜੇਕਰ ਅਜਿਹਾ ਵਿਸ਼ਵਾਸ ਪੈਦਾ ਹੁੰਦਾ ਹੈ, ਤਾਂ ਪੰਜਾਬ ਮੁੜ ਖੇਤਰੀ ਸਿਆਸਤ ਦਾ ਗੜ੍ਹ ਬਣੇਗਾ। ਜੇਕਰ ਅਕਾਲੀ ਦਲ ਦੇ ਵੱਖ-ਵੱਖ ਧੜੇ, ਕਿਸਾਨ ਜਥੇਬੰਦੀਆਂ ਅਤੇ ਪੰਜਾਬ ਹਿਤੈਸ਼ੀ ਬੁੱਧੀਜੀਵੀ ਇੱਕ ਸਾਂਝੇ ਮੰਚ 'ਤੇ ਆਉਂਦੇ ਹਨ, ਤਾਂ ਪੰਜਾਬੀਆਂ ਨੂੰ ਇੱਕ 'ਭਰੋਸੇਯੋਗ ਵਿਕਲਪ' ਨਜ਼ਰ ਆਵੇਗਾ।

ਪੰਜਾਬ ਵਿੱਚ ਹਮੇਸ਼ਾ ਇੱਕ ਅਜਿਹੀ ਧਿਰ ਦੀ ਥਾਂ ਰਹੀ ਹੈ ਜੋ 'ਦਿੱਲੀ' ਦੇ ਪ੍ਰਭਾਵ ਤੋਂ ਮੁਕਤ ਹੋਵੇ। 'ਆਪ' ਤੇ ਭਾਜਪਾ ਕੋਲ ਵੱਡੇ ਸਾਧਨ ਹਨ, ਜਿਨ੍ਹਾਂ ਦਾ ਮੁਕਾਬਲਾ ਕਰਨ ਲਈ ਖੇਤਰੀ ਧਿਰਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਜੁੜਨਾ ਪਵੇਗਾ।

# ਬੇਅਦਬੀ ਕਾਨੂੰਨ ਵਿਚ ਸਿੰਘ ਸਾਹਿਬਾਨ ਵਲੋਂ ਸੋਧ ਦੀ ਮੰਗ

## ✪ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਦੀ ਅਹਿਮ ਇਕੱਤਰਤਾ

ਅੰਮ੍ਰਿਤਸਰ-ਪੰਜਾਬ ਸਰਕਾਰ ਵੱਲੋਂ ਲਿਆਂਦੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਲੈ ਕੇ ਸਿੱਖ ਜਗਤ ਵਿੱਚ ਚੱਲ ਰਹੇ ਵਿਰੋਧ ਦਰਮਿਆਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਅਹਿਮ ਇਕੱਤਰਤਾ ਹੋਈ। ਇਸ ਇਕੱਤਰਤਾ ਵਿੱਚ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਸਮੂਹ ਸਿੰਘ ਸਾਹਿਬਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਿੰਘਾਂ ਨੇ ਸ਼ਮੂਲੀਅਤ ਕੀਤੀ।

### ਸਿੰਘ ਸਾਹਿਬਾਨ ਦੇ ਮੁੱਖ ਇਤਰਾਜ਼ ਅਤੇ ਸੁਝਾਅ

ਸਿੰਘ ਸਾਹਿਬਾਨ ਨੇ ਸਪੱਸ਼ਟ ਕੀਤਾ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਵਾਲਾ ਕਾਨੂੰਨ ਬਿਨਾਂ ਸ਼ੱਕ ਕੌਮ ਦੇ ਹਿੱਤ ਵਿੱਚ ਹੈ। ਪਰ, ਮੌਜੂਦਾ ਕਾਨੂੰਨ ਦੀਆਂ ਕੁਝ ਮੱਦਾਂ ਸਿੱਖ ਸੰਸਥਾਵਾਂ ਅਤੇ ਗ੍ਰੰਥੀ ਸਿੰਘਾਂ ਲਈ ਚੁਣੌਤੀ ਬਣ ਰਹੀਆਂ ਹਨ। ਉਨ੍ਹਾਂ ਦੇ ਮੁੱਖ ਨੁਕਤੇ ਹੇਠ ਲਿਖੇ ਹਨ:

ਸਿੰਘ ਸਾਹਿਬਾਨ ਅਨੁਸਾਰ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤ ਨੂੰ ਬੇਅਦਬੀ ਦੇ ਅਪਰਾਧ ਤੋਂ ਇਲਾਵਾ 'ਮਰਿਆਦਾ' ਨਾਲ ਸਬੰਧਤ ਮਾਮਲਿਆਂ ਵਿੱਚ ਕਾਨੂੰਨੀ ਦਾਇਰੇ ਵਿੱਚ ਲਿਆਉਣਾ ਅਤਿ



ਇਤਰਾਜ਼ਯੋਗ ਹੈ।

ਸਿੰਘ ਸਾਹਿਬਾਨ ਨੇ ਕਿਹਾ ਕਿ ਗ੍ਰੰਥੀ ਸਿੰਘ ਕੌਮ ਦੀ ਰੀੜ੍ਹ ਦੀ ਹੱਡੀ ਹਨ। ਕਾਨੂੰਨ ਅਜਿਹਾ ਹੋਣਾ ਚਾਹੀਦਾ ਹੈ ਜੋ ਸਤਿਕਾਰ ਪੈਦਾ ਕਰੇ, ਨਾ ਕਿ ਗ੍ਰੰਥੀ ਸ਼੍ਰੇਣੀ ਨੂੰ ਭੈਅ-ਭੀਤ ਕਰੇ।

ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਸੁਝਾਅ ਦਿੱਤਾ ਗਿਆ ਹੈ ਕਿ ਉਹ ਇਸ ਸੰਜੀਦਾ ਮਸਲੇ 'ਤੇ ਮੁੜ ਵਿਚਾਰ ਕਰਨ ਅਤੇ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿੱਚ ਜ਼ਰੂਰੀ ਸੋਧਾਂ ਕਰਨ।

"ਸਰਕਾਰ ਨੂੰ ਇਸ ਮਾਮਲੇ 'ਤੇ ਅੜੀਅਲ ਵਤੀਰਾ ਛੱਡ ਕੇ ਅਜਿਹੀਆਂ ਮੱਦਾਂ ਤੁਰੰਤ ਖ਼ਤਮ ਕਰਨੀਆਂ ਚਾਹੀਦੀਆਂ ਹਨ ਜੋ ਸਿੱਖ ਸੰਸਥਾਵਾਂ ਅਤੇ ਸੰਗਤ ਦੇ ਵਿਰੁੱਧ ਜਾਂਦੀਆਂ ਹਨ।"

ਇਸ ਵਿਸ਼ੇਸ਼ ਬੈਠਕ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਸਮੇਤ ਗਿਆਨੀ ਗੁਰਮਿੰਦਰ ਸਿੰਘ, ਗਿਆਨੀ ਬਲਵਿੰਦਰ ਸਿੰਘ, ਗਿਆਨੀ ਰਾਜਦੀਪ ਸਿੰਘ, ਗਿਆਨੀ ਬਲਜੀਤ ਸਿੰਘ, ਗਿਆਨੀ ਪਰਵਿੰਦਰਪਾਲ ਸਿੰਘ ਅਤੇ ਗਿਆਨੀ ਕੇਵਲ ਸਿੰਘ ਹਾਜ਼ਰ ਸਨ।

ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਅਤੇ ਐਡੀਸ਼ਨਲ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਵੀ ਮੌਜੂਦ ਸਨ।

ਸੰਖੇਪ ਸਾਰ: ਸਿੱਖ ਧਾਰਮਿਕ ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਕਾਨੂੰਨ ਦਾ ਮਕਸਦ ਦੋਸ਼ੀਆਂ ਨੂੰ ਸਜ਼ਾ ਦੇਣਾ ਹੋਣਾ ਚਾਹੀਦਾ ਹੈ, ਨਾ ਕਿ ਧਾਰਮਿਕ ਸੇਵਾਦਾਰਾਂ ਅਤੇ ਮਰਿਆਦਾ ਨੂੰ ਕਾਨੂੰਨੀ ਉਲਝਣਾਂ ਵਿੱਚ ਫਸਾਉਣਾ।

# ਚੱਲਦੀ ਕਾਰ ਵਿਚ ਔਰਤ ਨਾਲ ਸਮੂਹਿਕ ਜਬਰ-ਜ਼ਿਨਾਹ, 3 ਗ੍ਰਿਫ਼ਤਾਰ

ਜਲੰਧਰ-ਮਹਾਂਨਗਰ ਜਲੰਧਰ ਦੇ ਲੰਮਾ ਪਿੰਡ ਚੌਕ ਨੇੜੇ ਇੱਕ ਔਰਤ ਨੂੰ ਅਗਵਾ ਕਰਕੇ ਚੱਲਦੀ ਕਾਰ ਵਿੱਚ ਸਮੂਹਿਕ ਜਬਰ-ਜ਼ਿਨਾਹ (ਗੈਂਗਰੇਪ) ਕੀਤਾ ਗਿਆ। ਪੀੜਤ ਔਰਤ ਆਪਣੇ ਪਤੀ ਨਾਲ ਸਬਜ਼ੀ ਲੈਣ ਗਈ ਸੀ। ਜਦੋਂ ਉਸ ਦਾ ਪਤੀ ਸਬਜ਼ੀ ਲੈਣ ਗਿਆ, ਤਾਂ ਚਿੱਟੇ ਰੰਗ ਦੀ ਆਲਟੋ ਕਾਰ ਵਿੱਚ ਸਵਾਰ ਤਿੰਨ ਨੌਜਵਾਨਾਂ ਨੇ ਉਸ ਨੂੰ ਜ਼ਬਰਦਸਤੀ ਅਗਵਾ ਕਰ ਲਿਆ। ਮੁਲਜ਼ਮਾਂ ਨੇ ਪਹਿਲਾਂ ਚੱਲਦੀ ਕਾਰ ਵਿੱਚ ਅਤੇ ਫਿਰ ਇੱਕ ਸੁੰਨਸਾਨ ਇਲਾਕੇ ਵਿੱਚ ਗੱਡੀ ਖੜ੍ਹੀ ਕਰਕੇ ਔਰਤ ਨਾਲ ਸਮੂਹਿਕ ਜਬਰ-ਜ਼ਿਨਾਹ ਕੀਤਾ। ਵਾਰਦਾਤ ਤੋਂ ਬਾਅਦ ਮੁਲਜ਼ਮ ਪੀੜਤਾ ਨੂੰ ਸੁੰਨਸਾਨ ਥਾਂ 'ਤੇ ਛੱਡ ਕੇ ਫ਼ਰਾਰ ਹੋ ਗਏ। ਥਾਣਾ ਨੰਬਰ-8 ਦੇ ਇੰਚਾਰਜ ਸਾਹਿਲ ਚੌਧਰੀ ਅਨੁਸਾਰ ਪੀੜਤਾ ਦੀ ਸ਼ਿਕਾਇਤ 'ਤੇ ਧਾਰਾ 70 (1) (ਸਮੂਹਿਕ ਜਬਰ-ਜ਼ਨਾਹ) ਅਤੇ 87 (ਅਗਵਾ) ਤਹਿਤ ਕੇਸ ਦਰਜ ਕੀਤਾ ਗਿਆ। ਜਗਜੀਤ ਸਿੰਘ ਉਰਫ਼ ਜੱਗਾ (ਡਰਾਈਵਰ, ਵਾਸੀ ਸ੍ਰੀ ਗੋਇੰਦਵਾਲ ਸਾਹਿਬ), ਅਰਜੁਨ (ਲੇਬਰ, ਵਾਸੀ ਉਪਕਾਰ ਨਗਰ, ਜਲੰਧਰ), ਕਰਣ ਮਹਿਰਾ (ਲੇਬਰ, ਵਾਸੀ ਬਲਦੇਵ ਨਗਰ, ਜਲੰਧਰ) ਨੂੰ ਗਿਰਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਵਾਰਦਾਤ ਵਿੱਚ ਵਰਤੀ ਗਈ ਚਿੱਟੇ ਰੰਗ ਦੀ ਆਲਟੋ ਕਾਰ ਕਬਜ਼ੇ ਵਿੱਚ ਲੈ ਲਈ ਹੈ।

ਈ. ਡੀ. ਦੀ ਕਾਰਵਾਈ 'ਤੇ ਸਿਆਸੀ ਘਮਸਾਨ ਮਚਿਆ

# ਮੰਤਰੀ ਸੰਜੀਵ ਅਰੋੜਾ ਪਹੁੰਚੇ ਹਾਈ ਕੋਰਟ

## ✪ ਕਰੋੜਾਂ ਦੇ ਲੈਣ-ਦੇਣ 'ਚ 'ਦਿਹਾੜੀਦਾਰ ਮਜ਼ਦੂਰ' ਦਾ ਨਾਂ ਆਉਣ ਨਾਲ ਮਚਿਆ ਹੜਕੰਪ

ਚੰਡੀਗੜ੍ਹ/ਜਲੰਧਰ-ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਵੱਡਾ ਭੂਚਾਲ ਆ ਗਿਆ ਜਦੋਂ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਪਣੀ ਹਿਰਾਸਤ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਇੱਕ ਪਾਸੇ ਜਿੱਥੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਅਦਾਲਤ ਵਿੱਚ ਅਰੋੜਾ ਵਿਰੁੱਧ ਸਨਸਨੀਖੇਜ਼ ਖੁਲਾਸੇ ਕੀਤੇ ਹਨ, ਉੱਥੇ ਹੀ ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਕੇਂਦਰ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਸੂਬਾ ਵਿਆਪੀ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ। ਸੰਜੀਵ ਅਰੋੜਾ ਨੇ ਸੀਨੀਅਰ ਵਕੀਲ ਪੁਨੀਤ ਬਾਲੀ ਰਾਹੀਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਦਿਆਂ 9 ਮਈ ਨੂੰ ਹੋਈ ਆਪਣੀ ਗ੍ਰਿਫ਼ਤਾਰੀ ਨੂੰ 'ਮਨਮਾਨੀ ਅਤੇ ਗੈਰ-ਕਾਨੂੰਨੀ' ਕਰਾਰ ਦਿੱਤਾ ਹੈ। ਅਰੋੜਾ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਸੰਵਿਧਾਨ ਦੀ ਧਾਰਾ 14, 21 ਅਤੇ 22 ਦੀ ਉਲੰਘਣਾ ਹੈ।

ਈ.ਡੀ. ਨੂੰ ਉਨ੍ਹਾਂ ਦੇ ਘਰੋਂ ਕੋਈ ਵੀ ਇਤਰਾਜ਼ਯੋਗ ਨਕਦੀ ਜਾਂ ਦਸਤਾਵੇਜ਼ ਬਰਾਮਦ ਨਹੀਂ ਹੋਏ। ਉਹ ਆਪਣੀ ਕੰਪਨੀ 'ਹੈਂਪਟਨ ਸਕਾਈ ਰਿਐਲਟੀ ਲਿਮਟਿਡ' (ਸ਼ੂਲ) ਦੇ ਅਹੁਦੇ ਤੋਂ ਪਹਿਲਾਂ ਹੀ ਅਸਤੀਫ਼ਾ ਦੇ



ਚੁੱਕੇ ਹਨ ਅਤੇ ਸਾਰੇ ਕਾਰੋਬਾਰੀ ਲੈਣ-ਦੇਣ ਪਾਰਦਰਸ਼ੀ ਹਨ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ 14 ਮਈ ਤੱਕ ਮੁਲਤਵੀ ਕਰ ਦਿੱਤੀ ਹੈ।

### ਈ.ਡੀ. ਦੇ ਵੱਡੇ ਖੁਲਾਸੇ: ਕਰੋੜਾਂ ਦੀ ਫਰਮ ਦਾ ਮਾਲਕ ਨਿਕਲਿਆ 'ਮਜ਼ਦੂਰ'

ਈ.ਡੀ. ਨੇ ਗੁਰੂਗ੍ਰਾਮ ਦੀ ਵਿਸ਼ੇਸ਼ ਅਦਾਲਤ ਵਿੱਚ ਸੁਣਵਾਈ ਦੌਰਾਨ ਅਜਿਹੇ ਤੱਥ ਪੇਸ਼ ਕੀਤੇ ਹਨ ਜਿਨ੍ਹਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਈ.ਡੀ. ਅਨੁਸਾਰ ਸੰਜੀਵ ਅਰੋੜਾ ਦੀ ਕੰਪਨੀ ਨੇ ਦਿੱਲੀ ਦੀ ਇੱਕ ਫਰਮ ਨੂੰ 27.73 ਕਰੋੜ ਰੁਪਏ ਟ੍ਰਾਂਸਫਰ ਕੀਤੇ। ਜਾਂਚ ਕਰਨ 'ਤੇ ਪਤਾ ਲੱਗਾ ਕਿ ਉਸ ਫਰਮ ਦਾ ਮਾਲਕ ਕਮਲ ਅਹਿਮਦ ਨਾਂ ਦਾ ਇੱਕ ਦਿਹਾੜੀਦਾਰ ਮਜ਼ਦੂਰ ਹੈ, ਜੋ ਦਿੱਲੀ ਦੇ ਉੱਤਰੀ ਘੋਂਡਾ ਵਿੱਚ ਰਹਿੰਦਾ ਹੈ।

ਮਜ਼ਦੂਰ ਦਾ ਬਿਆਨ: ਮਜ਼ਦੂਰ ਨੇ ਈ.ਡੀ. ਨੂੰ ਦੱਸਿਆ ਕਿ ਉਹ ਪੜ੍ਹਿਆ-ਲਿਖਿਆ ਨਹੀਂ ਹੈ ਅਤੇ ਉਸ ਨੂੰ ਕੰਪਨੀ ਬਾਰੇ ਕੁਝ ਨਹੀਂ ਪਤਾ। ਉਸ ਦੇ ਆਧਾਰ ਅਤੇ ਪੈਨ ਕਾਰਡ ਦੀ ਵਰਤੋਂ ਕਰਕੇ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਗਏ ਸਨ। ਅਰੋੜਾ ਪਰਿਵਾਰ ਦੀਆਂ ਫਰਮਾਂ ਨੇ ਅਗਸਤ 2023 ਤੋਂ ਜਨਵਰੀ 2024 ਦਰਮਿਆਨ 157.12 ਕਰੋੜ ਰੁਪਏ ਦੇ ਮੋਬਾਈਲ ਫੋਨਾਂ ਦੀ ਵਿਕਰੀ ਦਿਖਾਈ ਹੈ, ਜਿਸ ਵਿੱਚ ਈ.ਡੀ. ਨੂੰ ਮਨੀ ਲਾਂਡਰਿੰਗ ਦਾ ਸ਼ੱਕ ਹੈ।

### ਪੰਜਾਬ ਭਰ ਵਿੱਚ 'ਆਪ' ਦਾ ਰੋਸ ਪ੍ਰਦਰਸ਼ਨ

ਮੰਤਰੀ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ 'ਆਪ' ਨੇ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਭਾਜਪਾ ਦਫ਼ਤਰਾਂ ਦਾ ਘੇਰਾਓ ਕੀਤਾ।

ਵਿੱਤ ਮੰਤਰੀ ਹਰਪਾਲ ਚੀਮਾ ਅਤੇ ਡਾ. ਬਲਬੀਰ ਸਿੰਘ ਵਰਗੇ ਦਿੱਗਜ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਈ.ਡੀ. ਅਤੇ ਸੀ.ਬੀ.ਆਈ. ਨੂੰ 'ਸਿਆਸੀ ਹਥਿਆਰ' ਵਜੋਂ ਵਰਤ ਰਹੀ ਹੈ।

ਜਲੰਧਰ, ਪਟਿਆਲਾ ਅਤੇ ਲੁਧਿਆਣਾ ਵਿੱਚ ਪ੍ਰਦਰਸ਼ਨਾਂ ਦੌਰਾਨ ਪੁਲਿਸ ਅਤੇ ਵਰਕਰਾਂ ਵਿਚਾਲੇ ਧੱਕਾ-ਮੁੱਕੀ ਵੀ ਹੋਈ।

ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਪੰਜਾਬ ਦੇ ਵਿਕਾਸ ਨੂੰ ਰੋਕਣ ਅਤੇ 'ਆਪ' ਦੀ ਲੋਕਪ੍ਰਿਯਤਾ ਤੋਂ ਡਰ ਕੇ ਇਹ ਕਾਰਵਾਈਆਂ ਕਰ ਰਹੀ ਹੈ।

### ਅੱਗੇ ਕੀ ਹੋਵੇਗਾ?

ਸੰਜੀਵ ਅਰੋੜਾ ਫਿਲਹਾਲ 16 ਮਈ ਤੱਕ ਈ.ਡੀ. ਦੇ ਰਿਮਾਂਡ 'ਤੇ ਹਨ। ਹੁਣ ਸਾਰੀਆਂ ਨਜ਼ਰਾਂ ਹਾਈ ਕੋਰਟ ਦੀ 14 ਮਈ ਦੀ ਸੁਣਵਾਈ 'ਤੇ ਟਿਕੀਆਂ ਹਨ। ਜੇਕਰ ਅਦਾਲਤ ਗ੍ਰਿਫ਼ਤਾਰੀ ਦੀ ਪ੍ਰਕਿਰਿਆ ਵਿੱਚ ਕੋਈ ਖਾਮੀ ਪਾਉਂਦੀ ਹੈ ਤਾਂ ਅਰੋੜਾ ਨੂੰ ਰਾਹਤ ਮਿਲ ਸਕਦੀ ਹੈ, ਪਰ ਜੇਕਰ ਈ.ਡੀ. ਦੇ ਸਬੂਤ ਭਾਰੀ ਪਏ ਤਾਂ ਮੰਤਰੀ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ।

# ਟਰੰਪ ਦਾ ਵੱਡਾ ਧਮਾਕਾ, ਅਮਰੀਕਾ ਨੇ ਜਨਤਕ ਕੀਤੇ ਏਲੀਅਨਜ਼ ਅਤੇ ਯੂਐਫਓ ਨਾਲ ਜੁੜੇ ਰਾਜ਼

## ✪ ਪੈਂਟਾਗਨ ਦਾ ਕਬੂਲਨਾਮਾ: ਆਕਾਸ਼ ਵਿੱਚ ਉੱਡ ਰਹੀਆਂ ਹਨ ਅਜਿਹੀਆਂ ਚੀਜ਼ਾਂ ਜੋ ਵਿਗਿਆਨ ਦੀ ਸਮਝ ਤੋਂ ਬਾਹਰ ✪ ਯੂਐਫਓ ਅਤੇ ਯਏਪੀ ਬਾਰੇ 161 ਗੁਪਤ ਦਸਤਾਵੇਜ਼ ਜਾਰੀ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ



ਬ੍ਰਹਿਮੰਡ ਦੀਆਂ ਬੇਅੰਤ ਗਹਿਰਾਈਆਂ ਵਿੱਚ ਕੀ ਇਨਸਾਨੀ ਸਭਿਅਤਾ ਤੋਂ ਇਲਾਵਾ ਵੀ ਕੋਈ ਜੀਵਨ ਮੌਜੂਦ ਹੈ? ਇਹ ਸਵਾਲ ਦਹਾਕਿਆਂ ਤੋਂ ਵਿਗਿਆਨੀਆਂ ਅਤੇ ਆਮ ਲੋਕਾਂ ਲਈ ਉਤਸੁਕਤਾ ਦਾ ਵਿਸ਼ਾ ਰਿਹਾ ਹੈ। ਹਾਲ ਹੀ ਵਿੱਚ ਅਮਰੀਕੀ ਰੱਖਿਆ ਵਿਭਾਗ ਵੱਲੋਂ ਜਨਤਕ ਕੀਤੀਆਂ ਗਈਆਂ 'ਏਲੀਅਨਜ਼ ਦੀਆਂ ਫਾਈਲਾਂ' ਨੇ ਇਸ ਬਹਿਸ ਨੂੰ ਇੱਕ ਨਵਾਂ ਮੋੜ ਦੇ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਰਦੇਸ਼ਾਂ 'ਤੇ ਜਾਰੀ ਕੀਤੇ ਗਏ ਇਹ ਦਸਤਾਵੇਜ਼ ਸਿਰਫ਼ ਸਰਕਾਰੀ ਕਾਗਜ਼ਾਤ ਨਹੀਂ ਹਨ, ਸਗੋਂ ਪੁਲਾੜ ਯਾਤਰੀਆਂ ਦੇ ਉਹ ਅਨੁਭਵ ਹਨ ਜੋ ਹੁਣ ਤੱਕ ਗੁਪਤ ਰੱਖੇ ਗਏ ਸਨ। ਜਦੋਂ ਅਪੋਲੋ ਅਤੇ ਜੈਮਿਨੀ ਵਰਗੇ ਵੱਕਾਰੀ ਮਿਸ਼ਨਾਂ ਦੇ ਯਾਤਰੀ ਪੁਲਾੜ ਵਿੱਚ ਅਣਪਛਾਤੀਆਂ ਰੋਸ਼ਨੀਆਂ ਅਤੇ ਅਜੀਬ ਕਣਾਂ ਦਾ ਜ਼ਿਕਰ ਕਰਦੇ ਹਨ, ਤਾਂ ਇਸ ਨੂੰ ਮਹਿਜ਼ ਕਲਪਨਾ ਕਹਿ ਕੇ ਨਕਾਰਿਆ ਨਹੀਂ ਜਾ ਸਕਦਾ।

ਜੈਮਿਨੀ 7 ਮਿਸ਼ਨ ਵਿੱਚ ਫਰੈਂਕ ਬੋਰਮੈਨ ਨੇ ਯਾਨ ਦੇ ਆਲੇ-ਦੁਆਲੇ ਰਹੱਸਮਈ ਕਣਾਂ ਅਤੇ ਕਿਸੇ ਅਣਪਛਾਤੀ ਚੀਜ਼ ਦਾ ਜ਼ਿਕਰ ਕੀਤਾ, ਜਿਸ ਨੂੰ ਅੱਜ 'ਯੂਐਫਓ' ਦੀਆਂ ਚਰਚਾਵਾਂ ਨਾਲ ਜੋੜਿਆ ਜਾ ਰਿਹਾ ਹੈ। ਇਸੇ ਤਰ੍ਹਾਂ, ਚੰਦਰਮਾ 'ਤੇ ਪਹਿਲੀ ਵਾਰ ਕਦਮ ਰੱਖਣ ਵਾਲੇ ਮਿਸ਼ਨ (ਅਪੋਲੋ 11) ਦੇ ਯਾਤਰੀ ਬਜ਼ ਐਲਡ੍ਰਿਨ ਨੇ ਇੱਕ ਬਹੁਤ ਹੀ ਤੇਜ਼ ਰੋਸ਼ਨੀ ਦੇਖੀ ਸੀ, ਜਿਸ ਨੂੰ ਉਨ੍ਹਾਂ ਨੇ ਲੇਜ਼ਰ ਵਰਗਾ ਦੱਸਿਆ।

ਬਾਅਦ ਦੇ ਮਿਸ਼ਨਾਂ, ਜਿਵੇਂ ਅਪੋਲੋ 12 ਅਤੇ 17 ਵਿੱਚ ਵੀ ਯਾਤਰੀਆਂ ਨੇ ਅਜਿਹੇ ਨਜ਼ਾਰੇ ਦੇਖੇ ਸਨ ਜੋ ਆਤਿਸ਼ਬਾਜ਼ੀ ਵਾਂਗ ਚਮਕਦਾਰ ਸਨ। ਇਹ ਸਾਰੇ ਵੇਰਵੇ ਦਹਾਕਿਆਂ ਤੱਕ ਗੁਪਤ ਰੱਖੇ ਗਏ ਸਨ, ਪਰ ਹੁਣ ਇਨ੍ਹਾਂ ਦੇ ਜਨਤਕ ਹੋਣ ਨਾਲ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਕੀ ਪੁਲਾੜ ਯਾਤਰੀਆਂ ਦਾ ਸਾਹਮਣਾ ਕਿਸੇ ਅਜਿਹੀ ਸ਼ਕਤੀ ਜਾਂ ਤਕਨੀਕ ਨਾਲ ਹੋਇਆ ਸੀ ਜੋ ਧਰਤੀ ਦੇ ਇਨਸਾਨਾਂ ਦੀ ਸਮਝ ਤੋਂ ਬਾਹਰ ਹੈ। ਹਾਲਾਂਕਿ ਕੁਝ ਵਿਗਿਆਨੀ ਇਸ ਨੂੰ ਬਰਫ਼ ਦੇ ਟੁਕੜਿਆਂ ਜਾਂ ਮਸ਼ੀਨੀ ਪ੍ਰਕਿਰਿਆਵਾਂ ਦਾ ਪ੍ਰਤੀਬਿੰਬ ਵੀ ਮੰਨਦੇ ਹਨ, ਪਰ ਇਹ ਦਸਤਾਵੇਜ਼ ਏਲੀਅਨਜ਼ ਅਤੇ ਅਣਪਛਾਤੀਆਂ ਉੱਡਣ ਤਸ਼ਤਰੀਆਂ ਦੀ ਮੌਜੂਦਗੀ ਬਾਰੇ ਨਵੀਂ ਬਹਿਸ ਨੂੰ ਛੇੜਦੇ ਹਨ।

ਇਨ੍ਹਾਂ ਖੁਲਾਸਿਆਂ ਦਾ ਸਭ ਤੋਂ ਅਹਿਮ ਪਹਿਲੂ ਪਾਰਦਰਸ਼ਤਾ ਹੈ। ਲੰਬੇ ਸਮੇਂ ਤੋਂ ਇਹ ਦੋਸ਼ ਲੱਗਦੇ ਰਹੇ ਹਨ ਕਿ ਦੁਨੀਆ ਦੀਆਂ ਮਹਾਂਸ਼ਕਤੀਆਂ ਦੂਜੇ ਗ੍ਰਹਿਆਂ 'ਤੇ ਜੀਵਨ ਨਾਲ ਜੁੜੇ ਤੱਥਾਂ ਨੂੰ ਲੁਕਾ ਰਹੀਆਂ ਹਨ। ਹਾਲਾਂਕਿ, ਪੈਂਟਾਗਨ ਵੱਲੋਂ ਜਾਰੀ ਕੀਤੀਆਂ ਗਈਆਂ 161 ਫਾਈਲਾਂ ਵਿੱਚ ਕਿਸੇ ਏਲੀਅਨ ਦੇ ਮਿਲਣ ਦਾ ਸਿੱਧਾ ਦਾਅਵਾ ਨਹੀਂ ਕੀਤਾ ਗਿਆ, ਪਰ ਅਣਪਛਾਤੀਆਂ ਉੱਡਣ ਤਸ਼ਤਰੀਆਂ ਅਤੇ ਅਸਮਾਨ ਵਿੱਚ ਦਿਖਣ ਵਾਲੀਆਂ ਅਜੀਬੋ-ਗਰੀਬ ਹਰਕਤਾਂ ਦੀ ਪੁਸ਼ਟੀ ਜ਼ਰੂਰ ਹੁੰਦੀ ਹੈ। ਇਰਾਕ ਅਤੇ ਸੀਰੀਆ ਵਰਗੇ ਦੇਸ਼ਾਂ ਵਿੱਚ ਅਮਰੀਕੀ ਫੌਜ ਵੱਲੋਂ ਰਿਕਾਰਡ ਕੀਤੇ ਗਏ ਵੀਡੀਓ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਸਾਡੇ ਆਲੇ-ਦੁਆਲੇ ਕੁਝ ਅਜਿਹਾ ਜ਼ਰੂਰ ਹੈ ਜਿਸ ਨੂੰ ਮੌਜੂਦਾ ਮਨੁੱਖੀ ਤਕਨੀਕ ਨਾਲ ਸਮਝਣਾ ਫਿਲਹਾਲ ਮੁਸ਼ਕਿਲ ਹੈ।

ਇਹ ਘਟਨਾ ਸਾਨੂੰ ਇਸ ਗੱਲ 'ਤੇ ਵਿਚਾਰ ਕਰਨ ਲਈ ਮਜਬੂਰ ਕਰਦੀ ਹੈ ਕਿ ਵਿਗਿਆਨਕ ਪ੍ਰਗਤੀ ਦੇ ਇਸ ਦੌਰ ਵਿੱਚ ਸਾਨੂੰ ਆਪਣੀ ਸੋਚ ਦੇ ਦਾਇਰੇ ਨੂੰ ਹੋਰ ਵਿਸ਼ਾਲ ਕਰਨ ਦੀ ਲੋੜ ਹੈ। ਜੇਕਰ ਬਰਾਕ ਓਬਾਮਾ ਵਰਗੇ ਆਗੂ ਬਾਹਰੀ ਪੁਲਾੜ ਵਿੱਚ ਜੀਵਨ ਦੀ ਸੰਭਾਵਨਾ ਨੂੰ ਸਵੀਕਾਰਦੇ ਹਨ, ਤਾਂ ਇਸਦਾ ਮਤਲਬ ਹੈ ਕਿ ਅਸੀਂ ਇੱਕ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖੜ੍ਹੇ ਹਾਂ। ਇਹ ਫਾਈਲਾਂ ਸਿਰਫ਼ ਅਮਰੀਕਾ ਦਾ ਅੰਦਰੂਨੀ ਮਾਮਲਾ ਨਹੀਂ ਹਨ, ਸਗੋਂ ਸਮੁੱਚੀ ਮਨੁੱਖਤਾ ਲਈ ਇੱਕ ਸੰਦੇਸ਼ ਹਨ ਕਿ ਬ੍ਰਹਿਮੰਡ ਦੇ ਕਈ ਰਹੱਸ ਅਜੇ ਵੀ ਸਾਡੀ ਪਹੁੰਚ ਤੋਂ ਬਾਹਰ ਹਨ। ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਹੋਰ ਖੁਲਾਸੇ ਸ਼ਾਇਦ ਸਦੀਆਂ ਪੁਰਾਣੀ ਇਸ ਪਹੇਲੀ ਨੂੰ ਸੁਲਝਾ ਸਕਣ ਕਿ ਕੀ ਅਸੀਂ ਇਸ ਅਨੰਤ ਅਸਮਾਨ ਵਿੱਚ ਇਕੱਲੇ ਹਾਂ ਜਾਂ ਕੋਈ ਹੋਰ ਵੀ ਸਾਡੇ 'ਤੇ ਨਜ਼ਰ ਰੱਖ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਇਸ ਖੋਜ ਵਿੱਚ ਸਭ ਤੋਂ ਅੱਗੇ ਰਿਹਾ ਹੈ। ਪੈਂਟਾਗਨ ਨੇ ਹਾਲ ਹੀ ਵਿੱਚ (2024-2026 ਦੌਰਾਨ) ਕਈ ਗੁਪਤ ਫਾਈਲਾਂ ਜਨਤਕ ਕੀਤੀਆਂ ਹਨ, ਜਿਨ੍ਹਾਂ ਵਿੱਚ ਯੂਐਫਓ ਦੇ ਦੇਖੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਨਾਸਾ ਨੇ 'ਸੇਟੀ' (Search for Extraterrestrial Intelligence) ਵਰਗੇ ਪ੍ਰੋਗਰਾਮ ਚਲਾਏ ਹਨ ਜੋ ਪੁਲਾੜ ਤੋਂ ਆਉਣ ਵਾਲੇ ਰੇਡੀਓ ਸਿਗਨਲਾਂ ਦੀ ਜਾਂਚ ਕਰਦੇ ਹਨ।

ਸਾਬਕਾ ਸੋਵੀਅਤ ਯੂਨੀਅਨ ਅਤੇ ਹੁਣ ਦੇ ਰੂਸ ਨੇ ਵੀ ਪੁਲਾੜ ਮਿਸ਼ਨਾਂ ਦੌਰਾਨ ਕਈ ਅਜੀਬੋ-ਗਰੀਬ ਘਟਨਾਵਾਂ ਦਰਜ ਕੀਤੀਆਂ ਹਨ। ਰੂਸੀ ਪੁਲਾੜ ਯਾਤਰੀਆਂ ਨੇ ਕਈ ਵਾਰ 'ਸਪੇਸ ਸਟੇਸ਼ਨ' ਦੇ ਨੇੜੇ ਅਣਪਛਾਤੀਆਂ ਵਸਤੂਆਂ ਦੇਖਣ ਦੇ ਦਾਅਵੇ ਕੀਤੇ ਹਨ।

ਚੀਨ ਕੋਲ ਦੁਨੀਆ ਦੀ ਸਭ ਤੋਂ ਵੱਡਾ 'ਰੇਡੀਓ ਟੈਲੀਸਕੋਪ' ਹੈ। 2022 ਵਿੱਚ ਚੀਨੀ ਵਿਗਿਆਨੀਆਂ ਨੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੂੰ ਪੁਲਾੜ ਤੋਂ ਕੁਝ ਅਜਿਹੇ ਸਿਗਨਲ ਮਿਲੇ ਹਨ ਜੋ ਸ਼ਾਇਦ ਕਿਸੇ ਹੋਰ ਸਭਿਅਤਾ ਦੇ ਹੋ ਸਕਦੇ ਹਨ, ਹਾਲਾਂਕਿ ਬਾਅਦ ਵਿੱਚ ਇਸ ਦੀ ਹੋਰ ਜਾਂਚ ਕੀਤੀ ਗਈ। ਫਿਲਹਾਲ ਉਸ ਜਾਂਚ ਤੋਂ ਬਾਅਦ ਚੀਨੀ ਵਿਗਿਆਨੀਆਂ ਨੇ ਇਹੀ ਮੰਨਿਆ ਕਿ ਉਹ ਸਿਗਨਲ ਕਿਸੇ ਏਲੀਅਨ ਸਭਿਅਤਾ ਦੇ ਨਹੀਂ ਸਨ। ਹਾਲਾਂਕਿ, ਉਨ੍ਹਾਂ ਨੇ ਖੋਜ ਬੰਦ ਨਹੀਂ ਕੀਤੀ ਹੈ ਅਤੇ ਉਹ ਅਜੇ ਵੀ ਅਸਮਾਨ ਵਿੱਚ ਕਿਸੇ ਅਜਿਹੇ ਸਿਗਨਲ ਦੀ ਭਾਲ ਕਰ ਰਹੇ ਹਨ ਜੋ ਕੁਦਰਤੀ ਨਾ ਹੋ ਕੇ ਕਿਸੇ ਹੋਰ ਦੁਨੀਆ ਵੱਲੋਂ ਭੇਜਿਆ ਗਿਆ ਹੋਵੇ।


ਭਾਰਤੀ ਪੁਲਾੜ ਏਜੰਸੀ ਇਸਰੋ ਮੁੱਖ ਤੌਰ 'ਤੇ ਗ੍ਰਹਿਆਂ ਦੀ ਖੋਜ (ਜਿਵੇਂ ਮੰਗਲ ਅਤੇ ਚੰਦਰਮਾ) 'ਤੇ ਧਿਆਨ ਦਿੰਦੀ ਹੈ। ਇਸਰੋ ਦੇ 'ਐਸਟ੍ਰੋਸੈਟ' ਵਰਗੇ ਮਿਸ਼ਨ ਬ੍ਰਹਿਮੰਡ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦੇ ਹਨ, ਪਰ ਭਾਰਤ ਨੇ ਅਜੇ ਤੱਕ ਏਲੀਅਨਜ਼ ਬਾਰੇ ਕੋਈ ਅਧਿਕਾਰਤ ਦਾਅਵਾ ਨਹੀਂ ਕੀਤਾ ਹੈ। ਵਿਗਿਆਨੀਆਂ ਅਨੁਸਾਰ, ਬ੍ਰਹਿਮੰਡ ਇੰਨਾ ਵਿਸ਼ਾਲ ਹੈ ਕਿ ਇਸ ਵਿੱਚ ਅਰਬਾਂ-ਖਰਬਾਂ ਗਲੈਕਸੀਆਂ ਅਤੇ ਗ੍ਰਹਿ ਹਨ। ਅੰਕੜਿਆਂ ਦੇ ਹਿਸਾਬ ਨਾਲ ਇਹ ਮੰਨਣਾ ਮੁਸ਼ਕਿਲ ਹੈ ਕਿ ਸਿਰਫ਼ ਧਰਤੀ 'ਤੇ ਹੀ ਜੀਵਨ ਹੈ। 'ਡ੍ਰੇਕ ਇਕੁਏਸ਼ਨ' ਵਰਗੇ ਫਾਰਮੂਲੇ ਦੱਸਦੇ ਹਨ ਕਿ ਬ੍ਰਹਿਮੰਡ ਵਿੱਚ ਹੋਰ ਸਭਿਅਤਾਵਾਂ ਹੋਣ ਦੀ ਪੂਰੀ ਸੰਭਾਵਨਾ ਹੈ।

ਠੋਸ ਸਬੂਤ: ਹਾਲੇ ਤੱਕ ਸਾਡੇ ਕੋਲ ਕੋਈ ਅਜਿਹਾ ਠੋਸ ਜਾਂ 'ਫਿਜ਼ੀਕਲ' ਸਬੂਤ (ਜਿਵੇਂ ਕਿ ਕੋਈ ਏਲੀਅਨ ਜੀਵ ਜਾਂ ਉਨ੍ਹਾਂ ਦਾ ਯਾਨ) ਨਹੀਂ ਹੈ ਜਿਸ ਨੂੰ ਪੂਰੀ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਜਾ ਸਕੇ। ਜ਼ਿਆਦਾਤਰ ਮਾਮਲਿਆਂ ਵਿੱਚ ਸਿਰਫ਼ ਧੁੰਦਲੀਆਂ ਵੀਡੀਓਜ਼, ਰਡਾਰ ਡੇਟਾ ਜਾਂ ਪੁਲਾੜ ਯਾਤਰੀਆਂ ਦੇ ਬਿਆਨ ਹੀ ਮੌਜੂਦ ਹਨ।

ਸਿੱਟਾ: ਬਹੁਤ ਸਾਰੇ ਮਾਹਿਰ ਮੰਨਦੇ ਹਨ ਕਿ ਏਲੀਅਨਜ਼ ਦੀ ਹੋਂਦ ਹੋ ਸਕਦੀ ਹੈ, ਪਰ ਸ਼ਾਇਦ ਉਹ ਸਾਥੋਂ ਇੰਨੀ ਦੂਰ ਹਨ ਕਿ ਉੱਥੋਂ ਤੱਕ ਪਹੁੰਚਣਾ ਜਾਂ ਸੰਪਰਕ ਕਰਨਾ ਮੌਜੂਦਾ ਤਕਨੀਕ ਨਾਲ ਸੰਭਵ ਨਹੀਂ ਹੈ। ਪੈਂਟਾਗਨ ਦੀਆਂ ਫਾਈਲਾਂ ਦਾ ਜਨਤਕ ਹੋਣਾ ਇਹ ਦਰਸਾਉਂਦਾ ਹੈ ਕਿ ਸਰਕਾਰਾਂ ਹੁਣ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ।

# ਲਾਵਾਂ ਤੋਂ ਐਨ ਪਹਿਲਾਂ ਲਾੜੀ ਨੇ ਵਿਆਹ ਤੋਂ ਕੀਤਾ ਇਨਕਾਰ


## ✪ ਬੇਰੰਗ ਪਰਤੀ ਪ੍ਰਵਾਸੀ ਪੰਜਾਬੀ ਲਾੜੇ ਦੀ ਬਾਰਾਤ



ਮਾਛੀਵਾੜਾ ਸਾਹਿਬ-ਮਾਛੀਵਾੜਾ ਇਲਾਕੇ ਦੇ ਇੱਕ ਪਿੰਡ ਵਿੱਚ ਬੀਤੇ ਦਿਨੀਂ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਗੁਰੂ ਘਰ ਵਿੱਚ ਆਨੰਦ ਕਾਰਜ ਦੀਆਂ ਤਿਆਰੀਆਂ ਦੌਰਾਨ ਲਾੜੀ ਨੇ ਅਚਾਨਕ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ। ਇਸ ਫੈਸਲੇ ਨੇ ਨਾ ਸਿਰਫ ਦੋਵਾਂ ਪਰਿਵਾਰਾਂ ਦੀਆਂ ਖੁਸ਼ੀਆਂ ਨੂੰ ਮਾਯੂਸੀ ਵਿੱਚ ਬਦਲ ਦਿੱਤਾ, ਸਗੋਂ ਸਿਹਰਾ ਸਜਾ ਕੇ ਆਇਆ ਐੱਨ. ਆਰ. ਆਈ. ਲਾੜਾ ਵੀ ਬਿਨਾਂ ਲਾੜੀ ਲਏ ਵਾਪਸ ਪਰਤ ਗਿਆ। ਜਾਣਕਾਰੀ ਅਨੁਸਾਰ, ਵਿਦੇਸ਼ ਤੋਂ ਆਏ ਇੱਕ ਐੱਨਆਰਆਈ ਨੌਜਵਾਨ ਦਾ ਰਿਸ਼ਤਾ ਇਲਾਕੇ ਦੀ ਹੀ ਇੱਕ ਲੜਕੀ ਨਾਲ ਤੈਅ ਹੋਇਆ ਸੀ। ਜਦੋਂ ਦੋਵੇਂ ਪਰਿਵਾਰ ਆਨੰਦ ਕਾਰਜ ਲਈ ਗੁਰੂ ਘਰ ਇਕੱਠੇ ਹੋਏ, ਤਾਂ ਲਾਵਾਂ ਫੇਰਿਆਂ ਤੋਂ ਕੁਝ ਸਮਾਂ ਪਹਿਲਾਂ ਲੜਕੀ ਨੇ ਸਭ ਦੇ ਸਾਹਮਣੇ ਵਿਆਹ ਤੋਂ ਇਨਕਾਰ ਕਰ ਦਿੱਤਾ। ਲੜਕੀ ਦੇ ਪਰਿਵਾਰ ਵਾਲਿਆਂ ਨੇ ਉਸ ਨੂੰ ਮਨਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਪਰ ਲੜਕੀ ਆਪਣੀ ਜ਼ਿੱਦ 'ਤੇ ਅੜੀ ਰਹੀ।

ਦੂਜੇ ਪਾਸੇ, ਲੜਕੀ ਵਾਲਿਆਂ ਨੇ ਇਲਾਕੇ ਦੇ ਇੱਕ ਵੱਡੇ ਮੈਰਿਜ ਪੈਲੇਸ ਵਿੱਚ ਬਰਾਤੀਆਂ ਅਤੇ ਰਿਸ਼ਤੇਦਾਰਾਂ ਲਈ ਸ਼ਾਨਦਾਰ ਇੰਤਜ਼ਾਮ ਕੀਤੇ ਹੋਏ ਸਨ। ਪੈਲੇਸ ਵਿੱਚ ਜਿਵੇਂ ਹੀ ਵਿਆਹ ਟੁੱਟਣ ਦੀ ਖ਼ਬਰ ਪੈਲੇਸ ਪਹੁੰਚੀ, ਉੱਥੇ ਸੰਨਾਟਾ ਛਾ ਗਿਆ। ਕਈ ਰਿਸ਼ਤੇਦਾਰ ਬਿਨਾਂ ਖਾਧੇ-ਪੀਤੇ ਹੀ ਵਾਪਸ ਚਲੇ ਗਏ ਅਤੇ ਹੋਸਟ ਪਰਿਵਾਰ ਲਈ ਸਾਰੀਆਂ ਤਿਆਰੀਆਂ ਧਰੀਆਂ-ਧਰਾਈਆਂ ਰਹਿ ਗਈਆਂ। ਲੜਕੀ ਵੱਲੋਂ ਐਨ ਮੌਕੇ 'ਤੇ ਵਿਆਹ ਤੋਂ ਇਨਕਾਰ ਕਰਨ ਦੇ ਅਸਲ ਕਾਰਨਾਂ ਦਾ ਹਾਲੇ ਤੱਕ ਸਪੱਸ਼ਟ ਪਤਾ ਨਹੀਂ ਲੱਗ ਸਕਿਆ।

ਸੰਪਾਦਕੀ ਵਿਚਾਰ :– ਸੱਚ ਕਹਿਣ ਅਤੇ ਸੁਣਨ ਵਾਸਤੇ ਜੇਰਾ ਹੋਣਾ ਚਾਹੀਦਾ ਹੈ ਜਦ ਕਿ ਝੂਠ ਵਾਸਤੇ ਇਹ ਜਰੂਰੀ ਨਹੀਂ ।



ਰਜਿੰਦਰ ਸਿੰਘ ਪੁਰੇਵਾਲ

# ਪੰਥਕ ਪ੍ਰਭੂਸੱਤਾ ’ਤੇ ਸਿੱਧਾ ਹਮਲਾ ਹੈ ਨਵਾਂ ਬੇਅਦਬੀ ਕਾਨੂੰਨ

ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਇੱਕ ਧਾਰਮਿਕ ਗ੍ਰੰਥ ਨਹੀਂ, ਸਗੋਂ ‘ਜਾਗਤ ਜੋਤ’ ਹਨ। ਗੁਰੂ ਸਾਹਿਬ ਦੇ ਅਦਬ-ਸਤਿਕਾਰ ਅਤੇ ਸੇਵਾ-ਸੰਭਾਲ ਦਾ ਅਧਿਕਾਰ ਸਦੀਆਂ ਤੋਂ ’ਗੁਰੂ ਪੰਥ’ ਕੋਲ ਰਿਹਾ ਹੈ। ਪਰ ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਤਜਵੀਜ਼ਤ “ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026” ਨੇ ਸਿੱਖ ਜਗਤ ਵਿੱਚ ਇੱਕ ਨਵੀਂ ਬਹਿਸ ਅਤੇ ਡਰ ਪੈਦਾ ਕਰ ਦਿੱਤਾ ਹੈ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਕਾਨੂੰਨ ਦਾ ਵਿਰੋਧ ਕਰਨਾ ਬਿਲਕੁਲ ਜਾਇਜ਼ ਹੈ, ਕਿਉਂਕਿ ਇਸ ਦੀਆਂ ਕਈ ਧਾਰਾਵਾਂ ਸਿੱਖ ਰਹਿਤ ਮਰਯਾਦਾ ਅਤੇ ਪੰਥਕ ਪ੍ਰੰਪਰਾਵਾਂ ਦੇ ਸਿੱਧੇ ਉਲਟ ਹਨ।

ਇਸ ਐਕਟ ਵਿੱਚ ਵਰਤੀ ਗਈ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਜਿਸ ਅਸਥਾਨ ਨੂੰ ਸਿੱਖ ਬੜੇ ਸਤਿਕਾਰ ਨਾਲ ‘ਸੱਚਖੰਡ’ ਕਹਿੰਦੇ ਹਨ, ਉਸ ਲਈ ਕਾਨੂੰਨ ਵਿੱਚ ‘ਸਟੋਰੇਜ’ ਵਰਗੇ ਰੁਖ਼ੇ ਅਤੇ ਪੰਥ ਵਿਰੋਧੀ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਸਰਕਾਰ ਹੁਣ ਸਿੱਖਾਂ ਦੀ ਸ਼ਬਦਾਵਲੀ ਵੀ ਤੈਅ ਕਰਨਾ ਚਾਹੁੰਦੀ ਹੈ, ਜਿਵੇਂ ਕਿ ‘ਬੀੜ’ ਸ਼ਬਦ ਦੀ ਥਾਂ ‘ਸਰੂਪ’ ਸ਼ਬਦ ਲਾਜ਼ਮੀ ਕਰਨਾ। ਸਵਾਲ ਇਹ ਹੈ ਕਿ ਕੀ ਸਰਕਾਰ ਹੁਣ ਸਿੱਖਾਂ ਦੇ ਧਾਰਮਿਕ ਮੁਹਾਵਰੇ ਅਤੇ ਇਤਿਹਾਸਕ ਸ਼ਬਦਾਵਲੀ ਨੂੰ ਵੀ ਆਪਣੀ ਮਰਜ਼ੀ ਅਨੁਸਾਰ ਬਦਲੇਗੀ?

ਐਕਟ ਦੀ ਧਾਰਾ 1(Aa) ਅਨੁਸਾਰ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਪਾਠ ਕਰਵਾਉਣ ਵਾਲੇ ਪਰਿਵਾਰਾਂ ਨੂੰ ‘ਕਸਟੋਡੀਅਨ’ ਐਲਾਨ ਦਿੱਤਾ ਗਿਆ ਹੈ। ਇਸ ਦਾ ਭਾਵ ਇਹ ਹੈ ਕਿ ਜੇਕਰ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਸ਼ਰਾਰਤੀ ਅਨਸਰਾਂ ਦੀ ਬਜਾਏ ਸਿੱਖਾਂ ਨੂੰ ਹੀ ਦੋਸ਼ੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਜਾਵੇਗਾ। 10 ਲੱਖ ਰੁਪਏ ਤੱਕ ਦਾ ਜੁਰਮਾਨਾ ਅਤੇ 5 ਸਾਲ ਦੀ ਸਜ਼ਾ ਦਾ ਡਰ ਪਾ ਕੇ ਸਰਕਾਰ ਗੁਰਦੁਆਰਾ ਪ੍ਰਬੰਧਕਾਂ ਅਤੇ ਗ੍ਰੰਥੀ ਸਿੰਘਾਂ ਨੂੰ ਮਾਨਸਿਕ ਦਬਾਅ ਹੇਠ ਲਿਆਉਣਾ ਚਾਹੁੰਦੀ ਹੈ।

ਸਭ ਤੋਂ ਖ਼ਤਰਨਾਕ ਪਹਿਲੂ ਇਹ ਹੈ ਕਿ ਬੇਅਦਬੀ ਵਰਗੇ ਨਾਜ਼ੁਕ ਮਾਮਲਿਆਂ ਦੀ ਜਾਂਚ ਦਾ ਪੂਰਾ ਅਧਿਕਾਰ ਪੁਲਿਸ (ਡੀਐਸਪੀ /ਏਸੀਪੀ ਦਰਜੇ ਦੇ ਅਧਿਕਾਰੀ) ਨੂੰ ਦਿੱਤਾ ਗਿਆ ਹੈ। ਧਾਰਮਿਕ ਮਰਯਾਦਾ ਦੀ ਉਲੰਘਣਾ ਦਾ ਫੈਸਲਾ ਪੁਲਿਸ ਅਧਿਕਾਰੀ ਨਹੀਂ, ਸਗੋਂ ਪੰਥਕ ਜਥੇਬੰਦੀਆਂ ਅਤੇ ਅਕਾਲ ਤਖ਼ਤ ਸਾਹਿਬ ਹੀ ਕਰ ਸਕਦੇ ਹਨ। ਇਸ ਤੋਂ ਇਲਾਵਾ, ਗੁਰੂ ਸਾਹਿਬ ਦੇ ਸਰੂਪਾਂ ਦਾ ਰਿਕਾਰਡ, ਪਤੇ ਅਤੇ ਨਿੱਜੀ ਜਾਣਕਾਰੀ ਵੈੱਬਸਾਈਟ ’ਤੇ ਜਨਤਕ ਕਰਨੀ ਸਿੱਖਾਂ ਦੀ ਸੁਰੱਖਿਆ ਅਤੇ ਨਿਜਤਾ ਲਈ ਵੱਡਾ ਖ਼ਤਰਾ ਹੈ, ਖ਼ਾਸ ਕਰਕੇ ਪੰਜਾਬ ਤੋਂ ਬਾਹਰ ਰਹਿ ਰਹੇ ਘੱਟ ਗਿਣਤੀ ਸਿੱਖਾਂ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ‘ਵਿਲੱਖਣ ਪਛਾਣ ਨੰਬਰ’ (UIN) ਦੇਣਾ ਗੁਰੂ ਸਾਹਿਬ ਦੀ ਸਰਵਉੱਚਤਾ ਨੂੰ ਵਸਤੂ ਦੇ ਬਰਾਬਰ ਮੰਨਣ ਦੀ ਕੋਸ਼ਿਸ਼ ਹੈ। ਗੁਰੂ ਸਾਹਿਬ ਜਾਗਰਤ ਜੋਤਿ ਹਨ, ਨਾ ਕਿ ਕੋਈ ਰਜਿਸਟਰਡ ਪ੍ਰਾਪਰਟੀ। ਜਾਗਤਿ ਜੋਤਿ ਦਾ ਦਰਜਾ ਗੁਰੂ ਸਾਹਿਬਾਨ ਨੇ ਦਿਤਾ ਹੈ। ਸਰਕਾਰ ਦੀਆਂ ਅਜਿਹੀਆਂ ਕੋਸ਼ਿਸ਼ਾਂ ਸਿੱਖ ਸਿਧਾਂਤਾਂ ਦੇ ਮੂਲ ਢਾਂਚੇ ਨੂੰ ਢਾਹ ਲਾਉਣ ਵਾਲੀਆਂ ਹਨ। ਇਹ ਐਕਟ ਸਪੱਸ਼ਟ ਰੂਪ ਵਿੱਚ ਗੁਰੂ-ਪੰਥ ਦੀਆਂ ਅੰਦਰੂਨੀ ਸੇਵਾਵਾਂ ਵਿੱਚ ਸਟੇਟ ਦੀ ਸਿੱਧੀ ਦਖ਼ਲਅੰਦਾਜ਼ੀ ਹੈ। ਨਿਯਮ ਬਣਾਉਣ ਦੀ ਸ਼ਕਤੀ ਸਰਕਾਰ ਕੋਲ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਰਹਿਤ ਮਰਯਾਦਾ ਨੂੰ ਵੀ ਕਾਨੂੰਨੀ ਬੰਧਨਾਂ ਵਿੱਚ ਬੰਨ੍ਹਿਆ ਜਾ ਸਕਦਾ ਹੈ। ਸਿੱਖ ਪੰਥ ਨੂੰ ਚਾਹੀਦਾ ਹੈ ਕਿ ਉਹ ਇਸ ਨੂੰ ਸਿਆਸੀ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਵੇਖਣ। ਇਹ ਮਸਲਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਤੇ ਗੁਰੂ ਗ੍ਰੰਥ ਸਾਹਿਬ ਦੀ ਅਥਾਰਟੀ ਦਾ ਹੈ। ਜੇਕਰ ਅੱਜ ਇਸ ਸਰਕਾਰੀ ਦਖ਼ਲਅੰਦਾਜ਼ੀ ਨੂੰ ਨਾ ਰੋਕਿਆ ਗਿਆ, ਤਾਂ ਭਵਿੱਖ ਵਿੱਚ ਪੰਥਕ ਫੈਸਲੇ ਅਦਾਲਤਾਂ ਅਤੇ ਪੁਲਿਸ ਥਾਣਿਆਂ ਵਿੱਚ ਹੋਣ ਲੱਗ ਜਾਣਗੇ, ਜੋ ਕਿ ਖਾਲਸਾ ਪੰਥ ਨੂੰ ਕਦੇ ਵੀ ਮਨਜ਼ੂਰ ਨਹੀਂ ਹੋਵੇਗਾ।

# ਆਰਥਿਕ ਸੰਕਟ, ਹਿੰਦੂਤਵ ਅਤੇ ਦੇਸ਼ ਦਾ ਭਵਿੱਖ

ਭਾਰਤ ਦੀ ਆਰਥਿਕਤਾ ਇਸ ਵੇਲੇ ਅਜਿਹੇ ਮੋੜ ’ਤੇ ਖੜ੍ਹੀ ਹੈ ਜਿੱਥੇ ਸਿਰਫ਼ ਨਾਅਰੇਬਾਜ਼ੀ ਨਾਲ ਗੁਜ਼ਾਰਾ ਹੋਣਾ ਮੁਸ਼ਕਿਲ ਜਾਪ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ਵਾਸੀਆਂ ਨੂੰ ਕੀਤੀ ਗਈ ਸੱਤ-ਨੁਕਾਤੀ ਅਪੀਲ-ਜਿਸ ਵਿੱਚ ਤੇਲ, ਸੋਨਾ ਅਤੇ ਵਿਦੇਸ਼ੀ ਮੁਦਰਾ ਬਚਾਉਣ ਦੀ ਗੱਲ ਕੀਤੀ ਗਈ ਹੈ-ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਦੇਸ਼ ਦੇ ਆਰਥਿਕ ਹਾਲਾਤ ‘ਪਾਣੀ ਸਿਰ ਤੋਂ ਲੰਘਣ’ ਵਰਗੇ ਹੋ ਗਏ ਹਨ। ਭਾਰਤ ਦੀ ਆਰਥਿਕਤਾ ਦੇ ਮੌਜੂਦਾ ਨਿਘਾਰ ਲਈ ਕਈ ਕਾਰਕ ਜ਼ਿੰਮੇਵਾਰ ਹਨ, ਜਿਨ੍ਹਾਂ ਨੂੰ ਸਰਕਾਰ ਨੇ ਲੰਬੇ ਸਮੇਂ ਤੱਕ ‘ਆਰਥਿਕ ਮਜ਼ਬੂਤੀ’ ਦੇ ਪਰਦੇ ਹੇਠ ਢੱਕੀ ਰੱਖਿਆ। ਈਰਾਨ-ਇਜ਼ਰਾਈਲ ਜੰਗ (ਜਾਂ ਕਿਸੇ ਵੀ ਵਿਸ਼ਵ ਪੱਧਰੀ ਟਕਰਾਅ) ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਦਰਾਮਦ ਕਰਦਾ ਹੈ, ਜਿਸ ਕਾਰਨ ਡਾਲਰ ਤੇਜ਼ੀ ਨਾਲ ਬਾਹਰ ਜਾ ਰਿਹਾ ਹੈ। ਵਿਦੇਸ਼ੀ ਨਿਵੇਸ਼ਕਾਂ ਵੱਲੋਂ ਭਾਰਤੀ ਬਾਜ਼ਾਰ ਵਿੱਚੋਂ ਪੈਸਾ ਕੱਢਣ ਕਾਰਨ ਰੁਪਏ ਦੀ ਕੀਮਤ ਇਤਿਹਾਸਕ ਪੱਧਰ ਤੱਕ ਡਿੱਗ ਚੁੱਕੀ ਹੈ। ਜਦੋਂ ਕੱਚਾ ਤੇਲ ਸਸਤਾ ਸੀ, ਉਦੋਂ ਭਵਿੱਖ ਲਈ ਵੱਡੇ ਭੰਡਾਰ ਬਣਾਉਣ ਵਿੱਚ ਹੋਈ ਦੇਰੀ ਹੁਣ ਮਹਿੰਗੀ ਸਾਬਤ ਹੋ ਰਹੀ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

## NEWS & VIEWS

# QUALITIES OF TRUE SIKH NATION-BUILDERS (ਸਿੱਖ ਕੌਮ ਦੇ ਅਸਲ ਉਸਰਈਏ)



Gurmukh Singh OBE

Due to the state of the Panth in Panjab today, Sikhs are looking for good *leaders.* That is because the lessons from Khalsa tradition and history are ignored. The qualities necessary in Sikh nation builders are different from those found in ego-centric individuals who put personal ambitions before Panth.

Collective leadership was the Message of Guru Gobind Singh Ji when He bowed to the Panj Piaray, the representatives of the Khalsa Panth. The message needs continual repetition. Otherwise, the symptoms of the chronic disease of ego-centricity (ਹਉਮੈ ਦੀਰਘ ਰੋਗੁ ਹੈ) can be quite unsightly.

During the Coronation of King Charles III we were reminded that *the duty of a ruler is not to be served but to serve.* This message resonates with Sikhi-based leadership ideal. However, Sikhi accepts collective leadership only, which pools diverse skills and promotes the desire to serve. Human urge to promote self-interest and the desire to be surrounded by sycophants is kept in check by Sikhi humility. Succession planning is built into the Sikhi process as collective lead continues. That was true of the Khalsa of the 18th century who defeated Mughal might and tyranny.

We read about those great but humble Sikhs in Guru and Khalsa history serving the mission of the Guru Jote. There were many role-model sevadar-mentors with diverse skills like Baba Budha, Bhai Gurdas, Bhai Mani Singh, Bhai Nand Lal, Baba Banda Singh Bahadur, Baba Deep Singh, Nawab Kapur Singh and so on. They inspired and guided and, most importantly, served, the Panth of the Guru in their own ways. In case of Nawab Kapur Singh, otherwise a humble Panthic sewadar, he was invited to provide guidance and strategy for the Khalsa Panth during a most critical period. He empowered many others to lead the Misls to eventually establish Khalsa Raj.

In contrast are those who frustrate Sikh qaumi objectives, recognition and rights as a distinct community. Their sole aim is to secure personal and family positions. In Panjab, late S. Parkash Singh Badal was described as the grand old banyan tree - ਬਾਬਾ ਬੋਹੜ - of Panjab politics. He became Chief Minister of Panjab 5 times since 1970. Regrettably, he played a key role in Panjab politics and Panthic affairs only to promote own family interests. He has not been judged kindly due to the state of Panjab politics, economy and Panth today.

There will always be self-promoting individuals who do not believe in collective approach. They use every stratagem to try and present themselves as the sole representatives of the community. Sometimes they succeed in achieving personal ambitions but at great longer-term cost to community progress and unity; and, at the expense of smooth succession planning and next generation participation.

However, despite all the negativity today, there are indications that, behind the scenes, the Khalsa tradition of *nishkam seva* continues in the Sikh world through jathebandis, Sikh charities, community thinkers and mentors. Next generation Gurbani-centric Sikh scholars and sevadars, inspired by sovereign egalitarian Sikh ideology and tradition, remain active. There are hundreds of activists in different fields.

A Sikh, no matter how skilful at securing own position and claim to community lead, will be eventually judged by history under the collective achievement of the global Khalsa Panth. That judgement can be harsh for gatekeepers who block progress and smooth succession.

The desire to serve the community in humility comes when the desire for fame departs!

Gurmukh Singh OBE, Ret’d Principal Civil Servant (UK) sewauk2005@yahoo.co.uk

## ਸੰਪਾਦਕੀ–8 ਸਫ਼ੇ ਦੀ ਬਾਕੀ

ਚੋਣਾਂ ਕਾਰਨ ਮੋਦੀ ਸਰਕਾਰ ਨੇ ਸੱਚਾਈ ਨੂੰ ਲੁਕਾ ਕੇ ਰੱਖਿਆ ਤਾਂ ਜੋ ਵੋਟਰਾਂ ਵਿੱਚ ਨਕਾਰਾਤਮਕ ਸੰਦੇਸ਼ ਨਾ ਜਾਵੇ, ਪਰ ਹੁਣ ਹਕੀਕਤ ਸਾਹਮਣੇ ਆ ਗਈ ਹੈ।

ਕੀ ਹਿੰਦੂਤਵ ਦੇ ਨਾਅਰੇ ਭਵਿੱਖ ਸੰਵਾਰ ਸਕਣਗੇ? ਇਹ ਸਭ ਤੋਂ ਅਹਿਮ ਸਵਾਲ ਹੈ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਦੇਸ਼ ਦੀ ਆਰਥਿਕਤਾ ਸਿਰਫ਼ ਭਾਵਨਾਤਮਕ ਜਾਂ ਧਾਰਮਿਕ ਮੁੱਦਿਆਂ 'ਤੇ ਨਹੀਂ ਚੱਲ ਸਕਦੀ। ਹਿੰਦੂਤਵ ਦੇ ਨਾਅਰੇ ਵੋਟਾਂ ਦੇ ਧਰੁਵੀਕਰਨ ਲਈ ਤਾਂ ਕਾਰਗਰ ਹੋ ਸਕਦੇ ਹਨ, ਪਰ ਉਹ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਨਹੀਂ ਕਰ ਸਕਦੇ। ਉਦਯੋਗਾਂ ਨੂੰ ਚਲਾਉਣ ਲਈ ਕੱਚੇ ਮਾਲ, ਬਿਜਲੀ ਅਤੇ ਵਿਦੇਸ਼ੀ ਨਿਵੇਸ਼ ਦੀ ਲੋੜ ਹੁੰਦੀ ਹੈ, ਨਾ ਕਿ ਧਾਰਮਿਕ ਜਲੂਸਾਂ ਦੀ। ਵਿਦੇਸ਼ੀ ਨਿਵੇਸ਼ਕ ਉੱਥੇ ਪੈਸਾ ਲਗਾਉਣਾ ਪਸੰਦ ਕਰਦੇ ਹਨ ਜਿੱਥੇ ਸਮਾਜਿਕ ਸਦਭਾਵਨਾ ਹੋਵੇ। ਜੇਕਰ ਦੇਸ਼ ਅੰਦਰੂਨੀ ਟਕਰਾਅ (ਧਰਮ ਦੇ ਨਾਂ 'ਤੇ) ਵਿੱਚ ਉਲਝਿਆ ਰਹੇਗਾ, ਤਾਂ ਵਿਦੇਸ਼ੀ ਪੂੰਜੀ ਭਾਰਤ ਆਉਣ ਤੋਂ ਕਤਰਾਏਗੀ। ਜਦੋਂ ਸਰਕਾਰ ਨਾਗਰਿਕਾਂ ਨੂੰ 'ਵਰਕ ਫਰੌਮ ਹੋਮ' ਕਰਨ ਜਾਂ ਰਸੋਈ ਦਾ ਬਾਲਣ ਘੱਟ ਵਰਤਣ ਲਈ ਕਹਿੰਦੀ ਹੈ, ਤਾਂ ਇਹ ਆਮ ਆਦਮੀ ਦੀ ਜੇਬ 'ਤੇ ਸਿੱਧੀ ਸੱਟ ਹੁੰਦੀ ਹੈ। ਇੱਥੇ ਨਾਅਰੇ ਭੁੱਖ ਨਹੀਂ ਮਿਟਾ ਸਕਦੇ।

ਭਾਰਤ ਨੂੰ ਇਸ ਵੇਲੇ "ਧਰਮ-ਕੇਂਦ੍ਰਿਤ ਰਾਜਨੀਤੀ" ਦੀ ਬਜਾਏ "ਆਰਥਿਕ-ਕੇਂਦ੍ਰਿਤ ਨੀਤੀ" ਦੀ ਲੋੜ ਹੈ। ਦੇਸ਼ ਦਾ ਭਵਿੱਖ ਸਿਰਫ਼ ਉਦੋਂ ਸੰਵਰ ਸਕਦਾ ਹੈ ਜੇਕਰ ਸਰਕਾਰ ਆਰਥਿਕ ਸੁਧਾਰਾਂ, ਸਵਦੇਸ਼ੀ ਉਤਪਾਦਨ ਨੂੰ ਉਤਸ਼ਾਹਿਤ ਕਰਨ ਅਤੇ ਵਿਦੇਸ਼ੀ ਨੀਤੀ ਨੂੰ ਮਜ਼ਬੂਤ ਕਰਨ 'ਤੇ ਧਿਆਨ ਦੇਵੇ। ਜੇਕਰ ਸਰਕਾਰ ਸਿਰਫ਼ ਆਮ ਜਨਤਾ ਨੂੰ ਤਿਆਗ ਕਰਨ ਲਈ ਕਹਿੰਦੀ ਰਹੀ ਅਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਆਪਣਾ ਮੁਨਾਫ਼ਾ ਵਿਦੇਸ਼ਾਂ ਵਿੱਚ ਭੇਜਦੀਆਂ ਰਹੀਆਂ, ਤਾਂ ਦੇਸ਼ ਦੀ ਆਰਥਿਕ ਹਾਲਤ ਹੋਰ ਵੀ ਗੰਭੀਰ ਹੋ ਸਕਦੀ ਹੈ। ਸਿਰਫ਼ ਹਿੰਦੂਤਵ ਦੇ ਨਾਅਰੇ ਡਾਲਰ ਦੀ ਕੀਮਤ ਨਹੀਂ ਘਟਾ ਸਕਦੇ ਅਤੇ ਨਾ ਹੀ ਖਾਲੀ ਹੋ ਰਹੇ ਤੇਲ ਦੇ ਭੰਡਾਰਾਂ ਨੂੰ ਭਰ ਸਕਦੇ ਹਨ। ਵਕਤ ਦੀ ਮੰਗ ਹੈ ਕਿ 'ਦਿਖਾਵੇ' ਦੀ ਰਾਜਨੀਤੀ ਛੱਡ ਕੇ 'ਹਕੀਕਤ' ਦੀ ਰਾਜਨੀਤੀ ਕੀਤੀ ਜਾਵੇ ਤੇ ਆਰਥਿਕ ਸੰਕਟ ਦਾ ਹੱਲ ਲਭਿਆ ਜਾਵੇ।

## ਵਿਰੋਧੀ ਏਕਤਾ ਦਾ ਖੇਰੂੰ-ਖੇਰੂੰ ਹੋਣਾ ਅਤੇ ਮੋਦੀ-ਸ਼ਾਹ ਦੀ ਮਜ਼ਬੂਤ ਵਾਪਸੀ

ਪੰਜ ਰਾਜਾਂ ਦੇ ਤਾਜ਼ਾ ਚੋਣ ਨਤੀਜਿਆਂ ਨੇ ਭਾਰਤੀ ਰਾਜਨੀਤੀ ਦੇ ਸਮੀਕਰਨ ਪੂਰੀ ਤਰ੍ਹਾਂ ਬਦਲ ਦਿੱਤੇ ਹਨ। ਜਿੱਥੇ ਇੱਕ ਪਾਸੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਜੋੜੀ ਨੇ ਪੱਛਮੀ ਬੰਗਾਲ ਅਤੇ ਬਿਹਾਰ ਵਰਗੇ ਰਾਜਾਂ ਵਿੱਚ ਜਿੱਤ ਦਰਜ ਕਰਕੇ ਆਪਣੀ ਸਰਵਉੱਚਤਾ ਸਾਬਤ ਕਰ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ 'ਇੰਡੀਆ' ਗਠਜੋੜ ਅੰਦਰੂਨੀ ਫੁੱਟ ਕਾਰਨ ਬਿਖਰਦਾ ਨਜ਼ਰ ਆ ਰਿਹਾ ਹੈ। ਇਹ ਸਥਿਤੀ ਲੋਕਤੰਤਰ ਵਿੱਚ ਵਿਰੋਧੀ ਧਿਰ ਦੀ ਭੂਮਿਕਾ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ 'ਚਾਰ ਸੌ ਪਾਰ' ਦੇ ਨਾਅਰੇ ਦੇ ਬਾਵਜੂਦ ਉਮੀਦ ਮੁਤਾਬਕ ਪ੍ਰਦਰਸ਼ਨ ਨਾ ਕਰ ਪਾਉਣ ਵਾਲੀ ਭਾਜਪਾ ਨੇ ਬਹੁਤ ਹੀ ਸ਼ਾਤਰ ਢੰਗ ਤੇ ਨੀਤੀ ਨਾਲ ਵਾਪਸੀ ਕੀਤੀ ਹੈ। ਨੀਤੀਸ਼ ਕੁਮਾਰ ਅਤੇ ਚੰਦਰਬਾਬੂ ਨਾਇਡੂ ਵਰਗੇ ਸਹਿਯੋਗੀਆਂ ਨੂੰ ਨਾਲ ਜੋੜ ਕੇ ਰੱਖਣਾ ਅਤੇ ਪਾਰਟੀ ਦੇ ਅੰਦਰੂਨੀ ਵਿਰੋਧੀਆਂ (ਜਿਵੇਂ ਯੋਗੀ ਆਦਿੱਤਿਆਨਾਥ ਦੀ ਚੁਣੌਤੀ) ਨੂੰ ਪ੍ਰਸ਼ਾਸਨਿਕ ਅਤੇ ਸਿਆਸੀ ਕੁਸ਼ਲਤਾ ਨਾਲ ਕਾਬੂ ਕਰਨਾ ਮੋਦੀ-ਸ਼ਾਹ ਦੀ ਵੱਡੀ ਸਫਲਤਾ ਹੈ। ਬੰਗਾਲ ਵਿੱਚ ਮਮਤਾ ਬੈਨਰਜੀ ਦੇ ਕਿਲ੍ਹੇ ਨੂੰ ਸੰਨ੍ਹ ਲਾਉਣਾ ਅਤੇ ਸ਼ੁਭੇਂਦੂ ਅਧਿਕਾਰੀ ਦੀ ਸਰਕਾਰ ਬਣਵਾਉਣਾ ਭਾਜਪਾ ਲਈ ਇੱਕ ਇਤਿਹਾਸਕ ਮੋੜ ਸਾਬਤ ਹੋਇਆ ਹੈ।

ਵਿਰੋਧੀ ਧਿਰ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਉਹ ਮੋਦੀ-ਸ਼ਾਹ ਦੇ ਪ੍ਰਬੰਧਕੀ ਹੁਨਰ ਦਾ ਮੁਕਾਬਲਾ ਕਰਨ ਦੀ ਬਜਾਏ ਆਪਸ ਵਿੱਚ ਹੀ ਉਲਝੀ ਹੋਈ ਹੈ। ਕਾਂਗਰਸ ਅਤੇ ਡੀ.ਐਮ.ਕੇ. ਵਿਚਾਲੇ ਪਈ ਦਰਾੜ ਅਤੇ ਬੰਗਾਲ ਚੋਣਾਂ ਵਿੱਚ ਤ੍ਰਿਣਮੂਲ ਕਾਂਗਰਸ ਤੇ ਕਾਂਗਰਸ ਦਾ ਵੱਖੋ-ਵੱਖ ਲੜਨਾ ਭਾਜਪਾ ਲਈ ਰਾਹ ਪੱਧਰਾ ਕਰ ਗਿਆ। ਰਾਹੁਲ ਗਾਂਧੀ ਭਾਵੇਂ ਲੋਕਾਂ ਵਿੱਚ ਜਾ ਕੇ ਮੁੱਦੇ ਚੁੱਕ ਰਹੇ ਹਨ, ਪਰ ਕਾਂਗਰਸ ਦਾ ਜਥੇਬੰਦਕ ਢਾਂਚਾ ਅਤੇ ਹੋਰ ਖੇਤਰੀ ਆਗੂ ਜਿਵੇਂ ਅਖਿਲੇਸ਼ ਯਾਦਵ ਜਾਂ ਤੇਜਸਵੀ ਯਾਦਵ, ਉਹ ਸਰਗਰਮੀ ਨਹੀਂ ਦਿਖਾ ਰਹੇ ਜੋ ਭਾਜਪਾ ਦੇ 'ਚੋਣ ਮਸ਼ੀਨਰੀ' ਵਰਗੇ ਤੰਤਰ ਦਾ ਸਾਹਮਣਾ ਕਰ ਸਕੇ।

ਬੰਗਾਲ ਵਿੱਚ ਚੋਣਾਂ ਦੌਰਾਨ ਵੋਟਰ ਸੂਚੀਆਂ ਵਿੱਚ ਸੋਧ ਅਤੇ ਚੋਣਾਂ ਤੋਂ ਤੁਰੰਤ ਬਾਅਦ ਚੋਣ ਅਧਿਕਾਰੀਆਂ ਨੂੰ ਅਹਿਮ ਸਰਕਾਰੀ ਅਹੁਦਿਆਂ (ਜਿਵੇਂ ਮੁੱਖ ਸਕੱਤਰ) ਨਾਲ ਨਿਵਾਜਣਾ ਪ੍ਰਸ਼ਾਸਨਿਕ ਨਿਰਪੱਖਤਾ 'ਤੇ ਉਂਗਲੀਆਂ ਚੁੱਕਦਾ ਹੈ। ਪਰ ਰਾਜਨੀਤੀ ਵਿੱਚ ਨੈਤਿਕਤਾ ਤੋਂ ਵੱਧ ਨਤੀਜੇ ਮਾਇਨੇ ਰੱਖਦੇ ਹਨ, ਅਤੇ ਮੌਜੂਦਾ ਸਮੇਂ ਵਿੱਚ ਨਤੀਜੇ ਪੂਰੀ ਤਰ੍ਹਾਂ ਭਾਜਪਾ ਦੇ ਪੱਖ ਵਿੱਚ ਭੁਗਤੇ ਹਨ। ਜੇਕਰ ਵਿਰੋਧੀ ਧਿਰ ਨੇ ਅਜੇ ਵੀ ਆਪਣੀਆਂ ਗਲਤੀਆਂ ਤੋਂ ਸਬਕ ਨਾ ਲਿਆ ਅਤੇ ਮੋਦੀ-ਸ਼ਾਹ ਦੀ ਰਣਨੀਤੀ ਦਾ ਤੋੜ ਨਾ ਲੱਭਿਆ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ਵਿੱਚ ਵੀ ਉਨ੍ਹਾਂ ਲਈ ਸਥਿਤੀ ਹੋਰ ਨਾਜ਼ੁਕ ਹੋ ਸਕਦੀ ਹੈ। ਵਿਰੋਧੀ ਨੇਤਾਵਾਂ ਨੂੰ ਸਿਰਫ਼ ਬਿਆਨਬਾਜ਼ੀ ਛੱਡ ਕੇ ਜ਼ਮੀਨੀ ਪੱਧਰ 'ਤੇ ਕਾਰਕਰਤਾਵਾਂ ਨੂੰ ਲਾਮਬੰਦ ਕਰਨ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਪੰਥਕ ਗਠਜੋੜ ਲਈ ਵਡੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

# ਅਜੇ ਤੱਕ ਪ੍ਰਧਾਨ ਮੰਤਰੀ ਪਦ ਦਾ ਦਾਅਵੇਦਾਰ ਨਹੀਂ ਆਇਆ ਸਾਹਮਣੇ

## ਮੁੱਖ ਤੌਰ ਤੇ ਤਿੰਨ ਨਾਵਾਂ ਦੇ ਹੋਣ ਲੱਗੇ ਚਰਚੇ



ਵੇਸ ਸਟ੍ਰੀਟਿੰਗ, ਐਂਡੀ ਬਰਨਹੈਮ ਅਤੇ ਐਂਜੇਲਾ ਰੇਨਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੋਂ ਅਸਤੀਫੇ ਦੀ ਮੰਗ ਤਾਂ ਭਾਵੇਂ ਜ਼ੋਰ ਫੜ ਚੁੱਕੀ ਹੈ। ਪਰ ਅਜੇ ਤੱਕ ਕੋਈ ਉਹਨਾਂ ਦੇ ਪਦ ਨੂੰ ਸੰਭਾਲਣ ਲਈ ਦਾਅਵੇਦਾਰ ਸਾਹਮਣੇ ਨਹੀਂ ਆਇਆ ਅਤੇ ਨਾਂਹ ਹੀ ਸੰਸਦ ਮੈਂਬਰਾਂ ਵਿੱਚ ਇਸ ਨੂੰ ਲੈ ਕੇ ਕੋਈ ਸਹਿਮਤੀ ਬਣੀ ਹੈ। ਜਿਸ ਕਰਕੇ ਇਹ ਮਾਮਲਾ ਅਜੇ ਪੇਚੀਦਾ ਬਣਿਆ ਹੋਇਆ ਹੈ। ਲੇਕਨ ਇਸ ਸਭ ਦੇ ਬਵਜੁਦ ਤਿੰਨ ਮੁੱਖ ਦਾਅਵੇਦਾਰਾਂ ਦੇ ਨਾਵਾਂ ਦੀ ਚਰਚਾ ਹੋ ਰਹੀ ਹੈ। ਜਿਹਨਾਂ ਵਿੱਚ ਸਿਹਤ ਮੰਤਰੀ ਵੇਸ ਸਟ੍ਰੀਟਿੰਗ ਹਨ ਜੋ 2015 ਵਿੱਚ ਪਹਿਲੀ ਵਾਰ ਸੰਸਦ ਮੈਂਬਰ ਬਣੇ ਸਨ, ਕੌਂਸਲਰ ਤੋਂ ਲੈ ਕੇ ਤਿੰਨ ਸਾਲ ਵਿਰੋਧੀ ਧਿਰ ਦੇ ਅਹੁਦਿਆਂ ਤੱਕ ਰਹਿ ਚੁੱਕੇ ਹਨ। ਇਸ ਦੇ ਨਾਲ ਹੀ ਐਂਡੀ ਬਰਨਹੈਮ ਵੀ ਮਜ਼ਬੂਤ ਦਾਅਵੇਸਾਰ ਮੰਨਿਆ ਜਾ ਰਿਹਾ ਹੈ, ਜੋ ਇੱਕ ਦਹਾਕੇ ਤੱਕ ਮਾਨਚੈਸਟਰ ਦੇ ਮੇਅਰ ਵਜੋਂ ਸੇਵਾਵਾਂ ਦੇ ਚੁੱਕੇ ਹਨ। ਉਹਨਾਂ ਲਈ ਸਭ ਤੋਂ ਵੱਧ ਰੁਕਾਵਟ ਇਹ ਹੈ ਕਿ ਉਹ ਸੰਸਦ ਮੈਂਬਰ ਨਹੀਂ ਹਨ। ਜਦ ਕਿ ਉਹ 2001 ਤੋਂ 2017 ਤੱਕ ਸੰਸਦ ਦੇ ਮੈਂਬਰ ਰਹਿ ਚੁੱਕੇ ਹਨ। ਉਹ ਦੋ ਵਾਰ ਪਾਰਟੀ ਦੀ ਅਗਵਾਈ ਵਾਲੀ ਚੋਣ ਹਾਰ ਚੁੱਕੇ ਹਨ। ਸਾਬਕਾ ਉਪ ਪ੍ਰਧਾਨ ਮੰਤਰੀ ਐਂਜੇਲਾ ਰੇਨਰ ਵੀ ਮੁੱਖ ਦਾਅਵੇਦਾਰਾਂ ਵਿੱਚ ਗਿਣੀ ਜਾਂਦੀ ਹੈ, ਉਸ ਨੇ 16 ਸਾਲ ਦੀ ਉਮਰ ਵਿੱਚ ਬਿਨਾ ਕਿਸੇ ਯੋਗਤਾ ਦੇ ਸਕੂਲ ਛੱਡ ਦਿੱਤਾ ਸੀ। ਇਸ ਸਮੇਂ ਉਹ ਬਰਤਾਨੀਆਂ ਦੀ ਸ਼ਕਤੀਸ਼ਾਲੀ ਔਰਤਾਂ ਵਿੱਚ ਗਿਣੀ ਜਾਂਦੀ ਹੈ। ਇਸ ਤੋਂ ਇਲਾਵਾ ਸਾਬਕਾ ਨੇਤਾ ਐਡ ਮਿਲੀਬੈਂਡ, ਮੌਜੂਦਾ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੂੰ ਵੀ ਲੇਬਰ ਪਾਰਟੀ ਦੇ ਮੁਖੀ ਅਤੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ਵਿੱਚ ਸ਼ਾਮਿਲ ਮੰਨਿਆ ਜਾ ਰਿਹਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਮੁੜ ਕਾਨੂੰਨੀ ਸ਼ਿਕੰਜੇ ਵਿੱਚ: ਹਾਈ ਕੋਰਟ 'ਚ ਨਵੀਂ ਚੁਣੌਤੀ

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਲਾਗੂ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਦੀਆਂ ਸੰਵਿਧਾਨਕ ਉਚਿਤਤਾਵਾਂ 'ਤੇ ਇੱਕ ਵਾਰ ਫਿਰ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਐਕਟ ਵਿਰੁੱਧ ਇੱਕ ਨਵੀਂ ਜਨਹਿਤ ਪਟੀਸ਼ਨ (ਫ਼ੀਲ਼) ਦਾਇਰ ਕੀਤੀ ਗਈ ਹੈ, ਜਿਸ ਨੇ ਸੂਬਾ ਸਰਕਾਰ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਜਲੰਧਰ ਦੇ ਨਿਵਾਸੀ ਕਰਨਪ੍ਰੀਤ ਸਿੰਘ ਵੱਲੋਂ ਦਾਇਰ ਕੀਤੀ ਗਈ ਇਸ ਪਟੀਸ਼ਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਸੋਧ ਐਕਟ ਭਾਰਤੀ ਸੰਵਿਧਾਨ ਦੇ ਮੂਲ ਢਾਂਚੇ ਦੇ ਉਲਟ ਹੈ। ਪਟੀਸ਼ਨ ਵਿੱਚ ਉਠਾਏ ਗਏ ਮੁੱਖ ਨੁਕਤੇ ਹੇਠ ਲਿਖੇ ਹਨ:

ਪਟੀਸ਼ਨਕਰਤਾ ਅਨੁਸਾਰ, ਸੰਵਿਧਾਨ ਸਾਰੇ ਧਰਮਾਂ ਨੂੰ ਬਰਾਬਰ ਮੰਨਦਾ ਹੈ। ਜਦੋਂ ਰਾਜ ਸਰਕਾਰ ਸਿਰਫ਼ ਇੱਕ ਵਿਸ਼ੇਸ਼ ਧਰਮ ਦੇ ਪਵਿੱਤਰ ਗ੍ਰੰਥ ਲਈ ਵੱਖਰਾ ਕਾਨੂੰਨ ਬਣਾਉਂਦੀ ਹੈ, ਤਾਂ ਇਹ ਦੇਸ਼ ਦੇ ਧਰਮ-ਨਿਰਪੱਖ ਸਰੂਪ 'ਤੇ ਸਵਾਲ ਖੜ੍ਹਾ ਕਰਦਾ ਹੈ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹੋਰ ਧਰਮਾਂ ਦੇ ਪਵਿੱਤਰ ਗ੍ਰੰਥਾਂ ਨੂੰ ਇਸ ਵਿਸ਼ੇਸ਼ ਸੁਰੱਖਿਆ ਦੇ ਘੇਰੇ ਤੋਂ ਬਾਹਰ ਰੱਖਣਾ ਸਮਾਨਤਾ ਦੇ ਸਿਧਾਂਤ ਦੇ ਵਿਰੁੱਧ ਹੈ। ਪਟੀਸ਼ਨਕਰਤਾ ਨੇ ਦੋਸ਼ ਲਾਇਆ ਕਿ ਇਸ ਕਾਨੂੰਨ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਕਈ ਖਾਮੀਆਂ ਹਨ ਅਤੇ ਸਿਰਫ਼ ਰਾਜਪਾਲ ਦੀ ਮਨਜ਼ੂਰੀ ਦੇ ਆਧਾਰ 'ਤੇ ਇਸ ਨੂੰ ਕੇਂਦਰੀ ਕਾਨੂੰਨਾਂ ਦੇ ਉੱਪਰ ਨਹੀਂ ਰੱਖਿਆ ਜਾ ਸਕਦਾ।

### ਅਦਾਲਤੀ ਕਾਰਵਾਈ

ਹਾਈ ਕੋਰਟ ਵਿੱਚ ਇਸ ਮਾਮਲੇ 'ਤੇ ਸ਼ੁਰੂਆਤੀ ਬਹਿਸ ਕਾਫ਼ੀ ਵਿਸਤਾਰ ਵਿੱਚ ਹੋਈ। ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ, ਮਾਨਯੋਗ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਅਗਲੇ ਹਫ਼ਤੇ ਤੱਕ ਮੁਲਤਵੀ ਕਰ ਦਿੱਤੀ ਹੈ।

ਵਿਸ਼ੇਸ਼ ਨੋਟ: ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ ਇਸੇ ਵਿਸ਼ੇ ਨਾਲ ਸਬੰਧਤ ਇੱਕ ਹੋਰ ਪਟੀਸ਼ਨ ਨੂੰ ਪਹਿਲਾਂ ਹੀ ਜੁਰਮਾਨੇ ਸਮੇਤ ਖਾਰਜ ਕਰ ਦਿੱਤਾ ਹੈ, ਜਿਸ ਕਾਰਨ ਹੁਣ ਸਾਰੀਆਂ ਨਜ਼ਰਾਂ ਇਸ ਨਵੀਂ ਪਟੀਸ਼ਨ 'ਤੇ ਟਿਕੀਆਂ ਹੋਈਆਂ ਹਨ।

# ਬੰਗਾਲ ਵਿਚ ਜਮਹੂਰੀਅਤ ਦਾ ਸਸਕਾਰ : 27 ਲੱਖ ਵੋਟਾਂ ਕੱਟ ਕੇ ਕਿਵੇਂ ਬਦਲੀ ਗਈ ਸੱਤਾ ਦੀ ਤਸਵੀਰ ?

**✪ ਚੋਣ ਕਮਿਸ਼ਨ ਜਾਂ ਸੱਤਾ ਦਾ ਮੋਹਰਾ ? ਨਿਰਪੱਖਤਾ ਦੇ ਦਾਅਵਿਆਂ ਦਾ ਹੋਇਆ ਪਰਦਾਫਾਸ਼ ✪ ਅਦਾਲਤ ਨੇ ਦਿਖਾਈ 'ਢਿੱਲ', ਇਨਸਾਫ਼ ਦੀ ਉਡੀਕ ਵਿਚ ਰੁਲੇ ਲੱਖਾਂ ਨਾਗਰਿਕ ✪ ਭਾਜਪਾ ਵਲੋਂ 2029 ਦੀ ਤਿਆਰੀ ? ਬੰਗਾਲ ਦਾ ਮਾਡਲ ਅਤੇ ਲੋਕਤੰਤਰ ਦਾ ਭਵਿੱਖ**

ਪੱਛਮੀ ਬੰਗਾਲ ਦੀਆਂ 2026 ਦੀਆਂ ਚੋਣਾਂ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਅਜਿਹੇ ਕਾਲੇ ਅਧਿਆਏ ਵਜੋਂ ਦਰਜ ਹੋ ਗਈਆਂ ਹਨ, ਜਿਸ ਨੇ ਸੰਵਿਧਾਨਕ ਸੰਸਥਾਵਾਂ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਪਾਸੇ ਭਾਰਤ ਆਪਣੇ ਆਪ ਨੂੰ 'ਲੋਕਤੰਤਰ ਦੀ ਜਣਨੀ' ਅਖਵਾਉਂਦਾ ਹੈ, ਪਰ ਦੂਜੇ ਪਾਸੇ 27 ਲੱਖ ਤੋਂ ਵੱਧ ਜਿਉਂਦੇ-ਜਾਗਦੇ ਵੋਟਰਾਂ ਨੂੰ ਕਾਗਜ਼ਾਂ ਵਿੱਚ 'ਮੁਰਦਾ' ਜਾਂ 'ਸ਼ੱਕੀ' ਦਿਖਾ ਕੇ ਚੋਣ ਪ੍ਰਕਿਰਿਆ ਤੋਂ ਬਾਹਰ ਕਰ ਦਿੱਤਾ ਗਿਆ। ਇਹ ਸਿਰਫ਼ ਤਕਨੀਕੀ ਗਲਤੀ ਨਹੀਂ, ਸਗੋਂ ਜਿਉਂਦੇ ਮਨੁੱਖਾਂ ਦਾ 'ਪ੍ਰਬੰਧਕੀ ਕਤਲੇਆਮ' ਹੈ।

ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸੋਧ ਦੇ ਨਾਂ 'ਤੇ ਜੋ ਖੇਡ ਖੇਡੀ ਗਈ, ਉਹ ਕਿਸੇ ਵੱਡੀ ਸਾਜ਼ਿਸ਼ ਤੋਂ ਘੱਟ ਨਹੀਂ ਜਾਪਦੀ। ਜਦੋਂ ਦੇਸ਼ ਕੋਲ ਅਰਬਾਂ ਰੁਪਏ ਖਰਚ ਕੇ ਬਣਾਇਆ ਗਿਆ ਡਾਟਾਬੇਸ ਮੌਜੂਦ ਸੀ, ਤਾਂ ਉਸ ਦਾ ਇਸਤੇਮਾਲ ਵੋਟਰਾਂ ਦੀ ਪਛਾਣ ਦੀ ਪੁਸ਼ਟੀ ਲਈ ਕਿਉਂ ਨਹੀਂ ਕੀਤਾ ਗਿਆ ? ਇਸ ਦੀ ਬਜਾਏ, ਲੱਖਾਂ ਗਰੀਬ ਅਤੇ ਆਮ ਨਾਗਰਿਕਾਂ ਨੂੰ ਸਰਕਾਰੀ ਦਫ਼ਤਰਾਂ ਦੀਆਂ ਚੌਖਟਾਂ 'ਤੇ ਆਪਣੀ 'ਹੋਂਦ' ਸਾਬਤ ਕਰਨ ਲਈ ਖੱਲ੍ਹੇਆਮ ਰੁਲਣ ਲਈ ਛੱਡ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਵੀ ਇਸ ਮਾਮਲੇ ਵਿੱਚ ਕੋਈ ਸਖ਼ਤ ਰੁਖ਼ ਅਖਤਿਆਰ ਨਹੀਂ ਕੀਤਾ। ਵੋਟਰਾਂ ਨੂੰ ਤੁਰੰਤ ਰਾਹਤ ਦੇਣ ਦੀ ਬਜਾਏ, ਉਨ੍ਹਾਂ ਨੂੰ 'ਨਿਆਇਕ ਟ੍ਰਿਬਿਊਨਲ' ਦੇ ਚੱਕਰਾਂ ਵਿੱਚ ਪਾ ਦਿੱਤਾ ਗਿਆ। ਨਤੀਜਾ ਇਹ ਨਿਕਲਿਆ ਕਿ 27 ਲੱਖ ਲੋਕਾਂ ਵਿੱਚੋਂ ਵੋਟਾਂ ਪੈਣ ਤੱਕ ਸਿਰਫ਼ 1,717 ਲੋਕ ਹੀ ਕਾਗਜ਼ਾਂ ਵਿੱਚ ਵਾਪਸ 'ਜਿਉਂਦੇ' ਹੋ ਸਕੇ। ਬਾਕੀ ਲੱਖਾਂ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਖਤਮ ਕਰ ਦਿੱਤਾ ਗਿਆ।

ਚੋਣ ਨਤੀਜਿਆਂ ਦੇ ਅੰਕੜੇ ਇਸ ਸਾਰੀ ਪ੍ਰਕਿਰਿਆ ਦੀ ਕੜੀ ਨੂੰ ਹੋਰ ਵੀ ਸਪੱਸ਼ਟ ਕਰਦੇ ਹਨ। ਜਿਨ੍ਹਾਂ 49 ਸੀਟਾਂ 'ਤੇ ਵੋਟਰਾਂ ਦੇ



ਨਾਮ ਵੱਡੀ ਗਿਣਤੀ ਵਿੱਚ ਕੱਟੇ ਗਏ ਸਨ, ਉੱਥੇ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਗਏ। ਕੀ ਇਹ ਸਿਰਫ਼ ਇਤਫ਼ਾਕ ਹੈ ਕਿ 2021 ਵਿੱਚ ਜਿਸ ਪਾਰਟੀ ਕੋਲ ਇਨ੍ਹਾਂ ਵਿੱਚੋਂ ਸਿਰਫ਼ ਇੱਕ ਸੀਟ ਸੀ, ਉਹ ਹੁਣ ਅੱਧੇ ਤੋਂ ਵੱਧ ਸੀਟਾਂ 'ਤੇ ਕਾਬਜ਼ ਹੋ ਗਈ ?

ਅੱਜ ਦੀ ਅਫ਼ਸਰਸ਼ਾਹੀ 'ਤੇ ਸੱਤਾ ਦੇ ਗੁਲਾਮ ਹੋਣ ਦੇ ਲੱਗ ਰਹੇ ਦੋਸ਼ ਦੇਸ਼ ਦੇ ਲੋਕਤੰਤਰੁ ਭਵਿੱਖ ਲਈ ਖ਼ਤਰਨਾਕ ਹਨ। ਜੇਕਰ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਸਿਰਫ਼ ਸੱਤਾਧਾਰੀ ਧਿਰ ਦੀ ਮਰਜ਼ੀ ਅਨੁਸਾਰ ਕੰਮ ਕਰਨ ਲੱਗ ਪੈਣ, ਤਾਂ ਲੋਕਤੰਤਰ ਦੀ ਬੁਨਿਆਦ ਹਿੱਲਣੀ ਲਾਜ਼ਮੀ ਹੈ। ਵਿਰੋਧੀ ਧਿਰ ਦੀ ਚੁੱਪ ਅਤੇ ਰਣਨੀਤਕ ਅਸਫਲਤਾ ਵੀ ਇਸ ਗੁਨਾਹ ਵਿੱਚ ਬਰਾਬਰ ਦੀ ਹਿੱਸੇਦਾਰ ਹੈ।

ਅੰਤ ਵਿੱਚ, ਇਹ ਸਿਰਫ਼ ਬੰਗਾਲ ਦੀ ਗੱਲ ਨਹੀਂ ਹੈ। ਜੇਕਰ 'ਜਿਉਂਦੇ ਵੋਟਰਾਂ ਨੂੰ ਮੁਰਦਾ ਬਣਾਉਣ' ਦਾ ਇਹ ਸਿਲਸਿਲਾ 2029 ਤੱਕ ਇਸੇ ਤਰ੍ਹਾਂ ਚੱਲਦਾ ਰਿਹਾ, ਤਾਂ ਭਾਰਤ ਵਿੱਚ ਵੋਟ ਦਾ ਅਧਿਕਾਰ ਸਿਰਫ਼ ਇੱਕ ਭਰਮ ਰਹਿ ਜਾਵੇਗਾ। ਲੋਕਤੰਤਰ ਨੂੰ ਬਚਾਉਣ ਲਈ ਅਦਾਲਤਾਂ, ਨਾਗਰਿਕ ਸਮਾਜ ਅਤੇ ਸੰਸਥਾਵਾਂ ਨੂੰ ਆਪਣੀ ਜ਼ਮੀਰ ਜਗਾਉਣੀ ਪਵੇਗੀ, ਨਹੀਂ ਤਾਂ ਇਤਿਹਾਸ ਲਿਖੇਗਾ ਕਿ ਅਸੀਂ ਆਪਣੇ ਹੱਥੀਂ ਆਪਣੇ ਲੋਕਤੰਤਰ ਦਾ ਗਲਾ ਘੁੱਟਿਆ ਹੈ।

## ਤਾਮਿਲਨਾਡੂ ਵਿੱਚ 'ਥਲਪਤੀ' ਯੁੱਗ ਦੀ ਸ਼ੁਰੂਆਤ: ਜੋਸਫ ਵਿਜੇ ਬਣੇ ਮੁੱਖ ਮੰਤਰੀ

ਤਾਮਿਲਨਾਡੂ ਦੀ ਰਾਜਨੀਤੀ ਵਿੱਚ 60 ਸਾਲਾਂ ਬਾਅਦ ਇੱਕ ਵੱਡਾ ਇਤਿਹਾਸਕ ਮੋੜ ਆਇਆ ਹੈ। ਦਰਾਵਿੜ ਪਾਰਟੀਆਂ ਡੀਐਮਕੇ ਅਤੇ ਏਆਈਏਡੀਐਮਕੇ ਦੇ ਦਹਾਕਿਆਂ ਪੁਰਾਣੇ ਦਬਦਬੇ ਨੂੰ ਖ਼ਤਮ ਕਰਦਿਆਂ, ਅਦਾਕਾਰ ਤੋਂ ਸਿਆਸਤਦਾਨ ਬਣੇ ਸੀ. ਜੋਸਫ਼ ਵਿਜੇ ਨੇ ਬੀਤੇ ਦਿਨੀਂ ਰਾਜ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ।

ਇਹ ਸ਼ਾਨਦਾਰ ਸਮਾਰੋਹ ਚੇਨਈ ਦੇ ਜਵਾਹਰ ਲਾਲ ਨਹਿਰੂ ਇਨਡੋਰ ਸਟੇਡੀਅਮ ਵਿੱਚ ਸੰਪੰਨ ਹੋਇਆ। ਕਾਂਗਰਸ ਆਗੂ ਰਾਹੁਲ ਗਾਂਧੀ, ਫ਼ਿਲਮੀ ਹਸਤੀਆਂ ਅਤੇ ਵਿਜੇ ਦੇ ਮਾਤਾ-ਪਿਤਾ ਸਮੇਤ ਕਈ ਦਿੱਗਜ ਹਸਤੀਆਂ ਨੇ ਸ਼ਮੂਲੀਅਤ ਕੀਤੀ।

ਰਾਜਪਾਲ ਆਰ.ਵੀ. ਅਰਲੇਕਰ ਨੇ ਵਿਜੇ ਅਤੇ ਉਨ੍ਹਾਂ ਦੇ 9 ਮੰਤਰੀਆਂ ਨੂੰ ਸਹੁੰ ਚੁਕਾਈ, ਜਿਸ ਵਿੱਚ ਤਜਰਬੇਕਾਰ ਕੇ.ਏ. ਸੇਂਗੋਟਾਈਅਨ ਅਤੇ ਕਈ ਨੌਜਵਾਨ ਚਿਹਰੇ ਸ਼ਾਮਲ ਹਨ।



ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਦਿਆਂ ਹੀ ਵਿਜੇ ਨੇ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਤਿੰਨ ਅਹਿਮ ਫਾਈਲਾਂ 'ਤੇ ਦਸਤਖਤ ਕੀਤੇ:

500 ਯੂਨਿਟ ਤੋਂ ਵੱਧ ਬਿਜਲੀ ਵਰਤਣ ਵਾਲੇ ਘਰੇਲੂ ਖਪਤਕਾਰਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾਵੇਗੀ।

ਔਰਤਾਂ ਦੀ ਸੁਰੱਖਿਆ ਲਈ 'ਸਿੰਗਾ ਪੈੱਨ' (ਸ਼ੇਰਨੀ) ਸਪੈਸ਼ਲ ਐਕਸ਼ਨ ਫੋਰਸ ਦਾ ਗਠਨ ਕੀਤਾ ਜਾਵੇਗਾ।

ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ 65 ਨਾਰਕੋਟਿਕ ਵਿਰੋਧੀ ਟਾਸਕ ਫੋਰਸ ਯੂਨਿਟਾਂ ਸਥਾਪਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਵਿੱਚ ਸੱਤਾ ਦਾ ਸਿਰਫ਼ ਇੱਕ ਹੀ ਕੇਂਦਰ ਹੋਵੇਗਾ ਅਤੇ ਉਹ ਖੁਦ ਹੋਣਗੇ, ਤਾਂ ਜੋ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਰਹੇ। ਉਨ੍ਹਾਂ ਨੇ ਝੂਠੇ ਵਾਅਦੇ ਨਾ ਕਰਨ ਅਤੇ ਸੱਚੇ, ਧਰਮ ਨਿਰਪੱਖ ਤੇ ਸਮਾਜਿਕ ਨਿਆਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਦਾ ਅਹਿਦ ਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਰਾਹੀਂ ਸੀ. ਜੋਸਫ਼ ਵਿਜੇ ਨੂੰ ਮੁੱਖ ਮੰਤਰੀ ਬਣਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸਫਲ ਕਾਰਜਕਾਲ ਲਈ ਸ਼ੁਭਕਾਮਨਾਵਾਂ ਭੇਜੀਆਂ, ਜਿਸ ਲਈ ਵਿਜੇ ਨੇ ਉਨ੍ਹਾਂ ਦਾ ਧੰਨਵਾਦ ਕੀਤਾ।

## ਪਾਕਿਸਤਾਨ ਤੋਂ ਮੰਗਵਾਏ ਅਮਰੀਕੀ ਪਿਸਤੌਲਾਂ ਸਣੇ 3 ਗ੍ਰਿਫ਼ਤਾਰ

ਪਠਾਨਕੋਟ-ਪਠਾਨਕੋਟ ਪੁਲੀਸ ਨੇ ਲੁੱਟਾਂ-ਖੋਹਾਂ ਅਤੇ ਫਿਰੌਤੀਆਂ ਮੰਗਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ ਤਿੰਨ ਨੌਜਵਾਨਾਂ ਪੰਕਜ ਜੈਕ: ਵਾਸੀ ਪਿੰਡ ਡੱਲਾ ਬਲੀਮ (ਥਾਣਾ ਤਾਰਾਗੜ੍ਹ), ਸ਼ਾਮ ਬਾਬਾ: ਵਾਸੀ ਕੱਚੇ ਕੁਆਟਰ (ਪਠਾਨਕੋਟ), ਸੌਰਭ: ਵਾਸੀ ਹੈਬਤ ਪਿੰਡੀ ਨੂੰ ਨਾਜਾਇਜ਼ ਹਥਿਆਰਾਂ ਅਤੇ ਇੱਕ ਕਾਰ ਸਮੇਤ ਕਾਬੂ ਕੀਤਾ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਮੁਲਜ਼ਮਾਂ ਕੋਲੋਂ ਬਰਾਮਦ ਕੀਤੇ ਗਏ ਪਿਸਤੌਲ ਅਮਰੀਕਾ ਦੇ ਬਣੇ ਹੋਏ ਹਨ, ਜੋ ਕਥਿਤ ਤੌਰ 'ਤੇ ਪਾਕਿਸਤਾਨ ਦੇ ਰਸਤੇ ਮੰਗਵਾਏ ਗਏ ਸਨ। ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਇਹ ਮੁਲਜ਼ਮ ਇਨ੍ਹਾਂ ਹਥਿਆਰਾਂ ਨਾਲ ਵੱਡੀਆਂ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ। ਮੁਲਜ਼ਮਾਂ ਦਾ ਪੁਰਾਣਾ ਰਿਕਾਰਡ ਵੀ ਦਾਗ਼ੀ ਹੈ: ਪੰਕਜ ਕੁਮਾਰ: ਇਸ ਵਿਰੁੱਧ ਪਹਿਲਾਂ ਹੀ ਚੋਰੀ, ਝਗੜੇ ਅਤੇ ਨਸ਼ਾ ਤਸਕਰੀ ਦੇ 3 ਮਾਮਲੇ ਦਰਜ ਹਨ। ਸ਼ਾਮ ਉਪਰ ਆਰਮਜ਼ ਐਕਟ ਦੇ 2 ਮਾਮਲੇ ਚੱਲ ਰਹੇ ਹਨ।

## ਸ਼ੰਭੂ ਰੇਲਵੇ ਧਮਾਕਾ: ਪਰਿਵਾਰ ਵੱਲੋਂ ਮੂੰਹ ਮੋੜਨ ਤੋਂ ਬਾਅਦ ਨਿਹੰਗ ਜਥੇਬੰਦੀ ਨੇ ਚੁਗੀਆਂ ਮ੍ਰਿਤਕ ਜਗਰੂਪ ਦੀਆਂ ਅਸਥੀਆਂ



ਪਟਿਆਲਾ-ਸ਼ੰਭੂ-ਅੰਬਾਲਾ ਰੇਲਵੇ ਲਾਈਨ 'ਤੇ ਹੋਏ ਰਹੱਸਮਈ ਧਮਾਕੇ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਸਾਹਮਣੇ ਆਇਆ ਹੈ। ਇਸ ਧਮਾਕੇ ਵਿੱਚ ਮਾਰੇ ਗਏ 33 ਸਾਲਾ ਨੌਜਵਾਨ ਜਗਰੂਪ ਸਿੰਘ ਜੂਪਾ (ਵਾਸੀ ਪੰਜਵੜ ਖੁਰਦ, ਤਰਨ ਤਾਰਨ) ਦੇ ਪਰਿਵਾਰ ਵੱਲੋਂ ਉਸ ਦੀ ਦੇਹ ਸਵੀਕਾਰ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ, ਹੁਣ ਨਿਹੰਗ ਜਥੇਬੰਦੀਆਂ ਨੇ ਉਸ ਦੀਆਂ ਅੰਤਿਮ ਰਸਮਾਂ ਦੀ ਜ਼ਿੰਮੇਵਾਰੀ ਉਠਾਈ ਹੈ। ਪੁਲੀਸ ਜਾਂਚ ਅਨੁਸਾਰ, ਇਹ ਧਮਾਕਾ 27 ਅਪਰੈਲ ਦੀ ਰਾਤ ਨੂੰ ਘਨੌਰ ਇਲਾਕੇ ਦੇ ਪਿੰਡ ਬਠੌਣੀਆਂ ਨੇੜੇ ਉਸ ਸਮੇਂ ਹੋਇਆ ਜਦੋਂ ਕਥਿਤ ਤੌਰ 'ਤੇ ਬੰਬ ਫਿੱਟ ਕੀਤਾ ਜਾ ਰਿਹਾ ਸੀ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਜਗਰੂਪ ਸਿੰਘ ਦੇ ਸਰੀਰ ਦੇ ਚੀਥੜੇ ਉੱਡ ਗਏ ਸਨ ਅਤੇ ਮੌਕੇ 'ਤੇ ਸਰੀਰ ਦੇ ਕੁਝ ਅੰਗ ਹੀ ਬਚੇ ਸਨ। ਪੁਲੀਸ ਦਾ ਤਰਕ ਹੈ ਕਿ ਬੰਬ ਸਮੇਂ ਤੋਂ ਪਹਿਲਾਂ ਫਟਣ ਕਾਰਨ ਇਹ ਹਾਦਸਾ ਵਾਪਰਿਆ।

ਪਰਿਵਾਰ ਦਾ ਇਨਕਾਰ ਅਤੇ ਨਿਹੰਗ ਸਿੰਘਾਂ ਦੀ ਪਹਿਲ-ਜਗਰੂਪ ਦੇ ਵਾਰਿਸਾਂ ਨੇ ਵੱਖ-ਵੱਖ ਦਲੀਲਾਂ ਦਿੰਦਿਆਂ ਉਸ ਦਾ ਅਧੂਰਾ ਧੜ ਲੈਣ ਤੋਂ ਸਾਫ਼ ਮਨਾ ਕਰ ਦਿੱਤਾ ਸੀ। ਪਰਿਵਾਰ ਦੀ ਗੈਰ-ਮੌਜੂਦਗੀ ਵਿੱਚ, ਸਾਬਕਾ ਖਾੜਕੂ ਬਾਬਾ ਬਖ਼ਸ਼ੀਸ਼ ਸਿੰਘ ਨੇ ਮ੍ਰਿਤਕ ਦਾ ਸਸਕਾਰ ਕੀਤਾ। ਤਰਨਾ ਦਲ (ਨਿਹੰਗ ਦਲ) ਦੇ ਮੁਖੀ ਬਾਬਾ ਰਾਜਾ ਰਾਜ ਸਿੰਘ ਦੀ ਅਗਵਾਈ ਹੇਠ ਨਿਹੰਗ ਸਿੰਘਾਂ ਵੱਲੋਂ ਮ੍ਰਿਤਕ ਦੀਆਂ ਅਸਥੀਆਂ ਚੁਗੀਆਂ ਗਈਆਂ।

# ਭਾਰਤ ਵਿਚ ਡਰੈੱਸ ਕੋਡ ਦੇ ਬਹਾਨੇ ਕਾਰਪੋਰੇਟ ਕੰਪਨੀਆਂ ਵਲੋਂ ਪਛਾਣ ’ਤੇ ਹਮਲਾ ?

## ✪ ਘੱਟ ਗਿਣਤੀਆਂ ਦੀ ਪਛਾਣ ਨੂੰ ਆਧਾਰ ਬਣਾਕੇ ਕੀਤਾ ਜਾਂਦਾ ਏ ਵਿਤਕਰਾ
## ✪ ਸੰਵਿਧਾਨਕ ਹੱਕ ਬਨਾਮ ਕੰਪਨੀ ਦੇ ਨਿਯਮ: ਕੌਣ ਵੱਡਾ ? ਸਰਕਾਰ ਚੁੱਪ ਕਿਉਂ ?

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ ਕੰਮ ਕਰਨ ਵਾਲੀਆਂ ਥਾਵਾਂ ’ਤੇ ਪਹਿਰਾਵੇ ਦੇ ਨਿਯਮਾਂ ਅਤੇ ਧਾਰਮਿਕ ਪ੍ਰਤੀਕਾਂ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਸੋਸ਼ਲ ਮੀਡੀਆ ’ਤੇ ‘ਲੈਂਸਕਾਰਟ’ ਅਤੇ ‘ਏਅਰ ਇੰਡੀਆ’ ਵਰਗੀਆਂ ਕੰਪਨੀਆਂ ਦੇ ਪੁਰਾਣੇ ਡਰੈੱਸ ਕੋਡ ਮੈਨੂਅਲ ਵਾਇਰਲ ਹੋਣ ਤੋਂ ਬਾਅਦ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਕਾਰਜ ਸਥਾਨਾਂ ’ਤੇ ਬਿੰਦੀ, ਸਿੰਦੂਰ, ਪੱਗ, ਹਿਜਾਬ ਜਾਂ ਕਲਾਵੇ ਵਰਗੇ ਚਿੰਨ੍ਹਾਂ ’ਤੇ ਪਾਬੰਦੀ ਲਗਾਉਣਾ ਸਹੀ ਹੈ ? ਇਹ ਮੁੱਦਾ ਸਿਰਫ਼ ਕੰਪਨੀ ਦੀਆਂ ਨੀਤੀਆਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਧਰਮ, ਨਿੱਜੀ ਪਸੰਦ ਅਤੇ ਸੰਵਿਧਾਨਕ ਹੱਕਾਂ ਦੇ ਵਿਚਕਾਰ ਇੱਕ ਜੰਗ ਬਣ ਗਿਆ ਹੈ।

ਕਈ ਨਿੱਜੀ ਅਦਾਰੇ ਅਤੇ ਸਰਕਾਰੀ ਸੰਸਥਾਵਾਂ ਦਲੀਲ ਦਿੰਦੀਆਂ ਹਨ ਕਿ ਡਰੈੱਸ ਕੋਡ ਦਾ ਮਕਸਦ ਸਾਰੇ ਕਰਮਚਾਰੀਆਂ ਵਿੱਚ ਇੱਕਸਾਰਤਾ ਅਤੇ ਪੇਸ਼ੇਵਰ ਮਾਹੌਲ ਬਣਾਈ ਰੱਖਣਾ ਹੈ। ਯੂਰਪੀਅਨ ਕੋਰਟ ਆਫ ਜਸਟਿਸ ਨੇ ਵੀ 2017 ਵਿੱਚ ਇਹ ਫੈਸਲਾ ਦਿੱਤਾ ਸੀ ਕਿ ਜੇਕਰ ਕੋਈ ਕੰਪਨੀ ‘ਨਿਊਟਰਲ’ ਡਰੈੱਸ ਕੋਡ ਲਾਗੂ ਕਰਦੀ ਹੈ, ਤਾਂ ਉਹ ਧਾਰਮਿਕ ਪ੍ਰਤੀਕਾਂ ’ਤੇ ਰੋਕ ਲਗਾ ਸਕਦੀ ਹੈ ਅਤੇ ਇਸਨੂੰ ਵਿਤਕਰਾ ਨਹੀਂ ਮੰਨਿਆ ਜਾਵੇਗਾ।

ਹਾਲਾਂਕਿ, ਭਾਰਤੀ ਸੰਦਰਭ ਵਿੱਚ ਇਹ ਮਾਮਲਾ ਵੱਖਰਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 25 ਨਾਗਰਿਕਾਂ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਅਨੁਸਾਰ ਚੱਲਣ ਦੀ ਆਜ਼ਾਦੀ ਦਿੰਦੀ ਹੈ। ਪਰ ਅਦਾਲਤਾਂ ਇੱਥੇ ‘ਜ਼ਰੂਰੀ ਧਾਰਮਿਕ ਪ੍ਰਥਾ’ ਦਾ ਸਿਧਾਂਤ ਲਾਗੂ ਕਰਦੀਆਂ ਹਨ।

ਉਦਾਹਰਨ ਵਜੋਂ, ਸਿੱਖਾਂ ਲਈ ਪੱਗ ਬੰਨ੍ਹਣਾ ਇੱਕ ਲਾਜ਼ਮੀ ਪ੍ਰਥਾ ਮੰਨੀ ਗਈ ਹੈ, ਜਿਸ ਨੂੰ ਕਾਨੂੰਨੀ ਸੁਰੱਖਿਆ ਪ੍ਰਾਪਤ ਹੈ। ਪਰ ਸਿੰਦੂਰ, ਬਿੰਦੀ ਜਾਂ ਹਿਜਾਬ ਵਰਗੇ ਪ੍ਰਤੀਕਾਂ ’ਤੇ ਅਦਾਲਤਾਂ ਦੇ ਵਿਚਾਰ ਵੱਖ-ਵੱਖ ਰਹੇ ਹਨ, ਜਿਵੇਂ ਕਿ ਕਰਨਾਟਕ ਦੇ ਹਿਜਾਬ ਵਿਵਾਦ ਵਿੱਚ ਦੇਖਿਆ ਗਿਆ।

ਭਾਰਤ ਵਿੱਚ ਸਿੱਖਾਂ ਨੂੰ ਸੰਵਿਧਾਨਕ ਤੌਰ ’ਤੇ (ਧਾਰਾ 25 ਦੇ ਤਹਿਤ) ਕਿਰਪਾਨ ਰੱਖਣ ਅਤੇ ਪੱਗ ਬੰਨ੍ਹਣ ਦੀ ਖੁੱਲ੍ਹ ਹੈ, ਪਰ ਫਿਰ ਵੀ ਕਈ ਵਾਰ ਮੁਸ਼ਕਲਾਂ ਆਉਂਦੀਆਂ ਹਨ। ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਅਤੇ ਮੁਸਾਫ਼ਰਾਂ ਨੂੰ ਹਵਾਈ ਅੱਡਿਆਂ ਦੇ ਅੰਦਰ ‘ਕਿਰਪਾਨ’ ਲੈ ਕੇ ਜਾਣ ’ਤੇ ਕਈ ਵਾਰ ਰੋਕਿਆ ਜਾਂਦਾ ਰਿਹਾ ਹੈ। ਹਾਲਾਂਕਿ, ਬਾਅਦ ਵਿੱਚ ਸਰਕਾਰ ਨੇ ਘਰੇਲੂ ਉਡਾਣਾਂ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ।ਕਈ ਵਾਰ ਨਿੱਜੀ ਸੁਰੱਖਿਆ ਏਜੰਸੀਆਂ ਜਾਂ ਖਾਸ ਫੋਰਸਾਂ ਵਿੱਚ ਡਰੈੱਸ ਕੋਡ ਦੇ ਨਾਂ ’ਤੇ ਦਾੜ੍ਹੀ ਜਾਂ ਪੱਗ ਨੂੰ ਲੈ ਕੇ ਵਿਵਾਦ ਹੋਏ ਹਨ।ਕਈ ਰਾਜਾਂ ਵਿੱਚ ਪ੍ਰੀਖਿਆ ਕੇਂਦਰਾਂ (ਜਿਵੇਂ ਕਿ ਨੀਟ ਜਾਂ ਹੋਰ ਸਰਕਾਰੀ ਨੌਕਰੀਆਂ) ਵਿੱਚ ਸਿੱਖ ਵਿਦਿਆਰਥੀਆਂ ਨੂੰ ਕੜਾ ਜਾਂ ਕਿਰਪਾਨ ਉਤਾਰਨ ਲਈ ਮਜਬੂਰ ਕਰਨ ਦੀਆਂ ਖ਼ਬਰਾਂ ਰਾਜਸਥਾਨ ਅਤੇ ਦਿੱਲੀ ਵਰਗੇ ਇਲਾਕਿਆਂ ਤੋਂ ਆਉਂਦੀਆਂ ਰਹੀਆਂ ਹਨ।



ਬਿਊਰੋ ਆਫ ਸਿਵਲ ਐਵੀਏਸ਼ਨ ਸਕਿਓਰਿਟੀ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਵਿੱਚ ਹਵਾਈ ਅੱਡਿਆਂ ’ਤੇ ਕੰਮ ਕਰਨ ਵਾਲੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨਣ ਤੋਂ ਰੋਕ ਦਿੱਤਾ ਗਿਆ ਸੀ। ਭਾਰੀ ਵਿਰੋਧ ਤੋਂ ਬਾਅਦ 12 ਮਾਰਚ 2022 ਨੂੰ ਇਸ ਫੈਸਲੇ ਨੂੰ ਸੋਧਿਆ ਗਿਆ ਅਤੇ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਸਮੇਤ ਡਿਊਟੀ ਕਰਨ ਦੀ ਇਜਾਜ਼ਤ ਦਿੱਤੀ ਗਈ।

ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ’ਤੇ ਇੱਕ ਅੰਮ੍ਰਿਤਧਾਰੀ ਸਿੱਖ ਪਾਇਲਟ ਨੂੰ ਕਿਰਪਾਨ ਪਹਿਨਣ ਕਾਰਨ ਜਹਾਜ਼ ਉਡਾਉਣ ਤੋਂ ਰੋਕਿਆ ਗਿਆ। ਇਹ ਮਾਮਲਾ ਕਾਫੀ ਚਰਚਾ ਵਿੱਚ ਰਿਹਾ ਕਿਉਂਕਿ ਨਿਯਮ ਮੁਸਾਫਰਾਂ ਲਈ ਸਪਸ਼ਟ ਸਨ ਪਰ ਕਰਮਚਾਰੀਆਂ ਲਈ ਅਸਪਸ਼ਟ।

ਜੁਲਾਈ 2022 (ਰਾਜਸਥਾਨ) ਦੌਰਾਨ ਨੀਟ ਦੀ ਪ੍ਰੀਖਿਆ ਦੌਰਾਨ ਰਾਜਸਥਾਨ ਦੇ ਸ਼੍ਰੀ ਗੰਗਾਨਗਰ ਅਤੇ ਕੋਟਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਕਿਰਪਾਨ ਅਤੇ ਕੜਾ ਉਤਾਰਨ ਲਈ ਮਜਬੂਰ ਕੀਤਾ ਗਿਆ।

ਜੂਨ 2023: ਦੌਰਾਨ ਚੰਡੀਗੜ੍ਹ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਕੇਂਦਰੀ ਵਿਦਿਆਲਿਆ ਅਤੇ ਹੋਰ ਭਰਤੀ ਪ੍ਰੀਖਿਆਵਾਂ ਦੌਰਾਨ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਅੰਦਰ ਜਾਣ ਤੋਂ ਰੋਕਿਆ ਗਿਆ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ ਸੀ।

ਮਈ 2024 ਦੌਰਾਨ ਰਾਜਸਥਾਨ ਵਿੱਚ ਹੀ ਇੱਕ ਹੋਰ ਪ੍ਰਤੀਯੋਗੀ ਪ੍ਰੀਖਿਆ ਦੌਰਾਨ ਸਿੱਖ ਲੜਕੀਆਂ ਨੂੰ ਕੜਾ ਉਤਾਰਨ ਲਈ ਕਿਹਾ ਗਿਆ, ਜਿਸ ਕਾਰਨ ਕਾਫੀ ਰੋਸ ਪ੍ਰਦਰਸ਼ਨ ਹੋਏ।

ਅਪ੍ਰੈਲ 2024 ਦੌਰਾਨ ਸੁਪਰੀਮ ਕੋਰਟ ਵਿੱਚ ਇੱਕ ਸਿੱਖ ਵਕੀਲ ਨੂੰ ਸੁਰੱਖਿਆ ਕਰਮਚਾਰੀਆਂ ਨੇ ਕਿਰਪਾਨ ਕਾਰਨ ਅੰਦਰ ਜਾਣ ਤੋਂ ਰੋਕਿਆ। ਹਾਲਾਂਕਿ, ਬਾਅਦ ਵਿੱਚ ਸੁਪਰੀਮ ਕੋਰਟ ਨੇ ਸਪਸ਼ਟ ਕੀਤਾ ਕਿ ਅੰਮ੍ਰਿਤਧਾਰੀ ਸਿੱਖਾਂ ਨੂੰ ਸੰਵਿਧਾਨਕ ਹੱਕ ਪ੍ਰਾਪਤ ਹੈ। 2021-22 ਦੌਰਾਨ ਦਿੱਲੀ ਪੁਲਿਸ ਅਤੇ ਕੁਝ ਨਿੱਜੀ ਸੁਰੱਖਿਆ ਕੰਪਨੀਆਂ ਵਿੱਚ ਦਾੜ੍ਹੀ ਕੱਟਣ ਦੇ ਨਿਯਮਾਂ ਨੂੰ ਲੈ ਕੇ ਸਿੱਖ ਜਵਾਨਾਂ ਵੱਲੋਂ ਅਦਾਲਤਾਂ ਵਿੱਚ ਪਟੀਸ਼ਨਾਂ ਪਾਈਆਂ ਗਈਆਂ ਸਨ ਕਿ ਇਹ ਉਨ੍ਹਾਂ ਦੇ ਧਾਰਮਿਕ ਹੱਕਾਂ ਦੀ ਉਲੰਘਣਾ ਹੈ।

ਸਿੱਖਾਂ ਦੇ ਮਾਮਲੇ ਵਿੱਚ, ਭਾਰਤ ਸਰਕਾਰ ਅਕਸਰ ਉਦੋਂ ਹੀ ਹਰਕਤ ਵਿੱਚ ਆਉਂਦੀ ਹੈ ਜਦੋਂ ਸਿੱਖ ਸੰਸਥਾਵਾਂ ਜਾਂ ਸਿਆਸੀ ਦਬਾਅ ਪੈਂਦਾ ਹੈ।ਹੇਠਲੇ ਪੱਧਰ ਦੇ ਅਧਿਕਾਰੀ ਸੰਵਿਧਾਨਕ ਨਿਯਮਾਂ ਤੋਂ ਜਾਣੂ ਨਹੀਂ ਹੁੰਦੇ, ਜਿਸ ਕਾਰਨ ਉਹ ਸੁਰੱਖਿਆ ਦੇ ਨਾਂ ’ਤੇ ਸਿੱਖਾਂ ਨੂੰ ਪਰੇਸ਼ਾਨ ਕਰਦੇ ਹਨ। ਭਾਰਤ ਦੇ ਕਈ ਸੂਬਿਆਂ (ਜਿਵੇਂ ਦੱਖਣੀ ਜਾਂ ਪੂਰਬੀ ਭਾਰਤ) ਵਿੱਚ ਸੁਰੱਖਿਆ ਕਰਮਚਾਰੀ ਸਿੱਖ ਰਹਿਤ ਮਰਯਾਦਾ ਅਤੇ ਸੰਵਿਧਾਨ ਦੀ ਧਾਰਾ 25 ਬਾਰੇ ਪੂਰੀ ਜਾਣਕਾਰੀ ਨਹੀਂ ਰੱਖਦੇ।

ਇਸ ਬਹਿਸ ਦਾ ਇੱਕ ਹੋਰ ਪਹਿਲੂ ਔਰਤਾਂ ’ਤੇ ਪਾਇਆ ਜਾਣ ਵਾਲਾ ਸਮਾਜਿਕ ਅਤੇ ਪਿਤਰੀ-ਸੱਤਾਵਾਦੀ ਦਬਾਅ ਹੈ। ਕਈ ਉਦਾਹਰਨਾਂ ਦੱਸਦੀਆਂ ਹਨ ਕਿ ਕਿਵੇਂ ਵਿਆਹੀਆਂ ਹਿੰਦੂ ਔਰਤਾਂ ’ਤੇ ‘ਵਿਆਹੀਆਂ ਦਿਖਣ’ ਲਈ ਮੰਗਲਸੂਤਰ ਅਤੇ ਸਿੰਦੂਰ ਪਹਿਨਣ ਦਾ ਦਬਾਅ ਪਰਿਵਾਰ ਵੱਲੋਂ ਪਾਇਆ ਜਾਂਦਾ ਹੈ, ਚਾਹੇ ਉਹ ਦਫਤਰੀ ਕੰਮ ਵਿੱਚ ਅੜਿੱਕਾ ਹੀ ਕਿਉਂ ਨਾ ਬਣਨ ? ਦੂਜੇ ਪਾਸੇ, ਮੁਸਲਿਮ ਔਰਤਾਂ ਲਈ ਹਿਜਾਬ ਪਹਿਨਣਾ ਉਨ੍ਹਾਂ ਦੀ ਨਿੱਜੀ ਪਛਾਣ ਅਤੇ ਵਿਸ਼ਵਾਸ ਦਾ ਹਿੱਸਾ ਬਣ ਚੁੱਕਾ ਹੈ। ਜਦੋਂ ਕਾਰਜ ਸਥਾਨਾਂ ’ਤੇ ਅਜਿਹੀਆਂ ਪਾਬੰਦੀਆਂ ਲੱਗਦੀਆਂ ਹਨ, ਤਾਂ ਇਹ ਔਰਤਾਂ ਦੀ ਸਿੱਖਿਆ ਅਤੇ ਰੁਜ਼ਗਾਰ ਤੱਕ ਪਹੁੰਚ ਨੂੰ ਪ੍ਰਭਾਵਿਤ ਕਰਦੀਆਂ ਹਨ।

ਸਰਕਾਰ ਅਕਸਰ ਅਜਿਹੇ ਮਾਮਲਿਆਂ ਵਿੱਚ ਇਹ ਕਹਿ ਕੇ ਪਿੱਛੇ ਹਟ ਜਾਂਦੀ ਹੈ ਕਿ ‘ਧਾਰਮਿਕ ਆਜ਼ਾਦੀ’ (ਧਾਰਾ 25) ਅਤੇ ‘ਨਿੱਜੀ ਪਸੰਦ’ ਦੇ ਮੁੱਦੇ ਅਦਾਲਤਾਂ ਦੇ ਅਧਿਕਾਰ ਖੇਤਰ ਵਿੱਚ ਹਨ। ਜਦੋਂ ਤੱਕ ਸੁਪਰੀਮ ਕੋਰਟ ਕਿਸੇ ਪ੍ਰਥਾ ਨੂੰ “ਜ਼ਰੂਰੀ ਧਾਰਮਿਕ ਪ੍ਰਥਾ” ਘੋਸ਼ਿਤ ਨਹੀਂ ਕਰਦੀ, ਸਰਕਾਰ ਨਿੱਜੀ ਕੰਪਨੀਆਂ ਦੇ ਅੰਦਰੂਨੀ ਨਿਯਮਾਂ ਵਿੱਚ ਦਖਲ ਦੇਣ ਤੋਂ ਬਚਦੀ ਹੈ।

ਕਾਨੂੰਨੀ ਤੌਰ ’ਤੇ, ਨਿੱਜੀ ਕੰਪਨੀਆਂ ਨੂੰ ਆਪਣੇ ਕਰਮਚਾਰੀਆਂ ਲਈ ਡਰੈੱਸ ਕੋਡ ਅਤੇ ਅਨੁਸ਼ਾਸਨ ਦੇ ਨਿਯਮ ਬਣਾਉਣ ਦਾ ਹੱਕ ਹੈ। ਸਰਕਾਰ ਉਦੋਂ ਤੱਕ ਦਖਲ ਨਹੀਂ ਦਿੰਦੀ ਜਦੋਂ ਤੱਕ ਇਹ ਸਾਬਤ ਨਾ ਹੋ ਜਾਵੇ ਕਿ ਨਿਯਮ ਸਿੱਧੇ ਤੌਰ ’ਤੇ ਕਿਸੇ ਦੇ ਮੌਲਿਕ ਅਧਿਕਾਰਾਂ ਦਾ ਘਾਣ ਕਰ ਰਹੇ ਹਨ।ਸਰਕਾਰ ਵਪਾਰਕ ਸੁਤੰਤਰਤਾ ਦੇ ਨਾਂ ’ਤੇ ਕੰਪਨੀਆਂ ਨੂੰ ਆਪਣੀਆਂ ਨੀਤੀਆਂ ਤੈਅ ਕਰਨ ਦੀ ਖੁੱਲ੍ਹ ਦਿੰਦੀ ਹੈ, ਤਾਂ ਜੋ ਨਿਵੇਸ਼ ਪ੍ਰਭਾਵਿਤ ਨਾ ਹੋਵੇ।

ਅਜੋਕੇ ਸਮੇਂ ਵਿੱਚ ‘ਧਾਰਮਿਕ ਪਛਾਣ’ ਨੂੰ ਮਾਰਕੀਟਿੰਗ ਅਤੇ ਰਾਜਨੀਤੀ ਨਾਲ ਜੋੜਿਆ ਜਾ ਰਿਹਾ ਹੈ। ਫੈਬ ਇੰਡੀਆ ਦੇ ‘ਜਸ਼ਨ-ਏ-ਰਿਵਾਜ’ ਵਿਗਿਆਪਨ ’ਤੇ ਹੋਇਆ ਵਿਵਾਦ ਅਤੇ ਸੋਸ਼ਲ ਮੀਡੀਆ ’ਤੇ #ਨੋ ਬਿੰਦੀ ਨੋ ਬਿਜਨਿਸ ਵਰਗੇ ਟ੍ਰੈਂਡ ਇਸ ਗੱਲ ਦਾ ਸਬੂਤ ਹਨ ਕਿ ਕਿਵੇਂ ਖਪਤਕਾਰਾਂ ਨੂੰ ਧਰਮ ਦੇ ਆਧਾਰ ’ਤੇ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਰੁਝਾਨ ਘੱਟ ਗਿਣਤੀਆਂ ਦੇ ਆਰਥਿਕ ਮੌਕਿਆਂ ਨੂੰ ਘਟਾ ਸਕਦਾ ਹੈ, ਜੋ ਪਹਿਲਾਂ ਹੀ ਕਾਰਪੋਰੇਟ ਸੈਕਟਰ ਵਿੱਚ ਉੱਚ ਅਹੁਦਿਆਂ ’ਤੇ ਬਹੁਤ ਘੱਟ ਗਿਣਤੀ (ਲਗਭਗ 2.67%) ਵਿੱਚ ਹਨ।

ਕਾਰਜ ਸਥਾਨਾਂ ’ਤੇ ਨਿਯਮ ਜ਼ਰੂਰ ਹੋਣੇ ਚਾਹੀਦੇ ਹਨ, ਪਰ ਉਹ ‘ਤਰਕਸੰਗਤ’ ਹੋਣੇ ਚਾਹੀਦੇ ਹਨ। ਕਿਸੇ ਵੀ ਪਾਬੰਦੀ ਦਾ ਅਸਰ ਕਿਸੇ ਦੀ ਨਿੱਜੀ ਵਾਜੂਦ ਜਾਂ ਰੁਜ਼ਗਾਰ ਦੇ ਹੱਕ ’ਤੇ ਨਹੀਂ ਪੈਣਾ ਚਾਹੀਦਾ। ਭਾਰਤ ਵਰਗੇ ਵਿਭਿੰਨਤਾ ਭਰੇ ਦੇਸ਼ ਵਿੱਚ, ਸਿਰਫ਼ ਇੱਕਸਾਰਤਾ ਹੀ ਬਰਾਬਰੀ ਦਾ ਮਾਪਦੰਡ ਨਹੀਂ ਹੋ ਸਕਦੀ; ਅਸਲ ਬਰਾਬਰੀ ਉਦੋਂ ਆਵੇਗੀ ਜਦੋਂ ਹਰ ਵਿਅਕਤੀ ਆਪਣੀ ਧਾਰਮਿਕ ਪਛਾਣ ਦੇ ਨਾਲ-ਨਾਲ ਆਪਣੇ ਪੇਸ਼ੇਵਰ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਸੁਤੰਤਰ ਹੋਵੇਗਾ। ਕੰਪਨੀਆਂ ਅਤੇ ਸਰਕਾਰਾਂ ਨੂੰ ਅਜਿਹੇ ਨਿਯਮ ਬਣਾਉਣੇ ਚਾਹੀਦੇ ਹਨ ਜੋ ਨਾ ਤਾਂ ਕਿਸੇ ਖਾਸ ਧਰਮ ਨੂੰ ਨਿਸ਼ਾਨਾ ਬਣਾਉਣ ਅਤੇ ਨਾ ਹੀ ਕਿਸੇ ਨੂੰ ਆਪਣੀ ਪਛਾਣ ਛੁਪਾਉਣ ਲਈ ਮਜਬੂਰ ਕਰਨ।

# ਯੂ ਕੇ ਦੇ ਪ੍ਰਧਾਨ ਮੰਤਰੀ ਸਟਾਰਮਰ ਸਥਾਨਕ ਚੋਣ ਨਤੀਜਿਆਂ ਤੋਂ ਬਾਅਦ ਸਾਬਕਾ ਪ੍ਰਧਾਨ ਅਤੇ ਸਾਬਕਾ ਮੰਤਰੀ ਨੂੰ ਬਣਾਇਆ ਸਲਾਹਕਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬੀਤੇ ਕੱਲ ਦੇ ਸਥਾਨਿਕ ਚੋਣ ਨਤੀਜਿਆਂ ਨੇ ਲੇਬਰ ਪਾਰਟੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ। ਜਿਸ ਨਾਲ ਪ੍ਰਧਾਨ ਮੰਤਰੀ ਕੀਰ ਸਟਾਰਮਰ ਤੇ ਦਬਾਅ ਹੋਰ ਵੀ ਵੱਧ ਗਿਆ ਹੈ। ਭਾਵੇਂ ਪਾਰਟੀ ਦੇ ਸੀਨੀਅਰ ਨੇਤਾਵਾਂ ਅਤੇ ਕੈਬਨੈਟ ਨੇ ਪ੍ਰਧਾਨ ਮੰਤਰੀ ਦੇ ਹੱਕ ਵਿੱਚ ਭੁਗਤਦਿਆਂ ਅਸਤੀਫੇ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਲੇਕਨ ਮੌਜੂਦਾ ਸਿਆਸੀ ਹਾਲਾਤਾਂ ਨੂੰ ਸੁਧਾਰਨ ਲਈ 10 ਡਾਊਨਿੰਗ ਸਟ੍ਰੀਟ ਵਿਖੇ ਮਾਹਰ ਸਲਾਹਕਾਰ ਭੂਮਿਕਾਵਾਂ ਵਿੱਚ ਦੋ ਤਜਰਬੇਕਾਰ ਨੇਤਾਵਾਂ ਨੂੰ ਨਿਯੁਕਤ ਕੀਤਾ ਹੈ।**



ਪ੍ਰਧਾਨ ਮੰਤਰੀ ਕੀਰ ਸਟਾਰਮਰ, ਸਾਬਕਾ ਪ੍ਰਧਾਨ ਮੰਤਰੀ ਗੋਰਡਨ ਬਰਾਊਨ ਅਤੇ ਸਾਬਕਾ ਨੇਤਾ ਹੈਰੀਅਟ ਹਾਰਮਨ

ਪ੍ਰਵਾਸ ਵਿਰੋਧੀ ਰਿਫਾਰਮ ਯੂ ਕੇ ਇਹਨਾ ਚੋਣਾਂ ਵਿੱਚ ਸਭ ਤੋਂ ਵੱਡਾ ਲਾਭਪਾਤਰੀ ਬਣ ਕੇ ਉਭਰਿਆ, ਜਿਸ ਨੇ ਪੂਰੇ ਦੇਸ਼ ਵਿੱਚ 1451 ਸੀਟਾਂ ਜਿੱਤੀਆਂ, ਜਦ ਕਿ ਲੇਬਰ ਨੇ 1037, ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ 842, ਕੰਜ਼ਰਵੇਟਿਵ ਨੇ 793, ਗਰੀਨ ਨੇ 544 ਅਤੇ ਅਜ਼ਾਦ 201 ਜਿੱਤੇ ਹਨ। ਹੁਣ ਤੱਕ 136 ਕੌਂਸਲਾਂ 'ਚੋਂ 132 ਦੇ ਨਤੀਜੇ ਆ ਚੁੱਕੇ ਹਨ, ਜਿਹਨਾਂ ਵਿੱਚੋਂ ਲੇਬਰ ਨੂੰ 28, ਲਿਬਰਲ ਨੂੰ 15, ਰੀਫੌਰਮ ਯੂ ਕੇ ਨੂੰ 14, ਕੰਜ਼ਰਵੇਟਿਵ ਨੂੰ 9, ਗਰੀਨ ਨੂੰ 4 ਕੌਂਸਲਾਂ ਤੇ ਪੂਰਨ ਬਹੁਮੱਤ ਹਾਸਿਲ ਹੋਇਆ ਹੈ।

ਜਿਹਨਾਂ ਵਿੱਚ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਅਤੇ ਖਜ਼ਾਨਾ ਮੰਤਰੀ ਗੋਰਡਨ ਬ੍ਰਾਊਨ ਨੂੰ ਗਲੋਬਲ ਵਿੱਤ ਅਤੇ ਸਹਿਯੋਗ 'ਤੇ ਵਿਸ਼ੇਸ਼ ਦੂਤ ਅਤੇ ਸਾਬਕਾ ਪਾਰਟੀ ਨੇਤਾ ਅਤੇ ਕੈਬਨਿਟ ਮੰਤਰੀ ਹੈਰੀਏਟ ਹਰਮਨ ਨੂੰ ਔਰਤਾਂ ਸਬੰਧੀ ਸਲਾਹਕਾਰ ਨਿਯੁਕਤ ਕੀਤਾ ਗਿਆ ਸੀ।

ਸਟਾਰਮਰ ਨੇ ਕਿਹਾ ਕਿ ਬ੍ਰਾਊਨ ਅਤੇ ਹਰਮਨ ਤਜ਼ਰਬੇਕਾਰ ਨੇਤਾ ਹਨ, ਜੋ ਸਾਡੇ ਦੇਸ਼ ਨੂੰ ਕਿਵੇਂ ਮਜ਼ਬੂਤ ਕਰਨ ਅਤੇ ਇਸਨੂੰ ਅੱਗੇ ਵਧਾਉਣ ਲਈ ਮਹੱਤਵਪੂਰਨ ਜ਼ਿੰਮੇਂਵਾਰੀ ਨਿਭਾਉਣਗੇ। ਉਹਨਾਂ ਕਿਹਾ ਕਿ ਸਾਨੂੰ ਅੱਗੇ ਦਾ ਰਸਤਾ ਤੈਅ ਕਰਨਾ ਪਵੇਗਾ। ਅਸੀਂ ਮੁੜ ਨਿਰਮਾਣ, ਲੋਕਾਂ ਨੂੰ ਭਵਿੱਖ ਦੀ ਉਮੀਦ ਬਾਰੇ ਯਕੀਨ ਦਿਵਾਉਣਾ ਹੋਵੇਗਾ। ਸ਼ਾਇਦ ਅਸੀਂ ਕਾਫ਼ੀ ਨਹੀਂ ਕੀਤਾ ਹੈ। ਉਹਨਾਂ ਕਿਹਾ ਕਿ ਅਸੀਂ ਬੇਲੋੜੀਆਂ ਗਲਤੀਆਂ ਕੀਤੀਆਂ। ਜਿਨ੍ਹਾਂ ਵਿੱਚੋਂ ਜਨਤਾ ਨਾਲ ਉਨ੍ਹਾਂ ਚੁਣੌਤੀਆਂ ਬਾਰੇ ਗੱਲ ਕੀਤੀ ਜਿਨ੍ਹਾਂ ਦਾ ਸਾਹਮਣਾ ਅਸੀਂ ਇੱਕ ਦੇਸ਼ ਵਜੋਂ ਕਰਦੇ ਹਾਂ ਜਿਸ ਵਿੱਚ ਵਿੱਤ ਅਤੇ ਅੰਤਰਰਾਸ਼ਟਰੀ ਚਣੌਤੀਆਂ ਸਨ। ਅਸੀਂ ਤਬਦੀਲੀ ਬਾਰੇ ਯਕੀਨ ਦਿਵਾਇਆ ਕਿ ਉਨ੍ਹਾਂ ਦੀ ਜ਼ਿੰਦਗੀ ਕਿਵੇਂ ਬਿਹਤਰ ਹੋਵੇਗੀ। ਲੇਕਨ ਅਸੀਂ ਬਹੁਤ ਕੁਝ ਨਹੀਂ ਕਰ ਸਕੇ।

# ਚਾਰ ਮੰਤਰੀਆਂ ਦੇ ਅਸਤੀਫ਼ਿਆਂ ਨਾਲ ਸਟਾਰਮਰ 'ਤੇ ਸੰਕਟ ਹੋਰ ਗਹਿਰਾਇਆ

***ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਖ਼ਿਲਾਫ਼ ਲੇਬਰ ਪਾਰਟੀ ਅੰਦਰ ਬਗਾਵਤ ਹੋਰ ਤੇਜ਼ ਹੋ ਗਈ ਹੈ। ਇਕ ਹੋਰ ਮੰਤਰੀ ਦੇ ਅਸਤੀਫ਼ੇ ਨਾਲ ਅਸਤੀਫ਼ਾ ਦੇਣ ਵਾਲੇ ਮੰਤਰੀਆਂ ਦੀ ਗਿਣਤੀ ਚਾਰ ਹੋ ਗਈ ਹੈ, ਜਦਕਿ 86 ਲੇਬਰ ਸੰਸਦ ਮੈਂਬਰ ਹੁਣ ਤੱਕ ਸਟਾਰਮਰ ਨੂੰ ਅਹੁਦਾ ਛੱਡਣ ਜਾਂ ਨਵੀਂ ਅਗਵਾਈ ਲਈ ਸਮਾਂ-ਸੀਮਾ ਤੈਅ ਕਰਨ ਦੀ ਮੰਗ ਕਰ ਚੁੱਕੇ ਹਨ।***

ਸਭ ਤੋਂ ਤਾਜ਼ਾ ਅਸਤੀਫ਼ਾ ਸਿਹਤ ਮੰਤਰੀ ਜ਼ੁਬੈਰ ਅਹਿਮਦ ਨੇ ਦਿੱਤਾ ਹੈ। ਆਪਣੇ ਅਸਤੀਫ਼ਾ ਪੱਤਰ ਵਿਚ ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਪ੍ਰਧਾਨ ਮੰਤਰੀ ਤੋਂ ਭਰੋਸਾ "ਪੂਰੀ ਤਰ੍ਹਾਂ ਖ਼ਤਮ" ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਜੈੱਸ ਫ਼ਿਲਿਪਸ, ਐਲੈਕਸ ਡੇਵਿਸ-ਜੋਨਜ਼ ਅਤੇ ਮਿਆਟਾ ਫਾਹਨਬੁੱਲੇਹ ਵੀ ਸਰਕਾਰ ਛੱਡ ਚੁੱਕੇ ਹਨ।

ਇਸਦੇ ਬਾਵਜੂਦ ਲੇਬਰ ਪਾਰਟੀ ਦੇ 110 ਸੰਸਦ ਮੈਂਬਰਾਂ ਨੇ ਇਕ ਸਾਂਝੇ ਬਿਆਨ ਰਾਹੀਂ ਸਟਾਰਮਰ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਅਗਵਾਈ ਚੋਣ ਦਾ ਨਹੀਂ, ਸਗੋਂ ਲੋਕਾਂ ਦਾ ਭਰੋਸਾ ਮੁੜ ਜਿੱਤਣ ਲਈ ਇਕੱਠੇ ਕੰਮ ਕਰਨ ਦਾ ਹੈ। ਉਪ ਪ੍ਰਧਾਨ ਮੰਤਰੀ ਡੇਵਿਡ ਲੈਮੀ ਨੇ ਵੀ ਸਟਾਰਮਰ ਦੇ ਹੱਕ ਵਿਚ ਖੁੱਲ੍ਹ ਕੇ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਅਜੇ ਤੱਕ ਕੋਈ ਵੀ ਅਜਿਹਾ ਉਮੀਦਵਾਰ ਸਾਹਮਣੇ ਨਹੀਂ ਆਇਆ ਜਿਸਨੂੰ ਲੇਬਰ ਸੰਸਦ ਮੈਂਬਰਾਂ ਦੀ ਲੋੜੀਂਦੀ ਹਮਾਇਤ ਪ੍ਰਾਪਤ ਹੋਵੇ। ਉਨ੍ਹਾਂ ਪਾਰਟੀ ਸਾਥੀਆਂ ਨੂੰ "ਸ਼ਾਂਤੀ ਨਾਲ ਸੋਚਣ" ਦੀ ਅਪੀਲ ਕਰਦਿਆਂ ਕਿਹਾ ਕਿ ਦੇਸ਼ ਨੂੰ ਇਸ ਵੇਲੇ ਸਥਿਰਤਾ ਦੀ ਲੋੜ ਹੈ।

ਦੂਜੇ ਪਾਸੇ ਸਿਹਤ ਮੰਤਰੀ ਵੇਸ ਸਟਰੀਟਿੰਗ, ਜਿਨ੍ਹਾਂ ਨੂੰ ਸੰਭਾਵੀ ਉਤਰਾਧਿਕਾਰੀ ਵਜੋਂ ਦੇਖਿਆ ਜਾ ਰਿਹਾ ਹੈ, ਬੁੱਧਵਾਰ ਸਵੇਰੇ ਸਟਾਰਮਰ ਨਾਲ ਵਿਸ਼ੇਸ਼ ਮੀਟਿੰਗ ਕਰਨਗੇ। ਪਾਰਟੀ ਅੰਦਰ ਚਰਚਾ ਹੈ ਕਿ ਜੇ ਅਗਵਾਈ ਚੋਣ ਹੋਈ ਤਾਂ ਉਹ ਮੁੱਖ ਦਾਅਵੇਦਾਰ ਹੋ ਸਕਦੇ ਹਨ। ਇਸੇ ਦੌਰਾਨ ਸਾਬਕਾ ਉਪ ਪ੍ਰਧਾਨ ਮੰਤਰੀ ਐਂਜਲਾ ਰੇਨਰ ਦੇ ਸਾਥੀਆਂ ਨੇ ਵੀ ਕਿਹਾ ਹੈ ਕਿ ਲੋੜ ਪੈਣ 'ਤੇ ਉਹ ਵੀ ਅਗਵਾਈ ਦੀ ਦੌੜ ਵਿਚ ਸ਼ਾਮਲ ਹੋ ਸਕਦੀ ਹੈ।

ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਵੀ ਅੱਜ ਲੰਡਨ ਵਿਚ ਲੇਬਰ ਸੰਸਦ ਮੈਂਬਰਾਂ ਨਾਲ ਮੁਲਾਕਾਤਾਂ ਕਰਦੇ ਨਜ਼ਰ ਆਏ। ਪਾਰਟੀ ਅੰਦਰ ਕਈ ਧੜੇ ਉਨ੍ਹਾਂ ਨੂੰ ਨਵੇਂ ਆਗੂ ਵਜੋਂ ਦੇਖ ਰਹੇ ਹਨ। ਇਸ ਰਾਜਨੀਤਿਕ ਉਥਲ-ਪੁਥਲ ਦੇ ਬਾਵਜੂਦ ਸਟਾਰਮਰ ਨੇ ਆਪਣੀਆਂ ਸਰਕਾਰੀ ਗਤੀਵਿਧੀਆਂ ਜਾਰੀ ਰੱਖੀਆਂ। ਉਹ ਇਕ ਤਕਨੀਕੀ ਕਾਲਜ ਵਿਚ ਤਿਆਰੀ ਕਰ ਰਹੇ ਵਿਦਿਆਰਥੀਆਂ ਨਾਲ ਮਿਲੇ ਅਤੇ ਕਿਹਾ ਕਿ ਉਹ ਸਰਕਾਰ ਚਲਾਉਣ 'ਤੇ ਧਿਆਨ ਕੇਂਦਰਿਤ ਰੱਖਣਗੇ।

# ਕੀਰ ਸਟਾਰਮਰ ਦੀ ਕੁਰਸੀ ਖ਼ਤਰੇ 'ਚ: ਲੇਬਰ ਪਾਰਟੀ ਵਿੱਚ ਬਗਾਵਤ ਤੇਜ਼, ਪਹਿਲੇ ਮੰਤਰੀ ਨੇ ਦਿੱਤਾ ਅਸਤੀਫਾ

## ਪ੍ਰਧਾਨ ਮੰਤਰੀ ਵੱਲੋਂ ਅਸਤੀਫਾ ਦੇਣ ਤੋਂ ਨਾਂਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਇਸ ਵੇਲੇ ਆਪਣੇ ਸਿਆਸੀ ਜੀਵਨ ਦੇ ਸਭ ਤੋਂ ਵੱਡੇ ਸੰਕਟ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਹਫ਼ਤੇ ਦੀਆਂ ਚੋਣਾਂ ਵਿੱਚ ਲੇਬਰ ਪਾਰਟੀ ਦੇ ਮਾੜੇ ਪ੍ਰਦਰਸ਼ਨ ਤੋਂ ਬਾਅਦ, ਹੁਣ ਪਾਰਟੀ ਦੇ ਅੰਦਰੋਂ ਹੀ ਉਨ੍ਹਾਂ ਦੇ ਅਸਤੀਫੇ ਦੀਆਂ ਮੰਗਾਂ ਜ਼ੋਰ ਫੜ ਰਹੀਆਂ ਹਨ।



ਬੀਤੇ ਕੱਲ 40 ਸਾਂਸਦਾਂ ਤੋਂ ਬਾਅਦ ਹੁਣ ਜੂਨੀਅਰ ਮੰਤਰੀ ਮਿਆਟਾ ਫਾਨਬੁਲੇਹ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਸਰਕਾਰ ਦੀ ਪਹਿਲੀ ਅਜਿਹੀ ਮੰਤਰੀ ਹੈ ਜਿਸ ਨੇ ਖੁੱਲ੍ਹੇਆਮ ਸਟਾਰਮਰ ਦੇ ਖ਼ਿਲਾਫ਼ ਮੋਰਚਾ ਖੋਲ੍ਹਿਆ ਹੈ। ਦੂਜੇ ਪਾਸੇ ਜਨਤਕ ਤੌਰ ਤੇ ਅਸਤੀਫਾ ਮੰਗਣ ਵਾਲੇ ਲੇਬਰ ਪਾਰਟੀ ਦੇ ਸੰਸਦ ਮੈਂਬਰਾਂ ਦੀ ਗਿਣਤੀ 81 ਤੱਕ ਪਹੁੰਚ ਗਈ ਹੈ। ਜਿਹਨਾਂ ਨੇ ਪ੍ਰਧਾਨ ਮੰਤਰੀ ਨੂੰ ਤੁਰੰਤ ਅਹੁਦਾ ਛੱਡਣ ਜਾਂ ਜਾਣ ਦੀ ਤਾਰੀਖ ਤੈਅ ਕਰਨ ਲਈ ਕਿਹਾ ਹੈ।

ਖ਼ਬਰਾਂ ਮੁਤਾਬਕ ਸਟਾਰਮਰ ਨੇ ਅੱਜ ਆਪਣੀ ਕੈਬਨਿਟ ਮੀਟਿੰਗ ਵਿੱਚ ਅਸਤੀਫਾ ਦੇਣ ਤੋਂ ਨਾਂਹ ਕਰ ਦਿੱਤੀ ਹੈ। ਕਈ ਸੀਨੀਅਰ ਮੰਤਰੀ ਉਨ੍ਹਾਂ ਦੇ ਨਾਲ ਖੜ੍ਹੇ ਹਨ, ਜਦ ਕਿ ਸੀਨੀਅਰ ਨੇਤਾ ਪਾਰਟੀ ਨੂੰ ਬਚਾਉਣ ਲਈ ਨਵੀਂ ਲੀਡਰਸ਼ਿਪ ਦੀ ਲੋੜ 'ਤੇ ਜ਼ੋਰ ਦੇ ਰਹੇ ਹਨ।

ਸਿਆਸੀ ਅਨਿਸ਼ਚਿਤਤਾ ਕਾਰਨ ਦੇਸ਼ ਦੇ ਆਰਥਿਕ ਹਾਲਾਤ ਵੀ ਡਾਵਾਂਡੋਲ ਹੋ ਰਹੇ ਹਨ। ਅੱਜ ਸਵੇਰੇ ਸਰਕਾਰੀ ਕਰਜ਼ੇ ਦੀਆਂ ਦਰਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ, ਜੋ ਨਿਵੇਸ਼ਕਾਂ ਦੀ ਚਿੰਤਾ ਨੂੰ ਦਰਸਾਉਂਦਾ ਹੈ।

ਇਸ ਦੌਰਾਨ, ਮਾਨਚੈਸਟਰ ਦੇ ਮੇਅਰ ਐਂਡੀ ਬਰਨਹਮ ਨੂੰ ਲੀਡਰਸ਼ਿਪ ਦੀ ਰੇਸ ਵਿੱਚ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਸੀਨੀਅਰ ਮੰਤਰੀ ਡੈਰੇਨ ਜੋਨਸ ਨੇ ਇਸ ਨੂੰ "ਖਿਆਲੀ ਰਾਜਨੀਤੀ" ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਅੰਦਰੂਨੀ ਮਸਲਿਆਂ 'ਤੇ ਜਨਤਕ ਤੌਰ 'ਤੇ ਚਰਚਾ ਕਰਨ ਦੀ ਬਜਾਏ ਮਿਲ ਕੇ ਕੰਮ ਕਰਨ ਦੀ ਲੋੜ ਹੈ।

ਇਨ੍ਹਾਂ ਸਾਰੀਆਂ ਚੁਣੌਤੀਆਂ ਦੇ ਬਾਵਜੂਦ, ਕੀਰ ਸਟਾਰਮਰ ਨੇ ਅਜੇ ਤੱਕ ਹਾਰ ਨਹੀਂ ਮੰਨੀ ਹੈ। ਕੈਬਨਿਟ ਦੀ ਮੀਟਿੰਗ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ ਉਹ "ਸਰਕਾਰ ਚਲਾਉਣ" 'ਤੇ ਧਿਆਨ ਦੇਣਗੇ ਅਤੇ ਫਿਲਹਾਲ ਅਹੁਦਾ ਛੱਡਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਹੈ। ਲੇਕਿਨ ਸਿਆਸੀ ਹਾਲਾਤਾਂ ਮੁਤਾਬਿਕ ਪ੍ਰਧਾਨ ਮੰਤਰੀ ਲਈ ਜ਼ਿਆਦਾ ਦੇਰ ਤੱਕ ਕੁਰਸੀ 'ਤੇ ਬਣੇ ਰਹਿਣਾ ਮੁਸ਼ਕਲ ਲੱਗਦਾ ਹੈ।

# ਨੇਪਾਲ ਵਿੱਚ ਵੱਡਾ ਹਵਾਈ ਹਾਦਸਾ ਟਲਿਆ: ਉਤਰਦੇ ਸਮੇਂ ਜਹਾਜ਼ ਨੂੰ ਲੱਗੀ ਅੱਗ, ਸਾਰੇ ਮੁਸਾਫ਼ਰ ਸੁਰੱਖਿਅਤ

**ਕਾਠਮੰਡੂ: ਨੇਪਾਲ ਦੀ ਰਾਜਧਾਨੀ ਕਾਠਮੰਡੂ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਅੱਜ ਇੱਕ ਭਿਆਨਕ ਹਾਦਸਾ ਹੋਣੋਂ ਬਚ ਗਿਆ। ਇੱਕ ਵਿਦੇਸ਼ੀ ਉਡਾਣ ਜਦੋਂ ਹਵਾਈ ਪੱਟੀ 'ਤੇ ਉਤਰੀ, ਤਾਂ ਉਸ ਨੂੰ ਅਚਾਨਕ ਅੱਗ ਲੱਗ ਗਈ। ਹਵਾਈ ਅੱਡੇ ਦੇ ਅਧਿਕਾਰੀਆਂ ਅਤੇ ਸੁਰੱਖਿਆ ਕਰਮਚਾਰੀਆਂ ਦੀ ਮੁਸਤੈਦੀ ਸਦਕਾ ਸੈਂਕੜੇ ਜਾਨਾਂ ਬਚ ਗਈਆਂ। ਇਹ ਘਟਨਾ ਤੁਰਕੀ ਤੋਂ ਆਏ ਜਹਾਜ਼ ਨਾਲ ਵਾਪਰੀ। ਜਿਵੇਂ ਹੀ ਜਹਾਜ਼ ਹਵਾਈ ਪੱਟੀ 'ਤੇ ਉਤਰਿਆ, ਉਸ ਦੇ ਪਹੀਆਂ ਵਿੱਚੋਂ ਅੱਗ ਦੀਆਂ ਲਪਟਾਂ ਨਿਕਲਣੀਆਂ ਸ਼ੁਰੂ ਹੋ ਗਈਆਂ। ਹਵਾਈ ਅੱਡੇ 'ਤੇ ਮੌਜੂਦ ਹੰਗਾਮੀ ਸੇਵਾਵਾਂ ਨੇ ਬਿਨਾਂ ਦੇਰੀ ਕੀਤੇ ਅੱਗ ਬੁਝਾਉਣ ਵਾਲੀਆਂ ਗੱਡੀਆਂ ਦੀ ਮਦਦ ਨਾਲ ਸਥਿਤੀ 'ਤੇ ਕਾਬੂ ਪਾ ਲਿਆ। ਸੁਰੱਖਿਆ ਮੁਖੀ ਰਾਜਕੁਮਾਰ ਸਿਲਾਵਲੇ ਨੇ ਦੱਸਿਆ ਕਿ ਜਹਾਜ਼ ਵਿੱਚ 278 ਮੁਸਾਫ਼ਰ ਅਤੇ 11 ਅਮਲੇ ਦੇ ਮੈਂਬਰ ਸਵਾਰ ਸਨ। ਅੱਗ ਲੱਗਣ ਦੀ ਖ਼ਬਰ ਮਿਲਦਿਆਂ ਹੀ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ ਵਿੱਚ ਸੰਯੁਕਤ ਰਾਸ਼ਟਰ ਦੇ ਕੁਝ ਉੱਚ ਅਧਿਕਾਰੀ ਵੀ ਸਵਾਰ ਸਨ।**

# ਈਲਿੰਗ ਕੌਂਸਲ ਚੋਣਾਂ ਵਿੱਚ ਸਾਊਥਾਲ ਵਾਲਿਆਂ ਨੇ ਰੱਖੀ ਲੇਬਰ ਦੀ ਲਾਜ਼ ਕੀ ਹੁਣ ਸਾਊਥਾਲ ਦੀ ਦਸ਼ਾ ਸੁਧਾਰਨ ਵੱਲ ਤਵੱਜੋਂ ਦੇਵੇਗੀ ਲੇਬਰ ?

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਈਲਿੰਗ ਕੌਂਸਲ ਚੋਣਾਂ ਵਿੱਚ ਸਾਊਥਾਲ ਵਾਲਿਆਂ ਨੇ ਰੱਖੀ ਲੇਬਰ ਦੀ ਲਾਜ਼ ਰੱਖੀ ਹੈ। ਪਰ ਕੀ ਹੁਣ ਸਾਊਥਾਲ ਦੀ ਦਸ਼ਾ ਸੁਧਾਰਨ ਵੱਲ ਲੇਬਰ ਦੀ ਲੀਡਰਸ਼ਿਪ ਅਤੇ ਕੌਂਸਲਰ ਧਿਆਨ ਦੇਣਗੇ। ਈਲਿੰਗ ਦੇ ਲੇਬਰ ਲੀਡਰ ਸਣੇ ਸਾਊਥਾਲ ਦੇ ਵੋਟਰਾਂ ਨੇ ਲੇਬਰ ਪਾਰਟੀ ਦਾ ਸਾਥ ਨਹੀਂ ਛੱਡਿਆ, ਭਾਵੇਂ ਕਿ ਸਮੇਂ ਸਮੇਂ ਉਠਦੇ ਮਸਲਿਆਂ ਵਿੱਚ ਸਾਊਥਾਲ ਵਾਲਿਆਂ ਦੀ ਗੱਲ ਨਹੀਂ ਸੁਣੀ ਗਈ।**



ਸਾਊਥਾਲ ਤੋਂ ਜਿੱਤੇ ਪੰਜਾਬੀ ਕੌਂਸਲਰ ਅਤੇ ਕੌਂਸਲ ਲੀਡਰ

ਲੰਡਨ ਦੀ ਈਲਿੰਗ ਕੌਂਸਲ ਦੀ ਚੋਣ ਵਿੱਚ ਬਹੁਤ ਸਾਰੇ ਪੰਜਾਬੀਆਂ ਨੇ ਜਿੱਤਾਂ ਦਰਜ਼ ਕੀਤੀਆਂ ਹਨ। ਪੰਜਾਬੀਆਂ ਦੇ ਗੜ੍ਹ ਸਾਊਥਾਲ ਦੇ ਹਲਕਿਆਂ ਵਿੱਚ ਲੇਬਰ ਪਾਰਟੀ ਦੇ ਵੱਡੀ ਗਿਣਤੀ ਵਿੱਚ ਜਿੱਤੇ ਪੰਜਾਬੀ ਉਮੀਦਵਾਰਾਂ ਨੇ ਲੇਬਰ ਦੇ ਹੋਰਨਾ ਇਲਾਕਿਆਂ ਵਿੱਚ ਡਿੱਗ ਰਹੀ ਸ਼ਾਖ ਨੂੰ ਬਚਾਇਆ ਹੈ ਕਿਉਂਕਿ ਲੇਬਰ ਦਾ ਗੜ੍ਹ ਮੰਨੀ ਜਾਂਦੀ ਇਸ ਕੌਂਸਲ ਵਿੱਚ ਲੇਬਰ ਪਾਰਟੀ ਨੂੰ 14 ਸੀਟਾਂ ਦਾ ਨੁਕਸਾਨ ਹੋਇਆ ਹੈ। ਕੌਂਸਲ ਦੇ ਲੀਡਰ ਪੀਟਰ ਮੇਸਨ ਨੂੰ ਵੀ ਸਾਊਥਾਲ ਦੇ ਪੰਜਾਬੀਆਂ ਨੇ ਜਿਤਾਇਆ ਹੈ, ਉਹਨਾਂ ਤੋਂ ਇਲਾਵਾ ਜਸਬੀਰ ਕੌਰ ਅਨੰਦ, ਕਮਲਜੀਤ ਸਿੰਘ ਢੀਂਡਸਾ, ਰਣਜੀਤ ਧੀਰ, ਹਰਭਜਨ ਕੌਰ ਧੀਰ, ਕਨਵਲ ਕੌਰ ਬੈਂਸ, ਸੰਜੇ ਕੁਮਾਰ ਕੋਹਲੀ, ਪ੍ਰਵੀਨ ਕਮਲੇਸ਼ ਅਨੰਦ, ਕਰਮ ਚੰਦ ਮੋਹਨ, ਜੈਗ ਸੰਘੇੜਾ, ਚਰਨ ਬਾਲਾ ਸ਼ਰਮਾਂ, ਕਮਲਜੀਤ ਕੌਰ ਨਾਗਪਾਲ, ਕਿਮ ਕੌਰ ਨਾਗਪਾਲ ਅਤੇ ਲਿਬਰਲ ਡੈਮੋਕ੍ਰੇਟਿਕ ਪਾਰਟੀ ਦੇ ਲਖਬੀਰ ਸਿੰਘ ਨੇ ਵੱਖ ਵੱਖ ਹਲਕਿਆਂ ਤੋਂ ਜਿੱਤਾ ਦਰਜ਼ ਕੀਤੀਆਂ ਹਨ।

# ਲੰਡਨ ਦੀਆਂ ਹੰਸਲੋ ਅਤੇ ਹਲਿੰਗਡਨ ਬਾਰੋ ਕੌਂਸਲਾਂ ਚੋਣਾਂ 'ਚ ਪੰਜਾਬੀਆਂ ਦੀ ਜਿੱਤ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਨੂੰ ਪੰਜਾਬੀਆਂ ਦੀ ਕਈ ਦਹਾਕਿਆਂ ਤੋਂ ਹਮਾਇਤ ਰਹੀ ਹੈ, ਲੇਕਨ ਇਸ ਵਾਰ ਲੇਬਰ ਪਾਰਟੀ ਵੱਲੋਂ ਉਮੀਦਵਾਰਾਂ ਦੀ ਚੋਣ ਮੌਕੇ ਕਈ ਰੁੱਸੇ ਮੰਨੇ ਹੋ ਜਾਣ ਵਾਲੀ ਖੇਡ ਵੀ ਹੋਈ। ਜਦ ਕਿ ਦੇਸ਼ ਭਰ ਵਿੱਚ ਰੀਫੌਰਮ ਪਾਰਟੀ ਦੇ ਹੜ੍ਹ ਨੇ ਵੀ ਇਹਨਾਂ ਚੋਣਾਂ ਵਿੱਚ ਵੱਡਾ ਅਸਰ ਪਾਇਆ ਹੈ। ਲੰਡਨ ਇਹਨਾ ਚੋਣਾ ਵਿੱਚ ਹੰਸਲੋ ਤੋਂ ਲੇਬਰ ਪਾਰਟੀ ਦਾ ਮੁੜ ਕਬਜ਼ਾ ਹੋਇਆ ਹੈ ਲੇਕਨ 20 ਸੀਟਾਂ ਦਾ ਵੱਡਾ ਨੁਕਸਾਨ ਹੋਇਆ ਹੈ, ਲੇਬਰ ਪਾਰਟੀ ਨੂੰ 32, ਕੰਜ਼ਰਵੇਟਿਵ ਨੂੰ 17, ਰੀਫੌਰਮ ਯੂ ਕੇ ਨੂੰ 8, ਗਰੀਨ ਨੂੰ 3 ਅਜ਼ਾਦ ਅਤੇ ਲਿਬਰਲ ਨੂੰ ਇੱਕ ਇੱਕ ਸੀਟ ਮਿਲੀ ਹੈ।**



ਲੰਡਨ ਦੀਆਂ ਹੰਸਲੋ ਅਤੇ ਹਲਿੰਗਡਨ ਬਾਰੋ ਵਿੱਚੋਂ ਵੱਖ ਵੱਖ ਪਾਰਟੀਆਂ ਵੱਲੋਂ ਜਿੱਤਣ ਵਾਲੇ ਪੰਜਾਬੀ

ਲੇਬਰ ਪਾਰਟੀ ਨੂੰ ਛੱਡ ਕੇ ਕੰਜ਼ਰਵੇਟਿਵ ਪਾਰਟੀ ਵਿੱਚ ਜਾਣ ਵਾਲੇ ਵਿਕਰਮ ਸਿੰਘ ਗਰੇਵਾਲ ਮੁੜ ਚੋਣ ਜਿੱਤ ਗਏ ਹਨ, ਪਰੀਨੂਰ ਕੌਰ ਪਹਿਲੀ ਵਾਰ ਟੋਰੀ ਪਾਰਟੀ ਵੱਲੋਂ ਕੌਂਸਲਰ ਚੁਣੀ ਗਈ ਹੈ। ਇਸ ਤੋਂ ਇਲਾਵਾ ਲੇਬਰ ਪਾਰਟੀ ਵੱਲੋਂ ਗੁਰਬਚਨ ਸਿੰਘ ਅਠਵਾਲ, ਆਦੇਸ਼ ਫਰਮਾਹਾਨ, ਅਜਮੇਰ ਕੌਰ ਗਰੇਵਾਲ, ਪ੍ਰੀਤਮ ਸਿੰਘ ਗਰੇਵਾਲ ਚੋਣ ਜਿੱਤੇ ਹਨ। ਹਲਿੰਗਡਨ ਬਾਰੋ ਵਿੱਚੋਂ ਕੰਜ਼ਰਵੇਟਿਵ ਪਾਰਟੀ ਨੂੰ ਮੁੜ ਸੱਤਾ ਮਿਲੀ ਹੈ, ਜਦ ਕਿ ਇਥੇ ਪੰਜਾਬੀ ਮੂਲ ਦੇ ਕਈ ਕੌਂਸਲਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਕੌਂਸਲਰ ਰਾਜੂ ਸੰਸਾਰਪੁਰੀ ਨੇ ਲੇਬਰ ਪਾਰਟੀ ਵੱਲੋਂ 6ਵੀਂ ਵਾਰ ਜਿੱਤ ਦਰਜ਼ ਕੀਤੀ ਹੈ, ਇਸ ਤੋਂ ਇਲਾਵਾ ਕਮਲਪ੍ਰੀਤ ਕੌਰ, ਜਗਜੀਤ ਸਿੰਘ ਹਰਦੋਫਰੋਲਾ ਮੈਰਾਥਨ ਦੌੜਾਕ, ਗੁਰਸ਼ਰਨ ਸਿੰਘ ਮੰਡ, ਟੋਨੀ ਗਿੱਲ, ਨਰਿੰਦਰ ਕੌਰ ਗਰਗ, ਅਮਨਪ੍ਰੀਤ ਕੌਰ, ਨਵਨੀਤ ਕੌਰ ਢੇਸੀ, ਕੁਲਦੀਪ ਲਖਮਾਨਾ ਆਦਿ ਨੇ ਜਿੱਤਾਂ ਦਰਜ਼ ਕੀਤੀਆਂ ਹਨ।

# ਲੇਬਰ ਨੂੰ ਦਿਸ਼ਾ ਬਦਲਣੀ ਚਾਹੀਦੀ ਹੈ ਅਤੇ ਵਾਅਦਿਆਂ 'ਤੇ ਖਰਾ ਉਤਰਨਾ ਚਾਹੀਦਾ ਹੈ

## ਅਸੀਂ ਇੱਕ ਨਵੇਂ ਨੇਤਾ ਦੀ ਚੋਣ ਲਈ ਸਮਾਂ-ਸਾਰਣੀ ਦੇ ਸੱਦੇ ਦਾ ਸਮਰਥਨ ਕਰਦੇ ਹਾਂ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਹਫਤੇ ਸਥਾਨਕ ਚੋਣਾਂ ਤੋਂ ਪਹਿਲਾਂ ਅਸੀਂ ਲੇਬਰ ਸੰਸਦ ਮੈਂਬਰਾਂ ਨੂੰ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਲਈ ਦਿਸ਼ਾ ਜਾਂ ਲੀਡਰਸ਼ਿਪ ਬਦਲਣ ਦੀ ਅਪੀਲ ਕਰਨ ਬਾਰੇ ਬਹੁਤ ਸੋਚਿਆ ਸੀ। ਲੇਬਰ ਦੇ ਨਤੀਜੇ ਹੋਰ ਵੀ ਮਾੜੇ ਹੋ ਸਕਦੇ ਸਨ ਜੇਕਰ ਸਿੱਖ ਭਾਈਚਾਰੇ ਨੇ ਰੈੱਡਬ੍ਰਿਜ, ਈਲਿੰਗ ਅਤੇ ਵੁਲਵਰਹੈਂਪਟਨ ਵਰਗੀਆਂ ਥਾਵਾਂ 'ਤੇ ਲੇਬਰ ਦਾ ਸਮਰਥਨ ਨਾ ਕਰਨ ਦਾ ਫੈਸਲਾ ਕੀਤਾ ਹੁੰਦਾ।***

ਸੈਂਡਵੈੱਲ, ਸਲੋਹ, ਹੰਸਲੋ, ਕਵੈਂਟਰੀ ਅਤੇ ਵਾਲਸਾਲ ਵਰਗੀਆਂ ਥਾਵਾਂ 'ਤੇ ਸਿੱਖ ਭਾਈਚਾਰੇ 'ਚ ਨਿਰਾਸ਼ਾ ਵੇਖੀ ਗਈ ਹੈ। ਖੁਸ਼ਕਿਸਮਤੀ ਨਾਲ ਡਰਬੀ, ਲੈਸਟਰ ਅਤੇ ਗ੍ਰੇਵਸ਼ੈਮ ਵਰਗੀਆਂ ਹੋਰ ਥਾਵਾਂ 'ਤੇ ਕੋਈ ਚੋਣਾਂ ਨਹੀਂ ਹੋਈਆਂ। ਇਹ ਵਿਚਾਰ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਜਾਰੀ ਬਿਆਨ ਵਿੱਚ ਪ੍ਰਗਟ ਕੀਤੇ ਗਏ।


ਫੈਡਰੇਸ਼ਨ ਨੇ ਕਿਹਾ ਕਿ ਤਿੰਨ ਮਹੀਨੇ ਪਹਿਲਾਂ ਅਸੀਂ ਕੀਰ ਸਟਾਰਮਰ ਨੂੰ ਲੇਬਰ ਲੀਡਰਸ਼ਿਪ ਦੁਆਰਾ ਸਿੱਖ ਭਾਈਚਾਰੇ ਨਾਲ ਕੀਤੇ ਗਏ ਖਾਸ ਵਾਅਦਿਆਂ ਬਾਰੇ ਯਾਦ ਦਿਵਾਉਂਦਿਆਂ ਲਿਖਿਆ ਸੀ। ਜਿਸ ਦੇ ਜਵਾਬ ਵਿੱਚ ਸਿੱਖ ਭਾਈਚਾਰੇ ਨਾਲ ਸਰਕਾਰ ਦੇ ਸਬੰਧ ਬਿਹਤਰ ਬਣਾਉਣ ਬਾਰੇ ਤਾਂ ਕਿਹਾ ਪਰ ਉਹ ਢੁਕਵਾਂ ਜਵਾਬ ਨਹੀਂ ਸੀ। ਅਸੀਂ ਮੁੜ ਲਿਖਿਆ ਕਿ ਲੇਬਰ ਲੀਡਰਸ਼ਿਪ ਦੁਆਰਾ ਕੀਤੇ ਗਏ ਵਾਅਦੇ ਹੱਲ ਨਾ ਕੀਤੇ ਤਾਂ ਸਾਨੂੰ ਡਰ ਹੈ ਕਿ ਲੇਬਰ 10 ਲੱਖ ਸਿੱਖ ਵੋਟ ਗੁਆ ਦੇਵੇਗੀ। ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਭਾਈ ਜਸਪਾਲ ਸਿੰਘ ਨੇ ਕਿਹਾ ਕਿ ਲੇਬਰ ਨੂੰ ਨਵੀਂ ਲੀਡਰਸ਼ਿਪ ਦੀ ਲੋੜ ਹੈ ਅਤੇ ਅਸੀਂ ਸਾਰੇ ਲੇਬਰ ਸੰਸਦ ਮੈਂਬਰਾਂ ਨੂੰ ਲਿਖ ਰਹੇ ਹਾਂ ਕਿ ਉਹ ਇੱਕ ਨਵੇਂ ਨੇਤਾ ਦੀ ਚੋਣ ਲਈ ਸਮਾਂ-ਸਾਰਣੀ ਦੇ ਸੱਦੇ ਦਾ ਸਮਰਥਨ ਕਰਨ। ਜਿਸ ਨਾਲ ਸਿਆਸੀ ਦ੍ਰਿਸ਼ ਬਦਲ ਸਕਦਾ ਹੈ।

ਰਾਸ਼ਟਰੀ ਕਾਰਜਕਾਰੀ ਕੌਂਸਲ ਨੂੰ ਐਂਡੀ ਬਰਨਹੈਮ ਦੇ ਖੜ੍ਹੇ ਹੋਣ ਅਤੇ ਸੰਸਦ ਮੈਂਬਰ ਵਜੋਂ ਚੁਣੇ ਜਾਣ ਨੂੰ ਨਹੀਂ ਰੋਕਣਾ ਚਾਹੀਦਾ। ਜੇਕਰ ਉਹ ਸੰਸਦ ਮੈਂਬਰ ਹੁੰਦੇ ਤਾਂ ਉਹ ਨੇਤਾ ਬਣਨ ਲਈ ਸਪੱਸ਼ਟ ਪਸੰਦੀਦਾ ਹੁੰਦੇ।

# ਵੇਲਜ਼ ਸੰਸਦੀ ਚੋਣਾਂ ਵਿੱਚ ਨਹੀਂ ਮਿਲਿਆ ਕਿਸੇ ਨੂੰ ਬਹੁ ਮੱਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵੇਲਜ਼ ਦੀਆਂ ਸੰਸਦੀ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮੱਤ ਨਹੀਂ ਮਿਲਿਆ। 96 ਸੰਸਦੀ ਸੀਟਾਂ ਵਿੱਚੋਂ ਪਲੇਡ ਸਾਈਮਰੂ ਨੂੰ 43, ਰਿਫੌਰਮ ਯੂ ਕੇ ਨੂੰ 34, ਕੰਜ਼ਰਵੇਟਿਵ ਪਾਰਟੀ ਨੂੰ 7, ਲੇਬਰ ਪਾਰਟੀ ਨੂੰ 9, ਗਰੀਨ ਨੂੰ 2 ਅਤੇ ਲਿਬਰਲ ਡੈਮੋਕ੍ਰੇਟਿਕ ਨੂੰ 1 ਸੀਟ ਹਾਸਿਲ ਹੋਈ ਹੈ। ਪਲੇਡ ਸਾਈਮਰੂ ਦੇ ਨੇਤਾ ਰੂਨ ਏ ਪੀ ਇਓਰਵਰਥ ਨੇ ਕਿਹਾ ਹੈ ਕਿ ਉਹ ਘੱਟ ਗਿਣਤੀ ਸਰਕਾਰ ਬਣਾਉਣ ਦੀ ਮੰਗ ਕਰ ਰਹੇ ਹਨ, ਜਿਸ ਦਾ ਮਤਲਬ ਉਹ ਕਿਸੇ ਨਾਲ ਵੀ ਗੱਠਜੋੜ ਨਹੀਂ ਕਰ ਰਹੇ। ਪਰ ਉਹਨਾਂ ਇਹ ਵੀ ਕਿਹਾ ਕਿ ਉਹਨਾਂ ਕਿਸੇ ਹੋਰ ਪਾਰਟੀ ਦੇ ਨੇਤਾ ਨਾਲ ਵੀ ਗੱਲ ਕੀਤੀ ਹੈ। ਲੇਕਨ ਹੁਣ ਸਮਾਂ ਹੀ ਦੱਸੇਗਾ ਕਿ ਲੇਬਰ ਦਾ ਤਖ਼ਤਾ ਪਲਟਣ ਤੋਂ ਬਾਅਦ ਵੇਲਜ਼ ਦੀ ਸਿਆ-ਸਤ ਕੀ ਰੰਗ ਲਿਆਉਂਦੀ ਹੈ।

# ਕੈਨੇਡਾ ਵਿੱਚ ਰਿੱਛ ਦੇ ਹਮਲੇ ਦੌਰਾਨ ਭਾਰਤੀ ਨੌਜਵਾਨ ਦੀ ਮੌਤ



**ਵੈਨਕੂਵਰ-(ਮਲਕੀਤ ਸਿੰਘ) – ਕੈਨੇਡਾ ਦੇ ਸਸਕਾਚਵਨ ਸੂਬੇ ਦੇ ਉੱਤਰੀ ਖੇਤਰ ਦੇ ਜੰਗਲੀ ਇਲਾਕੇ ਚ ਇੱਕ ਕਾਲੇ ਰਿਛ ਵੱਲੋਂ ਕੀਤੇ ਗਏ ਜਾਨਲੇਵਾ ਹਮਲੇ ਦੌਰਾਨ ਇੱਕ ਭਾਰਤੀ ਨੌਜਵਾਨ ਦੀ ਮੌਤ ਹੋ ਜਾਣ ਦੀ ਦੁਖਦਾਈ ਸੂਚਨਾ ਹੈ ।ਇਹ ਘਟਨਾ ਯੂਰੇਨੀਅਮ ਖੋਜ ਸਥਾਨ 'ਤੇ ਵਾਪਰੀ ਦੱਸੀ ਜਾ ਰਹੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ 27 ਸਾਲਾ ਨੌਜਵਾਨ ਉਕਤ ਖੋਜ ਸਥਾਨ 'ਤੇ ਕੰਮ ਕਰ ਰਿਹਾ ਸੀ, ਜਦੋਂ ਅਚਾਨਕ ਇੱਕ ਕਾਲੇ ਰਿੱਛ ਨੇ ਉਸ 'ਤੇ ਹਮਲਾ ਕਰ ਦਿੱਤਾ। ਘਟਨਾ ਮਗਰੋਂ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ ਗਿਆ, ਪਰ ਨੌਜਵਾਨ ਦੀ ਜਾਨ ਨਹੀਂ ਬਚ ਸਕੀ। ਸਸਕਾਚਵਨ ਦੇ ਦੂਰ ਦੁਰੇਡੇ ਜੰਗਲੀ ਇਲਾਕੇ ਵਿੱਚ ਜੰਗਲੀ ਜੀਵਾਂ ਦੀ ਮੌਜੂਦਗੀ ਆਮ ਗੱਲ ਮੰਨੀ ਜਾਂਦੀ ਹੈ। ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕੰਮਕਾਜ ਵਾਲੀਆਂ ਥਾਵਾਂ 'ਤੇ ਸੁਰੱਖਿਆ ਪ੍ਰਬੰਧਾਂ ਦੀ ਵੀ ਸਮੀਖਿਆ ਕੀਤੀ ਜਾ ਰਹੀ ਹੈ। ਇਸ ਦੁਖਦਾਈ ਘਟਨਾ ਮਗਰੋਂ ਸਥਾਨਕ ਭਾਈਚਾਰੇ ਅਤੇ ਸਾਥੀ ਕਰਮਚਾਰੀਆਂ ਵਿੱਚ ਸੋਗ ਦਾ ਮਾਹੌਲ ਹੈ। ਕਈ ਲੋਕਾਂ ਵੱਲੋਂ ਮ੍ਰਿਤਕ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ਹੈ।**

# ਸਕਾਟਿਸ਼ ਨੈਸ਼ਨਲ ਪਾਰਟੀ 58 ਸੀਟਾਂ ਜਿੱਤ ਕੇ ਇੱਕ ਵਾਰ ਫਿਰ ਵੱਡੀ ਪਾਰਟੀ

## *ਰਿਫੌਰਮ ਯੂਕੇ ਪਾਰਟੀ ਦਾ ਜ਼ਬਰਦਸਤ ਉਭਾਰ *ਲੇਬਰ ਪਾਰਟੀ ਅਤੇ ਕਜ਼ੰਰਵੇਟਿਵ ਪਾਰਟੀ ਦਾ ਵੱਡਾ ਨੁਕਸਾਨ, ਦੋਵੇਂ ਪਾਰਟੀਆਂ ਹਾਸ਼ੀਏ 'ਤੇ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – 2026 ਦੀਆਂ ਸਕਾਟਿਸ਼ ਸੰਸਦ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਹੈ। ਸਕਾਟਿਸ਼ ਸੰਸਦ ਵਿੱਚ ਕੁੱਲ 129 ਸੀਟਾਂ ਹਨ ਅਤੇ ਸਰਕਾਰ ਬਣਾਉਣ ਲਈ 65 ਸੀਟਾਂ ਦੀ ਲੋੜ ਹੁੰਦੀ ਹੈ। ਸਕਾਟਿਸ਼ ਨੈਸ਼ਨਲ ਪਾਰਟੀ ਸਭ ਤੋਂ ਵੱਧ 58 ਸੀਟਾਂ ਜਿੱਤ ਕੇ ਵੱਡੀ ਪਾਰਟੀ ਬਣੀ, ਪਰ ਬਹੁਮਤ ਤੋਂ 7 ਸੀਟਾਂ ਪਿੱਛੇ ਹੈ। 2021 ਵਿੱਚ ਸਕਾਟਿਸ਼ ਨੈਸ਼ਨਲ ਪਾਰਟੀ ਨੇ 64 ਸੀਟਾਂ ਜਿੱਤ ਕੇ ਗ੍ਰੀਨ ਪਾਰਟੀ ਨਾਲ ਮਿਲ ਕੇ ਸਰਕਾਰ ਬਣਾਈ ਸੀ। ਹੁਣ ਵੀ ਉਮੀਦ ਹੈ ਕਿ ਗ੍ਰੀਨ ਪਾਰਟੀ ਨਾਲ ਮਿਲਕੇ ਹੀ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰੇਗੀ। ਗ੍ਰੀਨ ਪਾਰਟੀ ਨੇ 15 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ, ਜੋ ਕਿ ਉਸਦੀਆਂ ਪਿਛਲੀ ਵਾਰ ਦੀਆਂ 9 ਨਾਲੋਂ 6 ਵੱਧ ਹਨ।

ਰਿਫੌਰਮ ਯੂਕੇ ਪਾਰਟੀ ਦਾ ਯੂਕੇ ਸਮੇਤ ਸਕਾਟਲੈਂਡ ਵਿੱਚ ਵੀ ਵੱਡਾ ਉਭਾਰ ਹੋਇਆ ਹੈ। ਰਿਫੌਰਮ ਯੂਕੇ ਨੇ ਸਕਾਟਲੈਂਡ ਵਿੱਚ ਪਹਿਲੀ ਵਾਰ 17 ਸੀਟਾਂ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ, ਕਿਉਂਕਿ ਇਸ ਤੋਂ ਪਹਿਲਾਂ ਰਿਫੌਰਮ ਪਾਰਟੀ ਨੇ ਸਕਾਟਲੈਂਡ ਵਿੱਚ ਕਦੇ ਕੋਈ ਸੀਟ ਨਹੀਂ ਜਿੱਤੀ ਸੀ। ਇਹ ਪਾਰਟੀ ਪਹਿਲਾਂ ਸੰਸਦ ਵਿੱਚ ਨਹੀਂ ਸੀ, ਪਰ ਇਸ ਵਾਰ ਰਿਫੌਰਮ ਪਾਰਟੀ ਨੇ ਇਮੀਗ੍ਰੇਸ਼ਨ ਮੁੱਖ ਮੁੱਦਾ ਬਣਾਇਆ, ਜੀਵਨ ਪੱਧਰ ਦੀ ਲਾਗਤ ਅਤੇ ਸਥਾਪਿਤ ਪਾਰਟੀਆਂ ਵਿਰੁੱਧ ਨਾਰਾਜ਼ਗੀ ਕਾਰਨ ਵੱਡਾ ਸਮਰਥਨ ਮਿਲਿਆ।

ਸਕਾਟਿਸ਼ ਲੇਬਰ ਪਾਰਟੀ ਦਾ ਨਤੀਜਾ ਉਮੀਦਾਂ ਤੋਂ ਕਾਫੀ ਕਮਜ਼ੋਰ ਰਿਹਾ।ਲੇਬਰ ਅਤੇ ਰਿਫੌਰਮ ਯੂਕੇ ਦੋਵਾਂ ਪਾਰਟੀਆਂ ਨੇ 17-17 ਸੀਟਾਂ ਜਿੱਤੀਆਂ ਅਤੇ ਦੋਵੇਂ ਪਾਰਟੀਆਂ ਦੂਜੇ ਨੰਬਰ 'ਤੇ ਹਨ। ਲੇਬਰ ਪਾਰਟੀ ਦਾ ਇਹ ਸਕਾਟਿਸ਼ ਚੋਣਾਂ ਦੇ ਇਤਿਹਾਸ ਵਿੱਚ ਸਭ ਤੋਂ ਕਮਜ਼ੋਰ ਪ੍ਰਦਰਸ਼ਨ ਹੈ । ਸੱਭ ਤੋਂ ਵੱਧ ਨੁਕਸਾਨ ਇਸ ਵਾਰ ਕਨਜ਼ਰਵੇਟਿਵ ਪਾਰਟੀ ਦਾ ਹੋਇਆ ਹੈ। ਪਾਰਟੀ ਪਿਛਲੀ ਵਾਰ ਦੀਆਂ 31 ਸੀਟਾਂ ਤੋਂ ਘੱਟ ਕੇ ਸਿਰਫ਼ 12 ਸੀਟਾਂ 'ਤੇ ਆ ਗਈ ਹੈ। ਸਕਾਟਿਸ਼ ਗ੍ਰੀਨ ਪਾਰਟੀ ਅਤੇ ਲਿਬਰਲ ਡੈਮੋਕ੍ਰੈਟਸ ਦਾ ਵੀ ਫਾਇਦਾ ਹੋਇਆ ਹੈ।

ਸਕਾਟਿਸ਼ ਗ੍ਰੀਨ ਨੇ ਵਾਤਾਵਰਣ ਅਤੇ ਸਮਾਜਿਕ ਨੀਤੀਆਂ ਦੇ ਆਧਾਰ 'ਤੇ ਆਪਣਾ ਵੋਟ ਬੈਂਕ ਵਧਾਇਆ। ਸਕਾਟਿਸ਼ ਲਿਬਰਲ ਡੈਮੋਕ੍ਰੇਟਿਕ ਨੇ ਵੀ 10 ਸੀਟਾਂ ਜਿੱਤ ਕੇ ਆਪਣੀ ਪੋਜ਼ੀਸ਼ਨ ਮਜ਼ਬੂਤ ਕੀਤੀ। ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਧਾਨ ਅਤੇ ਸਕਾਟਲੈਂਡ ਦੇ ਫਸਟ ਮਨਿਸਟਰ ਜੌਹਨ ਸਵਿੰਨੀ ਨੇ ਨੌਰਥ ਟੇਸਾਈਡ ਤੋਂ ਆਪਣੇ ਵਿਰੋਧੀ ਕਜ਼ੰਰਵੇਟਿਵ ਪਾਰਟੀ ਦੇ ਮਰਡੋ ਫਰੇਜ਼ਰ ਨੂੰ 6000 ਤੋਂ ਵੱਧ ਵੋਟਾਂ ਨਾਲ ਹਰਾ ਕੇ ਲਗਾਤਾਰ 7ਵੀਂ ਵਾਰ ਸੰਸਦ ਬਣੇ ਹਨ ਅਤੇ ਪਾਰਟੀ ਦੇ ਸੱਭ ਤੋਂ ਸੀਨੀਅਰ ਨੇਤਾ ਹਨ। ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਧਾਨ ਅਨਸ ਸਰਵਰ ਵੀ ਗਲਾਸਗੋ ਕੈਥਕਾਰਟ ਅਤੇ ਪੋਲੋਕ ਸੀਟ ਤੋਂ ਸਕਾਟਿਸ਼ ਨੈਸ਼ਨਲ ਪਾਰਟੀ ਦੇ ਉਮੀਦਵਾਰ ਜੈਨ ਘਾਨੀ ਤੋਂ ਲੱਗਭੱਗ 5000 ਵੋਟਾਂ ਨਾਲ ਹਾਰ ਗਏ, ਪਰ ਲੇਬਰ ਪਾਰਟੀ ਨੇ ਉਨ੍ਹਾਂ ਨੂੰ ਗਲਾਸਗੋ ਦੀ ਖੇਤਰੀ ਬੈਲਟ ਤੋਂ ਸਕਾਟਿਸ਼ ਪਾਰਲੀਮੈਂਟ ਲਈ ਸੰਸਦ ਮੈਂਬਰ ਚੁਣ ਲਿਆ। ਸਕਾਟਿਸ਼ ਲੇਬਰ ਪਾਰਟੀ ਨੂੰ ਇਹਨਾਂ ਚੋਣਾਂ ਵਿੱਚ ਵੱਡਾ ਝਟਕਾ ਲੱਗਿਆ ਅਤੇ ਪਾਰਟੀ ਦਾ ਪ੍ਰਦਰਸ਼ਨ ਉਮੀਦਾਂ ਤੋਂ ਕਾਫ਼ੀ ਘੱਟ ਰਿਹਾ।

ਪਾਰਟੀ ਪਿਛਲੀ ਵਾਰ ਦੀਆਂ 21 ਸੀਟਾਂ ਤੋਂ ਵੀ ਘੱਟ ਕੇ 17 ਰਹਿ ਗਈਆਂ। ਲਿਬਰਲ ਡੈਮੋਕ੍ਰਟਸ ਪ੍ਰਧਾਨ ਅਲੈਕਸ ਕੋਲ ਹਮਿਲਟਨ ਨੇ ਐਡਿਨਬਰਾ ਵੈਸਟ ਅਤੇ ਉੱਤਰੀ ਖੇਤਰ ਤੋਂ ਜਿੱਤ ਦਰਜ ਕੀਤੀ ਰਿਫੌਰਮ ਯੂਕੇ ਸਕਾਟਲੈਂਡ ਦੇ ਪ੍ਰਧਾਨ ਮਾਲਕੌਲਮ ਆਫਰਡ ਇਨਵਰਕਲਾਇਡ ਤੋਂ ਚੋਣ ਹਾਰ ਗਏ, ਪਰ ਪੱਛਮੀ ਸਕਾਟਲੈਂਡ ਖੇਤਰੀ ਬੈਲਟ ਤੋਂ ਚੁਣੇ ਗਏ। 2021 ਦੀਆਂ ਚੋਣਾਂ ਵਿੱਚ ਕਜ਼ੰਰਵੇਟਿਵ ਪਾਰਟੀ ਦੀ ਪੰਜਾਬੀ ਮੂਲ ਦੀ ਪਹਿਲੀ ਸਿੱਖ ਮਹਿਲਾ ਸੰਸਦ ਬਣੀ ਪੈਮ ਗੋਸਲ ਸਟਰੈਥਕੈਲਵਿਨ ਅਤੇ ਬੇਅਰਜ਼ਡਨ ਤੋਂ ਬੁਰੀ ਤਰ੍ਹਾਂ ਹਾਰ ਗਈ ਅਤੇ ਪੰਜਵੇਂ ਸਥਾਨ 'ਤੇ ਰਹੀ। ਕਜ਼ੰਰਵੇਟਿਵ ਪਾਰਟੀ ਦੀ ਹੀ ਪੇਜ਼ਲੀ ਤੋਂ ਪੰਜਾਬੀ ਉਮੀਦਵਾਰ ਸਤਬੀਰ ਕੌਰ ਗਿੱਲ ਵੀ ਪੰਜਵੇਂ ਸਥਾਨ ਤੇ ਰਹੀ।

ਕੁੱਲ ਮਿਲਾ ਕੇ ਇਹ ਚੋਣਾਂ ਸਕਾਟਲੈਂਡ ਦੀ ਰਾਜਨੀਤੀ ਵਿੱਚ ਵੱਡੇ ਬਦਲਾਅ ਦਾ ਸੰਕੇਤ ਮੰਨੀਆਂ ਜਾ ਰਹੀਆਂ ਹਨ, ਜਿੱਥੇ ਖੇਤਰੀ ਪਾਰਟੀ ਸਕਾਟਿਸ਼ ਨੈਸ਼ਨਲ ਪਾਰਟੀ ਸਭ ਤੋਂ ਵੱਡੀ ਪਾਰਟੀ ਰਹੀ ਪਰ ਲੇਬਰ ਅਤੇ ਕਜ਼ੰਰਵੇਟਿਵ ਨੂੰ ਵੱਡੇ ਝਟਕੇ ਲੱਗੇ, ਜਦਕਿ ਰਿਫੌਰਮ ਯੂਕੇ ਅਤੇ ਗ੍ਰੀਨ ਪਾਰਟੀ ਨੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਇਹ ਨਤੀਜੇ ਦਰਸਾਉਂਦੇ ਹਨ ਕਿ ਸਕਾਟਲੈਂਡ ਦੀ ਰਾਜਨੀਤੀ ਵਿੱਚ ਬਦਲਾਅ ਆ ਰਹੇ ਹਨ। ਸਕਾਟਿਸ਼ ਨੈਸ਼ਨਲ ਪਾਰਟੀ ਅਜੇ ਵੀ ਸਭ ਤੋਂ ਵੱਡੀ ਤਾਕਤ ਹੈ, ਪਰ ਰਿਫੌਰਮ ਯੂਕੇ ਦੇ ਉਭਾਰ ਅਤੇ ਕਨਜ਼ਰਵੇਟਿਵ ਪਾਰਟੀ ਦੀ ਕਮਜ਼ੋਰੀ ਨੇ ਰਾਜਨੀਤਿਕ ਤਸਵੀਰ ਬਦਲ ਦਿੱਤੀ ਹੈ।



ਸਕਾਟਿਸ਼ ਨੈਸ਼ਨਲ ਪਾਰਟੀ ਪ੍ਰਧਾਨ ਜੌਹਨ ਸਵਿੰਨੀ

ਸਕਾਟਿਸ਼ ਸੰਸਦ ਚੋਣਾਂ 2026 ਦੇ ਨਤੀਜੇ

| ਪਾਰਟੀ | 2026 ਚੋਣਾਂ ਵਿੱਚ ਸੀਟਾਂ | 2021 ਦੀਆਂ ਚੋਣਾਂ ਵਿੱਚ ਸੀਟਾਂ |
| --- | --- | --- |
| ਸਕਾਟਿਸ਼ ਨੈਸ਼ਨਲ ਪਾਰਟੀ | 58 | 64 |
| ਲੇਬਰ ਪਾਰਟੀ। | 17 | 21 |
| ਰਿਫੌਰਮ ਯੂਕੇ | 17 | 00 |
| ਸਕਾਟਿਸ਼ ਗ੍ਰੀਨ | 15 | 09 |
| ਕਨਜ਼ਰਵੇਟਿਵ ਪਾਰਟੀ। | 12 | 31 |
| ਲਿਬਰਲ ਡੈਮੋਕ੍ਰੈਟਸ | 10 | 04 |

## ਪੂਰਨ ਬਹੁਮਤ ਨਾ ਮਿਲਣ 'ਤੇ ਸਕਾਟਲੈਂਡ ਦੇ ਦੇ ਦੂਜੇ ਜਨਮਤ ਲਈ ਜੌਹਨ ਸਵਿੰਨੀ ਦੇ ਸੁਰ ਮੱਠੇ

ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਸਕਾਟਿਸ਼ ਨੈਸ਼ਨਲ ਪਾਰਟੀ ਦਹਾਕਿਆਂ ਤੋਂ ਸਕਾਟਲੈਂਡ ਦੀ ਅਜ਼ਾਦੀ ਦਾ ਰਾਗ ਅਲਾਪ ਰਹੀ ਹੈ। ਇਸ ਵਾਰ ਦੀਆਂ ਚੋਣਾਂ ਵਿੱਚ ਵੀ ਸਕਾਟਲੈਂਡ ਦੇ ਫਸਟ ਮਨਿਸਟਰ ਅਤੇ ਸਕਾਟਿਸ਼ ਨੈਸ਼ਨਲ ਪਾਰਟੀ ਦੇ ਪ੍ਰਧਾਨ ਜੌਹਨ ਸਵਿਨੀ ਨੇ ਐਲਾਨ ਕੀਤਾ ਸੀ ਕਿ ਜੇਕਰ ਚੋਣਾਂ ਵਿੱਚ ਉਨ੍ਹਾਂ ਦੀ ਪਾਰਟੀ ਬਹੁਮਤ ਪ੍ਰਾਪਤ ਕਰਦੀ ਹੈ ਤਾਂ ਉਹ ਸਕਾਟਲੈਂਡ ਦੀ ਅਜ਼ਾਦੀ ਲਈ ਇੱਕ ਹੋਰ ਜਨਮਤ ਕਰਵਾਉਣਗੇ। ਪਰ ਉਹਨਾਂ ਦੀ ਪਾਰਟੀ ਸਰਕਾਰ ਬਣਾਉਣ ਲਈ ਲੋੜੀਂਦੇ ਬਹੁਮਤ ਲਈ ਕੁੱਲ 129 ਸੀਟਾਂ ਚੋਂ 65 ਦੀ ਬਜਾਏ 58 ਸੀਟਾਂ ਹੀ ਜਿੱਤ ਸਕੀ। ਨਤੀਜਿਆਂ ਤੋਂ ਬਾਅਦ ਉਹਨਾਂ ਕਿਹਾ ਕਿ ਉਹ ਸੰਵਿਧਾਨਕ ਰੋਕ ਨੂੰ ਤੋੜਨ ਅਤੇ ਸਕਾਟਲੈਂਡ ਦੀ ਆਜ਼ਾਦੀ ਲਈ ਦੂਜਾ ਜਨਮਤ ਸੰਗ੍ਰਹਿ ਕਰਵਾਉਣ ਲਈ ਬਹੁਮਤ ਪ੍ਰਾਪਤ ਕਰਨ ਦੀ ਉਮੀਦ ਕਰਦੇ ਸਨ। ਅਜਿਹਾ ਕਰਨ ਲਈ ਯੂਕੇ ਸਰਕਾਰ ਦੁਆਰਾ ਦਸਤਖਤ ਕਰਨ ਦੀ ਜ਼ਰੂਰਤ ਹੋਏਗੀ, ਜਿਵੇਂ ਕਿ 2014 ਵਿੱਚ ਸਕਾਟਲੈਂਡ ਦੇ ਪਹਿਲੇ ਆਜ਼ਾਦੀ ਜਨਮਤ ਪੋਲ ਹੋਣ 'ਤੇ ਹੋਇਆ ਸੀ। ਹਾਲਾਂਕਿ,ਯੂਕੇ ਸਰਕਾਰ ਨੇ ਵਾਰ-ਵਾਰ ਇਸ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜੌਹਨ ਸਵਿੰਨੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸੰਸਦ ਵਿੱਚ ਆਪਣੀ ਭਾਈਵਾਲ ਪਾਰਟੀ ਗ੍ਰੀਨ ਪਾਰਟੀ ਜਿਹਨਾਂ ਕੋਲ 15 ਸੰਸਦ ਮੈਂਬਰ ਹਨ, ਨਾਲ ਮਿਲਕੇ 2028 ਵਿੱਚ ਜਨਮਤ ਕਰਵਾਉਣ ਦੀ ਕੋਸ਼ਿਸ਼ ਕਰਨਗੇ।

## ਪੰਜਾਬੀ ਸਾਹਿਤ ਸਭਾ ਗਲਾਸਗੋ ਦੇ ਵਿਸਾਖੀ ਪ੍ਰੋਗਰਾਮ ਵਿੱਚ ਖੂਬ ਰੌਣਕਾਂ ਲੱਗੀਆਂ



ਗਲਾਸਗੋ -(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਗਲਾਸਗੋ ਦੇ ਵੁੱਡਸਾਇਡ ਹਾਲ ਵਿੱਚ ਸਕਾਟਲੈਂਡ ਵਿੱਚ ਪੰਜਾਬੀ ਦਾ ਪਸਾਰ ਤੇ ਪ੍ਰਚਾਰ ਕਰਨ ਵਾਲੀ ਇੱਕੋ ਇੱਕ ਸੰਸਥਾ ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋਂ ਰੰਗਾਰੰਗ ਪ੍ਰੋਗਰਾਮ 'ਵਿਸਾਖੀ ਸ਼ੋਅ' ਕਰਵਾਇਆ ਗਿਆ। ਪਰੋਗਰਾਮ ਦੀ ਸ਼ੁਰੂਆਤ ਸਾਹਿਤ ਸਭਾ ਦੇ ਪ੍ਰਧਾਨ ਦਲਜੀਤ ਸਿੰਘ ਦਿਲਬਰ ਨੇ ਖਚਾਖਚ ਭਰੇ ਹਾਲ ਵਿੱਚ ਆਏ ਹੋਏ ਸਰੋਤਿਆਂ ਨੂੰ ਜੀ ਆਇਆਂ ਕਹਿੰਦਿਆਂ ਹੋਇਆ ਕੀਤੀ। ਉਨ੍ਹਾਂ ਪੰਜਾਬੀ ਬੋਲੀ, ਸੱਭਿਆਚਾਰ, ਕਦਰਾਂ ਕੀਮਤਾਂ ਅਤੇ ਸਾਹਿਤ ਸਭਾ ਦੇ ਕਾਰਜ ਖੇਤਰਾਂ ਬਾਰੇ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਨ ਲਈ ਸਾਹਿਤ ਸਭਾ ਦਾ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ। ਇਸ ਤੋਂ ਬਾਅਦ ਗੁਰਦੁਆਰਾ ਸਾਹਿਬ ਦੇ ਪੰਜਾਬੀ ਸਕੂਲ ਦੇ ਬੱਚਿਆਂ ਨੇ 'ਦੇਹਿ ਸ਼ਿਵਾ ਵਰ ਮੋਹਿ ਏਹਿ' ਸ਼ਬਦ ਦਾ ਗਾਇਨ ਕਰ ਕੇ ਪ੍ਰੋਗਰਾਮ ਅਰੰਭਿਆ। ਉਸ ਤੋਂ ਅਗਲੀ ਪੇਸ਼ਕਸ਼ ਵੀ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਨੇ ਪੰਜਾਬ ਤੋਂ ਚੱਲ ਕੇ ਪੜ੍ਹਾਈ ਕਰਨ ਆਏ ਵਿਦਿਆਰਥੀਆਂ ਨਾਲ ਸਬੰਧਤ ਸੰਘਰਸ਼ ਦੀ ਬਾਤ ਪਾਉਂਦੀ ਸਕਿੱਟ ਪੇਸ਼ ਕਰਕੇ ਕੀਤੀ। ਸਕਾਟਲੈਂਡ ਦੇ ਜੰਮਪਲ ਛੋਟੇ ਬੱਚੇ ਜਸਦੀਪ ਸਿੰਘ ਨੇ ਰਣਜੀਤ ਬਾਵਾ ਦਾ ਗੀਤ 'ਚੰਡੀਗੜ੍ਹ ਵਾਲੀਏ' ਠੇਠ ਪੰਜਾਬੀ ਵਿੱਚ ਗਾ ਕੇ ਲੋਕਾਂ ਨੂ ਝੂਮਣ ਲਾ ਦਿੱਤਾ। ਪੰਜਾਬੀ ਸਕੂਲ ਦੇ ਬੱਚਿਆਂ ਨੇ ਇੱਕ ਹੋਰ ਕੋਰਿਓਗਰਾਫੀ 'ਜੰਗਲ ਦੀ ਅੱਗ' ਨੂੰ ਬੁਝਾਉਂਦੀ ਚਿੜੀ ਦੀ ਕਹਾਣੀ ਬਹੁਤ ਸ਼ਾਨਦਾਰ ਅੰਦਾਜ਼ ਵਿੱਚ ਪੇਸ਼ ਕੀਤੀ। ਛੋਟੀ ਬੱਚੀ ਸ੍ਰੀਸ਼ਾਅ ਕੇਦਾਰ ਨੇ ਪੰਜਾਬੀ ਗੀਤ 'ਤੇ ਜ਼ੋਰਦਾਰ ਭੰਗੜਾ ਪਾ ਕੇ ਸੱਭ ਨੂੰ ਹੈਰਾਨ ਕੀਤਾ। ਸਥਾਨਕ ਗਾਇਕ ਸੁੱਖੀ ਦੁਸਾਂਝ, ਸੰਤੋਖ ਸਿੰਘ ਸੋਹਲ, ਕਰਮਜੀਤ ਮੀਨੀਆਂ ਨੇ ਆਪਣੇ ਗੀਤਾਂ ਨਾਲ ਵਾਹਵਾ ਰੰਗ ਬੰਨ੍ਹਿਆ।

ਬਿੱਲੇ ਅਤੇ ਭੱਲੇ ਦੀ ਭੰਡਾਂ ਦੀ ਪੇਸ਼ਕਾਰੀ ਨੇ ਵੀ ਦਰਸ਼ਕਾਂ ਦੇ ਰੂਬਰੂ ਹਾਸਾ ਠੱਠਾ ਕੀਤਾ। ਐਚ ਆਰ ਐਚ ਗਰੁੱਪ, ਦੇਸੀ ਬ੍ਰੇਵਹਾਰਟ ਗਰੁੱਪ ਦੀਆਂ ਕੁੜੀਆਂ ਨੇ ਨ੍ਰਿਤ ਕਲਾ ਦੇ ਜੌਹਰ ਦਿਖਾਏ ਅਤੇ ਸਕਾਟਲੈਂਡ ਦੀਆਂ ਪੰਜਾਬਣਾਂ ਨੇ ਲੋਕ ਨਾਚ ਗਿੱਧਾ ਪੇਸ਼ ਕਰਕੇ ਖੂਬ ਵਾਹ ਵਾਹੀ ਖੱਟੀ। ਪੰਜਾਬੀ ਸਾਹਿਤ ਸਭਾ ਵੱਲੋਂ ਵਿਸ਼ੇਸ਼ ਤੌਰ ਸੱਦੇ ਗਏ ਜਾਦੂਗਰ ਨੇ ਆਪਣੇ ਹੈਰਾਨੀਜਨਕ ਜਾਦੂ ਨਾਲ ਦਰਸ਼ਕਾਂ ਨੂੰ ਦੰਦਾਂ ਹੇਠਾਂ ਉਂਗਲਾਂ ਲੈਣ ਲਈ ਮਜਬੂਰ ਕੀਤਾ। ਪਰੋਗਰਾਮ ਦੇ ਅੰਤ ਵਿੱਚ ਪੰਜਾਬੀ ਸਾਹਿਤ ਸਭਾ ਦੇ ਸੈਕਟਰੀ ਅਮਨਦੀਪ ਸਿੰਘ ਅਮਨ ਨੇ ਆਏ ਹੋਏ ਦਰਸ਼ਕਾਂ ਦਾ ਅਤੇ 80 ਦੇ ਕਰੀਬ ਕਲਾਕਾਰਾਂ ਦਾ ਧੰਨਵਾਦ ਕੀਤਾ। ਪੰਜਾਬੀ ਸਾਹਿਤ ਸਭਾ ਦੇ ਉਪਰਾਲੇ ਨਾਲ ਇਹ ਵਿਸਾਖੀ ਪ੍ਰੋਗਰਾਮ ਦਰਸ਼ਕਾਂ ਦੇ ਦਿਲਾਂ ਤੇ ਆਪਣੀ ਅਮਿੱਟ ਛਾਪ ਛੱਡ ਗਿਆ ਅਤੇ ਵਤਨ ਪੰਜਾਬ ਦੀ ਯਾਦ ਤਾਜ਼ਾ ਕਰਵਾ ਗਿਆ।

# ਇੰਗਲੈਂਡ ਦੀਆਂ ਸਥਾਨਿਕ ਚੋਣਾਂ ਵਿੱਚ ਲੇਬਰ ਪਾਰਟੀ ਦੀ ਵੱਡੀ ਹਾਰ

## ਵੇਲਜ਼ ਦੀਆਂ ਸੰਸਦੀ ਚੋਣਾਂ 'ਚ ਵੀ ਡਿੱਗੀ ਮੂਧੇ ਮੂੰਹ ਰੀਫੌਰਮ ਯੂ ਕੇ ਨੇ ਸ਼ਾਨਦਾਰ ਜਿੱਤਾਂ ਕੀਤੀਆਂ ਦਰਜ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੀਆਂ ਸਥਾਨਿਕ ਚੋਣਾਂ ਵਿੱਚ ਲੇਬਰ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਦ ਕਿ ਇਹਨਾਂ ਚੋਣਾਂ ਵਿਚ ਰੀਫੌਰਮ ਯੂ ਕੇ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਰਤਾਨੀਆਂ ਦੀ ਸਿਆਸਤ ਵਿਚ ਨਵਾਂ ਇਤਿਹਾਸ ਰਚਿਆ ਹੈ। 136 ਕੌਂਸਲਾਂ ਦੇ ਆਏ ਨਤੀਜਿਆਂ ਵਿੱਚ ਲੇਬਰ ਪਾਰਟੀ ਨੂੰ 28 ਕੌਂਸਲਾਂ 'ਤੇ ਜਿੱਤ ਪ੍ਰਾਪਤ ਹੋਈ ਹੈ ਅਤੇ 38 ਕੌਂਸਲਾਂ ਤੋਂ ਹਾਰ ਦਾ ਸਹਮਣਾ ਕਰਨਾ ਪਿਆ ਹੈ, ਜਿਸ ਤਹਿਤ 1068 ਕੌਂਸਲਰ ਜਿੱਤੇ ਹਨ ਅਤੇ ਪਿਛਲੀਆਂ ਚੋਣਾਂ ਦੇ ਮੁਕਾਬਲੇ 1498 ਦਾ ਨੁਕਸਾਨ ਹੋਇਆ ਹੈ। ਕੰਜ਼ਰਵੇਟਿਵ ਪਾਰਟੀ ਨੂੰ 9 ਕੌਂਸਲਾਂ ਤੋਂ ਜਿੱਤ ਪ੍ਰਾਪਤ ਹੋਈ ਹੈ, 14 ਕੌਂਸਲਾਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਤਹਿਤ 801 ਕੌਂਸਲਰ ਜਿੱਤੇ ਹਨ ਅਤੇ 563 ਹਾਰੇ ਹਨ। ਲਿਬਰਲ ਡੈਮੋਕ੍ਰੇਟਿਕ ਪਾਰਟੀ ਨੇ 15 ਕੌਂਸਲਾਂ ਤੇ ਜਿੱਤ ਦਰਜ਼ ਕੀਤੀ ਹੈ ਉਸ ਨੂੰ ਇੱਕ ਸੀਟ ਦਾ ਲਾਭ ਹੋਇਆ ਹੈ, ਉਸ ਦੇ 844 ਕੌਂਸਲਰ ਜਿੱਤੇ ਹਨ ਅਤੇ 155 ਦਾ ਲਾਭ ਹੋਇਆ ਹੈ। ਨਵੀਂ ਉੱਭਰ ਰਹੀ ਰੀਫੌਰਮ ਯੂ ਕੇ ਨੇ 14 ਕੌਂਸਲਾਂ ਤੇ ਮੁਕੰਮਲ ਕਬਜ਼ਾ ਕੀਤਾ ਹੈ ਜਦ ਕਿ ਕੁੱਲ 1454 ਕੌਂਸਲਰ ਜਿੱਤੇ ਹਨ ਜਿਸ ਨੂੰ 1452 ਸੀਟਾਂ ਦਾ ਲਾਭ ਹੋਇਆ ਹੈ। ਇਸੇ ਤਰ੍ਹਾਂ ਗਰੀਨ ਪਾਰਟੀ ਨੇ 5 ਕੌਂਸਲਾਂ ਦੀ ਸੱਤਾ ਪ੍ਰਾਪਤ ਕੀਤੀ ਹੈ ਉਸ ਦੇ 587 ਕੌਂਸਲਰ ਬਣੇ ਹਨ ਅਤੇ 441 ਦਾ ਲਾਭ ਹੋਇਆ ਹੈ। ਇਸ ਤੋਂ ਇਲਾਵਾ ਅਸਪਾਇਰ ਨੇ ਇੱਕ ਕੌਂਸਲ ਤੇ ਕਬਜ਼ਾ ਕੀਤਾ ਹੈ, ਉਸ ਦੇ 33 ਕੌਂਸਲਰ ਜਿੱਤੇ ਹਨ ਅਤੇ ਕਈ ਅਜ਼ਾਦ ਉਮੀਦਵਾਰਾਂ ਨੇ ਜਿੱਤਾਂ ਦਰਜ਼ ਕੀਤੀਆਂ ਹਨ।

ਇਹਨਾਂ ਚੋਣ ਨਤੀਜਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਹਾਰ ਸਵੀਕਾਰ ਕਰਦਿਆਂ ਆਪਣੀ ਜਿੰਮੇਂਵਾਰੀ ਲਈ ਹੈ, ਪਰ ਉਹਨਾਂ ਤੇ ਅਸਤੀਫੇ ਦੇ ਵੱਧ ਰਹੇ ਦਬਾਅ ਸਬੰਧੀ ਕਿਹਾ ਕਿ ਉਹ ਕਿਤੇ ਨਹੀਂ ਜਾ ਰਹੇ। ਜਦ ਕਿ ਦੂਜੇ ਪਾਸੇ ਉਹਨਾਂ ਤੇ ਅਸਤੀਫਾ ਦੇਣ ਲਈ ਦਬਾਅ ਵੱਧ ਰਿਹਾ ਹੈ।



ਪ੍ਰਧਾਨ ਮੰਤਰੀ ਕੀਰ ਸਟਾਰਮਰ ਆਪਣੀ ਪਤਨੀ ਨਾਲ ਵੋਟ ਪਾਉਣ ਮੌਕੇ

## ਬ੍ਰਮਿੰਘਮ ਸਿਟੀ ਕੌਂਸਲ ਵਿੱਚ ਵੀ ਪੰਜਾਬੀਆਂ ਨੇ ਜਿੱਤਾਂ ਹਾਸਲ ਕੀਤੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਬ੍ਰਮਿੰਘਮ ਦੀ ਸਿਟੀ ਕੌਂਸਲ ਦੀਆਂ ਚੋਣਾਂ ਵਿੱਚ ਲੇਬਰ ਪਾਰਟੀ ਦੀ ਹਾਰ ਨੇ ਇਥੋਂ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਲੇਬਰ ਪਾਰਟੀ ਦੇ 14 ਸਾਲ ਦੇ ਰਾਜ ਭਾਗ ਨੂੰ ਵੱਡੀ ਸੱਟ ਵੱਜੀ ਹੈ। ਜਿੱਥੇ 101 ਕੌਂਸਲ ਸੀਟਾਂ ਵਿੱਚੋਂ ਬਹੁਮੱਤ ਸਾਬਤ ਕਰਨ ਲਈ 51 ਸੀਟਾਂ ਦੀ ਲੋੜ ਹੈ ਪਰ ਇਸ ਵਾਰ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ। ਰਿਫੌਰਮ ਯੂ ਕੇ ਨੂੰ ਸਭ ਤੋਂ ਵੱਧ 22 ਸੀਟਾਂ, ਲੇਬਰ ਨੂੰ 17 ਸੀਟਾਂ, ਗਰੀਨ ਪਾਰਟੀ ਨੂੰ 19, ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 12 ਸੀਟਾਂ ਅਤੇ 13 ਅਜ਼ਾਦ ਉਮੀਦਵਾਰ ਜਿੱਤੇ ਹਨ। ਜੇਤੂ ਉਮੀਦਵਾਰਾਂ ਵਿੱਚ ਕਿਸੇ ਸਮੇਂ ਲੇਬਰ ਪਾਰਟੀ ਦਾ ਹਿੱਸਾ ਰਹੇ ਅੰਮ੍ਰਿਤਸਰ ਨਾਲ ਸਬੰਧਿਤ ਰਾਜਬੀਰ ਸਿੰਘ ਨੇ ਰਿਫੌਰਮ ਪਾਰਟੀ ਵੱਲੋਂ ਜਿੱਤ ਦਰਜ ਕੀਤੀ ਹੈ ਜਦ ਕਿ ਇਸ ਵਾਰ ਲੇਬਰ ਪਾਰਟੀ ਵੱਲੋਂ ਟਿਕਟ ਨਾ ਦੇਣ ਤੇ ਜ਼ਿਲ੍ਹਾ ਜਲੰਧਰ ਨਾਲ ਸਬੰਧਿਤ ਰਿੰਕਲ ਕੌਰ ਸ਼ੇਰਗਿੱਲ ਨੇ ਅਜ਼ਾਦ ਉਮੀਦਵਾਰ ਵਜੋਂ ਜਿੱਤ ਹਾਸਲ ਕਰਕੇ ਸਾਬਤ ਕਰ ਦਿੱਤਾ ਕਿ ਲੋਕ ਪੱਖੀ ਲੋਕਾਂ ਨੂੰ ਟਿਕਟਾਂ ਨਾ ਦੇਣਾ ਵੀ ਲੇਬਰ ਪਾਰਟੀ ਦੀ ਹਾਰ ਦਾ ਵੱਡਾ ਕਾਰਨ ਰਿਹਾ ਹੈ। ਇਸ ਤੋਂ ਇਲਾਵਾ ਲੇਬਰ ਪਾਰਟੀ ਵੱਲੋਂ ਨਰਿੰਦਰ ਕੌਰ ਕੂਨਰ, ਰਣਦੀਪ ਕੌਰ ਕੁਲਾਰ, ਸ਼ਰਨਜੀਤ ਸਿੰਘ ਤੱਖਰ ਵੀ ਜਿੱਤੇ ਹਨ।



ਰਾਜਬੀਰ ਸਿੰਘ, ਰਿੰਕਲ ਕੌਰ ਸ਼ੇਰਗਿੱਲ


## ਵੇਲਜ਼ ਦੀਆਂ ਸੰਸਦੀ ਚੋਣਾਂ ਵਿੱਚ ਵੱਡਾ ਫੇਰ ਬਦਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਇਲਾਕੇ ਵੇਲਜ਼ ਦੀਆਂ ਸੰਸਦੀ ਚੋਣਾਂ ਵਿੱਚ ਵੀ ਵੱਡਾ ਫੇਰ ਬਦਲ ਹੋਇਆ ਹੈ। 92 ਸੰਸਦੀ ਸੀਟਾਂ ਲਈ ਪਈਆ ਵੋਟਾਂ ਵਿੱਚੋਂ ਪਲੇਡ ਸਾਈਮਰੁ ਨੂੰ 43, ਰਿਫੌਰਮ ਯੂ ਕੇ ਨੂੰ 34, ਕੰਜ਼ਰਵੇਟਿਵ ਪਾਰਟੀ ਨੂੰ 7, ਲੇਬਰ ਪਾਰਟੀ ਨੂੰ 9, ਗਰੀਨ 2 ਅਤੇ ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 1 ਸੀਟ ਤੋਂ ਸਫਲਤਾ ਮਿਲੀ ਹੈ। ਇਹਨਾਂ ਨਤੀਜਿਆਂ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਕਿਉਂਕਿ ਸਰਕਾਰ ਬਣਾਉਣ ਲਈ ਘੱਟੋ-ਘੱਟ 49 ਮੈਂਬਰ ਹੋਣੇ ਚਾਹੀਦੇ ਹਨ। ਹੁਣ ਵੇਖਣਾ ਇਹ ਹੋਵੇਗਾ ਕਿ ਇੱਕ ਦੂਜੇ ਨਾਲ ਵੱਡੇ ਵਿਚਾਰਕ ਮੱਤਭੇਦ ਰੱਖਣ ਵਾਲੀਆਂ ਪਾਰਟੀਆਂ ਹੁਣ ਸਰਕਾਰ ਬਣਾਉਣ ਲਈ ਕਿਸ ਤਰ੍ਹਾਂ ਗੱਠਜੋੜ ਕਰਦੀਆਂ ਹਨ।

## ਇੰਗਲੈਂਡ ਵਿੱਚ ਅਵਤਾਰ ਸਿੰਘ ਸੰਧੂ ਡਾਰਟਫੋਰਡ ਕੌਂਸਲ ਦੇ ਮੇਅਰ ਬਣੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੌਂਸਲਰ ਅਵਤਾਰ ਸਿੰਘ ਸੰਧੂ ਐਮ ਬੀ ਈ ਡਾਰਟਫੋਰਡ ਕੌਂਸਲ ਦੇ ਮੇਅਰ ਬਣੇ ਹਨ। ਜ਼ਿਲ੍ਹਾ ਜਲੰਧਰ ਦੇ ਪਿੰਡ ਅੱਟੀ ਦੇ ਜੰਮਪਲ ਸੰਧੂ ਬਰਤਾਨੀਆ ਦੀ ਸਿਆਸਤ ਵਿੱਚ ਲੰਮੇ ਸਮੇਂ ਤੋਂ ਸਰਗਰਮ ਹਨ। ਉਹ ਪਹਿਲੀ ਵਾਰ 2009 ਵਿੱਚ ਕੈਂਟ ਕਾਉਂਟੀ ਕੌਂਸਲਰ ਵਜੋਂ ਚੁਣੇ ਗਏ ਸੀ ਅਤੇ 2011 ਵਿੱਚ ਹੁਣ ਤੱਕ ਡਾਰਟਫੋਰਡ ਬਾਰੋ ਲਈ ਕੌਂਸਲਰ ਚੁਣੇ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਸਿਆਸੀ ਜੀਵਨ ਵਿੱਚ ਉਨ੍ਹਾਂ ਦੀ ਪਤਨੀ ਸੁਖਵਿੰਦਰ ਕੌਰ ਸੰਧੂ ਦਾ ਅਹਿਮ ਯੋਗਦਾਨ ਹੈ ਜੋ ਦੂਜੀ ਵਾਰ ਮੇਅਰ ਦੇ ਅਹੁਦੇ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਆਪਣੀ ਟਰਨ ਵਿੱਚ ਵੈਟਰਨਜ਼ ਬ੍ਰੇਕਫਾਸਟ ਕਲੱਬ, ਡੇਰੈਂਟ ਵੈਲੀ ਹਸਪਤਾਲ ਅਤੇ ਵੀ ਆਰ ਬੀਮਜ਼ ਸਮਾਜ ਸੇਵੀ ਸੰਸਥਾਵਾਂ ਦੀ ਚੋਣ ਕੀਤੀ ਹੈ।



ਮੇਅਰ ਅਵਤਾਰ ਸਿੰਘ ਸੰਧੂ


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਹੈਂਟਾਵਾਇਰਸ ਪ੍ਰਭਾਵਿਤ ਕਰੂਜ਼ ਜਹਾਜ਼ ਤੋਂ ਲਿਆਂਦੇ 20 ਬਰਤਾਨਵੀ 45 ਦਿਨਾਂ ਲਈ ਇਕਾਂਤਵਾਸ ’ਚ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਹੈਂਟਾਵਾਇਰਸ ਦੇ ਫੈਲਾਅ ਨਾਲ ਪ੍ਰਭਾਵਿਤ ਕਰੂਜ਼ ਜਹਾਜ਼ ਐਮ. ਵੀ. ਹੋਂਡੀਅਸ ਤੋਂ ਵਾਪਸ ਲਿਆਂਦੇ ਗਏ 20 ਬਰਤਾਨਵੀ ਨਾਗਰਿਕਾਂ ਨੂੰ ਮਰਸੀਸਾਈਡ ਦੇ ਐਰੋ ਪਾਰਕ ਹਸਪਤਾਲ ਵਿੱਚ ਇਕਾਂਤਵਾਸ ਕੀਤਾ ਗਿਆ ਹੈ। ਇਹ ਯਾਤਰੀ ਐਤਵਾਰ ਰਾਤ ਟੈਨਰੀਫ਼ ਤੋਂ ਵਿਸ਼ੇਸ਼ ਉਡਾਣ ਰਾਹੀਂ ਮੈਨਚੈਸਟਰ ਹਵਾਈ ਅੱਡੇ ਪਹੁੰਚੇ, ਜਿੱਥੋਂ ਉਨ੍ਹਾਂ ਨੂੰ ਸਖ਼ਤ ਸੁਰੱਖਿਆ ਇੰਤਜ਼ਾਮਾਂ ਹੇਠ ਕੋਚਾਂ ਰਾਹੀਂ ਹਸਪਤਾਲ ਲਿਜਾਇਆ ਗਿਆ।

ਯੂ.ਕੇ. ਹੈਲਥ ਸਕਿਊਰਿਟੀ ਏਜੰਸੀ (ਯੂਕੇ ਐਚ ਐਸ ਏ) ਦੇ ਮੁੱਖ ਵਿਗਿਆਨਕ ਅਧਿਕਾਰੀ ਪ੍ਰੋਫੈਸਰ ਰੋਬਿਨ ਮੇ ਨੇ ਦੱਸਿਆ ਕਿ ਸਾਰੇ ਯਾਤਰੀ ਇਸ ਵੇਲੇ “ਤੰਦਰੁਸਤ ਅਤੇ ਬਿਨਾਂ ਲੱਛਣਾਂ ਵਾਲੇ” ਹਨ। ਉਨ੍ਹਾਂ ਕਿਹਾ ਕਿ ਯਾਤਰੀ ਪਹਿਲਾਂ 72 ਘੰਟੇ ਹਸਪਤਾਲ ਵਿੱਚ ਰਹਿਣਗੇ ਅਤੇ ਉਸ ਤੋਂ ਬਾਅਦ 42 ਦਿਨ ਆਪਣੇ ਘਰਾਂ ਵਿੱਚ ਇਕਾਂਤਵਾਸ ਕਰਨਗੇ। ਹਾਲਾਤ ਦੇ ਅਨੁਸਾਰ ਇਕਾਂਤਵਾਸ ਦੀ ਮਿਆਦ ਵਿੱਚ ਤਬਦੀਲੀ ਵੀ ਕੀਤੀ ਜਾ ਸਕਦੀ ਹੈ।



ਬਰਤਾਨਵੀ ਨਾਗਰਿਕਾ ਨੂੰ ਬੱਸ ਰਾਹੀ ਹਸਪਤਾਲ ਲਿਜਾਦੇ ਹੋਏ..,

ਹਸਪਤਾਲ ਪ੍ਰਬੰਧਕਾਂ ਮੁਤਾਬਕ ਯਾਤਰੀਆਂ ਨੂੰ ਸਵੈ-ਨਿਰਭਰ ਫਲੈਟਾਂ ਵਿੱਚ ਰੱਖਿਆ ਗਿਆ ਹੈ, ਜਿੱਥੇ ਫੋਨ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ। ਵਿਸ਼ੇਸ਼ ਮੈਡੀਕਲ ਟੀਮ ਉਨ੍ਹਾਂ ਦੀ ਲਗਾਤਾਰ ਜਾਂਚ ਅਤੇ ਮਾਨਸਿਕ ਸਹਾਇਤਾ ਲਈ ਤਾਇਨਾਤ ਹੈ। ਜੇਕਰ ਕਿਸੇ ਵਿੱਚ ਲੱਛਣ ਨਜ਼ਰ ਆਉਂਦੇ ਹਨ ਤਾਂ ਉਸ ਨੂੰ ਰਾਇਲ ਲਿਵਰਪੂਲ ਯੂਨੀਵਰਸਿਟੀ ਹਸਪਤਾਲ ਦੇ ਟ੍ਰਾਪਿਕਲ ਅਤੇ ਸੰਕਰਾਮਕ ਰੋਗ ਵਿਭਾਗ ਵਿੱਚ ਭੇਜਿਆ ਜਾਵੇਗਾ।

ਹੈਂਟਾਵਾਇਰਸ ਦੇ ਇਸ ਪ੍ਰਕੋਪ ਕਾਰਨ ਹੁਣ ਤੱਕ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਦੋ ਵਿੱਚ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਵਾਇਰਸ ਦੀ ਪੁਸ਼ਟੀ ਕੀਤੀ ਹੈ। ਦੋ ਬਰਤਾਨਵੀ ਨਾਗਰਿਕਾਂ ਸਮੇਤ ਕਈ ਹੋਰ ਯਾਤਰੀਆਂ ਵਿੱਚ ਵੀ ਵਾਇਰਸ ਮਿਲਿਆ ਹੈ।ਅਮਰੀਕਾ ਅਤੇ ਫਰਾਂਸ ਵਾਪਸ ਗਏ ਦੋ ਯਾਤਰੀਆਂ ਵਿੱਚ ਵੀ ਸੰਕਰਮਣ ਦੀ ਪੁਸ਼ਟੀ ਹੋਈ ਹੈ। ਵਾਇਰਸ ਦੀ ਇਹ ਕਿਸਮ “ਐਂਡੀਜ਼ ਸਟ੍ਰੇਨ” ਦੱਸੀ ਜਾ ਰਹੀ ਹੈ, ਜੋ ਵਿਅਕਤੀ ਤੋਂ ਵਿਅਕਤੀ ਵਿੱਚ ਫੈਲ ਸਕਦੀ ਹੈ। ਇਹ ਵਾਇਰਸ ਆਮ ਤੌਰ ’ਤੇ ਚੂਹਿਆਂ ਅਤੇ ਹੋਰ ਰੋਡੈਂਟ ਜਾਨਵਰਾਂ ਰਾਹੀਂ ਫੈਲਦਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਆਮ ਲੋਕਾਂ ਲਈ ਖ਼ਤਰਾ ਬਹੁਤ ਘੱਟ ਹੈ ਅਤੇ ਹਸਪਤਾਲ ਪੂਰੀ ਤਰ੍ਹਾਂ ਆਮ ਢੰਗ ਨਾਲ ਕੰਮ ਕਰ ਰਿਹਾ ਹੈ।

ਇਸ ਕਰੂਜ਼ ਜਹਾਜ਼ ਨੇ 1 ਅਪ੍ਰੈਲ ਨੂੰ ਅਰਜਨਟੀਨਾ ਦੇ ਉਸ਼ੁਆਇਆ ਤੋਂ ਯਾਤਰਾ ਸ਼ੁਰੂ ਕੀਤੀ ਸੀ ਅਤੇ ਇਸ ’ਚ 28 ਦੇਸ਼ਾਂ ਦੇ ਕਰੀਬ 150 ਯਾਤਰੀ ਅਤੇ ਕਰਮਚਾਰੀ ਸਵਾਰ ਸਨ।ਯਾਤਰਾ ਦੌਰਾਨ ਪਹਿਲੀ ਮੌਤ 11 ਅਪ੍ਰੈਲ ਨੂੰ ਹੋਈ ਸੀ। ਜਹਾਜ਼ ਹੁਣ ਨੀਦਰਲੈਂਡ ਦੇ ਰੌਟਰਡੈਮ ਲਿਜਾਇਆ ਜਾਵੇਗਾ, ਜਿੱਥੇ ਇਸ ਦੀ ਪੂਰੀ ਤਰ੍ਹਾਂ ਡਿਸਇੰਫੈਕਸ਼ਨ ਕੀਤੀ ਜਾਵੇਗੀ।

ਇਸ ਦੌਰਾਨ ਟ੍ਰਿਸਟਨ ਡਾ ਕੁੰਹਾ ਟਾਪੂ ’ਤੇ ਇਕ ਬਰਤਾਨਵੀ ਵਿਅਕਤੀ ਵਿੱਚ ਵੀ ਸੰਭਾਵਿਤ ਸੰਕਰਮਣ ਮਿਲਿਆ ਹੈ। ਉਸ ਦੀ ਮਦਦ ਲਈ ਬਰਤਾਨਵੀ ਫੌਜ ਦੇ ਪੈਰਾਟਰੂਪਰ ਅਤੇ ਮੈਡੀਕਲ ਮਾਹਿਰ ਟਾਪੂ ’ਤੇ ਭੇਜੇ ਗਏ ਹਨ।

# ਬਰਤਾਨੀਆ ਦੀਆਂ ਚੋਣਾਂ ਨੇ ਬਦਲੀ ਸਿਆਸਤ ਦੀ ਤਸਵੀਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਵਿਚ ਹੋ ਰਹੀਆਂ ਇੰਗਲੈਂਡ ਦੀਆਂ ਸਥਾਨਕ ਕੌਂਸਲ, ਸਕਾਟਲੈਂਡ ਸੰਸਦੀ ਅਤੇ ਵੇਲਜ਼ ਸੇਨੇਦ ਚੋਣਾਂ ਦੇ ਨਤੀਜਿਆਂ ਨੇ ਦੇਸ਼ ਦੀ ਸਿਆਸਤ ਵਿਚ ਵੱਡਾ ਭੂਚਾਲ ਲਿਆ ਦਿੱਤਾ ਹੈ। ਤਾਜ਼ਾ ਅੱਪਡੇਟ ਮੁਤਾਬਕ ਨਾਇਜਲ ਫਰਾਜ ਦੀ ਅਗਵਾਈ ਵਾਲੀ ਰਿਫਾਰਮ ਯੂ.ਕੇ. ਪਾਰਟੀ ਨੇ ਸਭ ਤੋਂ ਵੱਡਾ ਉਭਾਰ ਦਰਜ ਕਰਦਿਆਂ ਇੰਗਲੈਂਡ ਵਿਚ ਸੈਂਕੜਿਆਂ ਕੌਂਸਲਰ ਜਿੱਤ ਲਏ ਹਨ ਅਤੇ ਕਈ ਕੌਂਸਲਾਂ ਤੇ ਕਬਜ਼ਾ ਕਰ ਲਿਆ ਹੈ, ਜਦਕਿ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਲੇਬਰ ਪਾਰਟੀ ਅਤੇ ਕੰਜ਼ਰਵੇਟਿਵ ਪਾਰਟੀ ਦੋਵਾਂ ਨੂੰ ਭਾਰੀ ਝਟਕੇ ਲੱਗੇ ਹਨ। ਬਰਤਾਨਵੀ ਮੀਡੀਆ ਰਿਪੋਰਟਾਂ ਅਨੁਸਾਰ ਰਿਫਾਰਮ ਯੂ.ਕੇ. 600 ਤੋਂ ਵੱਧ ਕੌਂਸਲ ਸੀਟਾਂ ਜਿੱਤ ਚੁੱਕੀ ਹੈ ਅਤੇ ਕਈ ਪਰੰਪਰਾਗਤ ਲੇਬਰ ਅਤੇ ਟੋਰੀ ਗੜ੍ਹਾਂ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਇੰਗਲੈਂਡ ਦੇ ਟੇਮਸਾਈਡ, ਹਾਰਟਲਪੂਲ, ਨਿਊਕੈਸਲ ਅੰਡਰ ਲਾਇਮ, ਸਫ਼ੋਕ, ਹਾਈਂਡਬਰਨ, ਕੈਨਕ ਚੇਜ਼, ਪ੍ਰੈਸਟਨ ਅਤੇ ਕੈਂਬ੍ਰਿਜ ਵਰਗੇ ਇਲਾਕਿਆਂ ਵਿਚ ਲੇਬਰ ਨੂੰ ਵੱਡਾ ਨੁਕ-ਸਾਨ ਹੋਇਆ ਹੈ। ਕਈ ਥਾਵਾਂ ਤੇ ਲੇਬਰ ਆਪਣਾ ਦਹਾਕਿਆਂ ਪੁਰਾਣਾ ਬਹੁਮਤ ਵੀ ਗੁਆ ਬੈਠੀ ਹੈ। ਟੇਮਸਾਈਡ ਵਿਚ ਲੇਬਰ ਦੀ 47 ਸਾਲ ਪੁਰਾਣੀ ਪਕੜ ਖ਼ਤਮ ਹੋ ਗਈ ਹੈ ਅਤੇ ਰਿਫਾਰਮ ਯੂ.ਕੇ. ਸਭ ਤੋਂ ਵੱਡੀ ਵਿਰੋਧੀ ਪਾਰਟੀ ਵਜੋਂ ਉਭਰੀ ਹੈ। ਸਫ਼ੋਕ ਕੌਂਸਲ ਤੇ ਰਿਫਾਰਮ ਨੇ ਬਹੁਮਤ ਹਾਸਲ ਕਰ ਲਿਆ ਹੈ, ਜਦਕਿ ਕੰਜ਼ਰਵੇਟਿਵਾਂ ਦੀਆਂ ਦਰਜਨਾਂ ਸੀਟਾਂ ਖਿਸਕ ਗਈਆਂ ਹਨ। ਲੇਬਰ ਨੂੰ ਸਭ ਤੋਂ ਵੱਡਾ ਝਟਕਾ ਵੇਲਜ਼ ਵਿਚ ਲੱਗਦਾ ਦਿਖ ਰਿਹਾ ਹੈ, ਜਿੱਥੇ ਪਾਰਟੀ ਨੇ ਲਗਭਗ 27 ਸਾਲਾਂ ਤੋਂ ਸੱਤਾ ਸੰਭਾਲੀ ਹੋਈ ਸੀ। ਸੂਤਰਾਂ ਅਨੁਸਾਰ ਵੇਲਜ਼ ਦੀ ਫਸਟ ਮਿਨਿਸਟਰ ਐਲੂਨੇਡ ਮੋਰਗਨ ਆਪਣੀ ਸੀਟ ਹਾਰ ਸਕਦੀ ਹੈ ਅਤੇ ਲੇਬਰ ਨੂੰ ਸੇਨੇਦ ਵਿਚ ਸਿਰਫ਼ ਕਰੀਬ 10 ਸੀਟਾਂ ਮਿਲਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਜਦਕਿ ਪਹਿਲਾਂ ਪਾਰਟੀ ਕੋਲ 30 ਮੈਂਬਰ ਸਨ। ਵੇਲਜ਼ ਵਿਚ ਪਲੇਡ ਕਮਰੀ ਅਤੇ ਰਿਫਾਰਮ ਯੂ.ਕੇ. ਵਿਚ ਸਖ਼ਤ ਟੱਕਰ ਦੇਖਣ ਨੂੰ ਮਿਲ ਰਹੀ ਹੈ ਅਤੇ ਕਈ ਇਲਾਕਿਆਂ ਵਿਚ ਦੋਵਾਂ ਪਾਰਟੀਆਂ ਨੇ ਵੱਡੀ ਬੜਤ ਬਣਾਈ ਹੈ। ਉੱਥੇ ਸਕਾਟਲੈਂਡ ਵਿਚ ਸ਼ੰਫ ਨੇ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ ਅਤੇ ਪਾਰਟੀ ਆਗੂ ਜੌਨ ਸਵਿਨੀ ਨੇ ਦਾਅਵਾ ਕੀਤਾ ਹੈ ਕਿ ਸ਼ੰਫ ਮੁੜ ਸਭ ਤੋਂ ਵੱਡੀ ਪਾਰਟੀ ਬਣੇਗੀ ਅਤੇ ਪੰਜਵੀਂ ਵਾਰ ਸਰਕਾਰ ਬਣਾਉਣ ਵੱਲ ਵਧ ਰਹੀ ਹੈ। ਸ਼ੰਫ ਦੇ ਵੈਸਟਮਿੰਸਟਰ ਆਗੂ ਸਟੀਫਨ ਫਲਿਨ ਵੀ ਆਪਣੀ ਸੀਟ ਜਿੱਤ ਗਏ ਹਨ, ਹਾਲਾਂਕਿ ਕੁਝ ਥਾਵਾਂ ਤੇ ਲੇਬਰ ਨੇ ਸ਼ੰਫ ਤੋਂ ਸੀਟਾਂ ਵੀ ਖੋਹੀਆਂ ਹਨ।

ਚੋਣ ਨਤੀਜਿਆਂ ਨੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਤੇ ਵੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ।ਲੇਬਰ ਦੇ ਕਈ ਸੰਸਦ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਲੋਕ ਲੇਬਰ ਨਾਲੋਂ ਵੱਧ ਸਟਾਰਮਰ ਨਾਲ ਨਾਰਾਜ਼ ਹਨ। ਕੁਝ ਲੇਬਰ ਸੰਸਦ ਮੈਂਬਰਾਂ ਨੇ ਤਾਂ ਇਹ ਤੱਕ ਕਿਹਾ ਕਿ ਕੀਰ ਲਈ ਹੁਣ ਪਰਦਾ ਡਿੱਗਣ ਵਾਲਾ ਹੈ।ਇਸਦੇ ਬਾਵਜੂਦ ਸਟਾਰਮਰ ਨੇ ਕਿਹਾ ਹੈ ਕਿ ਉਹ ਅਹੁਦਾ ਨਹੀਂ ਛੱਡਣਗੇ ਅਤੇ ਦੇਸ਼ ਨੂੰ ਅਸਥਿਰਤਾ ਵਿਚ ਨਹੀਂ ਧੱਕਣਗੇ। ਰਿਫਾਰਮ ਯੂ. ਕੇ. ਦੇ ਆਗੂ ਨਾਇਜਲ ਫਰਾਜ ਨੇ ਕਿਹਾ ਹੈ ਕਿ ਇਹ ਬਰਤਾਨੀਆ ਦੀ ਸਿਆਸਤ ਵਿਚ ਇਤਿਹਾਸਕ ਬਦਲਾਅ ਦੀ ਸ਼ੁਰੂਆਤ ਹੈ ਅਤੇ ਲੋਕ ਹੁਣ ਪੁਰਾਣੀਆਂ ਪਾਰਟੀਆਂ ਤੋਂ ਤੰਗ ਆ ਚੁੱਕੇ ਹਨ। ਚੋਣਾਂ ਵਿਚ ਗ੍ਰੀਨ ਪਾਰਟੀ ਅਤੇ ਲਿਬਰਲ ਡੈਮੋਕ੍ਰੈਟਸ ਨੇ ਵੀ ਕਈ ਇਲਾਕਿਆਂ ਵਿਚ ਆਪਣਾ ਪ੍ਰਭਾਵ ਵਧਾਇਆ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਨਤੀਜਿਆਂ ਨੇ ਸਾਫ਼ ਕਰ ਦਿੱਤਾ ਹੈ ਕਿ ਬਰਤਾਨੀਆ ਦੀ ਰਵਾਇਤੀ ਦੋ-ਪਾਰਟੀ ਸਿਆਸਤ ਹੁਣ ਟੁੱਟ ਰਹੀ ਹੈ ਅਤੇ ਦੇਸ਼ ਵਿਚ ਬਹੁਪੱਖੀ ਸਿਆਸੀ ਪ੍ਰਣਾਲੀ ਹੋਰ ਮਜ਼ਬੂਤ ਹੋ ਰਹੀ ਹੈ। ਇਹ ਚੋਣ ਨਤੀਜੇ ਆਉਣ ਵਾਲੀ ਬਰਤਾਨਵੀ ਆਮ ਚੋਣ ਲਈ ਵੀ ਵੱਡਾ ਸੰਕੇਤ ਮੰਨੇ ਜਾ ਰਹੇ ਹਨ।

# ਇਰਾਨ ਦੀ ਫ਼ੌਜ ਵੱਲੋਂ ਅਮਰੀਕਾ ਨੂੰ ਸਖ਼ਤ ਚੇਤਾਵਨੀ: "ਜੇ ਤੇਲ ਜਹਾਜ਼ਾਂ ਨੂੰ ਹੱਥ ਪਾਇਆ ਤਾਂ ਅਮਰੀਕੀ ਟਿਕਾਣਿਆਂ 'ਤੇ ਕਰਾਂਗੇ ਵੱਡਾ ਹਮਲਾ"

ਤੇਲਅਵੀਵ: ਇਰਾਨ ਦੀ ਸਰਵਉੱਚ ਫ਼ੌਜੀ ਟੁਕੜੀ (ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ) ਨੇ ਅਮਰੀਕਾ ਨੂੰ ਸਿੱਧੇ ਟਕਰਾਅ ਦੀ ਚੇਤਾਵਨੀ ਦਿੱਤੀ ਹੈ। ਇਰਾਨੀ ਜਲ ਸੈਨਾ ਦੇ ਮੁਖੀਆਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ, ਜੇਕਰ ਖਾੜੀ ਖੇਤਰ ਜਾਂ ਸਮੁੰਦਰੀ ਰਸਤਿਆਂ ਵਿੱਚ ਇਰਾਨ ਦੇ ਤੇਲ ਵਾਲੇ ਜਹਾਜ਼ਾਂ ਜਾਂ ਵਪਾਰਕ ਬੇੜਿਆਂ 'ਤੇ ਮੁੜ ਹਮਲਾ ਹੋਇਆ, ਤਾਂ ਅਮਰੀਕੀ ਫ਼ੌਜੀ ਟਿਕਾਣਿਆਂ ਅਤੇ ਉਨ੍ਹਾਂ ਦੇ ਜੰਗੀ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਕੇ ਵੱਡੀ ਜਵਾਬੀ ਕਾਰਵਾਈ ਕੀਤੀ ਜਾਵੇਗੀ।ਇਸ ਦੇ ਨਾਲ ਹੀ ਇਰਾਨੀ ਹਵਾਈ ਸੈਨਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀਆਂ ਮਿਜ਼ਾਈਲਾਂ ਅਤੇ ਮਾਰੂ ਡਰੋਨ (ਬਿਨਾਂ ਚਾਲਕ ਵਾਲੇ ਜਹਾਜ਼) ਪਹਿਲਾਂ ਹੀ ਅਮਰੀਕੀ ਟਿਕਾਣਿਆਂ 'ਤੇ ਨਿਸ਼ਾਨਾ ਸਾਧ ਚੁੱਕੇ ਹਨ। ਉਨ੍ਹਾਂ ਅਨੁਸਾਰ ਫ਼ੌਜ ਹੁਣ ਸਿਰਫ਼ ਹਮਲੇ ਦਾ ਹੁਕਮ ਮਿਲਣ ਦੀ ਉਡੀਕ ਕਰ ਰਹੀ ਹੈ।ਦੂਜੇ ਪਾਸੇ, ਵਿਦੇਸ਼ੀ ਅਖ਼ਬਾਰਾਂ ਦੀਆਂ ਰਿਪੋਰਟਾਂ ਮੁਤਾਬਕ ਅਮਰੀਕਾ ਨੇ ਇਸ ਵਿਵਾਦ ਨੂੰ ਸੁਲਝਾਉਣ ਲਈ ਇੱਕ 14 ਨੁਕਾਤੀ ਖਰੜਾ ਤਿਆਰ ਕੀਤਾ ਹੈ। ਇਰਾਨ ਇਸ ਵੇਲੇ ਉਸ ਪ੍ਰਸਤਾਵ 'ਤੇ ਵਿਚਾਰ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵੀ ਬੀਤੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਮੀਦ ਜਤਾਈ ਸੀ ਕਿ ਜਲਦੀ ਹੀ ਇਸ ਮਾਮਲੇ 'ਤੇ ਇਰਾਨ ਵੱਲੋਂ ਕੋਈ ਜਵਾਬ ਮਿਲ ਸਕਦਾ ਹੈ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. ‘ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸਾਵਧਾਨ ! ਕੈਨੇਡਾ ਵਿਚ ਪੜ੍ਹਨ ਗਏ ਨੌਜਵਾਨਾਂ ਨੂੰ ਗੈਂਗਸਟਰ ਫਸਾ ਰਹੇ ਨੇ ਜ਼ੁਰਮ ਦੀ ਦਲਦਲ ਵਿਚ

## ✪ ਵਿਦਿਆਰਥੀਆਂ ਨੂੰ ਗੈਂਗਸਟਰ ਗਿਰੋਹਾਂ ਨੇ ਬਣਾਇਆ ਫਿਰੌਤੀ ਦਾ ਹਥਿਆਰ ✪ ਵਿਦਿਆਰਥੀਆਂ ਦੇ ਖਾਤਿਆਂ ਰਾਹੀਂ ਘੁੰਮ ਰਿਹਾ ਫਿਰੌਤੀ ਦਾ ਪੈਸਾ ✪ ਫਿਨਟ੍ਰੈਕ ਦੀ ਰਿਪੋਰਟ ਵਿੱਚ ਹੋਏ ਵੱਡੇ ਖੁਲਾਸੇ

ਓਟਾਵਾ-ਕੈਨੇਡਾ ਵਿੱਚ ਦੱਖਣੀ ਏਸ਼ੀਆਈ ਮੂਲ ਦੇ ਲੋਕਾਂ ਅਤੇ ਕਾਰੋਬਾਰੀਆਂ ਤੋਂ ਫਿਰੌਤੀ ਮੰਗਣ ਦੇ ਮਾਮਲਿਆਂ ਵਿੱਚ ਇੱਕ ਚਿੰਤਾਜਨਕ ਰੁਝਾਨ ਸਾਹਮਣੇ ਆਇਆ ਹੈ। ਕੈਨੇਡਾ ਦੀ ਇੰਟੈਲੀਜੈਂਸ ਏਜੰਸੀ ਫਿਨਟ੍ਰੈਕ ਦੀ ਤਾਜ਼ਾ ਰਿਪੋਰਟ ਮੁਤਾਬਕ, ਅਪਰਾਧਿਕ ਗੈਂਗ ਸਟੱਡੀ ਪਰਮਿਟ 'ਤੇ ਆਏ ਕੌਮਾਂਤਰੀ ਵਿਦਿਆਰਥੀਆਂ ਨੂੰ ਫਿਰੌਤੀ ਦੀ ਰਕਮ ਇੱਧਰ-ਉੱਧਰ ਕਰਨ ਲਈ ਕਥਿਤ ਤੌਰ 'ਤੇ 'ਮਨੀ ਮਿਊਲ' ਵਜੋਂ ਵਰਤ ਰਹੇ ਹਨ।

10 ਸਾਲਾਂ ਵਿੱਚ 4 ਗੁਣਾ ਵਧੇ ਫਿਰੌਤੀ ਦੇ ਮਾਮਲੇ-ਰਿਪੋਰਟ ਵਿੱਚ ਦਿੱਤੇ ਗਏ ਅੰਕੜੇ ਕੈਨੇਡਾ ਵਿੱਚ ਵਿਗੜ ਰਹੀ ਸਥਿਤੀ ਦੀ ਗਵਾਹੀ ਭਰਦੇ ਹਨ: ਸਾਲ 2013 ਵਿੱਚ ਫਿਰੌਤੀ ਦੇ ਕੇਸਾਂ ਦੀ ਗਿਣਤੀ 2,300 ਸੀ। ਸਾਲ 2023 ਤੱਕ ਇਹ ਅੰਕੜਾ ਵੱਧ ਕੇ 14,000 ਤੱਕ ਪਹੁੰਚ ਗਿਆ ਹੈ। ਪਿਛਲੇ ਇੱਕ ਦਹਾਕੇ ਵਿੱਚ ਫਿਰੌਤੀ ਦੀ ਦਰ ਪ੍ਰਤੀ ਇੱਕ ਲੱਖ ਵਿਅਕਤੀਆਂ ਪਿੱਛੇ 8 ਤੋਂ ਵੱਧ ਕੇ 32 ਹੋ ਗਈ ਹੈ।

ਵਿਦਿਆਰਥੀਆਂ ਦੀ ਸ਼ਮੂਲੀਅਤ ਕਿਵੇਂ ਹੋਈ ਬੇਨਕਾਬ ?--ਫਿਨਟ੍ਰੈਕ ਮੁਤਾਬਕ, ਬੈਂਕਾਂ ਵਿੱਚ ਹੋਣ ਵਾਲੇ ਸ਼ੱਕੀ ਲੈਣ-ਦੇਣ ਤੋਂ ਪਤਾ ਲੱਗਿਆ ਹੈ ਕਿ ਕਈ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਅਜਿਹੀ ਰਕਮ ਆ ਰਹੀ ਹੈ, ਜੋ ਉਨ੍ਹਾਂ ਦੇ ਐਲਾਨੇ ਗਏ ਵਿੱਤੀ ਸਟੇਟਸ ਨਾਲ ਮੇਲ ਨਹੀਂ ਖਾਂਦੀ।

ਕੀ ਹੁੰਦਾ ਹੈ 'ਮਨੀ ਮਿਊਲ' ?-ਇਹ ਉਹ ਵਿਅਕਤੀ ਹੁੰਦਾ ਹੈ ਜੋ ਅਪਰਾਧੀਆਂ ਲਈ ਗੈਰ-ਕਾਨੂੰਨੀ ਪੈਸਾ ਆਪਣੇ ਬੈਂਕ ਖਾਤੇ ਰਾਹੀਂ ਪ੍ਰਾਪਤ ਕਰਦਾ ਹੈ ਤੇ ਫਿਰ ਉਸ ਨੂੰ ਅੱਗੇ ਟ੍ਰਾਂਸਫਰ ਕਰਦਾ ਹੈ। ਗੈਂਗਸਟਰ ਵਿਦਿਆਰਥੀਆਂ ਨੂੰ ਇਸ ਮਨੀ ਲਾਂਡਰਿੰਗ ਦੀ ਪ੍ਰਕਿਰਿਆ ਵਿੱਚ ਇੱਕ ਕੜੀ ਵਜੋਂ ਵਰਤ ਰਹੇ ਹਨ।

ਬਿਸ਼ਨੋਈ ਅਤੇ ਬੰਬੀਹਾ ਗੈਂਗ ਦਾ ਨਾਮ ਆਇਆ ਸਾਹਮਣੇ-ਰਿਪੋਰਟ ਵਿੱਚ ਮੁੱਖ ਤੌਰ ਉੱਤੇ ਦੋ ਵੱਡੇ ਗਰੁੱਪਾਂ ਦਾ ਜ਼ਿਕਰ ਕੀਤਾ ਗਿਆ ਹੈ। ਬਿਸ਼ਨੋਈ ਗੈਂਗ ਨੂੰ ਕੈਨੇਡਾ ਸਰਕਾਰ ਨੇ 2025 ਵਿੱਚ 'ਦਹਿਸ਼ਤਗਰਦ ਸੰਗਠਨ' ਐਲਾਨਿਆ ਹੈ। ਇਹ ਗੈਂਗ ਖਾਸ ਕਰਕੇ ਉਨ੍ਹਾਂ ਇਲਾਕਿਆਂ ਵਿੱਚ ਸਰਗਰਮ ਹੈ ਜਿੱਥੇ ਦੱਖਣੀ ਏਸ਼ੀਆਈ ਭਾਈਚਾਰਾ ਵੱਡੀ ਗਿਣਤੀ ਵਿੱਚ ਰਹਿੰਦਾ ਹੈ। ਰਿਪੋਰਟ ਮੁਤਾਬਕ ਬੰਬੀਹਾ ਗਰੁੱਪ: ਗਰੁੱਪ ਵੀ ਹੋਰ ਗੈਂਗਾਂ ਨਾਲ ਮਿਲ ਕੇ ਫਿਰੌਤੀ ਅਤੇ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਹੈ। ਅਪਰਾਧਿਕ ਗਰੁੱਪਾਂ (ਜਿਵੇਂ ਕਿ ਬਿਸ਼ਨੋਈ ਜਾਂ ਬੰਬੀਹਾ ਗੈਂਗ) ਦੇ ਜੜ੍ਹਾਂ ਭਾਰਤ ਅਤੇ ਪਾਕਿਸਤਾਨ ਵਿੱਚ ਹਨ। ਉਹ ਪੰਜਾਬੀ ਭਾਈਚਾਰੇ ਦੀਆਂ ਰਗਾਂ, ਉਨ੍ਹਾਂ ਦੀ ਭਾਸ਼ਾ ਅਤੇ ਰਹਿਣ-ਸਹਿਣ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਸਾਂਝ ਕਰਕੇ ਉਨ੍ਹਾਂ ਲਈ ਸ਼ਿਕਾਰ ਲੱਭਣਾ ਅਤੇ ਉਨ੍ਹਾਂ ਨੂੰ ਡਰਾਉਣਾ ਸੌਖਾ ਹੋ ਜਾਂਦਾ ਹੈ। ਪੰਜਾਬੀ ਭਾਈਚਾਰਾ ਕੈਨੇਡਾ ਵਿੱਚ ਰੀਅਲ ਐਸਟੇਟ, ਟ੍ਰਾਂਸਪੋਰਟ, ਨਿਰਮਾਣ ਅਤੇ ਰਿਟੇਲ ਵਰਗੇ ਖੇਤਰਾਂ ਵਿੱਚ ਬਹੁਤ ਕਾਮਯਾਬ ਹੈ। ਗੈਂਗਸਟਰਾਂ ਨੂੰ ਪਤਾ ਹੈ ਕਿ ਇਨ੍ਹਾਂ ਕਾਰੋਬਾਰੀਆਂ ਕੋਲ ਪੈਸਾ ਹੈ, ਇਸ ਲਈ ਉਹ ਇਨ੍ਹਾਂ ਨੂੰ ਮੋਟੀ ਫਿਰੌਤੀ ਲਈ ਨਿਸ਼ਾਨਾ ਬਣਾਉਂਦੇ ਹਨ। ਬਹੁਤ ਸਾਰੇ ਕਾਰੋਬਾਰੀ ਆਪਣੀ ਮਸ਼ਹੂਰੀ ਲਈ ਜਨਤਕ ਬੋਰਡਾਂ 'ਤੇ ਆਪਣੇ ਫੋਨ ਨੰਬਰ ਅਤੇ ਪਤੇ ਦਿੰਦੇ ਹਨ। ਅਪਰਾਧੀ ਇਨ੍ਹਾਂ ਵੇਰਵਿਆਂ ਦੀ ਵਰਤੋਂ ਕਰਕੇ ਆਸਾਨੀ ਨਾਲ ਧਮਕੀਆਂ ਭਰੀਆਂ ਕਾਲਾਂ ਕਰਦੇ ਹਨ। ਫਿਰੌਤੀ ਦੀ ਮੰਗ ਲੱਖਾਂ ਤੋਂ ਕਰੋੜਾਂ ਡਾਲਰਾਂ ਤੱਕ ਹੁੰਦੀ ਹੈ। ਮੰਗ ਨਾ ਮੰਨਣ 'ਤੇ ਘਰਾਂ ਜਾਂ ਦੁਕਾਨਾਂ 'ਤੇ ਗੋਲੀਬਾਰੀ ਅਤੇ ਅੱਗਜ਼ਨੀ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ।

ਪ੍ਰਵਾਸੀ ਪੰਜਾਬੀਆਂ ਵਿਚ ਗੈਗਸਟਰਾਂ ਦੀ ਦਹਿਸ਼ਤ ਪਾਈ ਜਾ ਰਹੀ ਹੈ।ਲੋਕਾਂ ਵਿੱਚ ਭਾਰੀ ਡਰ ਹੈ। ਕਈ ਕਾਰੋਬਾਰੀਆਂ ਨੇ ਆਪਣੇ ਬੋਰਡ ਹਟਾ ਦਿੱਤੇ ਹਨ ਅਤੇ ਸੋਸ਼ਲ ਮੀਡੀਆ ਤੋਂ ਆਪਣੀ ਜਾਣਕਾਰੀ ਮਿਟਾ ਦਿੱਤੀ ਹੈ। ਕੁਝ ਪਰਿਵਾਰ ਤਾਂ ਇੰਨੇ ਡਰੇ ਹੋਏ ਹਨ ਕਿ ਉਹ ਸੁਰੱਖਿਆ ਲਈ ਕੈਨੇਡਾ ਛੱਡਣ ਬਾਰੇ ਵੀ ਸੋਚ ਰਹੇ ਹਨ। ਪੰਜਾਬੀ ਭਾਈਚਾਰੇ ਦਾ ਮੰਨਣਾ ਹੈ ਕਿ ਕੈਨੇਡਾ ਦਾ ਕਾਨੂੰਨੀ ਸਿਸਟਮ ਬਹੁਤ ਨਰਮ ਹੈ। ਅਪਰਾਧੀ ਫੜੇ ਜਾਣ ਤੋਂ ਬਾਅਦ ਵੀ ਜਲਦੀ ਜ਼ਮਾਨਤ 'ਤੇ ਬਾਹਰ ਆ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੁੰਦੇ ਹਨ।ਆਮ ਪੰਜਾਬੀ ਇਸ ਗੱਲੋਂ ਚਿੰਤਤ ਹਨ ਕਿ ਮੁੱਠੀ ਭਰ ਅਪਰਾਧੀਆਂ ਕਰਕੇ ਪੂਰੇ ਭਾਈਚਾਰੇ ਦਾ ਅਕਸ ਖਰਾਬ ਹੋ ਰਿਹਾ ਹੈ। ਖਾਸ ਕਰਕੇ 'ਕੌਮਾਂਤਰੀ ਵਿਦਿਆਰਥੀਆਂ' ਦੇ ਨਾਮ ਨਾਲ ਜੁੜ ਰਹੀ ਇਸ ਨਕਾਰਾਤਮਕਤਾ ਕਾਰਨ ਮਿਹਨਤੀ ਵਿਦਿਆਰਥੀਆਂ ਨੂੰ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਣ ਲੱਗਾ ਹੈ। ਹੁਣ ਭਾਈਚਾਰਾ ਲਾਮਬੰਦ ਹੋ ਰਿਹਾ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਪੁਲਿਸ ਨਾਲ ਮਿਲ ਕੇ 'ਐਂਟੀ-ਐਕਸਟੌਰਸ਼ਨ' (ਫਿਰੌਤੀ ਵਿਰੋਧੀ) ਟਾਸਕ ਫੋਰਸ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਅਪਰਾਧੀਆਂ ਨੂੰ ਸਖ਼ਤ ਸੁਨੇਹਾ ਦਿੱਤਾ ਜਾ ਸਕੇ। ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਵੈਨਕੂਵਰ ਦਾ ਕਹਿਣਾ ਹੈ ਕਿ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ ਭਾਈਚਾਰੇ ਦੀ ਸਮੱਸਿਆ ਨਹੀਂ, ਸਗੋਂ ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਹੈ ਜਿਸ 'ਤੇ ਸਖ਼ਤ ਕਾਰਵਾਈ ਦੀ ਲੋੜ ਹੈ।

ਸਰਕਾਰ ਵੱਲੋਂ ਕੀਤੇ ਜਾ ਰਹੇ ਉਪਾਅ-ਫਿਨਟ੍ਰੈਕ ਨੇ ਇਸ ਨੈੱਟਵਰਕ ਨੂੰ ਤੋੜਨ ਲਈ ਕਈ ਕਦਮ ਚੁੱਕੇ ਹਨ।300 ਤੋਂ ਵੱਧ ਸ਼ੱਕੀ ਵਿਅਕਤੀਆਂ ਦੀ ਪਛਾਣ ਕੀਤੀ ਗਈ ਹੈ।

63,000 ਤੋਂ ਵੱਧ ਵਿੱਤੀ ਲੈਣ-ਦੇਣਾਂ ਦੀ ਜਾਂਚ ਕੀਤੀ ਜਾ ਰਹੀ ਹੈ।

25 ਵੱਡੀਆਂ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਨਾਲ ਮਿਲ ਕੇ ਇੱਕ ਵਿਸ਼ੇਸ਼ 'ਟਾਰਗੇਟਿਡ ਇੰਡੀਕੇਟਰ ਪ੍ਰੋਫ਼ਾਈਲ' ਸਾਂਝਾ ਕੀਤਾ ਗਿਆ ਹੈ ਤਾਂ ਜੋ ਸ਼ੱਕੀ ਪੈਸੇ 'ਤੇ ਨਜ਼ਰ ਰੱਖੀ ਜਾ ਸਕੇ। ਪੁਲਿਸ ਨੇ ਬ੍ਰੈਮਟਨ, ਮਿਸੀਸਾਗਾ ਅਤੇ ਕੇਲਡਨ ਵਰਗੇ ਇਲਾਕਿਆਂ ਵਿੱਚ ਫਿਰੌਤੀ ਦੇ ਸੈਂਕੜੇ ਮਾਮਲੇ ਦਰਜ ਕੀਤੇ ਹਨ ਅਤੇ ਕਈ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਕੈਨੇਡਾ ਦੇ ਕਾਨੂੰਨ ਮੁਤਾਬਕ ਜੇਕਰ ਕੋਈ ਕੌਮਾਂਤਰੀ ਵਿਦਿਆਰਥੀ ਕਿਸੇ ਗੰਭੀਰ ਅਪਰਾਧਿਕ ਗਤੀਵਿਧੀ (ਜਿਵੇਂ ਮਨੀ ਲਾਂਡਰਿੰਗ ਜਾਂ ਗੈਂਗਸਟਰਾਂ ਦੀ ਮਦਦ) ਵਿੱਚ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਦਾ ਸਟੱਡੀ ਪਰਮਿਟ ਰੱਦ ਕਰਕੇ ਉਸ ਨੂੰ ਡਿਪੋਰਟ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਕੈਨੇਡਾ ਦੀਆਂ ਕਈ ਖੇਤਰੀ ਪੁਲਿਸ ਇਕਾਈਆਂ (ਜਿਵੇਂ ਕਿ ਪੀਲ ਰੀਜਨਲ ਪੁਲਿਸ ਅਤੇ ਐਡਮੰਟਨ ਪੁਲਿਸ) ਨੇ 'ਐਂਟੀ-ਐਕਸਟੋਰਸ਼ਨ ਟਾਸਕ ਫੋਰਸ' ਬਣਾਈ ਹੈ। ਇਹ ਟੀਮਾਂ ਖਾਸ ਤੌਰ 'ਤੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਗਰੋਹਾਂ 'ਤੇ ਕੰਮ ਕਰ ਰਹੀਆਂ ਹਨ।

ਸਰਕਾਰ ਕਾਨੂੰਨ ਵਿੱਚ ਅਜਿਹੀਆਂ ਤਬਦੀਲੀਆਂ ਕਰਨ 'ਤੇ ਵਿਚਾਰ ਕਰ ਰਹੀ ਹੈ ਜਿਸ ਨਾਲ ਫਿਰੌਤੀ ਅਤੇ ਗੈਂਗਵਾਰ ਵਰਗੇ ਅਪਰਾਧਾਂ ਵਿੱਚ ਸ਼ਾਮਲ ਵਿਅਕਤੀਆਂ ਨੂੰ ਜ਼ਮਾਨਤ ਮਿਲਣੀ ਮੁਸ਼ਕਲ ਹੋ ਜਾਵੇ।

ਹਾਲ ਹੀ ਵਿੱਚ ਕੈਨੇਡਾ ਨੇ ਸਟੱਡੀ ਪਰਮਿਟ ਦੀਆਂ ਸ਼ਰਤਾਂ ਸਖ਼ਤ ਕੀਤੀਆਂ ਹਨ। ਹੁਣ ਵਿਦਿਆਰਥੀਆਂ ਦੇ ਵਿੱਤੀ ਸਰੋਤਾਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਆਰਥਿਕ ਮਜਬੂਰੀ ਕਾਰਨ ਅਪਰਾਧੀਆਂ ਦੇ ਜਾਲ ਵਿੱਚ ਨਾ ਫਸਣ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਗਤੀਵਿਧੀ ਵਿੱਚ ਸ਼ਾਮਲ ਕੌਮਾਂਤਰੀ ਵਿਦਿਆਰਥੀ ਨੂੰ ਤੁਰੰਤ ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਉਸ 'ਤੇ ਉਮਰ ਭਰ ਲਈ ਕੈਨੇਡਾ ਆਉਣ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਉੱਥੋਂ ਦੀ ਪੁਲਿਸ ਨੇ ਪੰਜਾਬੀ ਭਾਈਚਾਰੇ ਨੂੰ ਕੁਝ ਅਹਿਮ ਸਲਾਹਾਂ ਦਿੱਤੀਆਂ ਹਨ ਕਿ ਜੇਕਰ ਕੋਈ ਧਮਕੀ ਭਰੀ ਕਾਲ ਆਉਂਦੀ ਹੈ, ਤਾਂ ਉਸ ਨੂੰ ਨਜ਼ਰਅੰਦਾਜ਼ ਨਾ ਕਰੋ ਅਤੇ ਨਾ ਹੀ ਪੈਸੇ ਦਿਓ। ਤੁਰੰਤ ਸਥਾਨਕ ਪੁਲਿਸ ਨਾਲ ਸੰਪਰਕ ਕਰੋ।ਆਪਣੇ ਕਾਰੋਬਾਰ ਅਤੇ ਨਿੱਜੀ ਜੀਵਨ ਨਾਲ ਜੁੜੀ ਬਹੁਤ ਜ਼ਿਆਦਾ ਜਾਣਕਾਰੀ ਸੋਸ਼ਲ ਮੀਡੀਆ 'ਤੇ ਸਾਂਝੀ ਨਾ ਕਰੋ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਪਣਾ ਬੈਂਕ ਖਾਤਾ ਕਿਸੇ ਹੋਰ ਨੂੰ ਵਰਤਣ ਲਈ ਨਾ ਦੇਣ, ਕਿਉਂਕਿ ਅਣਜਾਣੇ ਵਿੱਚ ਹੋਇਆ ਲੈਣ-ਦੇਣ ਵੀ ਤੁਹਾਨੂੰ ਜੇਲ੍ਹ ਪਹੁੰਚਾ ਸਕਦਾ ਹੈ। ਉੱਥੋਂ ਦੇ ਪੰਜਾਬੀ ਹੁਣ ਆਪਣੀ ਸੁਰੱਖਿਆ ਲਈ ਖੁਦ ਵੀ ਜਾਗਰੂਕ ਹੋ ਰਹੇ ਹਨ। ਕਈ ਸ਼ਹਿਰਾਂ ਵਿੱਚ 'ਨੇਬਰਹੁੱਡ ਵਾਚ' ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜਿੱਥੇ ਗੁਆਂਢੀ ਇੱਕ-ਦੂਜੇ ਦੀ ਸੁਰੱਖਿਆ ਦਾ ਧਿਆਨ ਰੱਖਦੇ ਹਨ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਪੁਲਿਸ ਨੂੰ ਦਿੰਦੇ ਹਨ।

## ਕੈਨੇਡਾ ਪੁਲਸ ਵਲੋਂ ਜਬਰਨ ਵਸੂਲੀ ਕਰਨ ਵਾਲੇ 7 ਪੰਜਾਬੀ ਗੱਭਰੂਆਂ ਦੀਆਂ ਤਸਵੀਰਾਂ ਜਾਰੀ


ਸਰੀ (ਕੈਨੇਡਾ)-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਇੱਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਸਰੀ ਸ਼ਹਿਰ ਵਿੱਚ ਭਾਰਤੀ ਮੂਲ ਦੇ



ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਜਬਰਨ ਵਸੂਲੀ ਦੇ ਰੈਕੇਟ ਖ਼ਿਲਾਫ਼ ਸਰੀ ਪੁਲਸ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਪੁਲਸ ਨੇ ਇਸ ਅਪਰਾਧਿਕ ਨੈੱਟਵਰਕ ਨਾਲ ਜੁੜੇ 7 ਪੰਜਾਬੀ ਨੌਜਵਾਨਾਂ ਦੀ ਪਛਾਣ ਜਨਤਕ ਕਰਦਿਆਂ ਉਨ੍ਹਾਂ 'ਤੇ 2,50,000 ਕੈਨੇਡੀਅਨ ਡਾਲਰ (ਲਗਭਗ 1.5 ਕਰੋੜ ਰੁਪਏ) ਦੇ ਵੱਡੇ ਇਨਾਮ ਦਾ ਐਲਾਨ ਕੀਤਾ ਹੈ। ਪੁਲਸ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਹੰਸਪ੍ਰੀਤ ਸਿੰਘ, ਹਰਸ਼ਦੀਪ ਸਿੰਘ, ਹਰਜੋਤ ਸਿੰਘ, ਤਰਨਵੀਰ ਸਿੰਘ, ਦਯਾਜੀਤ ਬਿਲਿੰਗ, ਲਵਬੀਰ ਸਿੰਘ (ਡਿਪੋਰਟ ਕੀਤਾ ਜਾ ਚੁੱਕਾ ਹੈ) ਪ੍ਰਭਜੋਤ ਸਿੰਘ (ਡਿਪੋਰਟ ਕੀਤਾ ਜਾ ਚੁੱਕਾ ਹੈ) ਨੌਜਵਾਨਾਂ ਦੇ ਨਾਂ ਸ਼ਾਮਲ ਹਨ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਨੌਜਵਾਨ ਕਾਰੋਬਾਰੀਆਂ ਨੂੰ ਫੋਨ ਅਤੇ ਸੋਸ਼ਲ ਮੀਡੀਆ ਰਾਹੀਂ ਧਮਕਾ ਕੇ ਮੋਟੀ ਰਕਮ ਦੀ ਮੰਗ ਕਰਦੇ ਸਨ। ਜੇਕਰ ਕੋਈ ਪੈਸੇ ਦੇਣ ਤੋਂ ਇਨਕਾਰ ਕਰਦਾ, ਤਾਂ ਇਹ ਉਨ੍ਹਾਂ ਦੇ ਘਰਾਂ ਜਾਂ ਦੁਕਾਨਾਂ 'ਤੇ ਗੋਲੀਬਾਰੀ ਕਰਨ ਅਤੇ ਅੱਗ ਲਾਉਣ ਵਰਗੀਆਂ ਖ਼ਤਰਨਾਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਕਈ ਨੌਜਵਾਨ ਸਟੱਡੀ ਵੀਜ਼ਾ ਜਾਂ ਵਰਕ ਪਰਮਿਟ 'ਤੇ ਕੈਨੇਡਾ ਗਏ ਸਨ, ਪਰ ਉੱਥੇ ਜਾ ਕੇ ਗੈਂਗਸਟਰ ਕਲਚਰ ਦੀ ਦਲਦਲ ਵਿੱਚ ਫਸ ਗਏ। ਸਰੀ ਪੁਲਸ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਹੁਣ ਤੱਕ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦਕਿ 2 ਨੂੰ ਪਹਿਲਾਂ ਹੀ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ। ਬਾਕੀ ਰਹਿੰਦੇ ਮੁਲਜ਼ਮਾਂ ਦੀ ਭਾਲ ਲਈ ਜਨਤਾ ਦੀ ਮਦਦ ਮੰਗੀ ਗਈ ਹੈ। ਪੁਲਸ ਦਾ ਮੰਨਣਾ ਹੈ ਕਿ ਇੰਨੀ ਵੱਡੀ ਇਨਾਮੀ ਰਾਸ਼ੀ ਦੇਣ ਨਾਲ ਲੋਕ ਇਨ੍ਹਾਂ ਅਪਰਾਧਿਕ ਨੈੱਟਵਰਕਾਂ ਬਾਰੇ ਖੁਫ਼ੀਆ ਜਾਣਕਾਰੀ ਦੇਣ ਲਈ ਅੱਗੇ ਆਉਣਗੇ।

# ਇੰਗਲੈਂਡ ਵਿਚ ਡਿਜੀਟਲ ਦਹਿਸ਼ਤ: ਬੱਚਿਆਂ ਨੂੰ ਬਲੈਕਮੇਲ ਕਰਨ ਵਾਲੇ ਗਿਰੋਹ ਸਰਗਰਮ

## ✪ ਹਜ਼ਾਰਾਂ ਬੱਚਿਆਂ ਦੇ ਜਿਨਸੀ ਸ਼ੋਸ਼ਣ ਦਾ ਖ਼ੁਲਾਸਾ! ✪ ਕੀ ਪੁਲਿਸ ਅਤੇ ਪ੍ਰਸ਼ਾਸਨ ਨੇ ਜਾਣਬੁੱਝ ਕੇ ਫੇਰੀ ਅੱਖ?



ਖਾਸ ਖਬਰ

ਅਜੋਕੇ ਦੌਰ ਵਿੱਚ ਜਿੱਥੇ ਤਕਨਾਲੋਜੀ ਨੇ ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾਇਆ ਹੈ, ਉੱਥੇ ਹੀ ਇਸ ਨੇ ਅਪਰਾਧ ਦੇ ਅਜਿਹੇ ਭਿਆਨਕ ਰੂਪਾਂ ਨੂੰ ਵੀ ਜਨਮ ਦਿੱਤਾ ਹੈ, ਜਿਨ੍ਹਾਂ ਦੀ ਕਲਪਨਾ ਕਰਨਾ ਵੀ ਰੂਹ ਕੰਬਾਊ ਹੈ। ਪਿਛਲੇ ਕੁਝ ਦਿਨਾਂ ਵਿੱਚ ਬਰਤਾਨੀਆ ਤੋਂ ਆਈਆਂ ਦੋ ਅਹਿਮ ਖ਼ਬਰਾਂ-'ਗਰੂਮਿੰਗ ਗੈਂਗਸ' ਦੀ ਰਾਸ਼ਟਰੀ ਜਾਂਚ ਅਤੇ ਸਕੂਲੀ ਬੱਚਿਆਂ ਦੀਆਂ ਫੋਟੋਆਂ ਨੂੰ 'ਆਰਟੀਫੀਸ਼ੀਅਲ ਇੰਟੈਲੀਜੈਂਸ' ਰਾਹੀਂ ਵਿਗਾੜ ਕੇ ਬਲੈਕਮੇਲ ਕਰਨ ਦੇ ਮਾਮਲੇ-ਪੂਰੀ ਦੁਨੀਆ ਦੇ ਮਾਪਿਆਂ ਅਤੇ ਪ੍ਰਸ਼ਾਸਨ ਲਈ ਇੱਕ ਗੰਭੀਰ ਚੇਤਾਵਨੀ ਹਨ। ਇੰਟਰਨੈੱਟ ਵਾਚ ਫਾਊਂਡੇਸ਼ਨ ਬ੍ਰਿਟੇਨ ਦੀ ਇੱਕ ਮੁੱਖ ਸੰਸਥਾ ਹੈ ਜੋ ਇੰਟਰਨੈੱਟ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਾਲੀ ਸਮੱਗਰੀ ਦੀ ਨਿਗਰਾਨੀ ਕਰਦੀ ਹੈ।

ਇਸ ਸੰਸਥਾ ਨੇ ਸਭ ਤੋਂ ਪਹਿਲਾਂ ਚੇਤਾਵਨੀ ਦਿੱਤੀ ਕਿ ਅਪਰਾਧੀ ਏਆਈ ਦੀ ਵਰਤੋਂ ਕਰਕੇ ਸਕੂਲਾਂ ਦੀਆਂ ਵੈੱਬਸਾਈਟਾਂ ਤੋਂ ਫੋਟੋਆਂ ਚੋਰੀ ਕਰ ਰਹੇ ਹਨ ਤੇ ਏਆਈ ਟੂਲਸ ਦੀ ਮਦਦ ਨਾਲ ਉਨ੍ਹਾਂ ਨੂੰ ਅਸ਼ਲੀਲ ਤਸਵੀਰਾਂ ਵਿੱਚ ਬਦਲ ਰਹੇ ਹਨ।

ਇਸ ਤੋਂ ਬਾਅਦ 'ਸੈਕਸਟੌਰਸ਼ਨ' ਯਾਨੀ ਤਸਵੀਰਾਂ ਵਾਇਰਲ ਕਰਨ ਦੀ ਧਮਕੀ ਦੇ ਕੇ ਪੈਸਿਆਂ ਦੀ ਉਗਰਾਹੀ ਕੀਤੀ ਜਾਂਦੀ ਹੈ। ਇਹ ਸਿਰਫ਼ ਆਰਥਿਕ ਅਪਰਾਧ ਨਹੀਂ ਹੈ, ਸਗੋਂ ਇਹ ਇੱਕ ਬੱਚੇ ਦੇ ਮਾਨਸਿਕ ਸੰਤੁਲਨ ਅਤੇ ਉਸ ਦੇ ਭਵਿੱਖ ਨੂੰ ਤਬਾਹ ਕਰਨ ਵਾਲਾ ਹਮਲਾ ਹੈ।

ਨੈਸ਼ਨਲ ਕ੍ਰਾਈਮ ਏਜੰਸੀ ਨੇ ਪੁਸ਼ਟੀ ਕੀਤੀ ਕਿ ਇਹ ਇੱਕ ਸੰਗਠਿਤ ਅਪਰਾਧ ਹੈ ਅਤੇ ਅਪਰਾਧੀ ਗਿਰੋਹ (ਖਾਸ ਕਰਕੇ ਪੱਛਮੀ ਅਫਰੀਕਾ ਅਤੇ ਨਾਈਜੀਰੀਆ ਤੋਂ) ਸਕੂਲਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਬਰਤਾਨੀਆ ਦੇ ਮਾਹਿਰਾਂ ਅਤੇ ਨੈਸ਼ਨਲ ਕ੍ਰਾਈਮ ਏਜੰਸੀ ਨੇ ਸਕੂਲਾਂ ਨੂੰ ਇੱਕ ਨਵੀਂ ਹਦਾਇਤ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਆਪਣੀਆਂ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਖਾਤਿਆਂ ਤੋਂ ਬੱਚਿਆਂ ਦੀਆਂ ਸਾਫ਼ ਦਿਖਣ ਵਾਲੀਆਂ ਫੋਟੋਆਂ ਹਟਾ ਦੇਣ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਅਪਰਾਧੀ ਇਨ੍ਹਾਂ ਫੋਟੋਆਂ ਦੀ ਦੁਰਵਰਤੋਂ ਕਰਕੇ ਬੱਚਿਆਂ ਨੂੰ ਬਲੈਕਮੇਲ ਕਰ ਰਹੇ ਹਨ।

ਰੌਬੀ ਮੂਰ (ਐਮ.ਪੀ.) ਕੰਜ਼ਰਵੇਟਿਵ ਪਾਰਟੀ ਨੇ ਬਰੈਡਫੋਰਡ ਸ਼ਹਿਰ ਬਾਰੇ ਇੱਕ ਵੱਡਾ 'ਡੋਜ਼ੀਅਰ' (ਦਸਤਾਵੇਜ਼) ਪੇਸ਼ ਕੀਤਾ, ਜਿਸ ਵਿੱਚ 1996 ਤੋਂ 2025 ਤੱਕ ਲਗਭਗ 8,000 ਬੱਚਿਆਂ ਦੇ ਸ਼ੋਸ਼ਣ ਦੇ ਖ਼ਤਰੇ ਵਿੱਚ ਹੋਣ ਦਾ ਦਾਅਵਾ ਕੀਤਾ ਗਿਆ।

ਦਾ ਗਾਰਡੀਅਨ ਯੂਕੇ ਦੀ ਅਖ਼ਬਾਰ ਅਨੁਸਾਰ ਪਹਿਲਾ ਮਾਮਲਾ 'ਗਰੂਮਿੰਗ ਗੈਂਗਸ' ਨਾਲ ਸਬੰਧਤ ਹੈ, ਜਿਸ ਵਿੱਚ ਇਹ ਸਾਹਮਣੇ ਆਇਆ ਹੈ ਕਿ ਕਿਵੇਂ ਸੰਗਠਿਤ ਗਿਰੋਹਾਂ ਨੇ ਸਾਲਾਂ ਬੱਧੀ ਹਜ਼ਾਰਾਂ ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤਾ। ਇਸ ਤੋਂ ਵੀ ਵੱਧ ਅਫ਼ਸੋਸਨਾਕ ਗੱਲ ਇਹ ਹੈ ਕਿ ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਵਰਗੀਆਂ ਸੰਸਥਾਵਾਂ ਨੇ ਸ਼ਾਇਦ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਜਾਂ ਅਣਗੌਲਿਆਂ ਕਰਨ ਦੀ ਕੋਸ਼ਿਸ਼ ਕੀਤੀ। ਦੋਸ਼ ਲੱਗ ਰਹੇ ਹਨ ਕਿ ਅਧਿਕਾਰੀ 'ਸਿਆਸੀ ਸ਼ਿਸ਼ਟਾਚਾਰ' ਜਾਂ ਆਪਣੀ ਸਾਖ ਬਚਾਉਣ ਦੇ ਚੱਕਰ ਵਿੱਚ ਕਾਰਵਾਈ ਕਰਨ ਤੋਂ ਡਰਦੇ ਰਹੇ।

ਸੰਸਥਾਗਤ ਨਾਕਾਮੀ: ਤਿੰਨ ਸਾਲਾ ਰਾਸ਼ਟਰੀ ਜਾਂਚ ਇਸੇ ਗੱਲ 'ਤੇ ਕੇਂਦਰਿਤ ਹੈ ਕਿ ਕਿਵੇਂ 'ਗਰੂਮਿੰਗ ਗੈਂਗਸ' ਸਾਲਾਂ ਬੱਧੀ ਖੁੱਲ੍ਹੇਆਮ ਘੁੰਮਦੇ ਰਹੇ ਜਦਕਿ ਪੀੜਤ ਬੱਚਿਆਂ ਦੀਆਂ ਸ਼ਿਕਾਇਤਾਂ ਨੂੰ ਅਕਸਰ ਝੂਠਾ ਜਾਂ ਗੈਰ-ਜ਼ਰੂਰੀ ਕਹਿ ਕੇ ਖਾਰਜ ਕਰ ਦਿੱਤਾ ਗਿਆ।

ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਖ਼ੁਦ ਮੰਨਿਆ ਹੈ ਕਿ ਬਰਮਿੰਘਮ ਅਤੇ ਬਰੈਡਫੋਰਡ ਵਰਗੇ ਸ਼ਹਿਰਾਂ ਵਿੱਚ ਮਾਮਲੇ ਦਬਾਉਣ ਦੇ ਦੋਸ਼ਾਂ ਦੀ ਡੂੰਘੀ ਜਾਂਚ ਹੋਣੀ ਚਾਹੀਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਸੱਭਿਅਕ ਸਮਾਜ ਲਈ ਇਸ ਤੋਂ ਵੱਡੀ ਨਾਕਾਮੀ ਹੋਰ ਕੀ ਹੋ ਸਕਦੀ ਹੈ ਕਿ ਉਸ ਦੇ ਬੱਚੇ ਆਪਣੇ ਹੀ ਸਿਸਟਮ ਦੇ ਹੁੰਦਿਆਂ ਸੁਰੱਖਿਅਤ ਨਾ ਰਹਿਣ। ਬਰਤਾਨੀਆ ਸਰਕਾਰ ਵੱਲੋਂ ਇਸ ਦੀ ਤਿੰਨ ਸਾਲਾ ਕਾਨੂੰਨੀ ਜਾਂਚ ਦਾ ਫੈਸਲਾ ਦੇਰੀ ਨਾਲ ਲਿਆ ਗਿਆ ਪਰ ਇੱਕ ਜ਼ਰੂਰੀ ਕਦਮ ਹੈ।

ਬਰਤਾਨੀਆ ਦੇ ਮਾਹਿਰਾਂ ਵੱਲੋਂ ਸਕੂਲਾਂ ਨੂੰ ਬੱਚਿਆਂ ਦੀਆਂ ਸਾਫ਼ ਫੋਟੋਆਂ ਵੈੱਬਸਾਈਟਾਂ ਤੋਂ ਹਟਾਉਣ ਦੀ ਦਿੱਤੀ ਗਈ ਸਲਾਹ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਅਸੀਂ ਆਪਣੀ 'ਆਨਲਾਈਨ ਦਿੱਖ' ਦੇ ਚੱਕਰ ਵਿੱਚ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਦਾਅ 'ਤੇ ਲਾ ਰਹੇ ਹਾਂ?

ਮਾਹਿਰਾਂ ਅਨੁਸਾਰ ਸਕੂਲ ਅਜਿਹੀਆਂ ਫੋਟੋਆਂ ਦੀ ਵਰਤੋਂ ਕਰਨ ਜਿਨ੍ਹਾਂ ਵਿੱਚ ਬੱਚਿਆਂ ਦੇ ਚਿਹਰੇ ਸਪੱਸ਼ਟ ਨਾ ਹੋਣ।

ਫੋਟੋਆਂ ਦੇ ਨਾਲ ਬੱਚਿਆਂ ਦੇ ਪੂਰੇ ਨਾਮ ਨਾ ਲਿਖੇ ਜਾਣ।

ਸੋਸ਼ਲ ਮੀਡੀਆ ਪ੍ਰੋਫਾਈਲਾਂ 'ਤੇ ਸਖ਼ਤ ਪ੍ਰਾਈਵੇਸੀ ਸੈਟਿੰਗਾਂ ਲਗਾਈਆਂ ਜਾਣ। ਇਹ ਸਿਰਫ਼ ਸਰਕਾਰਾਂ ਜਾਂ ਸਕੂਲਾਂ ਦੀ ਜ਼ਿੰਮੇਵਾਰੀ ਨਹੀਂ ਹੈ। ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨਾਲ ਸੰਵਾਦ ਵਧਾਉਣਾ ਹੋਵੇਗਾ ਤਾਂ ਜੋ ਕੋਈ ਵੀ ਅਪਰਾਧੀ ਉਨ੍ਹਾਂ ਨੂੰ ਆਪਣਾ ਸ਼ਿਕਾਰ ਨਾ ਬਣਾ ਸਕੇ।

ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਇਸ ਨੂੰ ਇੱਕ "ਗੰਭੀਰ ਅਤੇ ਉੱਭਰ ਰਿਹਾ ਖ਼ਤਰਾ" ਦੱਸਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਏਆਈ ਮਾਡਲਾਂ ਰਾਹੀਂ ਅਜਿਹੀਆਂ ਗੈਰ-ਕਾਨੂੰਨੀ ਤਸਵੀਰਾਂ ਬਣਾਉਣ ਵਾਲਿਆਂ ਵਿਰੁੱਧ ਕਾਨੂੰਨ ਹੋਰ ਸਖ਼ਤ ਕਰੇਗੀ। ਜੇਕਰ ਕੋਈ ਅਜਿਹੀ ਘਟਨਾ ਵਾਪਰਦੀ ਹੈ, ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਜਾਵੇ ਅਤੇ ਅਸਲ ਤਸਵੀਰਾਂ ਨੂੰ ਵੈੱਬਸਾਈਟ ਤੋਂ ਹਟਾ ਦਿੱਤਾ ਜਾਵੇ।

### ਗਰੂਮਿੰਗ ਗੈਂਗਸ ਇਨਕੁਆਰੀ: ਬ੍ਰਿਟੇਨ ਦੇ ਵੱਡੇ ਸਕੈਂਡਲ ਦੀ ਜਾਂਚ ਸ਼ੁਰੂ

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਇਸ ਗਰਮੀਆਂ ਵਿੱਚ ਗਰੂਮਿੰਗ ਗੈਂਗਸ (ਬੱਚਿਆਂ ਦੇ ਜਿਨਸੀ ਸ਼ੋਸ਼ਣ ਕਰਨ ਵਾਲੇ ਗਿਰੋਹਾਂ) ਵਿਰੁੱਧ ਇੱਕ ਰਾਸ਼ਟਰੀ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਤਿੰਨ ਸਾਲਾ ਕਾਨੂੰਨੀ ਜਾਂਚ ਇਸ ਗੱਲ 'ਤੇ ਕੇਂਦਰਿਤ ਹੋਵੇਗੀ ਕਿ ਇਹ ਗੈਂਗ ਕਿਵੇਂ ਕੰਮ ਕਰਦੇ ਸਨ ਅਤੇ ਪੁਲਿਸ ਤੇ ਸਥਾਨਕ ਪ੍ਰਸ਼ਾਸਨ ਵਰਗੀਆਂ ਸੰਸਥਾਵਾਂ ਨੇ ਇਸ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕਿਉਂ ਕੀਤੀ। ਸੁਰੱਖਿਆ ਮੰਤਰੀ ਜੇਸ ਫਿਲਿਪਸ ਨੇ ਮੰਗ ਕੀਤੀ ਹੈ ਕਿ ਇਸ ਜਾਂਚ ਦਾ ਦਾਇਰਾ ਵਧਾ ਕੇ ਇਸ ਵਿੱਚ ਬਰਮਿੰਘਮ ਅਤੇ ਬਰੈਡਫੋਰਡ ਵਰਗੇ ਸ਼ਹਿਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ।

ਮੌਜੂਦਾ ਸਥਿਤੀ: ਫਿਲਹਾਲ ਸਿਰਫ ਓਲਡਹਮ ਖੇਤਰ ਵਿੱਚ ਹੀ ਜਾਂਚ ਦੀ ਪੁਸ਼ਟੀ ਹੋਈ ਹੈ, ਪਰ ਹੋਰਨਾਂ ਸ਼ਹਿਰਾਂ ਵਿੱਚ ਵੀ ਅਜਿਹੇ ਮਾਮਲਿਆਂ ਨੂੰ ਦਬਾਉਣ ਦੇ ਦੋਸ਼ ਲੱਗ ਰਹੇ ਹਨ। ਮਾਹਿਰਾਂ ਅਨੁਸਾਰ ਇਹ ਸਿਰਫ਼ ਅਪਰਾਧੀਆਂ ਦੀ ਕਾਮਯਾਬੀ ਨਹੀਂ ਸੀ, ਸਗੋਂ ਇਹ ਸਿਸਟਮ ਦੀ ਇੱਕ ਬਹੁਤ ਵੱਡੀ 'ਸੰਸਥਾਗਤ ਨਾਕਾਮੀ' ਮੰਨੀ ਜਾ ਰਹੀ ਹੈ। ਪੁਲਿਸ ਅਤੇ ਪ੍ਰਸ਼ਾਸਨ 'ਤੇ ਇਹ ਦੋਸ਼ ਹੈ ਕਿ ਉਨ੍ਹਾਂ ਨੇ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਸਖ਼ਤ ਕਦਮ ਨਹੀਂ ਚੁੱਕੇ, ਜਿਸ ਕਾਰਨ ਅਪਰਾਧੀਆਂ ਦੇ ਹੌਸਲੇ ਵਧ ਗਏ।

# ਬਰਨਾਲਾ ਅਦਾਲਤ ਨੇ ਜਬਰ-ਜਨਾਹ ਦੇ ਦੋਸ਼ੀ ਨੂੰ ਸੁਣਾਈ 20 ਸਾਲ ਦੀ ਕੈਦ

ਬਰਨਾਲਾ-ਇਨਸਾਫ਼ ਦੀ ਪ੍ਰਕਿਰਿਆ ਵਿੱਚ ਇੱਕ ਅਹਿਮ ਮੀਲ ਪੱਥਰ ਤੈਅ ਕਰਦਿਆਂ, ਬਰਨਾਲਾ ਦੀ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਨੇ ਜਬਰ-ਜਨਾਹ ਦੇ ਇੱਕ ਸੰਗੀਨ ਮਾਮਲੇ ਵਿੱਚ ਇਤਿਹਾਸਕ ਫੈਸਲਾ ਸੁਣਾਇਆ ਹੈ। ਮਾਨਯੋਗ ਜੱਜ ਅੰਸ਼ੁਲ ਬੇਰੀ ਦੀ ਅਦਾਲਤ ਨੇ ਦੋਸ਼ੀ ਸੰਦੀਪ ਸਿੰਘ (ਪੁੱਤਰ ਗੁਲਾਬ ਸਿੰਘ, ਵਾਸੀ ਮੌੜ ਪਟਿਆਲਾ) ਨੂੰ ਗੁਨਾਹਗਾਰ ਮੰਨਦਿਆਂ 20 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਾ ਹੁਕਮ ਦਿੱਤਾ ਹੈ।

ਕੀ ਸੀ ਪੂਰਾ ਮਾਮਲਾ?-ਇਹ ਘਟਨਾ ਅਕਤੂਬਰ 2019 ਦੀ ਹੈ। ਪੀੜਤ ਲੜਕੀ ਵੱਲੋਂ ਪੁਲਿਸ ਨੂੰ ਦਿੱਤੇ ਬਿਆਨਾਂ ਮੁਤਾਬਕ ਉਹ ਆਪਣੇ ਘਰੋਂ ਦੁਕਾਨ 'ਤੇ ਸਾਮਾਨ ਲੈਣ ਜਾ ਰਹੀ ਸੀ। ਬੱਸ ਅੱਡੇ ਨੇੜੇ ਪਾਣੀ ਵਾਲੀ ਟੈਂਕੀ ਦੇ ਕੋਲ, ਦੋਸ਼ੀ ਸੰਦੀਪ ਸਿੰਘ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਉਸ ਨੂੰ ਜ਼ਬਰਦਸਤੀ ਗੱਡੀ ਵਿੱਚ ਸੁੱਟ ਲਿਆ। ਦੋਸ਼ੀ ਉਸ ਨੂੰ ਇੱਕ ਪੁਰਾਣੀ (ਬੇਆਬਾਦ) ਸਕੂਲ ਦੀ ਇਮਾਰਤ ਵਿੱਚ ਲੈ ਗਿਆ, ਜਿੱਥੇ ਸ਼ਰਾਬ ਦੇ ਨਸ਼ੇ ਵਿੱਚ ਉਸ ਨਾਲ ਜਬਰ-ਜਨਾਹ ਕੀਤਾ ਗਿਆ। ਪੀੜਤ ਲੜਕੀ ਕਿਸੇ ਤਰ੍ਹਾਂ ਉੱਥੋਂ ਬਚ ਕੇ ਨਿਕਲੀ ਅਤੇ ਆਪਣੇ ਪਰਿਵਾਰ ਨੂੰ ਆਪ ਬੀਤੀ ਦੱਸੀ, ਜਿਸ ਤੋਂ ਬਾਅਦ ਉਸ ਨੂੰ ਸਰਕਾਰੀ ਹਸਪਤਾਲ ਤਪਾ ਵਿਖੇ ਦਾਖਲ ਕਰਵਾਇਆ ਗਿਆ। ਕਾਨੂੰਨੀ ਕਾਰਵਾਈ ਅਤੇ ਅਦਾਲਤੀ ਫੈਸਲਾ-ਥਾਣਾ ਸਹਿਣਾ ਦੀ ਪੁਲਿਸ ਨੇ 2 ਅਕਤੂਬਰ 2019 ਨੂੰ ਦੋਸ਼ੀ ਖ਼ਿਲਾਫ਼ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਅਤੇ ਪੋਸਕੋ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਸੀ। ਕੇਸ ਦੌਰਾਨ ਪੀੜਤ ਲੜਕੀ ਦੇ ਅਦਾਲਤੀ ਬਿਆਨ ਵੀ ਦਰਜ ਕੀਤੇ ਗਏ ਸਨ।

ਅਦਾਲਤੀ ਕਾਰਵਾਈ ਦੇ ਮੁੱਖ ਨੁਕਤੇ-ਜ਼ਿਲ੍ਹਾ ਤੇ ਸੈਸ਼ਨ ਜੱਜ ਅੰਸ਼ੁਲ ਬੇਰੀ ਨੇ ਸਰਕਾਰੀ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸੰਦੀਪ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਅਤੇ 20 ਸਾਲ ਦੀ ਸਜ਼ਾ ਸੁਣਾਈ

### >> ਤਾਮਿਲਨਾਡੂ ਦੀ ਸਿਆਸਤ ਵਿੱਚ ਕਾਂਗਰਸ ਦਾ 'ਕੂਹਣੀ ਮੋੜ' <<

# ਡੀ.ਐਮ.ਕੇ. ਨਾਲ ਤੋੜ ਵਿਛੋੜਾ ਮੌਕਾਪ੍ਰਸਤੀ ਦੀ ਸਿਖ਼ਰ ?

**ਨਿਊਜ਼ ਵਿਸ਼ਲੇਸ਼ਣ**

## ✪ ਕੀ ਹਨ ਕਾਂਗਰਸ-ਟੀ. ਵੀ. ਕੇ. ਗਠਜੋੜ ਦੇ ਅਸਲ ਮਾਇਨੇ



ਤਾਮਿਲਨਾਡੂ ਦੀ ਸਿਆਸਤ ਵਿੱਚ ਆਇਆ ਤਾਜ਼ਾ ਭੂਚਾਲ ਸਿਰਫ਼ ਇੱਕ ਸੂਬੇ ਤੱਕ ਸੀਮਤ ਨਹੀਂ ਹੈ, ਸਗੋਂ ਇਹ ਭਾਰਤੀ ਰਾਜਨੀਤੀ ਵਿੱਚ ਬਦਲਦੇ ਗਠਜੋੜਾਂ ਅਤੇ ਸਿਆਸੀ ਮਜਬੂਰੀਆਂ ਦਾ ਇੱਕ ਡੂੰਘਾ ਸੱਚ ਬਿਆਨ ਕਰਦਾ ਹੈ। ਕਾਂਗਰਸ ਵੱਲੋਂ ਆਪਣੇ ਪੁਰਾਣੇ ਅਤੇ ਭਰੋਸੇਮੰਦ ਸਾਥੀ ਡੀ.ਐਮ.ਕੇ. ਦਾ ਹੱਥ ਛੱਡ ਕੇ ਅਦਾਕਾਰ ਵਿਜੇ ਦੀ ਨਵੀਂ ਪਾਰਟੀ ਟੀ.ਵੀ.ਕੇ. ਨਾਲ ਜਾਣ ਦਾ ਫੈਸਲਾ ਕਈ ਸਵਾਲ ਖੜ੍ਹੇ ਕਰਦਾ ਹੈ। ਕੀ ਇਹ ਫੈਸਲਾ ਵਾਕਈ ਭਾਜਪਾ ਨੂੰ ਰੋਕਣ ਲਈ ਲਿਆ ਗਿਆ ਹੈ, ਜਾਂ ਫਿਰ ਇਹ ਕਾਂਗਰਸ ਦੀ ਆਪਣੀ ਹੋਂਦ ਬਚਾਉਣ ਦੀ ਇੱਕ ਮੌਕਾਪ੍ਰਸਤ ਕੋਸ਼ਿਸ਼ ਹੈ ?

ਕਾਂਗਰਸ ਅਤੇ ਡੀ.ਐਮ.ਕੇ. ਦਾ ਰਿਸ਼ਤਾ ਸਿਰਫ਼ ਸੀਟਾਂ ਦੇ ਲੈਣ-ਦੇਣ ਤੱਕ ਸੀਮਤ ਨਹੀਂ ਸੀ। ਇਹ ਗਠਜੋੜ ਧਰਮ-ਨਿਰਪੱਖਤਾ, ਸਮਾਜਿਕ ਨਿਆਂ ਅਤੇ ਸੰਘੀ ਢਾਂਚੇ ਦੀ ਰਾਖੀ ਵਰਗੇ ਸਾਂਝੇ ਵਿਚਾਰਾਂ 'ਤੇ ਟਿਕਿਆ ਹੋਇਆ ਮੰਨਿਆ ਜਾਂਦਾ ਸੀ। 2004 ਤੋਂ ਲੈ ਕੇ 2021 ਤੱਕ, ਤਾਮਿਲਨਾਡੂ ਵਿੱਚ ਕਾਂਗਰਸ ਦੀ ਸਿਆਸੀ ਹੋਂਦ ਕਾਫ਼ੀ ਹੱਦ ਤੱਕ ਡੀ.ਐਮ.ਕੇ. ਦੇ 'ਵੋਟ ਟਰਾਂਸਫਰ' ਸਹਾਰੇ ਹੀ ਟਿਕੀ ਰਹੀ ਹੈ। ਅਜਿਹੇ ਵਿੱਚ, ਚੋਣ ਨਤੀਜੇ ਆਉਂਦੇ ਹੀ ਸਾਥ ਛੱਡ ਦੇਣਾ ਡੀ.ਐਮ.ਕੇ. ਦੇ ਸਮਰਥਕਾਂ ਨੂੰ ਇੱਕ ਸਿਆਸੀ ਵਿਸ਼ਵਾਸਘਾਤ ਵਾਂਗ ਜਾਪ ਰਿਹਾ ਹੈ।

ਅਦਾਕਾਰ ਵਿਜੇ ਦੀ ਪਾਰਟੀ ਟੀ. ਵੀ. ਕੇ. ਨੇ ਬਹੁਤ ਤੇਜ਼ੀ ਨਾਲ ਨੌਜਵਾਨਾਂ ਅਤੇ ਸੱਤਾ-ਵਿਰੋਧੀ ਲਹਿਰ ਦੇ ਸਹਾਰੇ ਆਪਣੀ ਜਗ੍ਹਾ ਬਣਾਈ ਹੈ। ਕਾਂਗਰਸ ਨੇ ਸ਼ਾਇਦ ਇਹ ਮਹਿਸੂਸ ਕੀਤਾ ਹੈ ਕਿ ਡੀ.ਐਮ.ਕੇ. ਦੇ ਨਾਲ ਰਹਿ ਕੇ ਉਹ ਹਮੇਸ਼ਾ ਇੱਕ 'ਜੂਨੀਅਰ ਪਾਰਟਨਰ' ਹੀ ਬਣੀ ਰਹੇਗੀ। ਟੀ.ਵੀ.ਕੇ. ਵਰਗੀ ਨਵੀਂ ਸ਼ਕਤੀ ਨਾਲ ਜੁੜ ਕੇ ਕਾਂਗਰਸ ਭਵਿੱਖ ਦੀ ਸੱਤਾ ਵਿੱਚ ਵਧੇਰੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣ ਦੇ ਸੁਪਨੇ ਦੇਖ ਰਹੀ ਹੈ। ਡੀ.ਐਮ.ਕੇ. ਨਾਲ ਕਾਂਗਰਸ ਹਮੇਸ਼ਾ ਇੱਕ 'ਛੋਟੇ ਭਰਾ' ਵਜੋਂ ਰਹੀ ਸੀ। ਵਿਜੇ ਦੀ ਟੀ.ਵੀ.ਕੇ. ਕੋਲ ਬਹੁਮਤ (118 ਸੀਟਾਂ) ਤੋਂ ਕੁਝ ਸੀਟਾਂ ਘੱਟ ਹਨ (ਉਨ੍ਹਾਂ ਨੇ 107 ਜਿੱਤੀਆਂ ਹਨ)। ਅਜਿਹੇ ਵਿੱਚ ਕਾਂਗਰਸ ਸਰਕਾਰ ਬਣਾਉਣ ਵਿੱਚ 'ਕਿੰਗਮੇਕਰ' ਬਣ ਕੇ ਉੱਭਰੀ ਹੈ ਅਤੇ ਕੈਬਨਿਟ ਵਿੱਚ ਅਹਿਮ ਮੰਤਰਾਲੇ ਹਾਸਲ ਕਰ ਸਕਦੀ ਹੈ। ਕਾਂਗਰਸ ਨੂੰ ਲੱਗਦਾ ਹੈ ਕਿ ਅਗਲੇ ਦਹਾਕੇ ਵਿੱਚ ਤਾਮਿਲਨਾਡੂ ਦੀ ਰਾਜਨੀਤੀ ਸਟਾਲਿਨ ਬਨਾਮ ਵਿਜੇ ਹੋਵੇਗੀ, ਇਸ ਲਈ ਉਹ ਹੁਣੇ ਤੋਂ ਉੱਭਰਦੀ ਸ਼ਕਤੀ (ਵਿਜੇ) ਦੇ ਨਾਲ ਖੜ੍ਹਨਾ ਚਾਹੁੰਦੀ ਹੈ।

ਕਾਂਗਰਸ ਆਪਣੇ ਇਸ ਕਦਮ ਦਾ ਬਚਾਅ ਕਰਦਿਆਂ ਇਹ ਤਰਕ ਦੇ ਰਹੀ ਹੈ ਕਿ ਜੇਕਰ ਉਹ ਟੀ.ਵੀ.ਕੇ. ਨਾਲ ਨਾ ਜਾਂਦੀ, ਤਾਂ ਭਾਜਪਾ ਇਸ ਖਲਾਅ ਦਾ ਫਾਇਦਾ ਉਠਾ ਕੇ ਸੂਬੇ ਵਿੱਚ ਪੈਰ ਪਸਾਰ ਸਕਦੀ ਸੀ। ਹਾਲਾਂਕਿ, ਤਾਮਿਲਨਾਡੂ ਦੀ ਦ੍ਰਾਵਿੜ ਸਿਆਸਤ ਵਿੱਚ ਭਾਜਪਾ ਦੀਆਂ ਜੜ੍ਹਾਂ ਅਜੇ ਤਕ ਨਹੀਂ ਲਗ ਸਕੀਆਂ। ਸਿਆਸੀ ਮਾਹਿਰਾਂ ਅਨੁਸਾਰ ਤਾਮਿਲਨਾਡੂ ਦੀ ਰਾਜਨੀਤੀ 'ਪੈਰੀਆਰ' ਅਤੇ ਸਮਾਜਿਕ ਨਿਆਂ ਦੀ ਵਿਚਾਰਧਾਰਾ 'ਤੇ ਟਿਕੀ ਹੈ, ਜੋ ਕਿ ਹਿੰਦੂਤਵ ਅਤੇ ਕੇਂਦਰੀਕਰਨ ਦੇ ਵਿਰੁੱਧ ਹੈ। ਹਿੰਦੀ ਨੂੰ ਉਤਸ਼ਾਹਿਤ ਕਰਨ ਦੀ ਕੇਂਦਰ ਦੀ ਨੀਤੀ ਨੂੰ ਤਾਮਿਲਨਾਡੂ ਦੇ ਲੋਕ ਆਪਣੀ ਪਛਾਣ 'ਤੇ ਹਮਲਾ ਮੰਨਦੇ ਹਨ। ਭਾਜਪਾ ਕੋਲ ਅਜੇ ਤੱਕ ਕੋਈ ਅਜਿਹਾ ਚਿਹਰਾ ਨਹੀਂ ਹੈ ਜੋ ਸੂਬੇ ਦੇ ਸਾਬਕਾ ਮੁੱਖ ਮੰਤਰੀਆਂ (ਕਰੁਣਾਨਿਧੀ, ਜੈਲਲਿਤਾ) ਜਾਂ ਮੌਜੂਦਾ ਵਿਜੇ ਵਰਗੇ ਕੱਦ ਦਾ ਹੋਵੇ। ਅਜਿਹੇ ਵਿੱਚ ਸਵਾਲ ਇਹ ਉੱਠਦਾ ਹੈ ਕਿ ਜੇਕਰ ਭਾਜਪਾ ਦਾ ਖ਼ਤਰਾ ਇੰਨਾ ਹੀ ਗੰਭੀਰ ਸੀ, ਤਾਂ ਕਾਂਗਰਸ ਨੇ ਇਹ ਗਠਜੋੜ ਚੋਣਾਂ ਤੋਂ ਪਹਿਲਾਂ ਕਿਉਂ ਨਹੀਂ ਕੀਤਾ? ਚੋਣਾਂ ਤੋਂ ਬਾਅਦ ਪਾਲਾ ਬਦਲਣਾ ਸਿਧਾਂਤਕ ਰਾਜਨੀਤੀ ਦੀ ਬਜਾਏ 'ਸੱਤਾ ਦੇ ਸਮੀਕਰਨ' ਵਧੇਰੇ ਜਾਪਦਾ ਹੈ।

ਇਸ ਘਟਨਾਕ੍ਰਮ ਨੇ ਕੌਮੀ ਪੱਧਰ 'ਤੇ ਬਣੇ 'ਇੰਡੀਆ' ਗਠਜੋੜ ਦੀ ਭਰੋਸੇਯੋਗਤਾ ਨੂੰ ਵੀ ਸੱਟ ਮਾਰੀ ਹੈ। ਜਿੱਥੇ ਖੱਬੀਆਂ ਪਾਰਟੀਆਂ ਸੀਪੀਆਈ, ਸੀਪੀਐਮ ਅਜੇ ਵੀ ਡੀ. ਐਮ. ਕੇ. ਦੇ ਨਾਲ ਡਟੀਆਂ ਹੋਈਆਂ ਹਨ, ਉੱਥੇ ਕਾਂਗਰਸ ਦਾ ਇਹ ਕਦਮ ਦਰਸਾਉਂਦਾ ਹੈ ਕਿ ਸਿਆਸੀ ਲਾਭ ਅਕਸਰ ਗਠਜੋੜ ਦੀ ਸਿਆਸਤ ਦੀ ਏਕਤਾ'ਤੇ ਭਾਰੀ ਪੈ ਜਾਂਦੇ ਹਨ।

ਕਾਂਗਰਸ ਦਾ ਟੀ.ਵੀ.ਕੇ. ਨਾਲ ਜਾਣਾ ਸਿਰਫ਼ ਭਾਜਪਾ-ਵਿਰੋਧ ਦੀ ਲੜਾਈ ਨਹੀਂ ਹੈ, ਸਗੋਂ ਬਦਲਦੀ ਸਿਆਸੀ ਹਵਾ ਨੂੰ ਪਛਾਣ ਕੇ ਆਪਣੀ ਕੁਰਸੀ ਸਲਾਮਤ ਰੱਖਣ ਦੀ ਕੋਸ਼ਿਸ਼ ਹੈ। ਰਾਜਨੀਤੀ ਵਿੱਚ ਮੌਕਾਪ੍ਰਸਤੀ ਕੋਈ ਨਵੀਂ ਗੱਲ ਨਹੀਂ, ਪਰ ਜਦੋਂ ਕੋਈ ਪਾਰਟੀ ਵਿਚਾਰਧਾਰਾ ਦਾ ਝੰਡਾ ਚੁੱਕ ਕੇ ਚੱਲਦੀ ਹੋਵੇ, ਤਾਂ ਉਸ ਦੀ ਜਵਾਬਦੇਹੀ ਹੋਰ ਵੀ ਵਧ ਜਾਂਦੀ ਹੈ। ਤਾਮਿਲਨਾਡੂ ਦੇ ਲੋਕ ਹੁਣ ਇਸ ਨਵੇਂ ਗਠਜੋੜ ਨੂੰ ਕਿਸ ਨਜ਼ਰ ਨਾਲ ਦੇਖਦੇ ਹਨ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਵੈਸੇ ਟੀ.ਵੀ.ਕੇ. ਨੇ ਲਗਭਗ 35% ਵੋਟ ਸ਼ੇਅਰ ਹਾਸਲ ਕੀਤਾ ਹੈ, ਜੋ ਕਿ ਕਿਸੇ ਵੀ ਨਵੀਂ ਪਾਰਟੀ ਲਈ ਤਾਮਿਲਨਾਡੂ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹੈ। ਵਿਜੇ ਦੀ ਫੈਨ ਫਾਲੋਇੰਗ ਸਿਰਫ਼ ਫਿਲਮਾਂ ਤੱਕ ਸੀਮਤ ਨਹੀਂ ਰਹੀ, ਸਗੋਂ ਉਹ ਵੋਟਾਂ ਵਿੱਚ ਵੀ ਬਦਲੀ ਹੈ। ਖ਼ਾਸ ਕਰਕੇ ਚੇਨਈ ਅਤੇ ਸ਼ਹਿਰੀ ਇਲਾਕਿਆਂ ਵਿੱਚ ਉਨ੍ਹਾਂ ਨੇ ਡੀ.ਐਮ.ਕੇ. ਦੇ ਗੜ੍ਹ ਤੋੜੇ ਹਨ। ਜੜ੍ਹਾਂ ਜਮਾਉਣ ਲਈ ਉਨ੍ਹਾਂ ਨੂੰ ਅਗਲੇ 5 ਸਾਲ ਪ੍ਰਸ਼ਾਸਨ ਚਲਾ ਕੇ ਦਿਖਾਉਣਾ ਹੋਵੇਗਾ। ਜੇਕਰ ਉਹ ਗਠਜੋੜ ਸਰਕਾਰ ਨੂੰ ਸਹੀ ਤਰੀਕੇ ਨਾਲ ਚਲਾ ਲੈਂਦੇ ਹਨ, ਤਾਂ ਉਹ ਰਾਜਨੀਤੀ ਦੇ ਸਥਾਈ ਖਿਡਾਰੀ ਬਣ ਜਾਣਗੇ।

ਰਾਸ਼ਟਰੀ ਪੱਧਰ 'ਤੇ ਇੰਡੀਆ ਗਠਜੋੜ ਏਕਤਾ ਹੁਣ ਕਮਜ਼ੋਰ ਪੈ ਸਕਦਾ ਹੈ। ਮਮਤਾ ਪਹਿਲਾਂ ਹੀ ਕਾਂਗਰਸ 'ਤੇ ਭਾਜਪਾ ਨਾਲ 'ਗੁਪਤ ਸਮਝੌਤੇ' ਦੇ ਇਲਜ਼ਾਮ ਲਗਾ ਚੁੱਕੀ ਹੈ। ਤਾਮਿਲਨਾਡੂ ਵਿੱਚ ਕਾਂਗਰਸ ਦਾ ਡੀ. ਐਮ. ਕੇ. ਨੂੰ ਛੱਡਣਾ 'ਇੰਡੀਆ' ਗਠਜੋੜ ਦੀ ਏਕਤਾ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਸਟਾਲਿਨ ਗਠਜੋੜ ਦਾ ਇੱਕ ਮਜ਼ਬੂਤ ਥੰਮ੍ਹ ਸਨ।

ਰਾਸ਼ਟਰੀ ਪੱਧਰ 'ਤੇ ਵਿਰੋਧੀ ਏਕਤਾ ਹੁਣ ਕਮਜ਼ੋਰ ਪੈ ਸਕਦੀ ਹੈ। ਮਮਤਾ ਅਤੇ ਹੋਰ ਖੇਤਰੀ ਆਗੂ ਹੁਣ ਕਾਂਗਰਸ 'ਤੇ ਭਰੋਸਾ ਕਰਨ ਤੋਂ ਪਹਿਲਾਂ ਦਸ ਵਾਰ ਸੋਚਣਗੇ।

* * * * * *

# ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲਾ: ਆਈਪੀਐਸ ਵਿਵੇਕ ਸ਼ੀਲ ਸੋਨੀ ਨੂੰ ਵੱਡੀ ਰਾਹਤ, ਮਜੀਠੀਆ ਨੇ ਖੜ੍ਹੇ ਕੀਤੇ ਸਵਾਲ

ਚੰਡੀਗੜ੍ਹ-ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਪੁਲਿਸ ਹਿਰਾਸਤ ਦੌਰਾਨ ਹੋਈਆਂ ਬਹੁ-ਚਰਚਿਤ ਇੰਟਰਵਿਊਆਂ ਦੇ ਮਾਮਲੇ ਵਿੱਚ ਇੱਕ ਨਵਾਂ ਮੋੜ ਆਇਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਰਾਜੀਵ ਨਰਾਇਣ ਰੈਨਾ ਨੇ ਆਪਣੀ ਜਾਂਚ ਰਿਪੋਰਟ ਵਿੱਚ ਮੋਹਾਲੀ ਦੇ ਤਤਕਾਲੀ ਐੱਸ.ਐੱਸ.ਪੀ. ਵਿਵੇਕ ਸ਼ੀਲ ਸੋਨੀ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਰਿਪੋਰਟ ਵਿੱਚ ਇਹ ਮੰਨਿਆ ਗਿਆ ਹੈ ਕਿ 14 ਮਾਰਚ 2023 ਦੀ ਰਾਤ ਨੂੰ ਸੀ.ਆਈ.ਏ. ਖਰੜ ਵਿਖੇ ਸੁਰੱਖਿਆ ਨਿਯਮਾਂ ਦੀ ਗੰਭੀਰ ਉਲੰਘਣਾ ਹੋਈ ਸੀ। ਜੱਜ ਨੇ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਕਿ ਸੋਨੀ ਨੂੰ ਇਸ ਇੰਟਰਵਿਊ ਬਾਰੇ ਪਹਿਲਾਂ ਜਾਣਕਾਰੀ ਸੀ ਜਾਂ ਉਹ ਇਸ ਵਿੱਚ ਸ਼ਾਮਲ ਸਨ। ਸਿਰਫ਼ ਜ਼ਿਲ੍ਹਾ ਮੁਖੀ ਹੋਣ ਦੇ ਨਾਤੇ ਉਹਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਗਲਤ ਹੈ।

ਕਾਰਵਾਈ ਵਿੱਚ ਖਾਮੀਆਂ: ਰਿਪੋਰਟ ਵਿੱਚ ਸੋਨੀ ਵਿਰੁੱਧ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਦੇ ਤਰੀਕੇ 'ਤੇ ਵੀ ਸਵਾਲ ਚੁੱਕੇ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਸ ਰਿਪੋਰਟ 'ਤੇ ਸੋਸ਼ਲ ਮੀਡੀਆ ਰਾਹੀਂ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਉਹਨਾਂ ਸਵਾਲ ਕੀਤਾ ਕਿ ਕੀ ਭਗਵੰਤ ਮਾਨ ਸਰਕਾਰ ਪੰਜਾਬ ਦੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲਿਆਂ ਨੂੰ ਬਚਾਉਣ ਲਈ ਚਲਾਈ ਜਾ ਰਹੀ ਹੈ ?

ਮਜੀਠੀਆ ਨੇ ਇਸ ਕਾਰਵਾਈ ਨੂੰ ਸਿੱਧੂ ਮੂਸੇਵਾਲਾ ਦੇ ਮਾਪਿਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਦੱਸਿਆ।ਉਹਨਾਂ ਇਲਜ਼ਾਮ ਲਾਇਆ ਕਿ ਗ੍ਰਹਿ ਵਿਭਾਗ ਅਤੇ ਨੌਕਰਸ਼ਾਹਾਂ ਦੀ ਮਿਲੀਭੁਗਤ ਨਾਲ ਅਧਿਕਾਰੀ ਨੂੰ ਬਚਾਇਆ ਗਿਆ ਹੈ।

ਯਾਦ ਰਹੇ ਕਿ ਲਾਰੈਂਸ ਬਿਸ਼ਨੋਈ ਦੀਆਂ ਦੋ ਇੰਟਰਵਿਊਆਂ 14 ਅਤੇ 17 ਮਾਰਚ 2023 ਨੂੰ ਪ੍ਰਸਾਰਿਤ ਹੋਈਆਂ ਸਨ। ਵਿਸ਼ੇਸ਼ ਜਾਂਚ ਟੀਮ ਨੇ ਪਾਇਆ ਸੀ ਕਿ ਪਹਿਲੀ ਇੰਟਰਵਿਊ ਸੀ.ਆਈ.ਏ. ਖਰੜ ਦੀ ਹਿਰਾਸਤ ਦੌਰਾਨ ਹੋਈ ਸੀ, ਜਦਕਿ ਦੂਜੀ ਰਾਜਸਥਾਨ ਦੀ ਜੇਲ੍ਹ ਵਿੱਚੋਂ ਸੀ। ਇਸ ਮਾਮਲੇ ਵਿੱਚ ਤਤਕਾਲੀ ਡੀ.ਐੱਸ.ਪੀ. (ਡੀ) ਗੁਰਸ਼ੇਰ ਸਿੰਘ 'ਤੇ ਮਿਲੀਭੁਗਤ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਸਰਕਾਰ ਨੇ 7 ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਵੀ ਕੀਤਾ ਸੀ।

ਜਿੱਥੇ ਇੱਕ ਪਾਸੇ ਰਿਪੋਰਟ ਨੇ ਆਈਪੀਐਸ ਸੋਨੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ, ਉੱਥੇ ਹੀ ਦੂਜੇ ਪਾਸੇ ਵਿਰੋਧੀ ਧਿਰਾਂ ਨੇ ਇਸ ਨੂੰ ਲੈ ਕੇ ਸਿਆਸੀ ਮਾਹੌਲ ਗਰਮ ਕਰ ਦਿੱਤਾ ਹੈ। ਗ੍ਰਹਿ ਵਿਭਾਗ ਦੇ ਅਧਿਕਾਰੀਆਂ ਨੇ ਫਿਲਹਾਲ ਇਸ ਮਾਮਲੇ 'ਤੇ ਚੁੱਪ ਧਾਰੀ ਹੋਈ ਹੈ।

# ਨਿਊਜ਼ੀਲੈਂਡ ਵਿਚ ਸਾਕਾ ਵਿਵਾਦ : ਨਸਲਵਾਦੀ ਚੀ ਵਿਲਸਨ ਨੇ ਸਿੱਖ ਭਾਈਚਾਰੇ ਕੋਲੋਂ ਮੰਗੀ ਮੁਆਫ਼ੀ

ਨਿਊਜ਼ ਵਿਸ਼ਲੇਸ਼ਣ

## ✪ ਜਲਦੀ ਦੋਹਾਂ ਭਾਈਚਾਰਿਆਂ ਵਿਚ ਮੀਟਿੰਗ ਹੋਵੇਗੀ







ਚੀ ਵਿਲਸਨ

ਨਿਊਜ਼ੀਲੈਂਡ ਦੀ ਧਰਤੀ ਤੋਂ ਸਿੱਖ ਭਾਈਚਾਰੇ ਲਈ ਇੱਕ ਵੱਡੀ ਨੈਤਿਕ ਅਤੇ ਸੱਭਿਆਚਾਰਕ ਜਿੱਤ ਦੀ ਖ਼ਬਰ ਸਾਹਮਣੇ ਆਈ ਹੈ। 'ਤੇ 'ਪਾਤੀ ਮਾਓਰੀ' ਦੇ ਸਾਬਕਾ ਪ੍ਰਧਾਨ ਚੀ ਵਿਲਸਨ ਵੱਲੋਂ ਸਿੱਖ ਭਾਈਚਾਰੇ ਤੋਂ ਮੰਗੀ ਗਈ ਬਿਨਾਂ ਸ਼ਰਤ ਮੁਆਫ਼ੀ ਸਿਰਫ਼ ਇੱਕ ਵਿਅਕਤੀ ਦਾ ਪਸ਼ਚਾਤਾਪ ਨਹੀਂ ਹੈ, ਸਗੋਂ ਇਹ ਸਿੱਖ ਪੰਥ ਦੀ ਉਸ ਉੱਚੀ-ਸੁੱਚੀ ਨੈਤਿਕਤਾ ਅਤੇ 'ਸਰਬੱਤ ਦੇ ਭਲੇ' ਵਾਲੀ ਸੋਚ ਦੀ ਜਿੱਤ ਹੈ, ਜਿਸ ਅੱਗੇ ਨਸਲਵਾਦੀ ਪ੍ਰਵਿਰਤੀਆਂ ਨੂੰ ਹਮੇਸ਼ਾ ਝੁਕਣਾ ਪਿਆ ਹੈ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਇੱਕ 'ਹਾਕਾ' ਪ੍ਰਦਰਸ਼ਨ ਦੌਰਾਨ ਹਿੰਸਕ ਲਹਿਜੇ ਅਤੇ ਪ੍ਰਦਰਸ਼ਨ ਦੀ ਵਰਤੋਂ ਕੀਤੀ ਗਈ। ਹਾਲਾਂਕਿ ਪ੍ਰਦਰਸ਼ਨਕਾਰੀਆਂ ਦਾ ਮੰਨਣਾ ਸੀ ਕਿ ਉਨ੍ਹਾਂ ਦਾ ਮਕਸਦ ਸਿਆਸੀ ਸੀ-ਉਹ ਐਮਪੀ ਪਰਮਜੀਤ ਪਰਮਾਰ ਦੇ ਸਟੈਂਡ ਦਾ ਵਿਰੋਧ ਕਰ ਰਹੇ ਸਨ।

ਡਾ. ਪਰਮਜੀਤ ਪਰਮਾਰ ਪਹਿਲਾਂ ਨੈਸ਼ਨਲ ਪਾਰਟੀ ਦੀ ਸਾਂਸਦ ਰਹੀ ਚੁੱਕੀ ਹੈ। ਮੌਜੂਦਾ ਸਮੇਂ ਵਿੱਚ ਉਹ ਐਕਟ ਪਾਰਟੀ ਨਾਲ ਜੁੜੀ ਹੋਈ ਹੈ। ਵਿਰੋਧ ਦਾ ਇੱਕ ਕਾਰਨ ਉਸ ਦੀ ਮੌਜੂਦਾ ਪਾਰਟੀ ਦੀਆਂ ਨੀਤੀਆਂ ਹਨ, ਜਿਨ੍ਹਾਂ ਨੂੰ ਕੁਝ ਵਰਗਾਂ ਵੱਲੋਂ ਮਾਓਰੀ ਭਾਈਚਾਰੇ ਦੇ ਹੱਕਾਂ (ਜਿਵੇਂ ਕਿ 'ਟਰੀਟੀ ਆਫ ਵੇਤਾਂਗੀ') ਦੇ ਵਿਰੁੱਧ ਦੇਖਿਆ ਜਾਂਦਾ ਹੈ।

ਮੁੱਖ ਵਿਵਾਦ ਟਰੀਟੀ ਪ੍ਰਿੰਸੀਪਲਜ਼ ਬਿੱਲ'ਨੂੰ ਲੈ ਕੇ ਹੈ। ਡਾ. ਪਰਮਾਰ ਦੀ ਪਾਰਟੀ ਐਕਟ ਇਸ ਬਿੱਲ ਦੀ ਹਮਾਇਤ ਕਰ ਰਹੀ ਹੈ, ਜਦੋਂ ਕਿ ਮਾਓਰੀ ਭਾਈਚਾਰਾ ਅਤੇ ਉਨ੍ਹਾਂ ਦੀਆਂ ਪਾਰਟੀਆਂ (ਜਿਵੇਂ 'ਤੇ ਪਾਤੀ ਮਾਓਰੀ') ਇਸ ਨੂੰ ਆਪਣੇ ਹੱਕਾਂ 'ਤੇ ਹਮਲਾ ਮੰਨਦੀਆਂ ਹਨ। ਇਸੇ ਵਿਰੋਧ ਕਾਰਨ ਮਾਓਰੀ ਪ੍ਰਦਰਸ਼ਨਕਾਰੀਆਂ ਨੇ ਡਾ. ਪਰਮਾਰ ਨੂੰ ਨਿਸ਼ਾਨਾ ਬਣਾਇਆ।

ਪਰ ਸਿੱਖਾਂ ਦਾ ਮੰਨਣਾ ਹੈ ਕਿ ਜਿਸ ਤਰੀਕੇ ਨਾਲ ਉਹਨਾਂ ਨਗਰ ਕੀਰਤਨ ਵਿਰੁਧ ਹੰਗਾਮਾ ਖੜਾ ਕੀਤਾ ਗਿਆ, ਉਸ ਨੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਸੀ। ਉਹ ਨਿਊਜ਼ੀਲੈਂਡ ਵਰਗੇ ਬਹੁ-ਸੱਭਿਆਚਾਰਕ ਸਮਾਜ ਦੇ ਮੱਥੇ 'ਤੇ ਕਲੰਕ ਸੀ। ਪਰ ਸਿੱਖਾਂ ਨੇ ਇਸ ਦਾ ਜਵਾਬ ਪੱਥਰ ਨਾਲ ਨਹੀਂ, ਸਗੋਂ ਸੰਵਾਦ ਅਤੇ ਦ੍ਰਿੜਤਾ ਨਾਲ ਦਿੱਤਾ।

ਕੌਂਸਲ ਆਫ਼ ਸਿੱਖ ਅਫੇਅਰਜ਼ ਦੇ ਜਨਰਲ ਸਕੱਤਰ ਗੁਰਤੇਜ ਸਿੰਘ ਦਾ ਪ੍ਰਤੀਕਰਮ ਇਸ ਮਾਮਲੇ ਵਿੱਚ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਮੁੱਦਾ ਸਿਆਸੀ ਚੁਣੌਤੀ ਦਾ ਨਹੀਂ, ਸਗੋਂ ਉਸ 'ਨਸਲੀ ਰੰਗਤ' ਦਾ ਸੀ ਜੋ ਪ੍ਰਦਰਸ਼ਨ ਵਿੱਚ ਦਿਖਾਈ ਦਿੱਤੀ। ਕੌਂਸਲ ਆਫ਼ ਸਿੱਖ ਅਫੇਅਰਜ਼ ਦੇ ਜਨਰਲ ਸਕੱਤਰ ਗੁਰਤੇਜ ਸਿੰਘ ਨੇ ਕਿਹਾ, "ਸਾਨੂੰ ਕਿਸੇ ਸਿਆਸਤਦਾਨ ਨੂੰ ਚੁਣੌਤੀ ਦੇਣ 'ਤੇ ਕੋਈ ਇਤਰਾਜ਼ ਨਹੀਂ ਸੀ। ਦੁੱਖ ਉਦੋਂ ਹੋਇਆ ਜਦੋਂ ਇਸ ਵਿਰੋਧ ਵਿੱਚ ਨਸਲੀ ਟਿੱਪਣੀਆਂ ਅਤੇ ਸੱਭਿਆਚਾਰਕ ਮਜ਼ਾਕ ਸ਼ਾਮਲ ਹੋ ਗਿਆ। ਚੀ ਵਿਲਸਨ ਨੇ ਬਹੁਤ ਉਦਾਰਤਾ ਦਿਖਾਈ ਹੈ ਅਤੇ ਹਰ ਕਦਮ 'ਤੇ ਮੁਆਫ਼ੀ ਮੰਗੀ ਹੈ।" ਭਾਈਚਾਰੇ ਨੇ ਇਸ ਮਾਮਲੇ ਨੂੰ ਟਕਰਾਅ ਦੀ ਬਜਾਏ ਸੰਵਾਦ ਰਾਹੀਂ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜੋ ਕਿ ਇੱਕ ਪਰਿਪੱਕ ਸਮਾਜ ਦੀ ਨਿਸ਼ਾਨੀ ਹੈ।

ਇਸ ਵਿਵਾਦ ਨੂੰ ਸੁਲਝਾਉਣ ਲਈ ਦੋਵਾਂ ਧਿਰਾਂ ਵਿਚਕਾਰ ਰਚਨਾਤਮਕ ਗੱਲਬਾਤ ਹੋਈ ਹੈ। ਚੀ ਵਿਲਸਨ ਅਗਲੇ ਦੋ ਤੋਂ ਤਿੰਨ ਹਫ਼ਤਿਆਂ ਵਿੱਚ ਵਾਈਕਾਟੋ ਵਿੱਚ ਇੱਕ 'ਹੁਈ' (ਵਿਸ਼ੇਸ਼ ਮੀਟਿੰਗ) ਕਰਨ ਲਈ ਸਹਿਮਤ ਹੋ ਗਏ ਹਨ। ਇਸ ਮੀਟਿੰਗ ਦਾ ਮੁੱਖ ਉਦੇਸ਼ ਹੋਵੇਗਾ: ਕਿ ਆਪਸੀ ਗੱਲਬਾਤ ਰਾਹੀਂ ਗਲਤਫਹਿਮੀਆਂ ਦੂਰ ਕਰਨਾ। ਮਾਓਰੀ ਭਾਈਚਾਰੇ ਅਤੇ ਪ੍ਰਵਾਸੀ ਸਿੱਖ ਭਾਈਚਾਰੇ ਵਿਚਕਾਰ ਰਿਸ਼ਤੇ ਮਜ਼ਬੂਤ ਕਰਨਾ। ਇੱਕ-ਦੂਜੇ ਦੇ ਸੱਭਿਆਚਾਰ ਪ੍ਰਤੀ ਸਤਿਕਾਰ ਪੈਦਾ ਕਰਨਾ।

ਵਿਲਸਨ ਨੇ ਅਜੇ ਤੱਕ ਮੀਡੀਆ ਨੂੰ ਇਸ ਸਬੰਧੀ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਸਿੱਖ ਭਾਈਚਾਰੇ ਨਾਲ ਉਨ੍ਹਾਂ ਦੇ ਸਹਿਯੋਗ ਨੂੰ ਇੱਕ ਵੱਡੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ।

ਇਹ ਘਟਨਾ ਸਾਨੂੰ ਯਾਦ ਦਿਵਾਉਂਦੀ ਹੈ ਕਿ ਸਾਡੀ ਸਰਬਤ ਦੇ ਭਲੇ ਦੀ ਸੋਚ ਸਾਡੀ ਤਾਕਤ ਹੈ। ਚੀ ਵਿਲਸਨ ਦੀ ਮੁਆਫ਼ੀ ਅਤੇ ਸਿੱਖ ਕੌਂਸਲ ਦੀ ਖੁੱਲ੍ਹੇ ਦਿਲ ਨਾਲ ਕੀਤੀ ਪਹਿਲ ਨੇ ਆਪਸੀ ਮੱਤਭੇਦਾਂ ਨੂੰ ਦੂਰ ਕਰਕੇ ਇੱਕ ਮਜ਼ਬੂਤ ਰਿਸ਼ਤਾ ਬਣਾਉਣ ਦੀ ਨੀਂਹ ਰੱਖੀ ਹੈ।

ਇਤਿਹਾਸ ਗਵਾਹ ਹੈ ਕਿ ਸਿੱਖਾਂ ਨੇ ਆਪਣੀ ਸੇਵਾ ਅਤੇ ਕੁਰਬਾਨੀ ਨਾਲ ਦੁਨੀਆ ਭਰ ਵਿੱਚ ਮਾਣ ਖੱਟਿਆ ਹੈ। ਚੀ ਵਿਲਸਨ ਦਾ ਮਾਫ਼ੀ ਮੰਗਣਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਨਫਰਤ ਦੀ ਜੰਗ ਵਿੱਚ ਅੰਤ ਜਿੱਤ ਨੈਤਿਕਤਾ ਦੀ ਹੀ ਹੁੰਦੀ ਹੈ। ਅਗਲੇ ਹਫ਼ਤਿਆਂ ਵਿੱਚ ਹੋਣ ਵਾਲੀ 'ਹੁਈ' (ਵਿਸ਼ੇਸ਼ ਮੀਟਿੰਗ) ਇਹ ਸਾਬਤ ਕਰੇਗੀ ਕਿ ਸਿੱਖ ਭਾਈਚਾਰਾ ਨਾ ਸਿਰਫ਼ ਆਪਣੀ ਇੱਜ਼ਤ ਦੀ ਰਾਖੀ ਕਰਨਾ ਜਾਣਦਾ ਹੈ, ਸਗੋਂ ਦੂਜੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਵੀ ਰੱਖਦਾ ਹੈ। ਇਹ ਘਟਨਾ ਉਨ੍ਹਾਂ ਸਾਰੀਆਂ ਤਾਕਤਾਂ ਲਈ ਇੱਕ ਸਬਕ ਹੈ ਜੋ ਪ੍ਰਵਾਸੀ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਸਿੱਖ ਪੰਥ ਦੀ ਇਹ ਜਿੱਤ ਆਪਸੀ ਸਤਿਕਾਰ, ਮਨੁੱਖਤਾ ਦੀ ਸੇਵਾ, ਸਰਬਤ ਦੇ ਭਲੇ, ਦੇ ਮਾਰਗ ਨੂੰ ਅਪਨਾਉਣ ਕਾਰਣ ਹੋਈ ਹੈ।

## ਦੱਖਣੀ ਆਕਲੈਂਡ ਵਿਚ ਸਿੱਖ ਭਾਈਚਾਰੇ ਵੱਲੋਂ ਹਜ਼ਾਰਾਂ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਮੁਫ਼ਤ ਰਾਸ਼ਨ

ਦੱਖਣੀ ਆਕਲੈਂਡ ਦੇ ਸਿੱਖ ਭਾਈਚਾਰੇ ਵੱਲੋਂ ਮਾਨਵਤਾ ਦੀ ਸੇਵਾ ਕਰਦਿਆਂ ਬੀਤੇ ਦਿਨੀਂ ਇੱਕ ਵਿਸ਼ਾਲ ਫੂਡ ਡਰਾਈਵ (ਮੁਫ਼ਤ ਭੋਜਨ ਵੰਡ) ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੈਂਕੜੇ ਪਰਿਵਾਰਾਂ ਨੇ ਹਿੱਸਾ ਲਿਆ।

ਸੁਪਰੀਮ ਸਿੱਖ ਸੁਸਾਇਟੀ ਵੱਲੋਂ ਚਲਾਈ ਗਈ ਇਸ ਮੁਹਿੰਮ ਤਹਿਤ ਟਾਕਾਨੀਨੀ ਗੁਰਦੁਆਰਾ ਸਾਹਿਬ ਵਿਖੇ ਇੱਕੋ ਦਿਨ ਵਿੱਚ 1160 ਰਾਸ਼ਨ ਦੇ ਪੈਕੇਟ ਵੰਡੇ ਗਏ।

ਸੁਪਰੀਮ ਸਿੱਖ ਸੁਸਾਇਟੀ ਦੇ ਬੁਲਾਰੇ ਦਲਜੀਤ ਸਿੰਘ ਨੇ ਦੱਸਿਆ ਕਿ ਇਹ ਪਿਛਲੇ ਦੋ ਮਹੀਨਿਆਂ ਵਿੱਚ ਦੂਜੀ ਵੱਡੀ ਮੁਹਿੰਮ ਸੀ। ਇਸ ਤੋਂ ਪਹਿਲਾਂ 18 ਅਪ੍ਰੈਲ ਨੂੰ ਵੀ 1000 ਤੋਂ ਵੱਧ ਪੈਕੇਟ ਵੰਡੇ ਗਏ ਸਨ। ਇਸ ਸੇਵਾ ਕਾਰਜ ਦੀ ਅਗਵਾਈ ਸੁਸਾਇਟੀ ਦੀ ਸਾਬਕਾ ਪ੍ਰਧਾਨ ਜਸਵੀਰ ਕੌਰ ਨੇ ਕੀਤੀ। ਰਾਸ਼ਨ ਦੇ ਪੈਕਟਾਂ ਵਿੱਚ ਸ਼ਾਮਲ ਮੁੱਖ ਵਸਤੂਆਂ ਦੁੱਧ, ਦੁੱਧ ਦਾ ਪਾਊਡਰ ਅਤੇ ਬ੍ਰੈੱਡ ਆਲੂ, ਪਿਆਜ਼, ਸੂਜੀ, ਪਾਸਤਾ ਅਤੇ ਨੂਡਲਜ਼,ਤਾਜ਼ਾ ਸਬਜ਼ੀਆਂ (ਸਲਾਦ ਪੱਤਾ, ਗਾਜਰ) ਅਤੇ ਫਲ (ਕੀਵੀ ਫਲ, ਸੇਬ) ਸਨ।

ਵਲੰਟੀਅਰ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਕੋਸ਼ਿਸ਼ ਇਹ ਹੈ ਕਿ ਮੁਸ਼ਕਲ ਸਮੇਂ ਵਿੱਚ ਹਰ ਪਰਿਵਾਰ, ਖ਼ਾਸ ਕਰਕੇ ਬੱਚਿਆਂ ਨੂੰ ਪੂਰਾ ਪੋਸ਼ਣ ਮਿਲ ਸਕੇ।

ਸਾਬਕਾ ਸਕੱਤਰ ਹਰਵਿੰਦਰ ਕੌਰ ਨੇ ਦੱਸਿਆ ਕਿ ਲਗਭਗ 15 ਬੀਬੀਆਂ ਨੇ ਇੱਕ ਹਫ਼ਤਾ ਲਗਾਤਾਰ ਮਿਹਨਤ ਕਰਕੇ ਇਹ ਸਾਰੇ ਪੈਕੇਟ ਤਿਆਰ ਕੀਤੇ ਸਨ। ਦਲਜੀਤ ਸਿੰਘ ਅਨੁਸਾਰ, ਇਹ ਸਾਰਾ ਕਾਰਜ ਸਿੱਖ ਧਰਮ ਦੇ 'ਸੇਵਾ' ਦੇ ਸਿਧਾਂਤ 'ਤੇ ਅਧਾਰਿਤ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਨਾਲ ਵੱਖ-ਵੱਖ ਭਾਈਚਾਰਿਆਂ ਵਿਚਕਾਰ ਪਿਆਰ ਵਧਦਾ ਹੈ। ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਕੋਵਿਡ ਦੌਰਾਨ ਕੀਤੀ ਗਈ ਸੇਵਾ ਤੋਂ ਬਾਅਦ ਗੁਰਦੁਆਰਾ ਸਾਹਿਬ ਪ੍ਰਤੀ ਸਥਾਨਕ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਇਲਾਕੇ ਵਿੱਚ ਨਸਲਵਾਦੀ ਘਟਨਾਵਾਂ ਵਿੱਚ ਕਮੀ ਆਈ ਹੈ।

ਇਸ ਮੌਕੇ ਰਾਸ਼ਨ ਲੈਣ ਪਹੁੰਚੇ ਲੋਕਾਂ ਨੇ ਸਿੱਖ ਭਾਈਚਾਰੇ ਦਾ ਤਹਿ ਦਿਲੋਂ ਧੰਨਵਾਦ ਕੀਤਾ:

ਜੈਮੀ (ਮਨੁਰੇਵਾ ਨਿਵਾਸੀ): ਨੇ ਕਿਹਾ ਕਿ "ਮੈਂ ਪਹਿਲਾਂ ਕਦੇ ਗੁਰਦੁਆਰੇ ਦੇ ਗੇਟ ਅੰਦਰ ਨਹੀਂ ਸੀ ਆਇਆ, ਪਰ ਇੱਥੇ ਬਹੁਤ ਵਧੀਆ ਸਵਾਗਤ ਹੋਇਆ। ਅੱਜ ਦੇ ਸਮੇਂ ਵਿੱਚ ਗੁਜ਼ਾਰਾ ਕਰਨਾ ਔਖਾ ਹੈ, ਇਸ ਲਈ ਮੈਂ ਇੱਥੇ ਆਇਆ ਹਾਂ।"

ਆਲਮਾ (ਪਾਪਾਕੁਰਾ ਨਿਵਾਸੀ ਨੇ ਕਿਹਾ ਕਿ "ਗੁਰਦੁਆਰਾ ਸਾਹਿਬ ਸਰਕਾਰ ਨਾਲੋਂ ਵੀ ਵੱਧ ਸਾਡੀ ਮਦਦ ਕਰ ਰਿਹਾ ਹੈ। ਮੈਂ ਉਮੀਦ ਕਰਦਾ ਹਾਂ ਕਿ ਸਭ ਨੂੰ ਜਲਦੀ ਰੁਜ਼ਗਾਰ ਮਿਲੇ ਤਾਂ ਜੋ ਜੀਵਨ ਸੌਖਾ ਹੋ ਸਕੇ।"

ਸੁਪਰੀਮ ਸਿੱਖ ਸੁਸਾਇਟੀ ਦੀ ਇਸ ਪਹਿਲਕਦਮੀ ਦੀ ਪੂਰੇ ਦੱਖਣੀ ਆਕਲੈਂਡ ਵਿੱਚ ਸ਼ਲਾਘਾ ਹੋ ਰਹੀ ਹੈ।

# ਭ੍ਰਿਸ਼ਟਾਚਾਰ ਖ਼ਿਲਾਫ਼ ਇਨਕਲਾਬ ਦਾ ਨਾਅਰਾ ਦੇਣ ਵਾਲੀ 'ਆਪ' ਅੱਜ ਭ੍ਰਿਸ਼ਟਾਚਾਰੀਆਂ ਦੀ ਢਾਲ ਬਣ ਚੁੱਕੀ : ਪ੍ਰੋ. ਸਰਚਾਂਦ ਸਿੰਘ ਖਿਆਲਾ

### ✪ ਭਾਜਪਾ ਦਫ਼ਤਰਾਂ 'ਤੇ ਹਮਲੇ ਅਤੇ ਗੁੰਡਾਗਰਦੀ ਪੰਜਾਬ ਨੂੰ ਬੰਗਾਲ ਮਾਡਲ ਵੱਲ ਧੱਕਣ ਦੀ ਕੋਸ਼ਿਸ਼
### ✪ ਨਸ਼ਾ, ਗੈਂਗਸਟਰਵਾਦ, ਭ੍ਰਿਸ਼ਟਾਚਾਰ ਅਤੇ ਪ੍ਰੈਸ 'ਤੇ ਦਬਾਅ - ਮਾਨ ਸਰਕਾਰ ਹਰ ਮੋਰਚੇ 'ਤੇ ਨਾਕਾਮ



ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕਾਂਗਰਸ ਦੇ ਭ੍ਰਿਸ਼ਟਾਚਾਰ ਖ਼ਿਲਾਫ਼ "ਇਨਕਲਾਬ ਜ਼ਿੰਦਾਬਾਦ" ਦੇ ਨਾਅਰੇ ਨਾਲ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਅੱਜ ਆਪਣੇ ਹੀ ਭ੍ਰਿਸ਼ਟ ਮੰਤਰੀਆਂ ਅਤੇ ਵਿਧਾਇਕਾਂ ਨੂੰ ਬਚਾਉਣ ਲਈ ਸੜਕਾਂ 'ਤੇ ਉਤਰ ਕੇ ਗੁੰਡਾਗਰਦੀ ਦਾ ਨੰਗਾ ਨਾਚ ਕਰ ਰਹੀ ਹੈ। ਇਸ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ 'ਆਪ' ਦੇ ਸੰਸਥਾਪਕ ਸਿਧਾਂਤ ਸਿਰਫ਼ ਇੱਕ ਰਾਜਨੀਤਿਕ ਮਿੱਥ ਅਤੇ ਜੁਮਲਾ ਸਨ।

ਉਨ੍ਹਾਂ ਕਿਹਾ ਕਿ ਲੰਘੇ ਦਿਨ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਤੀਜੀ ਛਾਪੇਮਾਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਪਰ ਹੈਰਾਨੀ ਦੀ ਗਲ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਜਵਾਬਦੇਹੀ ਨਿਭਾਉਣ ਦੀ ਥਾਂ ਆਮ ਆਦਮੀ ਪਾਰਟੀ ਨੇ ਪੰਜਾਬ ਭਰ ਵਿੱਚ ਭਾਜਪਾ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਜੋ ਲੋਕ ਇਨਕਲਾਬ ਅਤੇ ਪਾਰਦਰਸ਼ਤਾ ਦੀ ਗੱਲ ਕਰਦੇ ਸਨ, ਉਹ ਅੱਜ ਖੁੱਲ੍ਹੇਆਮ ਭ੍ਰਿਸ਼ਟਾਚਾਰੀਆਂ ਦੀ ਪਿੱਠ 'ਤੇ ਖੜ੍ਹੇ ਨਜ਼ਰ ਆ ਰਹੇ ਹਨ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਭਾਜਪਾ ਦਫ਼ਤਰਾਂ ਵਿੱਚ ਦਾਖਲ ਹੋ ਕੇ 'ਆਪ' ਆਗੂਆਂ ਅਤੇ ਵਰਕਰਾਂ ਵੱਲੋਂ ਕੀਤੀ ਗਈ ਕਥਿਤ ਗੁੰਡਾਗਰਦੀ ਅਤੇ ਤੋੜਫੋੜ ਦੀ ਸਖ਼ਤ ਨਿਖੇਧੀ ਕਰਦਿਆਂ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦਾ ਮਾਹੌਲ ਖ਼ਰਾਬ ਨਾ ਕਰਨ ਦੀ ਚਿਤਾਵਨੀ ਦਿੱਤੀ। ਉਨ੍ਹਾਂ ਕਿਹਾ ਕਿ ਬਲਾਚੌਰ ਵਿੱਚ 'ਆਪ' ਵਿਧਾਇਕ ਸੁਖਵਿੰਦਰ ਸੁੱਖੀ ਵੱਲੋਂ ਪੁਲੀਸ ਦੀ ਮੌਜੂਦਗੀ ਵਿੱਚ ਭਾਜਪਾ ਦਫ਼ਤਰ ਅੰਦਰ ਵੜ ਕੇ ਜ਼ਿਲ੍ਹਾ ਪ੍ਰਧਾਨ ਨਾਲ ਕੀਤੀ ਗਈ ਕੁੱਟਮਾਰ ਨਿਮਨ ਪੱਧਰ ਦੀ ਸਿਆਸਤ ਅਤੇ ਨੈਤਿਕ ਪਤਨ ਦੀ ਨਿਸ਼ਾਨੀ ਹੈ।

ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਵਿਰੋਧ ਕਰਨਾ ਸਭ ਦਾ ਹੱਕ ਹੈ, ਪਰ ਕਾਨੂੰਨ ਆਪਣੇ ਹੱਥ ਵਿੱਚ ਲੈਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ। ਭਾਜਪਾ ਪੰਜਾਬ ਨੂੰ ਮਮਤਾ ਬੈਨਰਜੀ ਦੇ ਬੰਗਾਲ ਵਾਂਗ ਰਾਜਨੀਤਿਕ ਹਿੰਸਾ ਦਾ ਕੇਂਦਰ ਨਹੀਂ ਬਣਨ ਦੇਵੇਗੀ। ਉਨ੍ਹਾਂ ਪੰਜਾਬ ਪੁਲੀਸ ਤੋਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਪ੍ਰੋ. ਖਿਆਲਾ ਨੇ ਕਿਹਾ ਕਿ ਕੇਂਦਰੀ ਜਾਂਚ ਏਜੰਸੀਆਂ ਦੀ ਕਾਰਵਾਈ ਨੂੰ ਬਦਲਾਖੋਰੀ ਵਰਗੇ ਦੋਸ਼ ਲਗਾਉਣ ਦੀ ਥਾਂ 'ਆਪ' ਨੂੰ ਆਪਣੇ ਮੰਤਰੀਆਂ ਅਤੇ ਆਗੂਆਂ ਤੋਂ ਜਵਾਬ ਮੰਗਣਾ ਚਾਹੀਦਾ ਸੀ। ਇਸੇ ਹਫ਼ਤੇ ਈਡੀ ਵੱਲੋਂ ਰੀਅਲ ਅਸਟੇਟ ਗਰੁੱਪਾਂ 'ਤੇ ਕੀਤੀਆਂ ਛਾਪੇਮਾਰੀਆਂ ਦੌਰਾਨ ਮੋਹਾਲੀ ਦੀ ਇੱਕ ਇਮਾਰਤ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਇਕੱਠਾ ਕੀਤਾ ਗਿਆ ਪੈਸਾ ਬਰਾਮਦ ਹੋਇਆ। ਬਿਲਡਰ, ਜਿਸ ਨੇ ਬਾਜ਼ਾਰੂ ਕੀਮਤ ਤੋਂ ਕਰੀਬ 170 ਕਰੋੜ ਰੁਪਏ ਘੱਟ 'ਤੇ ਜ਼ਮੀਨ ਖਰੀਦੀ, ਉਹ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਦਾ ਕਰੀਬੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਭਾਵੇਂ ਹਰ ਜਾਂਚ ਨੂੰ ਸਿਆਸੀ ਬਦਲਾਖੋਰੀ ਕਹੇ, ਪਰ ਇਹ ਕਾਰਵਾਈਆਂ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਹਨ ਅਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਨੂੰ ਕੇਵਲ ਰਾਜਨੀਤਿਕ ਨਾਅਰਿਆਂ ਨਾਲ ਨਹੀਂ ਢੱਕਿਆ ਜਾ ਸਕਦਾ।

ਪ੍ਰੋ. ਖਿਆਲਾ ਨੇ ਕਿਹਾ ਕਿ 'ਆਪ' ਨੇ ਸਿਸਟਮ ਬਦਲਣ ਦਾ ਵਾਅਦਾ ਕੀਤਾ ਸੀ, ਪਰ ਬਦਲਿਆ ਕੁਝ ਨਹੀਂ। ਸਗੋਂ ਪਾਰਟੀ ਦੇ ਅੰਦਰਲੇ "ਬ੍ਰੇਨ ਡਰੇਨ" ਨੇ ਅਰਵਿੰਦ ਕੇਜਰੀਵਾਲ ਨੂੰ ਰਾਜਨੀਤਿਕ ਤੌਰ 'ਤੇ ਅਲੱਗ-ਥਲੱਗ ਕਰ ਦਿੱਤਾ ਹੈ। ਪੰਜਾਬ ਦੇ ਲੋਕਾਂ ਨੇ ਬਦਲਾਅ ਦੀ ਉਮੀਦ ਵਿੱਚ ਭਗਵੰਤ ਮਾਨ ਨੂੰ ਸੱਤਾ ਸੌਂਪੀ ਸੀ, ਪਰ ਉਹ ਪੰਜਾਬ ਦੀ ਬਾਂਹ ਮਜ਼ਬੂਤੀ ਨਾਲ ਫੜ ਨਹੀਂ ਸਕੇ। ਕੇਜਰੀਵਾਲ ਵੱਲੋਂ ਬਾਹਰੀ ਰਾਜਨੀਤਿਕ ਤਰਜੀਹਾਂ ਲਈ ਪੰਜਾਬ ਦੇ ਸਰੋਤਾਂ ਦੀ ਨਾਜਾਇਜ਼ ਵਰਤੋਂ ਕੀਤੀ ਗਈ ਅਤੇ ਭਗਵੰਤ ਮਾਨ ਮੂਕ ਦਰਸ਼ਕ ਬਣੇ ਰਹੇ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਜੋ ਅਜੇ ਵੀ ਜਾਰੀ ਹੈ ਨੂੰ ਲੈ ਕੇ ਸੁਪਰੀਮ ਕੋਰਟ ਵੱਲੋਂ ਪਾਈ ਗਈ ਝਾੜ ਨਾਲ ਸਰਕਾਰ ਦੀ ਪ੍ਰਸ਼ਾਸਨਿਕ ਜੜ੍ਹਤਾ ਸਪਸ਼ਟ ਹੋ ਗਈ ਹੈ। ਨਾਲ ਹੀ ਗੈਂਗਸਟਰ ਗਤੀਵਿਧੀਆਂ ਦਾ ਦੁਬਾਰਾ ਉਭਾਰ, ਟਾਰਗੈਟ ਕਿਲਿੰਗ, ਜਬਰੀ ਵਸੂਲੀ ਦੇ ਨੈੱਟਵਰਕ ਅਤੇ ਜੇਲ੍ਹਾਂ ਦੇ ਅੰਦਰੋਂ ਚੱਲ ਰਹੀਆਂ ਅਪਰਾਧਿਕ ਸਰਗਰਮੀਆਂ ਨੇ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਕੀਤਾ ਹੈ। ਮੀਡੀਆ ਦੀ ਆਜ਼ਾਦੀ 'ਤੇ ਚਿੰਤਾ ਜਤਾਉਂਦਿਆਂ ਪ੍ਰੋ. ਖਿਆਲਾ ਨੇ ਕਿਹਾ ਕਿ ਪੰਜਾਬ ਵਿੱਚ ਸੁਤੰਤਰ ਪੱਤਰਕਾਰਾਂ ਅਤੇ ਨਿਗਰਾਨੀ ਸਮੂਹਾਂ 'ਤੇ ਦਬਾਅ ਬਣਾਉਣ ਲਈ 'ਆਪ' ਸਰਕਾਰ ਵੱਲੋਂ ਮਾਣਹਾਨੀ ਨੋਟਿਸ, ਐਫਆਈਆਰ ਅਤੇ ਕਾਪੀਰਾਈਟ ਦਾਅਵਿਆਂ ਵਰਗੇ ਕਾਨੂੰਨੀ ਅਤੇ ਅਰਧ-ਕਾਨੂੰਨੀ ਹੱਥਕੰਡੇ ਵਰਤੇ ਜਾ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਮੁੱਖ ਮੰਤਰੀ ਦੇ ਹੈਲੀਕਾਪਟਰ ਦੀ ਵਰਤੋਂ ਸਬੰਧੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਅਤੇ ਕਾਰਕੁਨਾਂ ਵਿਰੁੱਧ ਦਰਜ ਕੀਤੀਆਂ ਗਈਆਂ ਐਫਆਈਆਰਾਂ ਨੂੰ ਉਨ੍ਹਾਂ ਨੇ "ਬਿਰਤਾਂਤ ਪੁਲਿਸਿੰਗ" ਦਾ ਖ਼ਤਰਨਾਕ ਰੂਪ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੱਤਰਕਾਰਾਂ ਵਿਰੁੱਧ ਐਫਆਈਆਰ ਦਰਜ ਕਰਨਾ ਸੰਵਿਧਾਨ ਦੇ ਅਨੁਛੇਦ 19(1)(ਅ) ਤਹਿਤ ਮਿਲੀ ਅਭਿਵਿਅਕਤੀ ਅਤੇ ਪ੍ਰੈਸ ਦੀ ਆਜ਼ਾਦੀ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਅੰਤ ਵਿੱਚ ਪ੍ਰੋ. ਖਿਆਲਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਜਾਰੀ ਰਹੇਗੀ ਅਤੇ 'ਆਪ' ਵੱਲੋਂ ਕੀਤੀ ਜਾ ਰਹੀ ਪੰਜਾਬ ਦੀ ਲੁੱਟ ਦਾ ਜਵਾਬ ਪੰਜਾਬ ਦੇ ਲੋਕ ਲੋਕਤੰਤਰਿਕ ਤਰੀਕੇ ਨਾਲ ਜ਼ਰੂਰ ਦੇਣਗੇ।

# ਛੋਟੀਆਂ ਕਿਸ਼ਤੀਆਂ ਰਾਹੀਂ ਬਰਤਾਨੀਆ ਪਹੁੰਚਣ ਵਾਲਿਆਂ ਦੀ ਗਿਣਤੀ 2 ਲੱਖ ਤੋਂ ਪਾਰ



ਲੈਸਟਰ -(ਸੁਖਜਿੰਦਰ ਸਿੰਘ ਢੱਡੇ)- ਇੰਗਲਿਸ਼ ਚੈਨਲ ਰਾਹੀਂ ਛੋਟੀਆਂ ਕਿਸ਼ਤੀਆਂ ਵਿਚ ਬਰਤਾਨੀਆ ਪਹੁੰਚਣ ਵਾਲੇ ਪਰਵਾਸੀਆਂ ਦੀ ਗਿਣਤੀ ਹੁਣ 2 ਲੱਖ ਤੋਂ ਪਾਰ ਹੋ ਗਈ ਹੈ। ਸਰਕਾਰੀ ਅੰਕੜਿਆਂ ਅਨੁਸਾਰ 2018 ਤੋਂ ਸ਼ੁਰੂ ਕੀਤੇ ਗਏ ਰਿਕਾਰਡਾਂ ਮੁਤਾਬਕ ਹੁਣ ਤੱਕ ਕੁੱਲ 2 ਲੱਖ 13 ਲੋਕ ਇਸ ਖਤਰਨਾਕ ਰਸਤੇ ਰਾਹੀਂ ਯੂ.ਕੇ. ਪਹੁੰਚ ਚੁੱਕੇ ਹਨ।

ਹੋਮ ਆਫਿਸ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਸਿਰਫ਼ ਸ਼ੁੱਕਰਵਾਰ ਨੂੰ ਹੀ 70 ਲੋਕ ਛੋਟੀਆਂ ਕਿਸ਼ਤੀਆਂ ਰਾਹੀਂ ਇੰਗਲਿਸ਼ ਚੈਨਲ ਪਾਰ ਕਰਕੇ ਬਰਤਾਨੀਆ ਪਹੁੰਚੇ। ਇਸ ਨਾਲ 2026 ਦੌਰਾਨ ਹੁਣ ਤੱਕ ਆਏ ਲੋਕਾਂ ਦੀ ਗਿਣਤੀ 7,380 ਹੋ ਗਈ ਹੈ।

ਪਿਛਲੇ ਕੁਝ ਸਾਲਾਂ ਦੌਰਾਨ ਇਹ ਗਿਣਤੀ ਲਗਾਤਾਰ ਵਧਦੀ ਰਹੀ ਹੈ। 2025 ਵਿਚ ਲਗਭਗ 41 ਹਜ਼ਾਰ ਲੋਕ ਇਸ ਰਸਤੇ ਰਾਹੀਂ ਯੂ.ਕੇ. ਆਏ ਸਨ, ਜੋ 2024 ਨਾਲੋਂ 13 ਫ਼ੀਸਦੀ ਵੱਧ ਸੀ। ਹਾਲਾਂਕਿ 2022 ਵਿਚ ਸਭ ਤੋਂ ਵੱਧ 46 ਹਜ਼ਾਰ ਲੋਕ ਚੈਨਲ ਪਾਰ ਕਰਕੇ ਆਏ ਸਨ।

ਅੰਕੜਿਆਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਹਰ ਕਿਸ਼ਤੀ ਵਿਚ ਸਵਾਰ ਲੋਕਾਂ ਦੀ ਔਸਤ ਗਿਣਤੀ ਵਿਚ ਵੀ ਵੱਡਾ ਵਾਧਾ ਹੋਇਆ ਹੈ। 2018 ਵਿਚ ਇਕ ਕਿਸ਼ਤੀ ਵਿਚ ਔਸਤ 7 ਲੋਕ ਹੁੰਦੇ ਸਨ, ਜਦਕਿ 2025 ਤੱਕ ਇਹ ਗਿਣਤੀ ਵਧ ਕੇ 62 ਹੋ ਗਈ।

ਇੰਗਲਿਸ਼ ਚੈਨਲ ਦਾ ਇਹ ਰਸਤਾ ਬਹੁਤ ਖਤਰਨਾਕ ਮੰਨਿਆ ਜਾਂਦਾ ਹੈ। 2018 ਤੋਂ 2025 ਤੱਕ ਇਸ ਰਸਤੇ ਦੌਰਾਨ 162 ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਿਰਫ਼ ਪਿਛਲੇ ਹਫ਼ਤੇ ਹੀ ਇਕ 16 ਸਾਲਾ ਲੜਕੀ ਅਤੇ ਇਕ ਔਰਤ ਦੀ ਮੌਤ ਹੋ ਗਈ ਸੀ, ਜਦੋਂ ਲਗਭਗ 82 ਲੋਕਾਂ ਨਾਲ ਭਰੀ ਕਿਸ਼ਤੀ ਫਰਾਂਸ ਤੋਂ ਬਰਤਾਨੀਆ ਵੱਲ ਆ ਰਹੀ ਸੀ।

ਬਰਤਾਨੀਆ ਦੀਆਂ ਲਗਾਤਾਰ ਸਰਕਾਰਾਂ ਵੱਲੋਂ ਇਸ ਸਮੱਸਿਆ ਨੂੰ ਰੋਕਣ ਲਈ ਫਰਾਂਸ ਨਾਲ ਮਿਲ ਕੇ ਕਈ ਯਤਨ ਕੀਤੇ ਗਏ ਹਨ। ਅਪ੍ਰੈਲ ਮਹੀਨੇ ਵਿਚ ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਫਰਾਂਸ ਨਾਲ ਤਿੰਨ ਸਾਲਾਂ ਲਈ 662 ਮਿਲੀਅਨ ਪੌਂਡ ਦੇ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਸਨ, ਜਿਸ ਤਹਿਤ ਫਰਾਂਸੀਸੀ ਤਟਾਂ 'ਤੇ ਗਸ਼ਤ ਵਧਾ ਕੇ ਕਿਸ਼ਤੀ ਰਾਹੀਂ ਹੋਣ ਵਾਲੀਆਂ ਘੁਸਪੈਠਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਰਕਾਰ ਨੇ ਆਸ਼ਰਯ ਪ੍ਰਣਾਲੀ ਵਿਚ ਵੀ ਤਬਦੀਲੀਆਂ ਕਰਨ ਦੀ ਗੱਲ ਕਹੀ ਹੈ ਤਾਂ ਜੋ ਗੈਰਕਾਨੂੰਨੀ ਤਰੀਕੇ ਨਾਲ ਆਉਣ ਵਾਲਿਆਂ ਨੂੰ ਰੋਕਿਆ ਜਾ ਸਕੇ ਅਤੇ ਜਿਨ੍ਹਾਂ ਨੂੰ ਰਹਿਣ ਦਾ ਹੱਕ ਨਹੀਂ, ਉਨ੍ਹਾਂ ਨੂੰ ਵਾਪਸ ਭੇਜਣਾ ਆਸਾਨ ਬਣਾਇਆ ਜਾ ਸਕੇ।

ਅੰਕੜਿਆਂ ਮੁਤਾਬਕ ਲੇਬਰ ਪਾਰਟੀ ਦੇ ਜੁਲਾਈ 2024 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਹੁਣ ਤੱਕ 72 ਹਜ਼ਾਰ ਤੋਂ ਵੱਧ ਲੋਕ ਇਸ ਰਸਤੇ ਰਾਹੀਂ ਆਏ ਹਨ, ਜਦਕਿ ਬਾਕੀ 1 ਲੱਖ 27 ਹਜ਼ਾਰ ਤੋਂ ਵੱਧ ਲੋਕ ਕਨਜ਼ਰਵੇਟਿਵ ਸਰਕਾਰਾਂ ਦੇ ਸਮੇਂ ਦੌਰਾਨ ਆਏ ਸਨ।

# ਪੱਛਮੀ ਬੰਗਾਲ ’ਚ ਚੋਣਾਂ ਤੋਂ ਬਾਅਦ ਖ਼ੂਨੀ ਖੇਡ ਜਾਰੀ

## ✪ ਸੁਵੇਂਦੂ ਅਧਿਕਾਰੀ ਦੇ ਪੀਏਏ ਦਾ ਕਤਲ ਅਤੇ ਭਾਜਪਾ ਵਰਕਰਾਂ ’ਤੇ ਬੰਬਾਰੀ

ਕੋਲਕਾਤਾ/ਮੱਧਮਗ੍ਰਾਮ-ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਭੰਗ ਹੋਣ ਅਤੇ ਸੱਤਾ ਪਰਿਵਰਤਨ ਦੇ ਵਿਚਕਾਰ ਹਿੰਸਾ ਦਾ ਨੰਗਾ ਨਾਚ ਜਾਰੀ ਹੈ। ਤਾਜ਼ਾ ਘਟਨਾਵਾਂ ਵਿੱਚ ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਦੇ ਨਿੱਜੀ ਸਕੱਤਰ ਚੰਦਰਨਾਥ ਦੀ ਬੇਰਹਿਮੀ ਨਾਲ ਹੱਤਿਆ ਅਤੇ ਕਈ ਥਾਵਾਂ ’ਤੇ ਭਾਜਪਾ ਵਰਕਰਾਂ ਨੂੰ ਨਿਸ਼ਾਨਾ ਬਣਾਏ ਜਾਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਹਮਲਾਵਰਾਂ ਨੇ ਆਧੁਨਿਕ ਆਟੋਮੈਟਿਕ ਹਥਿਆਰਾਂ ਨਾਲ ਚੰਦਰਨਾਥ ਦੀ ਕਾਰ ’ਤੇ 10 ਰਾਊਂਡ ਫਾਇਰ ਕੀਤੇ। ਪੁਲਿਸ ਨੂੰ ਸ਼ੱਕ ਹੈ ਕਿ ਇਸ ਵਿੱਚ ਸ਼ਾਰਪਸ਼ੂਟਰ ਸ਼ਾਮਲ ਸਨ। ਕਤਲ ਵਿੱਚ ਵਰਤੀ ਗਈ ਬਾਈਕ ਆਸਨਸੋਲ ਦੇ ਇੱਕ ਵਿਅਕਤੀ ਦੇ ਨਾਮ ’ਤੇ ਰਜਿਸਟਰਡ ਹੈ, ਪਰ ਉਹ ਉਸ ਪਤੇ ’ਤੇ ਨਹੀਂ ਮਿਲਿਆ। ਸੁਵੇਂਦੂ ਅਧਿਕਾਰੀ ਨੇ ਇਸ ਨੂੰ ਯੋਜਨਾਬੱਧ ਸਿਆਸੀ ਕਤਲ ਦੱਸਦਿਆਂ ਕਿਹਾ ਕਿ ਚੰਦਰਨਾਥ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਸ ਨੇ ਭਵਾਨੀਪੁਰ ਵਿੱਚ ਮਮਤਾ ਬੈਨਰਜੀ ਨੂੰ ਹਰਾਉਣ ਵਿੱਚ ਸਾਥ ਦਿੱਤਾ ਸੀ।

ਚੰਦਰਨਾਥ ਦੀ ਮਾਂ ਨੇ ਇਸ ਹਿੰਸਾ ਲਈ ਸਿਆਸੀ ਪਾਰਟੀਆਂ ਦੇ ਭੜਕਾਊ ਭਾਸ਼ਣਾਂ ਨੂੰ



ਜ਼ਿੰਮੇਵਾਰ ਠਹਿਰਾਇਆ ਹੈ। ਉਹ ਕਾਤਲਾਂ ਲਈ ਮੌਤ ਦੀ ਸਜ਼ਾ ਨਹੀਂ, ਸਗੋਂ ਉਮਰ ਕੈਦ ਦੀ ਮੰਗ ਕਰ ਰਹੀ ਹੈ ਤਾਂ ਜੋ ਉਹ ਆਪਣੀ ਗ਼ਲਤੀ ਦਾ ਪਛਤਾਵਾ ਕਰ ਸਕਣ।

ਹਾਵੜਾ ਦੇ ਪਨੀਹਾਟੀ ਇਲਾਕੇ ਵਿੱਚ ਭਾਜਪਾ ਵਰਕਰਾਂ ’ਤੇ ਉਸ ਸਮੇਂ ਬੰਬਾਂ ਨਾਲ ਹਮਲਾ ਕੀਤਾ ਗਿਆ ਜਦੋਂ ਉਹ ਸਥਾਨਕ ਲੋਕਾਂ ਨਾਲ ਗੱਲਬਾਤ ਕਰ ਰਹੇ ਸਨ। ਇੱਕ ਬਾਈਕ ’ਤੇ ਸਵਾਰ ਚਾਰ ਬਦਮਾਸ਼ਾਂ ਨੇ ਇੱਕ ਤੋਂ ਬਾਅਦ ਇੱਕ ਤਿੰਨ ਬੰਬ ਸੁੱਟੇ। ਇਸ ਹਮਲੇ ਵਿੱਚ 5 ਭਾਜਪਾ ਵਰਕਰ ਗੰਭੀਰ ਜ਼ਖ਼ਮੀ ਹੋ ਗਏ ਹਨ, ਜੋ ਆਰਜੀ ਕਾਰ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

ਹਿੰਸਾ ਦੀਆਂ ਲਪੇਟਾਂ ਸੂਬੇ ਦੇ ਹੋਰਨਾਂ ਹਿੱਸਿਆਂ ਤੱਕ ਵੀ ਪਹੁੰਚ ਗਈਆਂ ਹਨ।

ਬਸ਼ੀਰਹਾਟ ਵਿਖੇ ਭਾਜਪਾ ਵਰਕਰ ਰੋਹਿਤ ਰਾਏ ਨੂੰ ਉਸ ਸਮੇਂ ਪੇਟ ਵਿੱਚ ਗੋਲੀ ਮਾਰ ਦਿੱਤੀ ਗਈ ਜਦੋਂ ਉਹ ਪਾਰਟੀ ਦੇ ਝੰਡੇ ਲਗਾ ਰਿਹਾ ਸੀ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਬਾਰਾਨਗਰ ਵਿਖੇ ਇੱਕ ਹੋਰ ਭਾਜਪਾ ਵਰਕਰ ’ਤੇ ਚਾਕੂ ਨਾਲ ਜਾਨਲੇਵਾ ਹਮਲਾ ਕੀਤੇ ਜਾਣ ਦੀ ਖ਼ਬਰ ਹੈ।

ਵਧਦੀ ਹਿੰਸਾ ਨੂੰ ਦੇਖਦੇ ਹੋਏ ਰਾਜ ਸਰਕਾਰ ਨੇ ਚੰਦਰਨਾਥ ਰੱਥ ਕਤਲ ਕਾਂਡ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ। ਕਈ ਇਲਾਕਿਆਂ ਵਿੱਚ ਕੇਂਦਰੀ ਸੁਰੱਖਿਆ ਬਲਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ ਤਾਂ ਜੋ ਸਥਿਤੀ ’ਤੇ ਕਾਬੂ ਪਾਇਆ ਜਾ ਸਕੇ।

ਬੰਗਾਲ ਵਿੱਚ ਇਸ ਸਮੇਂ ਸਿਆਸੀ ਅਸਥਿਰਤਾ ਅਤੇ ਡਰ ਦਾ ਮਾਹੌਲ ਬਣਿਆ ਹੋਇਆ ਹੈ। ਭਾਜਪਾ ਸਮਰਥਕਾਂ ਵੱਲੋਂ ਕਈ ਥਾਵਾਂ ’ਤੇ ਸੜਕਾਂ ਜਾਮ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

# ਕੈਨੇਡਾ ਵਿਚ ਪੰਜਾਬੀ ਕਾਰੋਬਾਰੀ ਦਾ ਗੋਲ਼ੀਆਂ ਮਾਰ ਕੇ ਕਤਲ

## ✪ ‘ਗੋਦਾਰਾ ਗੈਂਗ’ ਨੇ ਸੋਸ਼ਲ ਮੀਡੀਆ ’ਤੇ ਲਈ ਜ਼ਿੰਮੇਵਾਰੀ



ਸਰੀ-ਕੈਨੇਡਾ ਦੇ ਸਰੀ ਸ਼ਹਿਰ ਵਿੱਚ ਗੈਂਗਵਾਰ ਦੀ ਇੱਕ ਹੋਰ ਖ਼ੂਨੀ ਵਾਰਦਾਤ ਸਾਹਮਣੇ ਆਈ ਹੈ। ਇੱਥੇ ਇੱਕ ਪੰਜਾਬੀ ਕਾਰੋਬਾਰੀ ਸਤਵੀਰ ਸਿੰਘ (ਸੈਮ) ਜ਼ੋ ਅਬੋਹਰ ਜ਼ਿਲ੍ਹੇ ਨਾਲ ਸਬੰਧ ਰੱਖਦਾ ਸੀ, ਦਾ ਉਸ ਵੇਲੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ, ਜਦੋਂ ਉਹ ਆਪਣੇ ਦਫ਼ਤਰ ਤੋਂ ਘਰ ਜਾਣ ਲਈ ਗੱਡੀ ਵਿੱਚ ਬੈਠ ਰਿਹਾ ਸੀ। ਹਮਲਾਵਰਾਂ ਨੇ ਅੰਨ੍ਹੇਵਾਹ ਫਾਇਰਿੰਗ ਕਰਕੇ ਸਤਵੀਰ ਨੂੰ ਮੌਕੇ ’ਤੇ ਹੀ ਮੌਤ ਦੇ ਘਾਟ ਉਤਾਰ ਦਿੱਤਾ।ਉਹ ਪਿਛਲੇ 15 ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਿਹਾ ਸੀ ਅਤੇ ਉੱਥੇ ਆਪਣਾ ਕਾਰੋਬਾਰ ਸਥਾਪਿਤ ਕਰ ਚੁੱਕਾ ਸੀ।

ਪਰਿਵਾਰ: ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਦੋ ਛੋਟੇ ਬੱਚੇ ਛੱਡ ਗਿਆ ਹੈ। ਉਸਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਅਬੋਹਰ ਸਥਿਤ ਉਸ ਦੇ ਜੱਦੀ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਇਸ ਕਤਲ ਦੀ ਜ਼ਿੰਮੇਵਾਰੀ ਕੈਨੇਡਾ ਵਿੱਚ ਸਰਗਰਮ ‘ਗੋਦਾਰਾ ਗੈਂਗ’ ਨੇ ਲਈ ਹੈ। ਗੈਂਗ ਨੇ ਸੋਸ਼ਲ ਮੀਡੀਆ ’ਤੇ ਪੋਸਟ ਪਾ ਕੇ ਦਾਅਵਾ ਕੀਤਾ ਹੈ ਕਿ ਸਤਵੀਰ ਸਿੰਘ ਉਨ੍ਹਾਂ ਦੇ ਵਿਰੋਧੀ ਗੈਂਗ ਦੀ ਮਦਦ ਕਰ ਰਿਹਾ ਸੀ। ਪੋਸਟ ਮੁਤਾਬਕ, ਉਸ ਨੂੰ ਕਈ ਵਾਰ ਚਿਤਾਵਨੀ ਦਿੱਤੀ ਗਈ ਸੀ, ਪਰ ਉਸ ਦੇ ਨਾ ਸੁਧਰਨ ’ਤੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ।

ਪੁਲਸ ਵੱਲੋਂ ਜਾਂਚ ਜਾਰੀ-ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੀ ‘ਇੰਟੀਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ’ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਟਾਈਮਜ਼ ਅਨੁਸਾਰ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਵਰਗੇ ਸੂਬਿਆਂ ਵਿੱਚ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿੱਚ ਤੇਜ਼ੀ ਆਈ ਹੈ। ਪੰਜਾਬੀ ਗੈਂਗਸਟਰਾਂ ਦੀ ਆਪਸੀ ਰੰਜਿਸ਼ ਹੁਣ ਕੈਨੇਡਾ ਦੀਆਂ ਸੜਕਾਂ ਤੱਕ ਪਹੁੰਚ ਗਈ ਹੈ, ਜਿਸ ਕਾਰਨ ਉੱਥੇ ਰਹਿ ਰਿਹਾ ਪੰਜਾਬੀ ਭਾਈਚਾਰਾ ਦਹਿਸ਼ਤ ਦੇ ਪਰਛਾਵੇਂ ਹੇਠ ਹੈ।

# ਏਟੀਐਸ ਦਾ ਖ਼ੁਲਾਸਾ: ਪਾਕਿਸਤਾਨੀ ਗੈਂਗਸਟਰ ਭੱਟੀ ਨੇ ਪੁਲਿਸ ਥਾਣਿਆਂ ’ਤੇ ਹਮਲੇ ਲਈ ਤਿਆਰ ਕੀਤੇ ਸਨ ‘ਸਲੀਪਰ ਸੈੱਲ’

ਲਖਨਊ/ਨੋਇਡਾ-ਉੱਤਰ ਪ੍ਰਦੇਸ਼ ਐਂਟੀ ਟੈਰਰਿਸਟ ਸਕੁਐਡ ਨੇ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ ਦੇ ਇੱਕ ਖ਼ਤਰਨਾਕ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਭੱਟੀ ਨੇ ਭਾਰਤ ਵਿੱਚ ਪੁਲਿਸ ਥਾਣਿਆਂ ਅਤੇ ਸੁਰੱਖਿਆ ਏਜੰਸੀਆਂ ਨੂੰ ਨਿਸ਼ਾਨਾ ਬਣਾਉਣ ਲਈ ਸਥਾਨਕ ਨੌਜਵਾਨਾਂ ਨੂੰ ਲਾਲਚ ਦੇ ਕੇ ‘ਸਲੀਪਰ ਸੈੱਲ’ ਵਜੋਂ ਭਰਤੀ ਕੀਤਾ ਸੀ। ਐਂਟੀ ਟੈਰਰਿਸਟ ਸਕੁਐਡ ਦੀ ਪੁੱਛਗਿੱਛ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਸ਼ੱਕੀ ਅੱਤਵਾਦੀਆਂ ਦਾਨਿਆਲ ਅਸ਼ਰਫ਼ (ਬਾਰਾਬੰਕੀ) ਅਤੇ ਕ੍ਰਿਸ਼ਨਾ ਮਿਸ਼ਰਾ (ਕੁਸ਼ੀਨਗਰ) ਨੇ ਕਈ ਹੈਰਾਨ ਕਰਨ ਵਾਲੇ ਖ਼ੁਲਾਸੇ ਕੀਤੇ ਹਨ। ਪਾਕਿਸਤਾਨੀ ਗੈਂਗਸਟਰ ਨੇ ਇਹਨਾਂ ਨੂੰ ਪੁਲਿਸ ਮੁਲਾਜ਼ਮਾਂ ਅਤੇ ਥਾਣਿਆਂ ’ਤੇ ਹਮਲਾ ਕਰਨ ਦਾ ਕੰਮ ਸੌਂਪਿਆ ਸੀ।

ਇਨਾਮ: ਇਸ ਘਿਨਾਉਣੇ ਕੰਮ ਲਈ ਉਹਨਾਂ ਨੂੰ 1 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਹਨਾਂ ਸ਼ੱਕੀਆਂ ਨੇ ਉੱਤਰ ਪ੍ਰਦੇਸ਼ ਅਤੇ ਪੰਜਾਬ ਦੇ ਕਈ ਸੰਵੇਦਨਸ਼ੀਲ ਪੁਲਿਸ ਥਾਣਿਆਂ ਅਤੇ ਸੁਰੱਖਿਆ ਟਿਕਾਣਿਆਂ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਕਰਕੇ ਪਾਕਿਸਤਾਨ ਭੇਜੀ ਸੀ। ਜਾਂਚ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਹ ਨੈੱਟਵਰਕ ਕਿਵੇਂ ਫੈਲ ਰਿਹਾ ਸੀ:

ਭਰਤੀ: 23 ਅਪ੍ਰੈਲ ਨੂੰ ਨੋਇਡਾ ਤੋਂ ਫੜੇ ਗਏ ਸਮੀਰ ਖਾਨ ਅਤੇ ਤੁਸ਼ਾਰ ਚੌਹਾਨ (ਹਿਜ਼ਬੁੱਲਾ ਖਾਨ) ਇੰਸਟਾਗ੍ਰਾਮ ਅਤੇ ਯੂ-ਟਿਊਬ ਰਾਹੀਂ ਪਾਕਿਸਤਾਨੀ ਗੈਂਗਸਟਰ ਦੇ ਸੰਪਰਕ ਵਿੱਚ ਆਏ ਸਨ।

ਟ੍ਰੇਨਿੰਗ: ਪਾਕਿਸਤਾਨੀ ਗੈਂਗਸਟਰ ਇਹਨਾਂ ਨੌਜਵਾਨਾਂ ਨੂੰ ਆਨਲਾਈਨ ਹੈਂਡ ਗ੍ਰਨੇਡ ਚਲਾਉਣ ਦੀ ਸਿਖਲਾਈ ਦੇ ਰਿਹਾ ਸੀ।

ਹਥਿਆਰ: ਪੁਲਿਸ ਮੁਤਾਬਕ ਇਹਨਾਂ ਨੂੰ ਜਲਦ ਹੀ ਹਮਲੇ ਲਈ ਹੈਂਡ ਗ੍ਰਨੇਡ ਮੁਹੱਈਆ ਕਰਵਾਏ ਜਾਣੇ ਸਨ।

ਪੰਜਾਬ ਕੁਨੈਕਸ਼ਨ ਤੇ ਆਈਐਸਆਈ ਦੀ ਸ਼ਮੂਲੀਅਤ-ਏਟੀਐਸ ਅਨੁਸਾਰ, ਇਹ ਸਲੀਪਰ ਸੈੱਲ ਨਾ ਸਿਰਫ਼ ਸ਼ਹਿਜ਼ਾਦ ਭੱਟੀ ਬਲਕਿ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈਐਸਆਈ ਦੇ ਏਜੰਟਾਂ ਲਈ ਵੀ ਕੰਮ ਕਰ ਰਹੇ ਸਨ। ਹਾਲ ਹੀ ਵਿੱਚ ਪੰਜਾਬ ਵਿੱਚ ਹੋਏ ਇੱਕ ਖਾੜਕੂ ਹਮਲੇ ਦੀ ਜ਼ਿੰਮੇਵਾਰੀ ਵੀ ਇਸੇ ਪਾਕਿਸਤਾਨੀ ਗੈਂਗਸਟਰ ਨੇ ਲਈ ਸੀ। ਹੁਣ ਜਾਂਚ ਏਜੰਸੀਆਂ ਇਸ ਗੱਲ ਦੀ ਪੜਤਾਲ ਕਰ ਰਹੀਆਂ ਹਨ ਕਿ ਕੀ ਉਸ ਹਮਲੇ ਵਿੱਚ ਵੀ ਇਹਨਾਂ ਗ੍ਰਿਫ਼ਤਾਰ ਕੀਤੇ ਗਏ ਸ਼ੱਕੀਆਂ ਦਾ ਕੋਈ ਹੱਥ ਸੀ। ਏਟੀਐਸ ਦੀ ਟੀਮ ਨੇ ਦੋਸ਼ੀਆਂ ਦੇ ਮੋਬਾਈਲ ਫੋਨਾਂ ਵਿੱਚੋਂ ਕਈ ਅਹਿਮ ਫੋਟੋਆਂ, ਵੀਡੀਓਜ਼ ਤੇ ਆਨਲਾਈਨ ਲਿੰਕ ਬਰਾਮਦ ਕੀਤੇ ਹਨ। ਸੁਰੱਖਿਆ ਏਜੰਸੀਆਂ ਹੁਣ ਇਸ ਨੈੱਟਵਰਕ ਨਾਲ ਜੁੜੇ ਹੋਰ ਸੰਭਾਵੀ ਨੌਜਵਾਨਾਂ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀਆਂ ਹਨ।

# ਇਸ਼ਕ ਵਿਚ ਅੰਨ੍ਹੀ ਨਾਬਾਲਗ ਧੀ ਨੇ ਪ੍ਰੇਮੀ ਨਾਲ ਮਿਲ ਕੇ ਪਿਓ ਦਾ ਕੀਤਾ ਕਤਲ, ਲਾਸ਼ ਨਹਿਰ ਵਿਚ ਸੁੱਟੀ

ਖਰੜ-ਖਰੜ ਵਿੱਚ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦੇਣ ਵਾਲਾ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸਭ ਦੇ ਹੋਸ਼ ਉਡਾ ਦਿੱਤੇ ਹਨ। ਇੱਥੇ ਇੱਕ 17 ਸਾਲਾ ਨਾਬਾਲਗ ਕੁੜੀ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਹੀ ਪਿਤਾ, ਗੁਰਸੇਵਕ ਸਿੰਘ (46), ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਸਬੂਤ ਮਿਟਾਉਣ ਲਈ ਮੁਲਜ਼ਮਾਂ ਨੇ ਲਾਸ਼ ਨੂੰ ਨਹਿਰ ਵਿੱਚ ਰੋੜ੍ਹ ਦਿੱਤਾ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਗੁਰਸੇਵਕ ਸਿੰਘ ਲਗਭਗ ਇੱਕ ਮਹੀਨਾ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਇਆ ਸੀ। ਘਰ ਆਉਣ ’ਤੇ ਉਸ ਨੂੰ ਪਤਾ ਲੱਗਾ ਕਿ ਉਸ ਦੀ ਨਾਬਾਲਗ ਧੀ ਦਾ ਪਿੰਡ ਦਾਊਮਾਜਰਾ ਦੇ ਵਿਕਾਸ ਸ਼ਾਹ ਨਾਲ ਪ੍ਰੇਮ ਪ੍ਰਸੰਗ ਚੱਲ ਰਿਹਾ ਹੈ। ਪਿਤਾ ਇਸ ਰਿਸ਼ਤੇ ਦੇ ਸਖ਼ਤ ਖ਼ਿਲਾਫ਼ ਸੀ ਅਤੇ ਧੀ ਨੂੰ ਵਿਆਹ ਕਰਨ ਤੋਂ ਰੋਕ ਰਿਹਾ ਸੀ। ਇਸੇ ਰੰਜਿਸ਼ ਦੇ ਚੱਲਦਿਆਂ ਧੀ ਨੇ ਆਪਣੇ ਪਿਤਾ ਨੂੰ ਰਸਤੇ ਵਿੱਚੋਂ ਹਟਾਉਣ ਦੀ ਖ਼ੌਫ਼ਨਾਕ ਸਾਜ਼ਿਸ਼ ਰਚੀ।

ਕਿਵੇਂ ਕੀਤੀ ਹੱਤਿਆ-1 ਮਈ ਦੀ ਰਾਤ ਨੂੰ ਸਾਜ਼ਿਸ਼ ਤਹਿਤ:ਧੀ ਨੇ ਢਿੱਡ ਦਰਦ ਹੋਣ ਦਾ ਬਹਾਨਾ ਬਣਾਇਆ। ਪਿਤਾ ਆਪਣੀ ਧੀ ਨੂੰ ਹਸਪਤਾਲ ਲਿਜਾਣ ਲਈ ਤਿਆਰ ਹੋ ਗਿਆ। ਰਸਤੇ ਵਿੱਚ ਧੀ ਨੇ ਆਪਣੇ ਪ੍ਰੇਮੀ ਵਿਕਾਸ ਸ਼ਾਹ ਨੂੰ ਵੀ ਗੱਡੀ ਵਿੱਚ ਬਿਠਾ ਲਿਆ। ਦੋਵੇਂ ਮੁਲਜ਼ਮ ਪਿਤਾ ਨੂੰ ਮੋਰਿੰਡਾ ਨੇੜੇ ਕਜੌਲੀ ਵਾਟਰ ਵਰਕਸ ਨਹਿਰ ਕੋਲ ਲੈ ਗਏ, ਜਿੱਥੇ ਬਲੇਡ ਨਾਲ ਗਲਾ ਵੱਢ ਕੇ ਉਸ ਦਾ ਕਤਲ ਕਰ ਦਿੱਤਾ ਗਿਆ।

ਮਾਂ ਦੇ ਸ਼ੱਕ ਅਤੇ ਵਟਸਐਪ ਚੈਟ ਨੇ ਖੋਲ੍ਹਿਆ ਰਾਜ਼-ਜਦੋਂ ਗੁਰਸੇਵਕ ਸਿੰਘ ਦੀ ਪਤਨੀ ਰਾਜਵੰਤ ਕੌਰ 2 ਮਈ ਨੂੰ ਪੇਕੇ ਘਰੋਂ ਵਾਪਸ ਆਈ, ਤਾਂ ਪਤੀ ਨੂੰ ਗਾਇਬ ਦੇਖ ਕੇ ਉਸ ਨੂੰ ਧੀ ’ਤੇ ਸ਼ੱਕ ਹੋਇਆ। ਪੁਲਸ ਨੇ ਜਦੋਂ ਕੁੜੀ ਦਾ ਮੋਬਾਇਲ ਚੈੱਕ ਕੀਤਾ ਤਾਂ ਵਟਸਐਪ ਚੈਟ ਤੋਂ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਹੋ ਗਿਆ। ਪੁੱਛਗਿੱਛ ਦੌਰਾਨ ਦੋਵਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਮਨਾਉਣ ਦਾ ਐਲਾਨ

## ✪ ਫਰਵਰੀ 2027 'ਚ ਹੋਣਗੇ ਵਿਸ਼ਾਲ ਸਮਾਗਮ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਗਤ ਰਵਿਦਾਸ ਜੀ ਦੀ 650 ਸਾਲਾ ਜਨਮ ਸ਼ਤਾਬਦੀ ਨੂੰ ਬਹੁਤ ਹੀ ਸ਼ਰਧਾ ਅਤੇ ਵੱਡੇ ਪੱਧਰ 'ਤੇ ਮਨਾਉਣ ਦਾ ਫੈਸਲਾ ਕੀਤਾ ਹੈ। ਐਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਸਬ-ਕਮੇਟੀ ਦੀ ਇਕੱਤਰਤਾ ਵਿੱਚ ਇਨ੍ਹਾਂ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ।

ਇਸ ਇਤਿਹਾਸਕ ਦਿਹਾੜੇ ਨੂੰ ਸਮਰਪਿਤ ਮੁੱਖ ਸਮਾਗਮ ਅਗਲੇ ਸਾਲ18, 19 ਅਤੇ 20 ਫਰਵਰੀ 2027 ਵਿੱਚ ਕਰਵਾਏ ਜਾਣਗੇ। ਇੱਕ ਵਿਸ਼ਾਲ ਨਗਰ ਕੀਰਤਨ ਭਗਤ ਰਵਿਦਾਸ ਜੀ ਦੇ ਪਾਵਨ ਜਨਮ ਅਸਥਾਨ ਤੋਂ ਸ਼ੁਰੂ ਹੋਵੇਗਾ, ਜੋ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸਮਾਗਮ ਵਾਲੇ ਮੁੱਖ ਅਸਥਾਨ 'ਤੇ ਸੰਪੰਨ ਹੋਵੇਗਾ।

### ਵਿਦਿਅਕ ਅਤੇ ਧਾਰਮਿਕ ਪ੍ਰੋਗਰਾਮ

ਸ਼ਤਾਬਦੀ ਨੂੰ ਸਿਰਫ ਸਮਾਗਮਾਂ ਤੱਕ ਸੀਮਤ ਨਾ ਰੱਖਦਿਆਂ, ਲੋਕਾਂ ਨੂੰ ਭਗਤ ਜੀ ਦੀ ਬਾਣੀ ਅਤੇ ਜੀਵਨ ਫਲਸਫੇ ਨਾਲ ਜੋੜਨ ਲਈ ਹੇਠ ਲਿਖੇ ਉਪਰਾਲੇ ਕੀਤੇ ਜਾਣਗੇ। ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ 6 ਵਿਸ਼ੇਸ਼ ਸੈਮੀਨਾਰ ਕਰਵਾਏ ਜਾਣਗੇ। ਵੱਖ-ਵੱਖ ਥਾਵਾਂ 'ਤੇ 8 ਵੱਡੇ ਧਾਰਮਿਕ ਸਮਾਗਮ ਉਲੀਕੇ ਗਏ ਹਨ। ਇਨ੍ਹਾਂ ਸਮਾਗਮਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਬ-ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਭਗਤ ਰਵਿਦਾਸ ਜੀ ਦੀ ਬਾਣੀ ਮਨੁੱਖਤਾ ਨੂੰ ਬਰਾਬਰੀ ਅਤੇ ਪ੍ਰੇਮ ਦਾ ਸੰਦੇਸ਼ ਦਿੰਦੀ ਹੈ, ਅਤੇ ਇਹ ਸ਼ਤਾਬਦੀ ਸਮਾਗਮ ਉਨ੍ਹਾਂ ਦੇ ਇਸੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਦਾ ਇੱਕ ਜ਼ਰੀਆ ਬਣਨਗੇ।




# ਘਾਨਾ ਵਿਚ 'ਸੈਕਸ ਫਾਰ ਜੌਬਸ' ਵਿਰੁੱਧ ਵੱਡੀ ਕਾਰਵਾਈ

## ✪ ਰਾਸ਼ਟਰਪਤੀ ਮਹਾਮਾ ਵੱਲੋਂ ਇਸ ਘਿਨੌਣੀ ਪ੍ਰਥਾ ਨੂੰ 'ਅਪਰਾਧ' ਐਲਾਨਣ ਦੀ ਮੰਗ

ਘਾਨਾ-ਘਾਨਾ ਦੇ ਰਾਸ਼ਟਰਪਤੀ ਜੌਨ ਮਹਾਮਾ ਨੇ ਦੇਸ਼ ਵਿੱਚ ਨੌਕਰੀ ਦੇ ਬਦਲੇ ਸਰੀਰਕ ਸਬੰਧਾਂ ਦੀ ਮੰਗ ਕਰਨ ਵਾਲੀ 'ਸੈਕਸ ਫਾਰ ਜੌਬਸ ਦੀ ਪ੍ਰਥਾ ਵਿਰੁੱਧ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਉਨ੍ਹਾਂ ਨੇ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਲਿੰਗਕ ਸ਼ੋਸ਼ਣ ਦਾ ਇੱਕ ਗੰਭੀਰ ਰੂਪ ਦੱਸਦਿਆਂ ਇਸ ਨੂੰ ਅਪਰਾਧਿਕ ਸ਼੍ਰੇਣੀ ਵਿੱਚ ਸ਼ਾਮਲ ਕਰਨ ਦੀ ਵਕਾਲਤ ਕੀਤੀ ਹੈ।

ਇਹ ਮੁੱਦਾ 1 ਮਈ ਨੂੰ ਕੋਫੋਰਿਡੂਆ ਵਿੱਚ ਇੱਕ 'ਟਾਊਨ ਹਾਲ' ਪ੍ਰੋਗਰਾਮ ਦੌਰਾਨ ਉੱਠਿਆ ਸੀ। ਉੱਥੇ ਇੱਕ ਵਿਦਿਆਰਥਣ ਨੇ ਭਰਤੀ ਪ੍ਰਕਿਰਿਆ ਦੌਰਾਨ ਔਰਤਾਂ ਨਾਲ ਹੁੰਦੀ ਲਿੰਗਕ ਅਸਮਾਨਤਾ ਅਤੇ ਸ਼ੋਸ਼ਣ ਬਾਰੇ ਸਵਾਲ ਚੁੱਕਿਆ। ਇਸ ਦੇ ਜਵਾਬ ਵਿੱਚ ਰਾਸ਼ਟਰਪਤੀ ਨੇ ਮੰਨਿਆ ਕਿ ਮੌਜੂਦਾ ਨੀਤੀਆਂ ਇਸ ਸ਼ੋਸ਼ਣ ਨੂੰ ਰੋਕਣ ਵਿੱਚ ਨਾਕਾਮ ਰਹੀਆਂ ਹਨ।

ਘਾਨਾ ਵਿੱਚ ਪਹਿਲਾਂ ਹੀ ਲੇਬਰ ਐਕਟ ਅਤੇ ਘਰੇਲੂ ਹਿੰਸਾ ਵਿਰੁੱਧ ਕਾਨੂੰਨ ਮੌਜੂਦ ਹਨ, ਪਰ ਮਾਹਿਰਾਂ ਅਨੁਸਾਰ ਇਹ ਕਾਨੂੰਨ




ਜ਼ਿਆਦਾਤਰ ਨੌਕਰੀ ਲੱਗਣ ਤੋਂ ਬਾਅਦ ਹੋਣ ਵਾਲੇ ਸ਼ੋਸ਼ਣ 'ਤੇ ਲਾਗੂ ਹੁੰਦੇ ਹਨ।

ਨੌਕਰੀ ਦੇਣ ਤੋਂ ਪਹਿਲਾਂ ਰੱਖੀਆਂ ਗਈਆਂ "ਨਾਜਾਇਜ਼ ਸ਼ਰਤਾਂ" ਵਿਰੁੱਧ ਕੋਈ ਠੋਸ ਕਾਨੂੰਨੀ ਚੌਖਟਾ ਨਹੀਂ ਹੈ।

ਬਦਨਾਮੀ ਦੇ ਡਰ ਕਾਰਨ ਪੀੜਤ ਔਰਤਾਂ ਸ਼ਿਕਾਇਤ ਦਰਜ ਕਰਵਾਉਣ ਤੋਂ ਕਤਰਾਉਂਦੀਆਂ ਹਨ।

### ਕੀ ਬਦਲੇਗਾ ਨਵੇਂ ਕਾਨੂੰਨ ਨਾਲ ?

ਜੇਕਰ 'ਸੈਕਸ ਫਾਰ ਜੌਬਸ' ਵਿਰੁੱਧ ਵੱਖਰਾ ਕਾਨੂੰਨ ਬਣਦਾ ਹੈ, ਤਾਂ:

ਸਪੱਸ਼ਟ ਪਰਿਭਾਸ਼ਾ: ਇਸ ਅਪਰਾਧ ਨੂੰ ਆਮ ਪਰੇਸ਼ਾਨੀ ਜਾਂ ਰਿਸ਼ਵਤਖੋਰੀ ਤੋਂ ਵੱਖ ਕਰਕੇ 'ਸ਼ਕਤੀ ਦੀ ਦੁਰਵਰਤੋਂ' ਵਜੋਂ ਪਰਿਭਾਸ਼ਿਤ ਕੀਤਾ ਜਾਵੇਗਾ।

ਦੋਸ਼ੀਆਂ ਲਈ ਵਿਸ਼ੇਸ਼ ਅਪਰਾਧਿਕ ਸਜ਼ਾਵਾਂ ਨਿਰਧਾਰਤ ਕੀਤੀਆਂ ਜਾਣਗੀਆਂ। ਹਾਲਾਂਕਿ, ਕਾਨੂੰਨੀ ਮਾਹਰਾਂ ਅਤੇ ਘਾਨਾ ਜਰਨਲਿਸਟਸ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨਾਂ ਦਾ ਮੰਨਣਾ ਹੈ ਕਿ ਸਿਰਫ਼ ਕਾਨੂੰਨ ਬਣਾਉਣਾ ਹੀ ਕਾਫ਼ੀ ਨਹੀਂ ਹੋਵੇਗਾ, ਬਲਕਿ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਅਤੇ ਸਬੂਤ ਜੁਟਾਉਣਾ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

# ਦਿਮਾਗੀ ਤੌਰ 'ਤੇ ਕਮਜ਼ੋਰ 21 ਸਾਲਾ ਕੁੜੀ ਨਾਲ ਜਬਰ-ਜਨਾਹ, ਮੁਲਜ਼ਮ 'ਕਾਲੂ' ਖ਼ਿਲਾਫ਼ ਕੇਸ ਦਰਜ

ਤਰਨਤਾਰਨ-ਜ਼ਿਲ੍ਹੇ ਦੇ ਥਾਣਾ ਸਰਹਾਲੀ ਅਧੀਨ ਆਉਂਦੇ ਇਲਾਕੇ ਵਿੱਚ ਇੱਕ 21 ਸਾਲਾ ਦਿਮਾਗੀ ਤੌਰ 'ਤੇ ਅਸਮਰੱਥ ਕੁੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦਾ ਮਾਮਲਾ ਪ੍ਰਕਾਸ਼ ਵਿੱਚ ਆਇਆ ਹੈ। ਪੁਲਿਸ ਨੇ ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਕਾਲੂ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

ਸ਼ਿਕਾਇਤਕਰਤਾ ਮਾਂ ਦੇ ਅਨੁਸਾਰ, ਇਹ ਘਟਨਾ 4 ਮਈ ਦੀ ਹੈ। ਉਸ ਦਿਨ ਉਹ ਅਤੇ ਉਸਦਾ ਪਤੀ ਕਿਸੇ ਰਿਸ਼ਤੇਦਾਰ ਦੀ ਮੌਤ 'ਤੇ ਗਏ ਹੋਏ ਸਨ। ਦੁਪਹਿਰ ਕਰੀਬ 2 ਵਜੇ ਉਨ੍ਹਾਂ ਦੀ ਲੜਕੀ ਘਰੋਂ ਬੱਸ ਅੱਡੇ ਵੱਲ ਚਲੀ ਗਈ। ਉੱਥੇ ਮੌਜੂਦ ਕਾਲੂ ਪੁੱਤਰ ਮਿਲਖਾ ਸਿੰਘ ਨਾਮਕ ਨੌਜਵਾਨ ਨੇ ਕੁੜੀ ਦੀ ਹਾਲਤ ਦਾ ਫਾਇਦਾ ਉਠਾਇਆ ਅਤੇ ਉਸ ਨੂੰ ਵਰਗਲਾ ਕੇ ਨੇੜਲੀਆਂ ਝਾੜੀਆਂ ਵਿੱਚ ਲੈ ਗਿਆ, ਜਿੱਥੇ ਉਸ ਨੇ ਕੁੜੀ ਨਾਲ ਜਬਰ-ਜਨਾਹ ਕੀਤਾ।

ਇਸ ਘਿਨਾਣੀ ਕਰਤੂਤ ਦਾ ਪਤਾ ਉਦੋਂ ਲੱਗਿਆ ਜਦੋਂ ਪਿੰਡ ਦੇ ਹੀ ਇੱਕ ਦੁਕਾਨਦਾਰ, ਜਿਸਦਾ ਨਾਂ 'ਗੁੱਗਾ' ਦੱਸਿਆ ਜਾ ਰਿਹਾ ਹੈ, ਦੀ ਨਜ਼ਰ ਉਨ੍ਹਾਂ 'ਤੇ ਪਈ। ਉਸ ਨੇ ਤੁਰੰਤ ਦਖਲ ਦੇ ਕੇ ਲੜਕੀ ਨੂੰ ਮੁਲਜ਼ਮ ਦੇ ਚੁੰਗਲ ਵਿੱਚੋਂ ਛੁਡਵਾਇਆ ਅਤੇ ਸੁਰੱਖਿਅਤ ਘਰ ਪਹੁੰਚਾਇਆ। ਸ਼ਾਮ ਨੂੰ ਜਦੋਂ ਮਾਪੇ ਘਰ ਪਰਤੇ ਤਾਂ ਦੁਕਾਨਦਾਰ ਨੇ ਉਨ੍ਹਾਂ ਨੂੰ ਸਾਰੀ ਹੱਡਬੀਤੀ ਸੁਣਾਈ।

ਪੀੜਤ ਪਰਿਵਾਰ ਪਿਛਲੇ ਕੁਝ ਦਿਨਾਂ ਤੋਂ ਇਸ ਘਟਨਾ ਕਾਰਨ ਡੂੰਘੇ ਸਦਮੇ ਵਿੱਚ ਸੀ, ਜਿਸ ਤੋਂ ਬਾਅਦ ਹੁਣ ਉਨ੍ਹਾਂ ਨੇ ਹਿੰਮਤ ਕਰਕੇ ਪੁਲਿਸ ਕੋਲ ਪਹੁੰਚ ਕੀਤੀ। ਜਾਂਚ ਅਧਿਕਾਰੀ ਸਬ-ਇੰਸਪੈਕਟਰ ਰਮਨਦੀਪ ਕੌਰ ਨੇ ਦੱਸਿਆ ਕਿ ਮੁਲਜ਼ਮ ਕਾਲੂ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

ਪੁਲਿਸ ਵੱਲੋਂ ਮੁਲਜ਼ਮ ਨੂੰ ਫੜਨ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ, ਪਰ ਫਿਲਹਾਲ ਉਹ ਫਰਾਰ ਦੱਸਿਆ ਜਾ ਰਿਹਾ ਹੈ

# ਗੁਰੂਗ੍ਰਾਮ ਵਿਖੇ ਹਿੰਦੂ ਤੇ ਮੁਸਲਿਮ ਮੁਟਿਆਰ ਨੇ ਰਚਾਇਆ ਸਮਲਿੰਗੀ ਵਿਆਹ



ਸੋਹਨਾ (ਗੁਰੂਗ੍ਰਾਮ)-ਸਮਾਜਿਕ ਵੰਡੀਆਂ ਅਤੇ ਧਾਰਮਿਕ ਵਲਗਣਾਂ ਨੂੰ ਦਰਕਿਨਾਰ ਕਰਦਿਆਂ ਗੁਰੂਗ੍ਰਾਮ ਦੇ ਸੋਹਨਾ ਇਲਾਕੇ ਵਿੱਚ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਦੋ ਵੱਖ-ਵੱਖ ਧਰਮਾਂ (ਇੱਕ ਹਿੰਦੂ ਅਤੇ ਇੱਕ ਮੁਸਲਿਮ) ਨਾਲ ਸਬੰਧਤ ਮੁਟਿਆਰਾਂ ਨੇ ਆਪਸ ਵਿੱਚ ਸਮਲਿੰਗੀ ਵਿਆਹ ਕਰਵਾ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਦੋਵੇਂ ਮੁਟਿਆਰਾਂ ਮੂਲ ਰੂਪ ਵਿੱਚ ਦਿੱਲੀ ਦੀਆਂ ਰਹਿਣ ਵਾਲੀਆਂ ਹਨ। ਮੁਟਿਆਰਾਂ ਮੁਤਾਬਕ ਉਨ੍ਹਾਂ ਨੇ ਇੱਕ ਮੰਦਰ ਵਿੱਚ ਰੀਤੀ-ਰਿਵਾਜਾਂ ਨਾਲ ਵਿਆਹ ਕੀਤਾ ਹੈ। ਜਾਣਕਾਰੀ ਅਨੁਸਾਰ ਇਹ ਦੋਵੇਂ ਮੁਟਿਆਰਾਂ ਪਿਛਲੇ ਕੁਝ ਸਮੇਂ ਤੋਂ ਸੋਹਨਾ ਦੇ ਵਾਰਡ-19 ਵਿੱਚ ਕਿਰਾਏ ਦੇ ਮਕਾਨ ਵਿਚ ਰਹਿ ਰਹੀਆਂ ਸਨ। ਪਰਿਵਾਰਕ ਮੈਂਬਰ ਕਾਫੀ ਸਮੇਂ ਤੋਂ ਆਪਣੀਆਂ ਧੀਆਂ ਦੀ ਭਾਲ ਕਰ ਰਹੇ ਸਨ। ਸ਼ੁੱਕਰਵਾਰ ਸ਼ਾਮ ਨੂੰ ਜਦੋਂ ਪਰਿਵਾਰ ਨੂੰ ਉਨ੍ਹਾਂ ਦੇ ਟਿਕਾਣੇ ਦਾ ਪਤਾ ਲੱਗਾ, ਤਾਂ ਉਹ ਪੁਲਿਸ ਟੀਮ ਨੂੰ ਨਾਲ ਲੈ ਕੇ ਉੱਥੇ ਪਹੁੰਚ ਗਏ। ਮੌਕੇ 'ਤੇ ਭਾਰੀ ਭੀੜ ਇਕੱਠੀ ਹੋ ਗਈ ਅਤੇ ਮਾਹੌਲ ਤਣਾਅਪੂਰਨ ਹੋ ਗਿਆ।

ਪੁਲਿਸ ਸਾਹਮਣੇ ਆਪਣੇ ਬਿਆਨ ਦਰਜ ਕਰਵਾਉਂਦੇ ਹੋਏ ਮੁਟਿਆਰਾਂ ਨੇ ਸਪੱਸ਼ਟ ਕੀਤਾ ਕਿ ਉਹ ਲੰਬੇ ਸਮੇਂ ਤੋਂ ਇੱਕ-ਦੂਜੇ ਨੂੰ ਜਾਣਦੀਆਂ ਹਨ ਅਤੇ ਸਹੇਲੀਆਂ ਹਨ। ਉਨ੍ਹਾਂ ਕਿਹਾ ਉਹ ਆਪਣੀ ਮਰਜ਼ੀ ਨਾਲ ਇੱਕ-ਦੂਜੇ ਨਾਲ ਰਹਿਣਾ ਚਾਹੁੰਦੀਆਂ ਹਨ। ਉਨ੍ਹਾਂ ਨੇ ਮੰਦਰ ਵਿੱਚ ਵਿਆਹ ਕਰਵਾ ਕੇ ਆਪਣੇ ਰਿਸ਼ਤੇ ਨੂੰ ਅਧਿਕਾਰਤ ਰੂਪ ਦਿੱਤਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਸੁਰੱਖਿਆ ਦੀ ਗੁਹਾਰ ਲਗਾਈ ਹੈ, ਕਿਉਂਕਿ ਉਨ੍ਹਾਂ ਨੂੰ ਆਪਣੇ ਪਰਿਵਾਰਾਂ ਤੋਂ ਜਾਨ ਦਾ ਖ਼ਤਰਾ ਮਹਿਸੂਸ ਹੋ ਰਿਹਾ ਹੈ। ਅਸੀਂ ਬਾਲਗ ਹਾਂ ਅਤੇ ਸਾਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਲੈਣ ਦਾ ਹੱਕ ਹੈ। ਸਾਨੂੰ ਕਾਨੂੰਨੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਪਰਿਵਾਰਕ ਮੈਂਬਰਾਂ ਵੱਲੋਂ ਆਨਲਾਈਨ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਦੋਵੇਂ ਮੁਟਿਆਰਾਂ ਬਾਲਗ ਹਨ। ਭਾਰਤੀ ਕਾਨੂੰਨ ਅਨੁਸਾਰ ਬਾਲਗ ਹੋਣ ਦੇ ਨਾਤੇ ਉਹ ਆਪਣੀ ਮਰਜ਼ੀ ਨਾਲ ਕਿਤੇ ਵੀ ਰਹਿ ਸਕਦੀਆਂ ਹਨ। ਲੋੜੀਂਦੀਆਂ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ, ਪੁਲਿਸ ਨੇ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ।

# ਕੀ ਖ਼ਤਮ ਹੋ ਜਾਵੇਗਾ ਪੰਜਾਬ ਵਿਚੋਂ ਖੇਤਰੀ ਦਲਾਂ ਦਾ ਵਜੂਦ ?

ਕਵਰ ਸਟੋਰੀ

## ✪ ਦਿੱਲੀ ਦੀਆਂ ਪਾਰਟੀਆਂ ਦੀ ਗਿਰਝ ਅੱਖ ! ✪ ਸਿਧਾਂਤਾਂ ਦੀ ਬਲੀ ਚੜ੍ਹੀ ਪੰਥਕ ਸਿਆਸਤ, ਕੀ ਹੁਣ 'ਭਗਵਾਂ' ਹੋਵੇਗਾ ਪੰਜਾਬ ? ✪ ਭਾਜਪਾ ਦਾ ਵਧਦਾ ਕੱਦ ਅਤੇ ਖੇਤਰੀ ਸਿਆਸਤ ਲਈ ਚੁਣੌਤੀਆਂ

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**



ਭਾਰਤੀ ਰਾਜਨੀਤੀ ਦੇ ਮੌਜੂਦਾ ਦੌਰ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਉਸੇ ਮੁਕਾਮ 'ਤੇ ਖੜ੍ਹੀ ਨਜ਼ਰ ਆ ਰਹੀ ਹੈ, ਜਿੱਥੇ ਆਜ਼ਾਦੀ ਤੋਂ ਬਾਅਦ ਦੇ ਪਹਿਲੇ ਦੋ ਦਹਾਕਿਆਂ ਵਿੱਚ ਕਾਂਗਰਸ ਹੁੰਦੀ ਸੀ। ਦੇਸ਼ ਦੇ ਪੂਰਬੀ, ਪੱਛਮੀ ਅਤੇ ਉੱਤਰੀ ਹਿੱਸਿਆਂ ਵਿੱਚ ਭਾਜਪਾ ਨੇ ਜਿਸ ਤਰ੍ਹਾਂ ਆਪਣਾ ਗਲਬਾ ਸਥਾਪਿਤ ਕੀਤਾ ਹੈ, ਉਸ ਨੇ ਸਿਆਸੀ ਮਾਹਿਰਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਉਹ ਸਿਰਫ਼ ਜਿੱਤਣ ਲਈ ਹੀ ਮੈਦਾਨ ਵਿੱਚ ਉਤਰਦੀ ਹੈ। ਅੱਜ ਭਾਜਪਾ ਦੀ ਚੋਣ ਮਸ਼ੀਨਰੀ ਵੀ ਕੁਝ ਅਜਿਹਾ ਹੀ ਪ੍ਰਭਾਵ ਪਾ ਰਹੀ ਹੈ।

ਪੱਛਮੀ ਬੰਗਾਲ, ਓਡੀਸ਼ਾ ਅਤੇ ਬਿਹਾਰ ਵਰਗੇ ਸੂਬਿਆਂ ਵਿੱਚ ਭਾਜਪਾ ਦੀਆਂ ਤਾਜ਼ਾ ਜਿੱਤਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪਾਰਟੀ ਹੁਣ ਸਿਰਫ਼ 'ਹਿੰਦੀ ਪੱਟੀ' ਤੱਕ ਸੀਮਤ ਨਹੀਂ ਰਹੀ। ਜਿੱਥੇ ਕਾਂਗਰਸ ਦੀ ਜਿੱਤ ਪਿੱਛੇ ਆਜ਼ਾਦੀ ਦੀ ਵਿਰਾਸਤ ਅਤੇ ਨੇਤਾਵਾਂ ਦਾ ਨਿੱਜੀ ਕਰਿਸ਼ਮਾ ਹੁੰਦਾ ਸੀ, ਉੱਥੇ ਭਾਜਪਾ ਨੇ ਸਿਆਸੀ ਕਰਿਸ਼ਮੇ ਦੇ ਨਾਲ-ਨਾਲ ਸੰਗਠਨ, ਅਥਾਹ ਸਾਧਨ, ਕਾਰਪੋਰੇਟ ਜਗਤ ਅਤੇ ਇੱਕ ਬਦਲਵੇਂ 'ਵਿਚਾਰਧਾਰਕ ਹਿੰਦੂਤਵ ਨੈਰੇਟਿਵ' ਨੂੰ ਹਥਿਆਰ ਬਣਾਇਆ ਹੈ। 'ਆਈਡੀਆ ਆਫ ਇੰਡੀਆ' ਦੇ ਮੁਕਾਬਲੇ ਪੇਸ਼ ਕੀਤਾ ਗਿਆ ਉਨ੍ਹਾਂ ਦਾ ਨਵਾਂ ਮਾਡਲ ਅੱਜ ਬਹੁਗਿਣਤੀ ਵੋਟਰਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਪੰਜਾਬ ਦੇ ਸੰਦਰਭ ਵਿੱਚ ਇਹ ਸਥਿਤੀ ਬਹੁਤ ਦਿਲਚਸਪ ਅਤੇ ਚੁਣੌਤੀਪੂਰਨ ਹੈ। ਭਾਜਪਾ ਨੇ ਹੁਣ ਉਨ੍ਹਾਂ ਕਿਲ੍ਹਿਆਂ ਵੱਲ ਰੁਖ਼ ਕੀਤਾ ਹੈ ਜਿੱਥੇ ਭਾਸ਼ਾਈ ਅਤੇ ਸੱਭਿਆਚਾਰਕ ਵੱਖਰੇਵੇਂ ਕਾਰਨ ਉਹ ਪਹਿਲਾਂ ਕਮਜ਼ੋਰ ਮੰਨੀ ਜਾਂਦੀ ਸੀ। ਪੰਜਾਬ ਵਿੱਚ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਭਾਜਪਾ ਦੀ ਸਰਗਰਮੀ ਇਹ ਸੰਕੇਤ ਦਿੰਦੀ ਹੈ ਕਿ ਉਹ ਕਿਸੇ ਵੀ ਸੂਬੇ ਨੂੰ 'ਅਨੁਕੂਲ ਹਾਲਾਤ' ਦੀ ਉਡੀਕ ਵਿੱਚ ਛੱਡਣ ਦੇ ਮੂਡ ਵਿੱਚ ਨਹੀਂ ਹੈ। ਪੰਜਾਬ ਦੀ ਖੇਤਰੀ ਸਿਆਸਤ, ਜੋ ਲੰਮਾ ਸਮਾਂ ਅਕਾਲੀ ਦਲ ਅਤੇ ਕਾਂਗਰਸ ਦੁਆਲੇ ਘੁੰਮਦੀ ਰਹੀ, ਹੁਣ ਇੱਕ ਅਜਿਹੇ ਮੋੜ 'ਤੇ ਹੈ ਜਿੱਥੇ ਭਾਜਪਾ ਆਪਣੀ ਥਾਂ ਬਣਾਉਣ ਲਈ ਪੂਰੀ ਵਾਹ ਲਾ ਰਹੀ ਹੈ। ਆਪ ਪਾਰਟੀ ਨੇ ਕਾਂਗਰਸ ਤੇ ਅਕਾਲੀ ਦਲ ਦਾ ਵੋਟ ਬੈਂਕ ਨਿਗਲ ਕੇ ਭਾਜਪਾ ਲਈ ਰਾਹ ਹੋਰ ਸੌਖਾ ਕਰ ਦਿੱਤਾ ਹੈ।

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਇੱਕ ਅਜਿਹਾ ਸਿਆਸੀ ਭੂਚਾਲ ਆਇਆ ਹੋਇਆ ਹੈ ਜਿਸ ਨੇ ਦਹਾਕਿਆਂ ਪੁਰਾਣੇ ਕਿਲ੍ਹਿਆਂ ਦੀਆਂ ਨੀਹਾਂ ਹਿਲਾ ਦਿੱਤੀਆਂ ਹਨ। ਜਿਸ ਪੰਜਾਬੀ ਸਿਆਸਤ ਦੀ ਪਛਾਣ ਕਦੇ 'ਸ਼੍ਰੋਮਣੀ ਅਕਾਲੀ ਦਲ' ਹੁੰਦੀ ਸੀ, ਅੱਜ ਉਹੀ ਪਾਰਟੀ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ। ਸਵਾਲ ਸਿਰਫ਼ ਸੱਤਾ ਦਾ ਨਹੀਂ, ਸਵਾਲ ਖੇਤਰੀ ਪਛਾਣ ਦਾ ਹੈ-ਕੀ ਪੰਜਾਬ ਦੀਆਂ ਖੇਤਰੀ ਧਿਰਾਂ ਰਾਸ਼ਟਰੀ ਪਾਰਟੀਆਂ ਦੇ ਹੜ੍ਹ ਵਿੱਚ ਵਹਿ ਜਾਣਗੀਆਂ ਜਾਂ ਫਿਰ ਕੋਈ ਨਵਾਂ 'ਚਮਤਕਾਰ' ਹੋਵੇਗਾ ?

ਸ਼੍ਰੋਮਣੀ ਅਕਾਲੀ ਦਲ ਕਈ ਧੜਿਆਂ ਵਿਚ ਵੰਡਿਆ ਜਾ ਚੁੱਕਾ ਹੈ। ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਵਿਰੁੱਧ ਬਗਾਵਤ ਦਾ ਝੰਡਾ ਚੁੱਕਣ ਵਾਲੇ ਆਗੂਆਂ ਨੇ ਪਾਰਟੀ ਦੇ ਅੰਦਰੂਨੀ ਲੋਕਤੰਤਰ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ, ਜਦਕਿ ਉਹ ਕਿਸੇ ਵੀ ਸਿਧਾਂਤਕ ਸੋਚ ਉਪਰ ਨਹੀਂ ਖਲੋਤੇ। ਸਤਾ ਪ੍ਰਾਪਤੀ ਉਨ੍ਹਾਂ ਦਾ ਨਿਸ਼ਾਨਾ ਹੈ।

ਬਾਗੀ ਆਗੂ ਗਿਆਨੀ ਹਰਪ੍ਰੀਤ ਸਿੰਘ, ਬੀਬੀ ਜਾਗੀਰ ਕੌਰ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਮਨਪ੍ਰੀਤ ਸਿੰਘ ਇਆਲੀ ਅਕਾਲੀ ਦਲ ਪੁਨਰ ਸੁਰਜੀਤ ਰਾਹੀਂ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੰਜਾਬੀਆਂ ਵਲੋਂ ਹਾਲੇ ਤਕ ਇਹ ਨਵੀਂ ਪਾਰਟੀ ਨੂੰ ਹੁੰਗਾਰਾ ਨਹੀਂ ਮਿਲਿਆ ਜਿਸ ਕਰਕੇ ਵਾਰਿਸ ਪੰਜਾਬ ਦੇ ਅਕਾਲੀ ਦਲ ਨਾਲ ਗਠਜੋੜ ਕਰਨਾ ਪੈ ਰਿਹਾ ਹੈ। ਬਾਗੀ ਧੜੇ ਦਾ ਬਾਦਲ ਅਕਾਲੀ ਦਲ ਉਪਰ ਇਲਜ਼ਾਮ ਹੈ ਕਿ ਪਾਰਟੀ ਹੁਣ 'ਪੰਥਕ' ਨਹੀਂ ਰਹੀ, ਸਗੋਂ 'ਕਾਰਪੋਰੇਟ' ਬਣ ਗਈ ਹੈ।

ਬੇਅਦਬੀ ਕਾਂਡ ਅਤੇ ਡੇਰਾ ਸਿਰਸਾ ਮੁਆਫ਼ੀ ਵਰਗੇ ਜ਼ਖ਼ਮ ਅੱਜ ਵੀ ਅੱਲੇ ਹਨ, ਜਿਨ੍ਹਾਂ ਦੀ ਕੀਮਤ ਅਕਾਲੀ ਦਲ ਬਾਦਲ ਲਗਾਤਾਰ ਚੋਣਾਂ ਵਿੱਚ ਹਾਰ ਕੇ ਚੁਕਾ ਰਿਹਾ ਹੈ। ਪੰਜਾਬ ਦੀ ਪੰਥਕ ਵੋਟ ਨੂੰ ਇੱਕ ਨਵਾਂ ਚਿਹਰਾ ਅੰਮ੍ਰਿਤਪਾਲ ਸਿੰਘ ਮਿਲਿਆ ਹੈ ਜ਼ੋ ਰਵਾਇਤੀ ਅਕਾਲੀ ਦਲ ਲਈ ਚੈਲਿੰਜ ਬਣਿਆ ਹੋਇਆ ਹੈ। ਜੇਲ੍ਹ ਵਿੱਚ ਹੁੰਦਿਆਂ ਵੀ ਲੋਕ ਸਭਾ ਜਿਮਨੀ ਚੋਣ ਖਡੂਰ ਸਾਹਿਬ ਵਿੱਚ ਵੱਡੀ ਜਿੱਤ ਦਰਜ ਕਰਕੇ ਅੰਮ੍ਰਿਤਪਾਲ ਸਿੰਘ ਨੇ ਸਾਬਤ ਕਰ ਦਿੱਤਾ ਕਿ ਪੰਜਾਬ ਦਾ ਇੱਕ ਵਰਗ ਰਵਾਇਤੀ ਸਿਆਸਤਦਾਨਾਂ ਤੋਂ ਪੂਰੀ ਤਰ੍ਹਾਂ ਅੱਕ ਚੁੱਕਾ ਹੈ। ਉਸ ਦੀ ਪਾਰਟੀ 'ਵਾਰਿਸ ਪੰਜਾਬ ਦੇ' ਨੇ ਬਾਦਲ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਇਆ ਹੈ। ਪਰ ਸਿਆਸੀ ਮਾਹਿਰ ਪੁੱਛਦੇ ਹਨ-ਕੀ ਸਿਰਫ਼ ਭਾਵੁਕ ਨਾਅਰੇ ਪੰਜਾਬ ਦੀ ਆਰਥਿਕਤਾ , ਰੁਜ਼ਗਾਰ ਅਤੇ ਕਿਸਾਨੀ ਦੇ ਮਸਲੇ ਹੱਲ ਕਰ ਸਕਣਗੇ ?

ਅਕਾਲੀ ਦਲ ਦੇ ਨਿਘਾਰ ਦਾ ਸਭ ਤੋਂ ਵੱਧ ਜਸ਼ਨ ਭਾਰਤੀ ਜਨਤਾ ਪਾਰਟੀ ਦੇ ਦਫ਼ਤਰਾਂ ਵਿੱਚ ਮਨਾਇਆ ਜਾ ਰਿਹਾ ਹੈ। ਭਾਜਪਾ ਹੁਣ ਪੰਜਾਬ ਵਿੱਚ 'ਛੋਟੇ ਭਰਾ' ਦੀ ਭੂਮਿਕਾ ਤਿਆਗ ਕੇ ਇਕਲਿਆਂ ਲੜਨ ਦੀ ਕੋਸ਼ਿਸ਼ ਵਿੱਚ ਹੈ। 'ਉਹ' ਹਿੰਦੂ-ਸਿੱਖ ਏਕਤਾ ਦੇ ਨਵੇਂ ਫਾਰਮੂਲੇ ਰਾਹੀਂ ਪੇਂਡੂ ਪੰਜਾਬ ਵਿੱਚ ਸੰਨ੍ਹ ਲਾ ਰਹੀ ਹੈ।

ਦੂਜੇ ਪਾਸੇ, ਆਮ ਆਦਮੀ ਪਾਰਟੀ ਆਪਣੇ ਵਿਕਾਸ ਦੇ ਦਾਅਵਿਆਂ ਨਾਲ ਖੇਤਰੀ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਅੰਦਰੂਨੀ ਵਿਰੋਧ ਅਤੇ ਪੰਜਾਬ ਸਿਰ ਚੜ੍ਹੇ ਕਰਜ਼ੇ ਨੇ ਉਨ੍ਹਾਂ ਦੀ ਰਾਹ ਵੀ ਔਖੀ ਕਰ ਦਿੱਤੀ ਹੈ।

ਇਸ ਨਵੇਂ ਬਿਰਤਾਂਤ ਵਿੱਚ ਕਾਂਗਰਸ ਅਤੇ ਅਕਾਲੀ ਦਲ ਪਛੜਦੇ ਨਜ਼ਰ ਆ ਰਹੇ ਹਨ। ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਵਿੱਚ ਵੰਡੇ ਹੋਣ ਕਾਰਨ ਪੰਥਕ ਵੋਟ ਖਿੰਡਣ ਦਾ ਡਰ ਹੈ, ਜਿਸ ਦਾ ਫਾਇਦਾ ਉਠਾਉਣ ਲਈ 'ਆਪ' ਸਰਕਾਰ ਪਹਿਲਾਂ ਹੀ 'ਸ਼ੁਕਰਾਨਾ ਯਾਤਰਾ' ਅਤੇ ਬੇਅਦਬੀ ਵਿਰੋਧੀ ਕਾਨੂੰਨਾਂ ਰਾਹੀਂ ਪੰਥਕ ਦਿਖ ਬਣਾਉਣ ਵਿੱਚ ਜੁਟੀ ਹੋਈ ਹੈ। ਜੇਕਰ ਇਹ ਦੋਵੇਂ ਰਵਾਇਤੀ ਪਾਰਟੀਆਂ ਕੋਈ ਵੱਡਾ ਬਦਲਵਾਂ ਬਿਰਤਾਂਤ ਸਿਰਜਣ ਵਿੱਚ ਅਸਫਲ ਰਹਿੰਦੀਆਂ ਹਨ, ਤਾਂ ਉਹ ਸਿਆਸੀ ਪਿੜ ਵਿੱਚੋਂ ਅਪ੍ਰਸੰਗਿਕ ਹੋ ਸਕਦੀਆਂ ਹਨ।

ਇੱਕ ਪਾਸੇ ਜਿੱਥੇ ਭਾਜਪਾ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ, ਉੱਥੇ ਹੀ ਕੇਂਦਰ ਸਰਕਾਰ ਦੇ ਕੁਝ ਫੈਸਲੇ ਸੂਬੇ ਦੇ ਹਿੱਤਾਂ ਦੇ ਵਿਰੁੱਧ ਜਾ ਰਹੇ ਹਨ।

ਉਦਯੋਗਿਕ ਕਲਸਟਰ: ਦੇਸ਼ ਭਰ ਦੇ 113 ਕਲਸਟਰਾਂ ਵਿੱਚੋਂ ਪੰਜਾਬ ਨੂੰ ਸਿਰਫ਼ 3 ਮਿਲਣਾ ਸੂਬੇ ਨਾਲ ਆਰਥਿਕ ਵਿਤਕਰੇ ਵਜੋਂ ਦੇਖਿਆ ਜਾ ਰਿਹਾ ਹੈ।

ਮਾਹਿਰਾਂ ਅਨੁਸਾਰ, ਪੰਜਾਬ ਨੂੰ ਘੱਟੋ-ਘੱਟ 10-15 ਕਲਸਟਰ ਮਿਲਣੇ ਚਾਹੀਦੇ ਸਨ, ਜੋ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ (ਜਿਵੇਂ ਬਠਿੰਡਾ ਵਿੱਚ ਫਾਰਮਾ, ਅੰਮ੍ਰਿਤਸਰ ਵਿੱਚ ਟੂਰਿਜ਼ਮ/ਫੂਡ, ਮੰਡੀ ਗੋਬਿੰਦਗੜ੍ਹ ਵਿੱਚ ਸਟੀਲ, ਲੁਧਿਆਣਾ ਹੌਜ਼ਰੀ) ਦੀਆਂ ਵਿਸ਼ੇਸ਼ਤਾਵਾਂ ਅਨੁਸਾਰ ਹੁੰਦੇ ਹਨ। ਘੱਟ ਕਲਸਟਰਾਂ ਦਾ ਮਤਲਬ ਹੈ ਕਿ ਪੰਜਾਬ ਵਿੱਚ ਕੇਂਦਰੀ ਗ੍ਰਾਂਟਾਂ ਘੱਟ ਆਉਣਗੀਆਂ, ਜਿਸ ਨਾਲ ਰਾਜ ਦੀ ਜੀ.ਡੀ.ਪੀ. ਵਾਧੇ ਦੀ ਦਰ ਹੌਲੀ ਹੋ ਸਕਦੀ ਹੈ।

ਨਵੇਂ ਉਦਯੋਗਿਕ ਹੱਬ ਨਾ ਬਣਨ ਕਾਰਨ ਨੌਜਵਾਨਾਂ ਨੂੰ ਸੂਬੇ ਵਿੱਚ ਰੁਜ਼ਗਾਰ ਨਹੀਂ ਮਿਲੇਗਾ, ਜੋ 'ਬ੍ਰੇਨ ਡਰੇਨ' (ਨੌਜਵਾਨਾਂ ਦਾ ਵਿਦੇਸ਼ ਜਾਣਾ) ਦੀ ਸਮੱਸਿਆ ਨੂੰ ਹੋਰ ਵਧਾਏਗਾ। ਗੁਆਂਢੀ ਰਾਜਾਂ (ਹਿਮਾਚਲ, ਜੰਮੂ-ਕਸ਼ਮੀਰ) ਵਿੱਚ ਟੈਕਸ ਛੋਟਾਂ ਕਾਰਨ ਪੰਜਾਬ ਦੇ ਉਦਯੋਗ ਪਹਿਲਾਂ ਹੀ ਬਾਹਰ ਜਾ ਰਹੇ ਹਨ।

ਖੇਤੀਬਾੜੀ ਪ੍ਰਧਾਨ ਸੂਬਾ ਹੋਣ ਕਰਕੇ ਪੰਜਾਬ ਨੂੰ ਫੂਡ ਪ੍ਰੋਸੈਸਿੰਗ ਅਤੇ ਟੈਕਸਟਾਈਲ ਵਰਗੇ ਖੇਤਰਾਂ ਵਿੱਚ ਵੱਧ ਕਲਸਟਰਾਂ ਦੀ ਲੋੜ ਸੀ ਤਾਂ ਜੋ ਕਿਸਾਨੀ ਦੀ ਆਮਦਨ ਵਧਾਈ ਜਾ ਸਕੇ। ਪੰਜਾਬ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗ ਬਹੁਤ ਵੱਡੀ ਗਿਣਤੀ ਵਿੱਚ ਹਨ (ਜਿਵੇਂ ਲੁਧਿਆਣਾ ਦਾ ਹੌਜ਼ਰੀ ਅਤੇ ਜਲੰਧਰ ਦਾ ਖੇਡਾਂ ਦਾ ਸਾਮਾਨ)। ਇਨ੍ਹਾਂ ਨੂੰ ਆਧੁਨਿਕ ਬਣਾਉਣ ਲਈ ਵੱਧ ਕੇਂਦਰੀ ਮਦਦ ਦੀ ਲੋੜ ਸੀ।

ਪੰਜਾਬ ਦੀਆਂ ਖੇਤਰੀ ਪਾਰਟੀਆਂ ਅਤੇ ਮੌਜੂਦਾ ਸਰਕਾਰ ਇਸ ਨੂੰ 'ਕੇਂਦਰ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ' ਵਜੋਂ ਪੇਸ਼ ਕਰ ਰਹੀਆਂ ਹਨ।

ਸੈਨਿਕ ਸਕੂਲਾਂ ਵਿੱਚ ਪੰਜਾਬੀ ਨੂੰ ਸਿਰਫ਼ ਇੱਕ ਵਾਧੂ ਵਿਸ਼ੇ ਵਜੋਂ ਰੱਖਣਾ ਅਤੇ ਅਧਿਆਪਕ ਮੁਹੱਈਆ ਨਾ ਕਰਵਾਉਣਾ ਪੰਜਾਬੀਆਂ ਅਤੇ ਆਮ ਲੋਕਾਂ ਵਿੱਚ ਰੋਸ ਪੈਦਾ ਕਰ ਰਿਹਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ: ਜੇਕਰ ਅਕਾਲੀ ਦਲ ਦੇ ਸਾਰੇ ਧੜੇ ਇਕੱਠੇ ਨਾ ਹੋਏ ਅਤੇ ਆਪਣੀਆਂ ਗਲਤੀਆਂ ਦੀ ਜਨਤਕ ਮੁਆਫ਼ੀ ਮੰਗ ਕੇ ਨਵੇਂ ਚਿਹਰਿਆਂ ਨੂੰ ਅੱਗੇ ਨਾ ਲਿਆਂਦਾ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਪੰਥਕ ਸਿਆਸਤ ਲਈ 'ਆਖਰੀ ਸਿਆਸੀ ਅਰਦਾਸ' ਸਾਬਤ ਹੋ ਸਕਦੀਆਂ ਹਨ।

ਪੰਜਾਬ ਨੂੰ ਅੱਜ ਨਾਅਰਿਆਂ ਦੀ ਨਹੀਂ, ਨੀਤੀ ਦੀ ਲੋੜ ਹੈ। ਕੀ ਕੋਈ ਅਜਿਹੀ ਖੇਤਰੀ ਸ਼ਕਤੀ ਉੱਭਰੇਗੀ ਜੋ ਦਿੱਲੀ ਅੱਗੇ ਗੋਡੇ ਟੇਕਣ ਦੀ ਥਾਂ ਪੰਜਾਬ ਦੇ ਹੱਕਾਂ ਦੀ ਗੱਲ ਕਰੇਗੀ ? ਫਿਲਹਾਲ, ਪੰਜਾਬ ਦੀ ਸਿਆਸਤ ਦਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ।


ਹਾਲਾਂਕਿ, ਇਹ ਕੁਦਰਤ ਦਾ ਨਿਯਮ ਹੈ ਕਿ ਹਰ ਉਥਾਨ ਤੋਂ ਬਾਅਦ ਪਤਨ ਨਿਸ਼ਚਿਤ ਹੁੰਦਾ ਹੈ। ਸਵਾਲ ਇਹ ਹੈ ਕਿ ਕੀ ਭਾਜਪਾ ਆਪਣੇ ਸਿਖ਼ਰ 'ਤੇ ਪਹੁੰਚ ਚੁੱਕੀ ਹੈ ਜਾਂ ਅਜੇ ਹੋਰ ਉੱਪਰ ਜਾਵੇਗੀ ? ਸਿਆਸੀ ਮਾਹਿਰਾਂ ਅਨੁਸਾਰ, ਜਿਸ ਤਰ੍ਹਾਂ ਭਾਜਪਾ ਦੀ '80 ਬਨਾਮ 20' ਦੀ ਸਿਆਸਤ ਉੱਤਰ ਪ੍ਰਦੇਸ਼ ਜਾਂ ਬੰਗਾਲ ਵਿੱਚ ਸਫਲ ਰਹੀ ਹੈ, ਉਸ ਦਾ ਰਾਸ਼ਟਰੀ ਪੱਧਰ 'ਤੇ ਪੂਰੀ ਤਰ੍ਹਾਂ ਲਾਗੂ ਹੋਣਾ ਅਜੇ ਬਾਕੀ ਹੈ। ਇਸ ਲਈ, ਤੁਰੰਤ ਕਿਸੇ ਵੱਡੀ ਗਿਰਾਵਟ ਦੇ ਆਸਾਰ ਨਜ਼ਰ ਨਹੀਂ ਆਉਂਦੇ।

ਪਰ ਇਸ ਵਰਤਾਰੇ ਦਾ ਇੱਕ ਚਿੰਤਾਜਨਕ ਪਹਿਲੂ ਵੀ ਹੈ। ਸਿਆਸਤ ਵਿੱਚੋਂ 'ਰੋਮਾਂਚ' ਅਤੇ 'ਜਮਹੂਰੀਅਤ ਤੇ ਲੋਕ ਏਜੰਡੇ' ਦਾ ਖ਼ਤਮ ਹੋਣਾ ਅਤੇ ਸਮਾਜ ਵਿੱਚ ਵਧ ਰਹੀ 'ਵੰਡ ਨਸਲਵਾਦ ਤੇ ਫਿਰਕੂਵਾਦ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਖ਼ਤਰਾ ਬਣ ਸਕਦੀ ਹੈ। ਜਦੋਂ ਸਿਰਫ਼ ਚੋਣ ਜਿੱਤਣਾ ਹੀ ਇੱਕੋ-ਇੱਕ ਉਦੇਸ਼ ਬਣ ਜਾਵੇ, ਤਾਂ ਨਿਆਂ , ਵਿਕਾਸ, ਰੁਜ਼ਗਾਰ, ਨੈਤਿਕਤਾ ਤੇ ਸਮਾਜਿਕ ਸਾਂਝ ਪਿੱਛੇ ਰਹਿ ਜਾਂਦੀ ਹੈ। ਪੰਜਾਬ ਵਰਗੇ ਸੰਵੇਦਨਸ਼ੀਲ ਸਰਹੱਦੀ ਸੂਬੇ ਲਈ ਇਹ ਤਬਦੀਲੀ ਕਿਹੋ ਜਿਹੇ ਸਿੱਟੇ ਲੈ ਕੇ ਆਵੇਗੀ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਫਿਲਹਾਲ, ਵਿਰੋਧੀ ਧਿਰਾਂ ਲਈ ਚੁਣੌਤੀ ਇਹ ਹੈ ਕਿ ਉਹ ਭਾਜਪਾ ਦੇ ਇਸ 'ਚੋਣ ਫਾਰਮੂਲੇ' ਦਾ ਕੋਈ ਮਜ਼ਬੂਤ ਵਿਚਾਰਧਾਰਕ ਬਦਲ ਪੇਸ਼ ਕਰ ਸਕਦੀਆਂ ਹਨ ਜਾਂ ਨਹੀਂ।

* * * * * * *

# 12 ਮਈ 1710 ਨੂੰ ਬੰਦਾ ਸਿੰਘ ਬਹਾਦਰ ਨੇ ਸੂਬੇਦਾਰ ਵਜੀਦ ਖ਼ਾਨ ਨੂੰ ਮਾਰਕੇ ਸਰਹੰਦ ਉੱਤੇ ਖ਼ਾਲਸਈ ਨਿਸ਼ਾਨ ਝੁਲਾ ਦਿੱਤਾ ਸੀ। 27 ਮਈ 1710 ਨੂੰ ਦਰਬਾਰੇ-ਖ਼ਾਲਸਾ ਦੀ ਪਹਿਲੀ ਸੰਸਦ ਰਾਹੀਂ ਖ਼ਾਲਸੇ ਨੇ ਵਿਸ਼ਵ ਵਿੱਚ ਪਹਿਲੇ ਲੋਕਤੰਤਰੀ ਗਣਰਾਜ ਦੀ ਨੀਂਹ ਰੱਖੀ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਸਰਹੰਦ ਦੇ ਸੂਬੇਦਾਰ ਵਜੀਦ ਖ਼ਾਨ ਦੀਆਂ ਫ਼ੌਜਾਂ ਨਾਲ ਬੰਦਾ ਸਿੰਘ ਬਹਾਦਰ ਦੀ ਜਰਨੈਲੀ ਹੇਠ ਖ਼ਾਲਸੇ ਨੇ ਲਹੂ-ਡੋਲ੍ਹਵੀਂ ਲੜਾਈ ਲੜੀ। ਇਸ ਲੜਾਈ ਵਿੱਚ ਸੂਬਾ ਸਰਹੰਦ ਵਜੀਦ ਖ਼ਾਨ ਮਾਰਿਆ ਗਿਆ ਅਤੇ ਖ਼ਾਲਸਾ ਪੰਥ ਦੀ ਜਿੱਤ ਹੋਈ। 14 ਮਈ 1710 ਨੂੰ ਹਿੰਦ ਉੱਤੇ ਸਦੀਆਂ ਤੋਂ ਰਾਜ ਕਰਦੀ ਆ ਰਹੀ ਮੁਗ਼ਲ ਹਕੂਮਤ ਦਾ ਬੰਦਾ ਸਿੰਘ ਬਹਾਦਰ ਨੇ ਤਖ਼ਤਾ ਉਲਟਾ ਕੇ ਖ਼ਾਲਸਾ ਰਾਜ ਸਥਾਪਿਤ ਕਰ ਲਿਆ ਸੀ। ਹੁਣ ਖ਼ਾਲਸੇ ਕੋਲ ਮੁਗ਼ਲਾਂ ਵਾਂਗ ਸਭ ਕੁਝ ਆਪਣਾ ਸੀ; ਮੁਲਕ, ਤਖ਼ਤ, ਰਾਜਧਾਨੀ, ਸਿੱਕਾ, ਮੋਹਰ, ਝੰਡਾ, ਬਾਦਸ਼ਾਹ।

ਫਰਕ ਸਿਰਫ਼ ਇੰਨਾ ਸੀ ਕਿ ਮੁਗ਼ਲਾਂ ਕੋਲ ਸਭ ਕੁਝ ਮੁਗ਼ਲ ਹਕੂਮਤ ਦੇ ਨਾਂ ਥੱਲੇ ਸੀ ਅਤੇ ਮੁਗ਼ਲ ਬਾਦਸ਼ਾਹ ਦਾ ਰਾਜ, ਸਿੱਕੇ ਅਤੇ ਮੋਹਰਾਂ ਉਨ੍ਹਾਂ ਦੇ ਨਿੱਜੀ ਨਾਉਂ ਉੱਤੇ ਚੱਲਦੇ ਸਨ, ਪਰ ਖ਼ਾਲਸੇ ਦਾ ਰਾਜਸੀ ਨੇਤਾ ਬੰਦਾ ਸਿੰਘ ਆਪਣੇ ਨਿੱਜੀ ਨਾਉਂ ਉੱਤੇ ਕੁਝ ਨਹੀਂ ਸੀ ਕਰਦਾ, ਉਹ ਰਾਜ ਦੀ ਪ੍ਰਾਪਤੀ ਸੱਚੇ ਸਾਹਿਬ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਤੋਂ ਪ੍ਰਾਪਤ ਹੋਈ ਕਹਿੰਦਾ ਹੈ ਅਤੇ ਆਪ ਦੇਗ ਅਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਿਸ਼ ਗੁਰੂ ਨਾਨਕ ਦੀ ਹੈ, ਫ਼ਤਹਿ ਗੁਰੂ ਗੋਬਿੰਦ ਸਿੰਘ ਦੀ ਅਤੇ ਪਾਤਿਸ਼ਾਹੀ ਅਕਾਲ ਪੁਰਖ ਵਾਹਿਗੁਰੂ ਦੀ। ਇਹ ਸੰਸਾਰ ਦੇ ਇਤਿਹਾਸ ਵਿੱਚ ਸਿੱਖ ਇਨਕਲਾਬ ਦੀ ਅਦੁੱਤੀ ਮਿਸਾਲ ਹੈ। ਖ਼ਾਲਸੇ ਦੀ ਸ਼ਾਹੀ ਮੋਹਰ 'ਤੇ ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਰੰਗ, ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ; ਦੇਗ ਤੇਗ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਬੰਦਾ ਸਿੰਘ ਬਹਾਦਰ ਨੇ ਥੋੜ੍ਹੇ ਜਿਹੇ ਸਮੇਂ ਵਿੱਚ ਖ਼ਾਲਸਾ ਰਾਜ ਦਾ ਜੋ ਮਾਡਲ ਪੇਸ਼ ਕੀਤਾ ਸੀ, ਉਹ ਦੁਨੀਆਂ ਦੇ ਪੂਰੇ ਇਤਿਹਾਸ ਵਿੱਚ ਨਾ ਤਾਂ ਪਹਿਲਾਂ ਕਦੇ ਵਾਪਰਿਆ ਤੇ ਨਾ ਹੀ ਬਾਅਦ ਵਿੱਚ ਵਾਪਰਿਆ। 27 ਮਈ 1710 ਨੂੰ ਦਰਬਾਰੇ-ਖ਼ਾਲਸਾ ਦੀ ਪਹਿਲੀ ਸੰਸਦ ਰਾਹੀਂ ਵਿਸ਼ਵ ਵਿੱਚ ਪਹਿਲੇ ਲੋਕਤੰਤਰੀ ਗਣਰਾਜ ਦੀ ਨੀਂਹ ਰੱਖੀ ਗਈ।

ਨਾਨਕਿ ਰਾਜੁ ਚਲਾਇਆ
ਸਭੁ ਕੋਟੁ ਸਤਾਣੀ ਨੀਵਦੈ ਅਤੇ
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ॥

ਦੇ ਗੁਰ-ਉਪਦੇਸ਼ ਨੂੰ ਖ਼ਾਲਸੇ ਅਮਲੀ ਜਾਮਾ ਪਹਿਨਾਇਆ। ਇਹ ਭਾਰਤੀ ਉਪਮਹਾਂਦੀਪ ਵਿੱਚੋਂ ਨਹੀਂ ਸਗੋਂ ਸੰਪੂਰਨ ਏਸ਼ੀਆ ਤੋਂ ਵੀ ਅੱਗੇ ਸੰਸਾਰ ਭਰ ਵਿੱਚ ਅਕਾਲ ਨਸਲੀ ਮਨੁੱਖ ਹਿਤ ਪਹਿਲੇ ਲੋਕਤੰਤਰੀ ਗਣਰਾਜ ਦੇ ਵਾਸਤਵਿਕ ਪ੍ਰਗਟਾਅ ਦਾ ਹਕੀਕੀ ਅਰੰਭ ਸੀ। ਦੁਨੀਆਂ ਵਿੱਚ ਜਿਥੇ ਇਹ ਸਭ ਕੁਝ ਪ੍ਰਗਟ ਹੋਇਆ ਉਥੇ ਇਹ ਚਮਤਕਾਰੀ ਅਮਲ ਬਰਾਬਰਤਾ ਦੇ ਅਧਾਰ 'ਤੇ ਇਕ ਸਮਾਨ ਰੂਪ ਵਿੱਚ ਐਲਾਨ ਜਾਰੀ ਕੀਤਾ ਗਿਆ ਕਿ ਜਿਹੜਾ ਮਨੁੱਖ ਜ਼ਮੀਨ ਵਾਹੁੰਦਾ ਹੈ ਉਹ ਹੀ ਉਸ ਜ਼ਮੀਨ ਦਾ ਮਾਲਕ ਹੋਵੇਗਾ। ਇੰਜ ਨਾਗਰਿਕਾਂ ਨੂੰ ਆਪੋ ਆਪਣੀ ਜ਼ਮੀਨ ਦਾ ਅਸਲ ਮਾਲਕ ਤੇ ਆਪਣੀ ਮਿਹਨਤ ਤੇ ਉਜਰਤ ਦਾ ਹੱਕਦਾਰ ਬਣਾਇਆ ਗਿਆ। ਪੂਰੀ ਦੁਨੀਆਂ ਵਿੱਚ ਜ਼ਿਮੀਂਦਾਰੀ ਅਤੇ ਜਗੀਰਦਾਰੀ ਪ੍ਰਥਾ ਲਾਗੂ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਦਰਬਾਰੇ-ਖ਼ਾਲਸਾ ਵਿੱਚ ਸੰਸਦੀ ਵਿਧਾਨਿਕਤਾ ਨੂੰ ਅਪਣਾਉਂਦੇ ਹੋਏ ਇਸ ਪ੍ਰਥਾ ਦਾ ਹਮੇਸ਼ਾ ਲਈ ਅੰਤ ਕਰ ਦਿੱਤਾ। ਸਰਕਾਰ-ਏ-ਖ਼ਾਲਸਾ ਦੇ ਹੁਕਮ ਰਾਹੀਂ ਰਾਜਾ ਸ਼ਾਹੀ ਅਤੇ ਤਾਨਾਸ਼ਾਹੀ ਦਾ ਖ਼ਾਤਮਾ ਕਰਕੇ ਸੰਸਦੀ ਲੋਕਤੰਤਰ ਦੀ ਸੱਤਾ ਬਹਾਲ ਕੀਤੀ। ਇਤਿਹਾਸਕਾਰ ਵਿਲੀਅਮ ਅਰਵਿਨ ਲਿਖਦਾ ਹੈ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਲੋਕਾਂ ਨੂੰ ਖ਼ਾਲਸਾ ਰਾਜ ਦੇ ਭਾਗੀਦਾਰ ਬਣਾਇਆ, ਜਿਨ੍ਹਾਂ ਨੂੰ ਹਿੰਦੂ ਧਰਮ ਵੱਲੋਂ ਸ਼ੂਦਰ ਕਹਿਕੇ ਦੁਰਕਾਰਿਆ ਜਾਂਦਾ ਸੀ - ਉਨ੍ਹਾਂ ਸ਼ੂਦਰਾਂ ਨੇ ਖੰਡੇ-ਬਾਟੇ ਦੀ ਪਹੁਲ ਛੱਕ ਕੇ ਮੁਗ਼ਲੀਆ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

1711 ਦੇ ਸਾਲ ਵਿੱਚ ਬੰਦਾ ਸਿੰਘ ਬਹਾਦਰ ਨੇ ਸਾਰੀਆਂ ਪਹਾੜੀ ਰਿਆਸਤਾਂ ਅਤੇ ਰਾਵੀ-ਬਿਆਸ ਦਰਿਆਵਾਂ ਦੇ ਮੈਦਾਨੀ ਇਲਾਕੇ ਵਿੱਚ ਪੂਰੀ ਤਰ੍ਹਾਂ ਖ਼ਾਲਸਾ ਰਾਜ ਸਥਾਪਤ ਕਰ ਲਿਆ ਸੀ। 1711 ਦੀ ਤਰ੍ਹਾਂ 1712 ਸਾਲ ਵੀ ਖ਼ਾਲਸੇ ਦਾ ਸਾਲ ਸੀ ਅਤੇ ਇਨ੍ਹਾਂ ਦੋ ਸਾਲਾਂ ਦੌਰਾਨ ਰਾਵੀ ਤੋਂ ਲੈ ਕੇ ਜਮਨਾ ਤੱਕ ਦੇ ਖੇਤਰ ਉਪਰ ਵੀ ਖ਼ਾਲਸੇ ਦਾ ਹੀ ਰਾਜ ਸੀ। ਦਿਨ ਰਾਤ ਖ਼ਾਲਸੇ ਦੇ ਜੈਕਾਰੇ ਗੂੰਜਦੇ ਸਨ। ਦੂਜੇ ਪਾਸੇ 1712 ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਲਈ ਬੜਾ ਸੰਕਟਮਈ ਸਮਾਂ ਸੀ। ਉਸ ਨੂੰ ਲਗਾਤਾਰ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਭੇਜੀਆਂ ਗਈਆਂ ਮੁਹਿੰਮਾਂ ਦੀ ਅਸਫਲਤਾਵਾਂ ਦੀਆਂ ਖ਼ਬਰਾਂ ਮਿਲ ਰਹੀਆਂ ਸਨ।

ਦਿੱਲੀ ਦਾ ਬਾਦਸ਼ਾਹ ਬੰਦਾ ਸਿੰਘ ਬਹਾਦਰ ਦੀ ਯੁੱਧਨੀਤੀ ਤੋਂ ਇੰਨਾ ਭੈ-ਭੀਤ ਹੋ ਗਿਆ ਤੇ ਇੰਨਾ ਡਰ ਗਿਆ ਕਿ ਕਿਤੇ ਦਾੜ੍ਹੀ ਵਾਲੇ ਹਿੰਦੂਆਂ ਵਿੱਚ ਕੋਈ ਸਿੱਖ ਹੀ ਨਾ ਹੋਵੇ, ਜੋ ਬੰਦਾ ਸਿੰਘ ਬਹਾਦਰ ਲਈ ਸੂਹੀਏ ਦਾ ਕੰਮ ਕਰਦਾ ਹੋਵੇ। ਬਾਦਸ਼ਾਹ ਨੇ ਹੁਕਮ ਦਿੱਤਾ ਕਿ ਬਾਦਸ਼ਾਹੀ ਦਫ਼ਤਰਾਂ ਵਿੱਚ ਜਿੰਨੇ ਭੀ ਹਿੰਦੂ ਪੇਸ਼ਕਾਰ ਨੌਕਰ ਸਨ, ਉਹ ਆਪਣੀਆਂ ਦਾੜ੍ਹੀਆਂ ਮੁੰਨਵਾ ਦੇਣ ਤਾਂ ਕਿ ਹਿੰਦੂ-ਸਿੱਖ ਦੇ ਫਰਕ ਦਾ ਪਤਾ ਲੱਗਦਾ ਰਹੇ।

ਭਾਵੇਂ ਉਸ ਦੇ ਬਾਦਸ਼ਾਹੀ ਦਫ਼ਤਰ ਵਿੱਚ ਕੋਈ ਸਿੱਖ ਹੈ ਹੀ ਨਹੀਂ ਸੀ ਫਿਰ ਵੀ ਹਿੰਦੂ ਦੀਵਾਨਾਂ ਅਤੇ ਪੇਸ਼ਕਾਰਾਂ ਨੇ ਇਸ ਹੁਕਮ ਦੀ ਤੁਰੰਤ ਪਾਲਣਾ ਕਰਦੇ ਹੋਏ ਤੁਰੰਤ ਦਾੜ੍ਹੀਆਂ ਮੁਨਾ ਦਿੱਤੀਆਂ। ਜਿਸ ਤੋਂ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਖਿੱਲਤਾ ਬਖ਼ਸ਼ੀਆਂ। ਹੋਰ ਬਹਾਦਰਸ਼ਾਹ ਦਿਨ ਪਰ ਦਿਨ ਬੰਦਾ ਸਿੰਘ ਬਹਾਦਰ ਦੇ ਖ਼ੌਫ਼ ਨਾਲ ਬੇਚੈਨ ਰਹਿਣ ਲੱਗ ਪਿਆ ਤੇ ਅੰਤ ਵਿੱਚ ਇੰਨਾ ਬੇਜ਼ਾਰ ਹੋ ਗਿਆ ਕਿ ਉਹ ਆਪਣਾ ਦਿਮਾਗੀ ਸੰਤੁਲਨ ਗਵਾ ਬੈਠਾ ਤੇ ਸਿੱਟੇ ਵਜੋਂ ਬਹਾਦਰਸ਼ਾਹ ਪਾਗਲ ਹੋ ਗਿਆ। ਸੈਨਿਕ ਜਰਨੈਲਾਂ ਅਤੇ ਰਾਜ ਦਰਬਾਰੀਆਂ ਦੀਆਂ ਨਿਗਾਹਾਂ ਕਾਂ ਵਾਂਗ ਬਾਦਸ਼ਾਹ ਵੱਲ ਲੱਗੀਆਂ ਹੋਈਆਂ ਸਨ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਪਾਸ ਇੰਨੀ ਤਾਕਤ ਸੀ ਕਿ ਉਹ ਮੁਗ਼ਲਸ਼ਾਹੀ ਦੀ ਡਾਵਾਂਡੋਲ ਹਾਲਤ ਦਾ ਫਾਇਦਾ ਉਠਾਉਣ ਲਈ ਆਪਣੀ ਪੂਰੀ ਤਾਕਤ ਨਾਲ ਪਹਾੜਾਂ ਉੱਤੋਂ ਉੱਤਰ ਕੇ ਮੈਦਾਨੀ ਇਲਾਕਿਆਂ ਵਿੱਚ ਆ ਗਿਆ ਸੀ। ਜਨਵਰੀ-ਫ਼ਰਵਰੀ ਦੇ ਦੋਵੇਂ ਮਹੀਨੇ ਸਾਰੀ ਮੁਗ਼ਲਸ਼ਾਹੀ ਬਾਦਸ਼ਾਹ ਦੇ ਆਲੇ ਦੁਆਲੇ ਕੇਂਦਰਿਤ ਹੋਈ ਰਹੀ ਤੇ ਅਖ਼ੀਰ 27-28 ਫ਼ਰਵਰੀ, 1712 ਦੀ ਵਿੱਚਕਾਰਲੀ ਰਾਤ ਨੂੰ ਬਾਦਸ਼ਾਹ ਮਰ ਗਿਆ ਸੀ। ਇਹੀ ਸਮਾਂ ਸੀ ਜਦੋਂ ਬੰਦਾ ਸਿੰਘ ਬਹਾਦਰ ਨੇ ਪਹਾੜਾਂ ਤੋਂ ਤੂਫ਼ਾਨ ਵਾਂਗ ਮੈਦਾਨਾਂ ਵਿੱਚ ਆ ਕੇ ਪੰਜਾਬ ਵਿੱਚ ਆਪਣੇ ਅਫ਼ਸਰ ਤਾਇਨਾਤ ਕਰ ਦਿੱਤੇ। ਉਹ ਫਿਰ ਤੋਂ ਲੋਹਗੜ੍ਹ ਦੇ ਕਿਲ੍ਹੇ ਵਿੱਚ ਆ ਗਿਆ ਸੀ। ਫਿਰ ਤੋਂ ਕਿਲ੍ਹੇ ਦੀ ਤਾਮੀਰ ਕਰਵਾਈ ਗਈ, ਖ਼ਾਲਸੇ ਦੇ ਸਿੱਕੇ ਤੇ ਮੋਹਰਾਂ ਜਾਰੀ ਰੱਖੀਆਂ। ਕਲਾਨੌਰ, ਬਟਾਲਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਪਹਿਲੋਂ ਹੀ ਬੰਦਾ ਸਿੰਘ ਦੇ ਕਬਜ਼ੇ ਵਿੱਚ ਸੀ। ਜੇ ਇਉਂ ਕਹਿ ਲਿਆ ਜਾਵੇ ਕਿ ਰਾਵੀ-ਬਿਆਸ ਦੇ ਦਬਾਬ ਦਾ ਉਪਰਲਾ ਇਲਾਕਾ ਅਤੇ ਸਾਰੇ ਬਿਸ-ਦਬਾਬ ਸਮੇਤ ਪਹਾੜੀ ਰਿਆਸਤਾਂ ਦਾ ਅਤੇ ਸਤਲੁਜ ਤੋਂ ਜਮੁਨਾ ਤੱਕ ਦਾ ਵਿਸ਼ਾਲ ਖੇਤਰ ਖ਼ਾਲਸੇ ਦੀ ਸਲਤਨਤ ਸੀ ਤਾਂ ਵੀ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋ ਸਕਦੀ।



ਬਹਾਦਰਸ਼ਾਹ ਬਾਦਸ਼ਾਹ ਕੀ ਮਰਿਆ ਕਿ ਉਸ ਦੇ ਚਾਰੇ ਪੁੱਤਰਾਂ ਵਿੱਚ ਤਖ਼ਤ ਪ੍ਰਾਪਤੀ ਲਈ ਜੰਗ ਛਿੜ ਪਈ। ਇਸ ਜੰਗ ਵਿੱਚ ਬਾਦਸ਼ਾਹ ਦੇ ਪੁੱਤਰ ਜਹਾਂਦਾਰ ਸ਼ਾਹ ਦੀ ਜਿੱਤ ਹੋਈ, ਪਰ ਉਹ ਅਤਿ ਦਰਜੇ ਦਾ ਸ਼ਰਾਬੀ ਅਤੇ ਵਿਭਚਾਰੀ ਸੀ। ਜੋ ਜ਼ਿਆਦਾ ਦੇਰ ਰਾਜ ਪ੍ਰਬੰਧ ਨਾ ਚਲਾ ਸਕਿਆ। 31 ਜਨਵਰੀ, 1713 ਨੂੰ ਜਹਾਂਦਾਰ ਦੇ ਭਤੀਜੇ ਫਰੁਖ਼ਸੀਅਰ ਨੇ ਜਹਾਂਦਾਰ ਨੂੰ ਕਤਲ ਕਰਵਾ ਦਿੱਤਾ ਤੇ ਫਰੁਖ਼ਸੀਅਰ ਆਪ ਦਿੱਲੀ 'ਤੇ ਕਾਬਜ਼ ਹੋ ਗਿਆ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਨੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਲਈ ਲਾਹੌਰ ਦੇ ਸੂਬੇਦਾਰ ਅਤੇ ਦਿੱਲੀ ਦੇ ਬਾਦਸ਼ਾਹ ਦੇ ਨੱਕ ਵਿੱਚ ਦਮ ਕੀਤਾ ਹੋਇਆ ਸੀ। ਖ਼ਾਲਸਾ ਫ਼ੌਜਾਂ ਅਤੇ ਸ਼ਾਹੀ ਸੈਨਾ ਵਿੱਚਕਾਰ ਹੋਈਆਂ ਜੰਗਾਂ ਵਿੱਚ ਮੁਗ਼ਲ ਸਾਮ-ਰਾਜ ਦੇ ਚੋਟੀ ਦੇ 30 ਤੋਂ ਵੱਧ ਜਰਨੈਲ ਅਤੇ ਸੂਬਾ ਸਰਹੰਦ ਵਰਗੇ ਵੱਡੇ-ਵੱਡੇ ਅਹਿਲਕਾਰ ਮਾਰੇ ਜਾ ਚੁੱਕੇ ਸਨ। ਦੁਨੀਆਂ ਵਿੱਚ ਸਭ ਤੋਂ ਤਾਕਤਵਰ ਮੰਨੇ ਜਾਣ ਵਾਲੇ ਦਿੱਲੀ ਦੇ ਦੋ ਬਾਦਸ਼ਾਹ ਖ਼ਾਲਸਾ ਰਾਜ ਦੀ ਬਲੀ ਚੜ੍ਹ ਚੁੱਕੇ ਸਨ। ਫਰੁਖ਼ਸੀਅਰ ਭਾਵੇਂ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ ਸੀ ਪਰ ਬੰਦਾ ਸਿੰਘ ਬਹਾਦਰ ਦੀ ਏਨੀ ਤਾਕਤ ਵੱਧ ਚੁੱਕੀ ਸੀ ਕਿ ਫਰੁਖ਼ਸੀਅਰ ਦਾ ਕੋਈ ਵੀ ਮੁਗ਼ਲ ਜਰਨੈਲ ਪੰਜਾਬ ਵੱਲ ਨੂੰ ਮੂੰਹ ਕਰਨ ਨੂੰ ਤਿਆਰ ਨਹੀਂ ਸੀ। ਲਾਹੌਰ ਦੇ ਸੂਬੇਦਾਰ ਨੂੰ ਤਾਂ ਫ਼ਿਕਰ ਪਿਆ ਹੋਇਆ ਸੀ ਕਿ ਖ਼ਾਲਸਾ ਫ਼ੌਜਾਂ ਕਿਤੇ ਲਾਹੌਰ ਕਾਬਜ਼ ਨਾ ਹੋ ਜਾਣ ਕਿਉਂਕਿ ਬੰਦਾ ਸਿੰਘ ਬਹਾਦਰ ਨੇ ਦਿੱਲੀ ਦੇ ਬਾਦਸ਼ਾਹ ਅਤੇ ਲਾਹੌਰ ਦੇ ਸੂਬੇਦਾਰ ਦੇ ਜ਼ੁਲਮ ਅਤੇ ਅੱਤਿਆਚਾਰ ਰੋਕਣ ਲਈ ਅਤੇ ਖ਼ਾਲਸਾ ਰਾਜ ਦੀਆਂ ਹੱਦਾਂ ਵਧਾਉਣ ਲਈ ਲੜੀ ਜਾ ਰਹੀ ਲੜਾਈ ਨੂੰ ਧਾਰਮਿਕ ਲੜਾਈ ਨਹੀਂ ਸੀ ਬਣਨ ਦਿੱਤਾ।

ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਪੰਜ ਹਜ਼ਾਰ ਮੁਸਲਮਾਨ ਵੀ ਭਰਤੀ ਹੋ ਗਏ ਸਨ। ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਸਿਪਾਹੀਆਂ ਨੂੰ ਨਮਾਜ ਪੜ੍ਹਨ ਅਤੇ ਉਨ੍ਹਾਂ ਦੀਆਂ ਸਾਰੀਆਂ ਧਾਰਮਿਕ ਰਸਮਾਂ ਇਸਲਾਮ ਮੱਤ ਅਨੁਸਾਰ ਮਨਾਉਣ ਦੀ ਖੁੱਲ੍ਹ ਦਿੱਤੀ ਹੋਈ ਸੀ ਅਤੇ ਤਨਖ਼ਾਹ ਵੀ ਮੁਗ਼ਲ ਬਾਦਸ਼ਾਹ ਨਾਲੋਂ ਜ਼ਿਆਦਾ ਦਿੰਦਾ ਸੀ। ਇਕ ਮੁਸਲਮਾਨ ਅਹਿਲਕਾਰ ਦੀਨਦਾਰ ਖਾਂ ਅੰਮ੍ਰਿਤ ਛੱਕ ਕੇ ਦੀਨਦਾਰ ਸਿੰਘ ਬਣ ਗਿਆ ਸੀ ਅਤੇ ਇਕ ਖ਼ਬਰ ਨਵੀਸ, ਨਸੀਰ ਖ਼ਾਨ ਅੰਮ੍ਰਿਤ ਛੱਕ ਕੇ ਨਸੀਰ ਸਿੰਘ ਬਣ ਗਿਆ ਸੀ। ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਦੇ ਮੁਬਾਰਕ ਕਮਲਾ ਤੋਂ ਖੰਡੇ ਦੀ ਪਹੁਲ ਅਤੇ ਬਖ਼ਸ਼ਿਸ਼ ਲੈ ਕੇ ਪੰਜਾਬ ਵਿੱਚ ਸਿੱਖ ਪ੍ਰਭੂਸਤਾ ਦੀ ਪਾਤਸ਼ਾਹੀ ਕਾਇਮ ਕੀਤੀ ਸੀ।

**ਵਿਸ਼ੇਸ਼ ਨੋਟ** :- ਸ: ਤਰਲੋਚਨ ਸਿੰਘ ਵਿਰਕ ਹੋਰੀਂ 23 ਮਈ ਨੂੰ ਲੈਸਟਰ ਵਿਖੇ ਖਾਲਸਾ ਰਾਜ ਨੂੰ ਰੂਪਮਾਨ ਕਰਦੀ ਹੋਈ ਪ੍ਰਦਰਸ਼ਨੀ ਲਾ ਰਹੇ ਹਨ ਜੋ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਦਾਸ ਉਨ੍ਹਾਂ ਨੂੰ ਜਿਥੇ ਖਾਲਸਾ ਰਾਜ ਦੀ ਪ੍ਰਦਰਸ਼ਨੀ ਲਾਉਣ ਦੀ ਵਧਾਈ ਦਿੰਦਾ ਹੈ ਉਥੇ ਧੰਨਵਾਦ ਵੀ ਕਰਦਾ ਹੈ ਕਿ ਉਨ੍ਹਾਂ ਨੇ ਦਾਸ ਦਾ ਉਕਤ ਲੇਖ ਪ੍ਰਦਰਸ਼ਨੀ ਵਿੱਚ ਲਾਉਣ ਦਾ ਫੈਸਲਾ ਕੀਤਾ ਹੈ।

**ਜਥੇਦਾਰ ਮਹਿੰਦਰ ਸਿੰਘ ਖਹਿਰਾ**

# ਹਿੰਦੂਤਵੀ ਛੱਤਰੀ ਬਨਾਮ ਖੇਤਰੀ ਦਲ

ਗੁਰਮੀਤ ਸਿੰਘ ਪਲਾਹੀ
-9815802070



ਜੰਮੂ ਕਸ਼ਮੀਰ ਵਿੱਚ "ਦਿ ਜੰਮੂ ਐਂਡ ਕਸ਼ਮੀਰ ਪੀਪਲਜ਼ ਡੈਮੋਕਰੇਟਿਕ ਪਾਰਟੀ" (ਪੀ.ਡੀ.ਪੀ.), ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਮਹਾਂਰਾਸ਼ਟਰ ਵਿੱਚ ਸ਼ਿਵ ਸੈਨਾ, ਬਿਹਾਰ ਵਿੱਚ ਜਨਤਾ ਦਲ (ਯੂਨਾਈਟਡ), ਉੱਤਰ ਪ੍ਰਦੇਸ਼ ਵਿੱਚ ਬਸਪਾ, ਹਰਿਆਣਾ ਵਿੱਚ ਜਨਨਾਇਕ ਜਨਤਾ ਪਾਰਟੀ (ਜੇ. ਜੇ. ਪੀ.) ਆਂਧਰਾ ਪ੍ਰਦੇਸ਼ ਵਿੱਚ ਵਾਈ. ਏ. ਐੱਸ. ਆਰ., ਉੱਤਰ ਪ੍ਰਦੇਸ਼ ਵਿੱਚ ਰਾਸ਼ਟਰੀ ਲੋਕ ਦਲ (ਰਾਲੋਦ), ਕਰਨਾਟਕ ਵਿੱਚ ਜਨਤਾ ਦਲ (ਸੈਕੂਲਰ), ਇਹਨਾਂ ਸਾਰੀਆਂ ਸਿਆਸੀ ਧਿਰਾਂ ਨੂੰ ਲੱਗਿਆ ਸੀ ਕਿ ਹਿੰਦੂਤਵ ਦੀ ਛੱਤਰੀ ਦੀ ਛਾਂ ਪਾਉਣ ਤੋਂ ਬਾਅਦ ਉਹਨਾਂ ਦਾ ਖੇਤਰੀ ਖੇਤਰ ਬਚਿਆ ਰਹਿ ਸਕਦਾ ਹੈ, ਲੇਕਿਨ ਭਾਜਪਾ ਦੀ ਹਿੰਦੂਤਵ ਸਿਆਸਤ ਨੇ ਉਹਨਾਂ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਹੈ।

ਕਦੇ ਬਸਪਾ ਪ੍ਰਧਾਨ ਮਾਇਆਵਤੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਦੇ ਰੂਪ 'ਚ ਵੇਖਿਆ ਜਾਂਦਾ ਸੀ, ਮੁਲਾਇਮ ਸਿੰਘ ਯਾਦਵ ਦਾ ਅਕਸ ਵੀ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਘੜਿਆ ਗਿਆ। ਪਿਛਲੀਆਂ ਲੋਕ ਸਭਾ ਚੋਣਾਂ ਦੇ ਪਹਿਲਾਂ ਨਤੀਸ਼ ਕੁਮਾਰ ਨੂੰ ਵਿਰੋਧੀ ਧਿਰ ਦਾ ਰਾਸ਼ਟਰੀ ਚਿਹਰਾ ਬਨਾਉਣ ਦੀ ਕਵਾਇਦ ਸ਼ੁਰੂ ਹੋਈ ਸੀ। ਨਤੀਸ਼ ਕੁਮਾਰ ਨੇ ਹਿੰਦੂਤਵ ਸਿਆਸਤ ਨੂੰ ਬਹੁਤ ਹੱਦ ਤੱਕ ਰੋਕਿਆ ਵੀ। ਲੇਕਿਨ ਆਪਣੀ ਖੇਤਰੀ ਪਾਰਟੀ ਨੂੰ ਬਚਾਉਣ ਲਈ ਹਿੰਦੂਤਵੀ ਸਿਆਸਤ ਨਾਲ ਜਾ ਖੜੇ ਅਤੇ ਉੱਥੇ ਹੀ ਵਲੀਨ ਹੋ ਗਏ। ਅੱਜ ਨਤੀਸ਼ ਕੁਮਾਰ ਕਿੱਥੇ ਹੈ?

ਦੇਸ਼ ਭਾਰਤ ਦੀ ਆਜ਼ਾਦੀ ਤੋਂ ਬਾਅਦ ਮੁੱਖ ਤੌਰ 'ਤੇ ਕਾਂਗਰਸ ਸੱਤਾ ਵਿੱਚ ਆਈ। ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਕਾਂਗਰਸ ਨੇ ਆਪਣਾ ਹੱਕ ਜਿਤਾ ਲਿਆ। ਦੇਸ਼ ਦਾ ਹਰ ਸਿਆਸੀ ਫ਼ੈਸਲਾ ਦਿੱਲੀ ਤੋਂ ਹੋਣ ਲੱਗਾ। ਇਸ ਸਮੇਂ ਦੇਸ਼ ਦੇ ਬਹੁਤ ਵੱਡੇ ਹਿੱਸੇ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਲੱਗਾ ਕਿ ਦਿੱਲੀ ਉਹਨਾਂ ਲਈ ਦੂਰ ਹੈ। ਉਹਨਾਂ ਦੇ ਮਨਾਂ 'ਚ ਇਹ ਗੱਲ ਘਰ ਕਰ ਗਈ ਕਿ ਉਹਨਾਂ ਦੇ ਹੱਕਾਂ ਦੇ ਫ਼ੈਸਲੇ ਇੰਨੀ ਦੂਰ ਦਿੱਲੀ ਤੋਂ ਨਹੀਂ ਹੋ ਸਕਦੇ।

ਇਹੋ ਕਾਰਨ ਸੀ ਕਿ ਕਾਂਗਰਸ ਵਿਰੁੱਧ ਦੇਸ਼-ਵਿਆਪੀ ਰੋਸ ਜਾਗਿਆ। ਬਿਹਾਰ ਤੋਂ ਜੈ ਪ੍ਰਕਾਸ਼ ਨਰਾਇਣ ਨੇ ਦਿੱਲੀ ਤਾਨਾਸ਼ਾਹੀ ਵਿਰੁੱਧ ਅਵਾਜ਼ ਚੁੱਕੀ। ਦੇਸ਼ ਦੇ ਕਈ ਛੋਟੇ, ਵਿਰੋਧੀ ਖੇਤਰੀ ਵਿਚਾਰਧਾਰਾ ਵਾਲੇ ਦਲ ਇਕੱਠੇ ਹੋਏ। ਭਾਰਤੀ ਲੋਕ ਦਲ, ਕਾਂਗਰਸ (ਓ), ਜਨਸੰਘ, ਸੋਸ਼ਲਿਸਟ ਪਾਰਟੀ ਨੂੰ ਨਾਲ ਲੈਕੇ ਜੈ ਪ੍ਰਕਾਸ਼ ਨਰਾਇਣ ਨੇ ਮੁੱਠੀ ਤਾਣੀ। ਵੱਖੋ-ਵੱਖਰੀ ਵਿਚਾਰਧਾਰਾ ਦੇ ਲੋਕ ਇੱਕੋ ਪਲੇਟਫਾਰਮ 'ਤੇ ਇਕੱਠੇ ਹੋਏ।

ਜੈ ਪ੍ਰਕਾਸ਼, ਜਿਹੜੇ ਕਦੇ ਦਲਾਂ ਰਹਿਤ ਲੋਕਤੰਤਰ ਦੇ ਮੁਦਈ ਸਨ, ਉਹਨਾਂ ਨੇ ਇਲਾਕਾਈ ਪਾਰਟੀਆਂ ਦੀ ਇੱਕ ਨਰਸਰੀ ਸਥਾਪਿਤ ਕਰ ਦਿੱਤੀ। ਦੇਸ਼ ਦੇ ਕੋਨੇ-ਕੋਨੇ, ਕਾਂਗਰਸ ਤੋਂ ਨਰਾਜ਼ ਲੋਕ, ਆਪੋ-ਆਪਣੇ ਖੇਤਰਾਂ 'ਚ ਲੋਕਾਂ ਨੂੰ ਇਕੱਠੇ ਕਰਨ ਲਈ ਜੁੱਟੇ। ਜੈ ਪ੍ਰਕਾਸ਼ ਇਸੇ ਨਰਸਰੀ ਦੀ ਪੈਦਾਇਸ਼ ਹਨ: ਲਾਲੂ ਪ੍ਰਸ਼ਾਦ ਯਾਦਵ (ਬਿਹਾਰ), ਨਤੀਸ਼ ਕੁਮਾਰ (ਬਿਹਾਰ), ਮੁਲਾਇਮ ਸਿੰਘ ਯਾਦਵ (ਯੂਪੀ)। ਇਹਨਾਂ ਨੇ ਆਪਣੇ -ਆਪਣੇ ਖੇਤਰਾਂ 'ਚੋਂ ਦਿੱਲੀ ਨੂੰ ਚੁਣੌਤੀ ਦਿੱਤੀ। ਇਹੋ ਉਹ ਦੌਰ ਸੀ, ਜਿਸ ਨੇ ਗਠਬੰਧਨ ਸਰਕਾਰਾਂ ਨੂੰ ਦੇਸ਼ ਭਾਰਤ ਵਿੱਚ ਜਨਮ ਦਿੱਤਾ। ਦਿੱਲੀ ਸਰਕਾਰ ਦੀ ਤਾਕਤ ਨੂੰ ਇਹਨਾਂ ਖੇਤਰੀ ਨੇਤਾਵਾਂ ਨੇ ਵੰਗਾਰਿਆ ਅਤੇ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ।

ਭਾਰਤ ਦੀ ਵੱਡੀ ਭੂਗੋਲਿਕ ਸਥਿਤੀ ਨੇ ਹੀ ਖੇਤਰੀ ਸਿਆਸਤ ਦੀ ਜ਼ਰੂਰਤ ਪੈਦਾ ਕੀਤੀ। ਪਹਾੜ ਦੀ ਆਬਾਦੀ ਅਤੇ ਮੈਦਾਨ ਦੀ ਆਬਾਦੀ ਦੋਨਾਂ ਦੀਆਂ ਜ਼ਰੂਰਤਾਂ ਅਲੱਗ ਸਨ ਅਤੇ ਹਨ। ਆਦਿਵਾਸੀ ਇਲਾਕੇ ਚਾਹੁੰਦੇ ਸਨ ਕਿ ਮੁਖ ਧਾਰਾ ਦੇ ਹਮਲਾਵਰ ਰੁਖ ਤੋਂ ਉਹਨਾਂ ਦੀ ਰੱਖਿਆ ਹੋਵੇ। ਉਹਨਾਂ ਦੀ ਇਸ ਚਾਹਤ ਨੇ ਦੇਸ਼ 'ਚ ਕਈ ਅੰਦੋਲਨ ਖੜੇ ਕੀਤੇ। ਨੇਤਾ ਸ਼ਿਬੂ ਸੋਰੇਨ ਉਦਾਹਰਨ ਹੈ। ਜਿਸਨੇ ਦਿੱਲੀ ਤੱਕ ਆਪਣੀ ਹੋਂਦ ਦਰਸਾਈ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਲਗਾਈ ਐਮਰਜੈਂਸੀ ਦੌਰਾਨ ਖੜੇ ਅੰਦੋਲਨ 'ਚ ਵਿਸ਼ੇਸ਼ ਭੂਮਿਕਾ ਨਿਭਾਈ। ਦਿੱਲੀ ਨਾਲ ਵੱਡਾ ਇਟ-ਖੜਿੱਕਾ ਅਤੇ ਆਢਾ ਲਾਈ ਰੱਖਿਆ। ਅਸਲ 'ਚ ਖੇਤਰੀ ਪਾਰਟੀਆਂ ਭਾਸ਼ਾ ਅਤੇ ਸਭਿਆਚਾਰ ਨੂੰ ਢਾਲ ਵਾਂਗ ਵਰਤਦੀਆਂ ਰਹੀਆਂ।

ਜੈ ਪ੍ਰਕਾਸ਼ ਦੀ 1970 ਦੀ ਸੰਪੂਰਨ ਕ੍ਰਾਂਤੀ ਨੇ ਦੇਸ਼ ਦੀ ਸਿਆਸਤ ਦਾ ਚਿਹਰਾ-ਮੋਹਰਾ ਅਤੇ ਚਰਿੱਤਰ ਹੀ ਬਦਲ ਦਿੱਤਾ ਸੀ। ਕਾਂਗਰਸ ਹੀ 'ਇਕੋ-ਇੱਕ' ਪ੍ਰਭਾਵ ਨੂੰ ਬਦਲ ਕੇ ਖੇਤਰੀ ਦਲਾਂ ਦੀ ਪੈਦਾਇਸ਼ 'ਤੇ ਪ੍ਰਭਾਵ ਵਧਿਆ। ਬਿਹਾਰ ਤੋਂ ਸੰਪੂਰਨ ਕ੍ਰਾਂਤੀ ਦੀ ਟਰੇਨ ਚੱਲੀ, ਜੋ ਦਿੱਲੀ ਪੁੱਜਦੀ ਹੈ।

ਪਰ ਹੁਣ ਇਸ ਸੰਪੂਰਨ ਕ੍ਰਾਂਤੀ ਦਾ ਇੰਜਨ ਬਦਲ ਗਿਆ ਹੈ। ਹੁਣ ਇੰਜਨ ਹਿੰਦੂਤਵ ਦਾ ਹੈ। 2014 ਦੇ ਬਾਅਦ ਰਾਜਾਂ ਦੀਆਂ ਚੋਣਾਂ ਵਿੱਚ ਭਾਜਪਾ ਦੀ ਲਗਾਤਾਰ ਜਿੱਤ ਦੇ ਮੱਦੇਨਜ਼ਰ ਮੌਕੇ ਦੇ ਭਾਜਪਾ ਪ੍ਰਧਾਨ ਨੇ ਕਿਹਾ ਸੀ ਕਿ ਬਹੁਤ ਛੇਤੀ ਖੇਤਰੀ ਦਲਾਂ ਦੀ ਹੋਂਦ ਖ਼ਤਮ ਹੋ ਜਾਏਗੀ। 70ਵੇ ਦਹਾਕੇ 'ਚ ਸੰਪੂਰਨ ਕ੍ਰਾਂਤੀ ਦੇ ਜਰੀਏ ਜਨਤਾ ਨੇ ਕਾਂਗਰਸ ਦੇ ਪੂਰੇ ਭਾਰਤ ਦੇ ਸਿਆਸੀ ਠੁੱਕ ਨੂੰ ਨਿਕਾਰਿਆ ਤੇ ਇੱਕੀਵੀ ਸਦੀ ਦੀ ਸੰਪੂਰਨ ਕ੍ਰਾਂਤੀ ਦੇ ਬਾਅਦ ਭਾਜਪਾ ਦੇ ਅਖਿਲ ਭਾਰਤੀ ਪ੍ਰਭਾਵ ਨੂੰ ਸਵੀਕਾਰ ਕਰ ਰਹੇ ਹਨ। ਹੁਣ ਤਾਂ ਸਥਿਤੀ ਇਹ ਹੈ ਕਿ ਜਿਹੜੇ ਖੇਤਰੀ ਦਲ ਤਾਂ ਭਾਜਪਾ ਦੀ ਝੋਲੀ ਡਿੱਗ ਚੁੱਕੇ ਹਨ, ਜਾਂ ਉਸ ਨਾਲ ਜੁੜਨ ਦੇ ਚਾਹਵਾਨ ਹਨ, ਉਹ ਹੁਣ ਗੱਡੀ ਦੇ ਇੰਜਨ ਦੀ ਮਰਜ਼ੀ ਹੈ ਕਿ ਕਦੋਂ ਤੱਕ ਇਹਨਾਂ ਡੱਬਿਆਂ ਨੂੰ ਆਪਣੇ ਨਾਲ ਜੋੜੀ ਰੱਖਦੇ ਹਨ।

ਜੈ ਪ੍ਰਕਾਸ਼ ਨਰਾਇਣ ਨੇ 5 ਜੂਨ 1947 ਨੂੰ ਗਾਂਧੀ ਮੈਦਾਨ ਦੀ ਇੱਕ ਵਿਸ਼ਾਲ ਜਨ ਸਭਾ ਵਿੱਚ ਸੰਪੂਰਨ ਕ੍ਰਾਂਤੀ ਦਾ ਲੋਕਾਂ ਨੂੰ ਸੁਨੇਹਾ ਦਿੰਦਿਆਂ ਕਿਹਾ ਸੀ, "ਸੰਪੂਰਨ ਕ੍ਰਾਂਤੀ ਹੁਣ ਨਾਹਰਾ ਹੈ, ਭਵਿੱਖੀ ਇਤਿਹਾਸ ਹਮਾਰਾ ਹੈ" ਸੰਪੂਰਨ ਕ੍ਰਾਂਤੀ ਦੇ ਉਦੇਸ਼ਾਂ ਵਿੱਚ ਚੋਣ ਸੁਧਾਰ ਅਹਿਮ ਸੀ। ਨਾਲ ਹੀ ਭ੍ਰਿਸ਼ਟਾਚਾਰ ਖ਼ਤਮ ਕਰਨਾ, ਲੋਕ ਤੰਤਰ ਨੂੰ ਮਜ਼ਬੂਤ ਕਰਨਾ, ਜਨਤਾ ਦੀ ਭਾਗੀਦਾਰੀ ਵਧਾਉਣਾ ਅਤੇ ਸੱਤਾ ਦਾ ਵਿਕੇਂਦਰੀਕਰਨ ਅੰਦੋਲਨ ਦਾ ਉਦੇਸ਼ ਸੀ। ਪਰ ਮੌਜੂਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਉਦੇਸ਼, ਦੇਸ਼ 'ਚ ਇੱਕੋ ਪਾਰਟੀ ਦਾ ਰਾਜ ਸਥਾਪਤ ਕਰਨਾ ਹੈ, ਜਿਹੜੀ ਵਿਰੋਧੀ ਰਾਸ਼ਟਰੀ ਪਾਰਟੀਆਂ ਨੂੰ ਤਾਂ ਖੂੰਜੇ ਲਾਉਣ ਲਈ ਯਤਨਸ਼ੀਲ ਹੈ ਹੀ, ਉਹ ਖੇਤਰੀ ਪਾਰਟੀਆਂ ਦੀ ਹੋਂਦ ਨੂੰ ਖ਼ਤਮ ਕਰਨ ਦੇ ਰਾਹ ਹੈ।

ਕਿਧਰ ਹੈ ਹੁਣ ਨਵੀਨ ਪਟਨਾਇਕ? ਲੋਜਪਾ ਦੇ ਰਾਮਵਿਲਾਸ ਪਾਸਵਨ ਕਦੇ ਸਿਆਸੀ ਮੌਸਮ ਵਿਗਿਆਨੀ ਦਾ ਦਰਜਾ ਰੱਖਦਾ ਸੀ, ਜਿਧਰ ਤਾਕਤ ਉਧਰਲਾ ਰੁਖ। ਅੱਜ ਉਸਦਾ ਪੁੱਤਰ ਆਪਣੀ ਪਾਰਟੀ ਦੀ ਹੋਂਦ ਬਚਾਈ ਰੱਖਣ ਲਈ ਭਾਜਪਾ ਖੇਮੇ 'ਚ ਹੈ। ਹਰਿਆਣਾ ਦੇ 'ਲਾਲ' ਭਗਵਾ ਦੇ ਅੱਗੇ ਗੋਡੇ ਟੇਕ ਚੁੱਕੇ ਹਨ। ਪਰ ਬਿਨਾਂ ਸ਼ੱਕ ਬੰਗਾਲ ਦੀ ਮਮਤਾ ਬੈਨਰਜੀ ਨੇ ਬਹੁਤ ਮਜ਼ਬੂਤੀ ਨਾਲ ਆਪਣੀ ਪਛਾਣ ਬਣਾਈ ਰੱਖੀ ਹੈ ਅਤੇ ਰਾਹੇ-ਵਗਾਹੇ ਉਹ ਦੇਸ਼ ਦੇ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਵੀ ਉਭਰੀ।

ਭਾਜਪਾ ਦਾ ਹਿੰਦੂਤਵੀ ਸੰਪੂਰਨ ਕ੍ਰਾਂਤੀ ਦਾ ਸਫ਼ਰ 2014 ਵਿੱਚ ਹਰਿਆਣਾ ਅਤੇ ਮਹਾਂਰਾਸ਼ਟਰ ਤੋਂ ਸ਼ੁਰੂ ਹੋਇਆ। ਇਸ ਤੋਂ ਬਾਅਦ ਅਸਾਮ (2016) ਅਰੁਣਾਚਲ ਪ੍ਰਦੇਸ਼ (2016), ਮਨੀਪੁਰ (2017) ਤ੍ਰਿਪੁਰਾ (2018), ਉੜੀਸਾ (2024), ਬਿਹਾਰ (2026) ਅਤੇ ਹੁਣ ਪੱਛਮੀ ਬੰਗਾਲ ਵਿੱਚ ਭਾਜਪਾ ਨੇ ਹਰ ਹਰਬਾ ਵਰਤਕੇ ਆਪਣਾ ਰਾਜ-ਭਾਗ ਸਥਾਪਤ ਕਰ ਲਿਆ। ਹਰਿਆਣਾ 'ਚ ਭਾਜਪਾ ਨੇ ਪਹਿਲੀ ਵੇਰ ਆਪਣੇ ਦਮ-ਖਮ 'ਤੇ ਮਨੋਹਰ ਲਾਲ ਖੱਟਰ ਨੂੰ ਮੁੱਖ ਮੰਤਰੀ ਬਣਾਇਆ। ਮਹਾਂਰਾਸ਼ਟਰ ਵਿੱਚ ਵਿਧਾਨ ਸਭਾ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਬਣਨ ਤੋਂ ਬਾਅਦ ਗਠਬੰਧਨ ਸਰਕਾਰ ਬਣਾਈ। ਤ੍ਰਿਪੁਰਾ ਖੱਬੀਆਂ ਧਿਰਾਂ ਤੋਂ ਖੋਹਿਆ। ਉੜੀਸਾ 'ਚ ਬੀਜੂ ਪਟਨਾਇਕ ਦਲ ਤੋਂ ਸੱਤਾ ਹਥਿਆਈ ਅਤੇ ਨਵੀਨ ਪਟਨਾਇਕ ਦਾ 24 ਸਾਲ ਦਾ ਸਾਸ਼ਨ ਸਮਾਪਤ ਕੀਤਾ। ਹੁਣ ਸਥਿਤੀ ਇਹ ਹੈ ਕਿ ਦੇਸ਼ ਭਰ ਵਿੱਚ ਲਗਭਗ 72 ਫ਼ੀਸਦੀ ਭਾਰਤੀ ਖਿੱਤੇ ਉਤੇ ਭਾਜਪਾ ਰਾਜ ਕਰ ਰਹੀ ਹੈ। ਹੁਣ ਭਾਜਪਾ-ਸਰਕਾਰ 21-22 ਸਰਕਾਰਾਂ ਉੱਤੇ ਕਾਬਜ਼ ਹੈ। ਅਸਲ 'ਚ ਭਾਜਪਾ ਉਹਨਾਂ ਭੂਗੋਲਿਕ ਖੇਤਰਾਂ 'ਚ ਪ੍ਰਬੰਧ ਕਰ ਚੁੱਕੀ ਹੈ, ਜਿੱਥੇ ਕਦੀ ਪਾਰਟੀ ਲਈ ਪਹੁੰਚਣਾ ਕਠਿਨ ਮੰਨਿਆ ਜਾਂਦਾ ਸੀ।

ਭਾਜਪਾ ਦੀ ਸੰਪੂਰਨ ਕ੍ਰਾਂਤੀ ਯਾਤਰਾ, ਦਾ ਮਕਸਦ ਸਿੱਧੇ ਰੂਪ 'ਚ ਭਾਰਤੀ ਸੰਘਵਾਦ ਦਾ ਖ਼ਾਤਮਾ ਕਰਨਾ, ਹਿੰਦੂਤਵ ਨੂੰ ਭਾਰਤ 'ਚ ਪ੍ਰਮੁੱਖ ਵਿਚਾਰਧਾਰਾ ਬਣਾਉਣਾ, ਭਾਵ ਧਰਮ ਨਿਰਪੱਖਤਾ ਦਾ ਖ਼ਾਤਮਾ ਕਰਨਾ ਕਲਿਆਣਕਾਰੀ ਰਾਜ ਖ਼ਤਮ ਕਰਕੇ ਪੂੰਜੀਵਾਦ ਨੂੰ ਆਰਥਿਕ ਮਾਡਲ ਦੇ ਰੂਪ ਵਿੱਚ ਸਥਾਪਿਤ ਕਰਨ ਦੇ ਨਾਲ-ਨਾਲ ਲੋਕਤੰਤਰ ਦਾ ਖ਼ਾਤਮਾ ਕਰਕੇ ਇੱਕ ਦਲੀ ਰਾਸ਼ਟਰ ਸਥਾਪਤ ਕਰਨਾ ਹੈ।

ਇਸੇ ਲਈ ਭਾਸ਼ਾਈ ਅਤੇ ਖੇਤਰੀ ਪਛਾਣ 'ਤੇ ਟਿਕੀਆਂ ਸਿਆਸੀ ਪਾਰਟੀਆਂ ਲਈ ਹਿੰਦੂਤਵ ਦੀ ਵਿਆਪਕ ਪਛਾਣ ਦੇ ਸਾਹਮਣੇ ਆਪਣਾ ਵਜੂਦ ਬਚਾਉਣਾ ਹੁਣ ਇਕ ਵੱਡੀ ਚੁਣੌਤੀ ਬਣ ਗਿਆ ਹੈ। ਜਿਸ ਦਿੱਲੀ ਨੂੰ ਕਦੇ ਖੇਤਰੀ ਤਾਕਤਾਂ ਨੇ ਦੂਰ ਰਹਿਕੇ ਨਕਾਰ ਦਿੱਤਾ ਸੀ, ਅੱਜ ਉਸੇ ਦਿੱਲੀ ਨੇ ਉਹਨਾਂ ਸਭ ਨੂੰ ਆਪਣੇ ਅੰਦਰ ਜਜ਼ਬ ਕਰ ਲਿਆ ਹੈ।

ਹਿੰਦੂਤਵ ਦੀ ਸਿਆਸਤ ਨੇ ਦਿੱਲੀ ਵਿੱਚ ਇਕ ਅਜਿਹਾ ਵਿਸ਼ਾਲ ਬਜ਼ਾਰ ਸਜਾ ਦਿੱਤਾ ਹੈ, ਜਿਥੇ ਇਕੋ ਛੱਤ ਹੇਠ ਉੱਤਰ ਦੇ ਰਾਸ਼ਨ ਤੋਂ ਲੈ ਕੇ ਦੱਖਣ ਦੇ ਪਾਇਸਸ (ਖੀਰ) ਤੱਕ ਸਭ ਕੁੱਝ ਮੌਜੂਦ ਹੈ। ਭਾਵ ਭਾਜਪਾ ਨੇ ਇਕ ਅਜਿਹੀ ਸਿਆਸੀ ਵਿਵਸਥਾ ਤਿਆਰ ਕਰ ਦਿੱਤੀ ਹੈ, ਜਿਸ ਵਿੱਚ ਹਰ ਖੇਤਰ ਦੀ ਸਭਿਆਚਾਰਕ ਅਤੇ ਧਾਰਮਿਕ ਪਛਾਣ ਨੂੰ ਹਿੰਦੂਤਵ ਦੇ ਇਕ ਰੰਗ ਵਿੱਚ ਰੰਗ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਵਿੱਚ ਖੇਤਰੀ ਪਾਰਟੀਆਂ ਦੀ ਆਪਣੀ ਵੱਖਰੀ ਹੋਂਦ ਗੁਆਚੀ ਜਾ ਰਹੀ ਹੈ।

**ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਫਿਲਹਾਲ ਖੇਤਰੀ ਦਲਾਂ ਦੇ ਵਿਰੁੱਧ ਭਾਜਪਾ ਦੀ ਸੰਪੂਰਨ ਕ੍ਰਾਂਤੀ ਵਾਲੀ ਨੀਤੀ ਸਫ਼ਲ ਹੁੰਦੀ ਦਿਖਾਈ ਦੇ ਰਹੀ ਹੈ। ਖੇਤਰੀ ਪਾਰਟੀਆਂ ਦੇ ਕਮਜ਼ੋਰ ਹੋਣ ਨਾਲ ਦੇਸ਼ ਵਿੱਚ 'ਇਕ ਦੇਸ਼-ਇਕ ਪਾਰਟੀ' ਦਾ ਜੋ ਮਾਹੌਲ ਸਿਰਜਿਆ ਗਿਆ ਹੈ, ਉਹ ਲਗਾਤਾਰ ਮਜ਼ਬੂਤ ਹੋ ਰਿਹਾ ਹੈ। ਇਸ ਹਾਲਤ ਨੂੰ ਦੇਖਦੇ ਹੋਏ ਇਹ ਸਪਸ਼ਟ ਦਿਸਦਾ ਹੈ ਕਿ ਭਵਿੱਖ ਵਿਚ ਮੌਜੂਦਾ ਸੱਤਾ ਦੇ ਸਾਹਮਣੇ ਜੋ ਵੀ ਚੁਣੌਤੀ ਖੜੀ ਹੋਵੇਗੀ, ਉਸਦਾ ਚਿਹਰਾ ਖੇਤਰੀ ਨਹੀਂ ਸਗੋਂ ਲਾਜ਼ਮੀ ਤੌਰ 'ਤੇ ਰਾਸ਼ਟਰੀ ਹੋਵੇਗਾ।**

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਜਪਾ ਦੀ ਰਣਨੀਤੀ ਸਿਰਫ਼ ਸੱਤਾ ਪਾਉਣਾ ਨਹੀਂ, ਸਗੋਂ ਇੱਕੋ-ਇਕ ਵੱਡੀ ਤਾਕਤ ਬਨਣਾ ਹੈ। ਇਸ ਪ੍ਰੀਕਿਰਿਆ ਵਿੱਚ ਜਿਹੜੀਆਂ ਪਾਰਟੀਆਂ ਭਾਜਪਾ ਦੇ ਨਾਲ ਗਈਆਂ, ਉਹ ਹੌਲੀ-ਹੌਲੀ ਆਪਣੀ ਵੱਖਰੀ ਪਛਾਣ ਗੁਆ ਬੈਠੀਆਂ ਅਤੇ ਭਾਜਪਾ ਨੇ ਉਹਨਾਂ ਦਾ ਵੋਟ ਬੈਂਕ ਵੀ ਹਥਿਆ ਲਿਆ। ਭਾਜਪਾ ਦਾ ਹਿੰਦੂਤਵ ਸਿਰਫ਼ ਇਕ ਧਾਰਮਿਕ ਏਜੰਡਾ ਨਹੀਂ ਹੈ, ਸਗੋਂ ਇਕ ਸਿਆਸੀ ਵੈਕਿਊਮ ਕਲੀਨਰ ਹੈ, ਜੋ ਸਾਰੀਆਂ ਖੇਤਰੀ ਵਿਚਾਰਧਾਰਾਵਾਂ ਨੂੰ ਆਪਣੇ ਅੰਦਰ ਖਿੱਚ ਰਿਹਾ ਹੈ। ਭਾਜਪਾ ਦੀ ਰਾਜਨੀਤੀ ਕੇਂਦਰੀਕਰਨ ਦੀ ਹੈ। ਜਦੋਂ ਰਾਸ਼ਟਰੀ ਮੁੱਦੇ ਭਾਰੂ ਹੋ ਜਾਂਦੇ ਹਨ, ਤਾਂ ਖੇਤਰੀ ਮੁੱਦੇ ਜਿਵੇਂ ਪਾਣੀ ਦੇ ਮਸਲੇ, ਬੋਲੀ ਜਾਂ ਸਥਾਨਕ ਹੱਕ ਪਿੱਛੇ ਰਹਿ ਜਾਂਦੇ ਹਨ। ਇਹ ਖੇਤਰੀ ਪਾਰਟੀਆਂ ਦੀ ਮੌਤ ਦੇ ਬਰਾਬਰ ਹੈ। ਕੀ ਅੱਜ ਦੇ ਦੌਰ ਵਿਚ ਖੇਤਰੀ ਦਲ ਸਚਮੁੱਚ ਡਰੇ ਹੋਏ ਹਨ ਜਾਂ ਉਹ ਆਪਣੀ ਸਿਆਸੀ ਪ੍ਰਸੰਗਿਕਤਾ ਗੁਆ ਚੁੱਕੇ ਹਨ? ਇਹ ਇਕ ਗੰਭੀਰ ਸਵਾਲ ਹੈ।

ਇੱਕ ਸਮਾਂ ਸੀ ਜਦੋਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਨੇ ਖੇਤਰੀ ਤਾਕਤਾਂ ਨੂੰ ਇਕ ਮੁੱਠ ਕਰਕੇ ਕਾਂਗਰਸ ਦੇ ਇੱਕ-ਛਤਰ ਰਾਜ ਨੂੰ ਨਾ ਸਿਰਫ਼ ਚੁਣੌਤੀ ਦਿੱਤੀ ਸੀ, ਸਗੋਂ ਉਸਨੂੰ ਪਛਾੜ ਕੇ ਰੱਖ ਦਿੱਤਾ ਸੀ। ਉਸ ਦੌਰ ਵਿੱਚ ਖੇਤਰੀ ਪਾਰਟੀਆਂ ਲੋਕਤੰਤਰ ਦੇ ਮਜ਼ਬੂਤ ਥੰਮ ਵਜੋਂ ਉਭਰੀਆਂ ਸਨ।

ਪਰ ਅੱਜ ਤਸਵੀਰ ਬਿਲਕੁਲ ਉਲਟ ਹੈ। ਭਾਜਪਾ ਨੇ ਸੱਤਾ ਦਾ ਇਕ ਅਜਿਹਾ ਸ਼ਕਤੀਸ਼ਾਲੀ ਹਿੰਦੂਤਵ ਇੰਜਣ ਤਿਆਰ ਕਰ ਦਿੱਤਾ ਹੈ, ਜਿਸ ਦੇ ਪਿੱਛੇ ਵੱਖ-ਵੱਖ ਖੇਤਰੀ ਦਲਾਂ ਦੇ ਡੱਬੇ ਇੱਕ-ਇੱਕ ਕਰਕੇ ਜੁੜਦੇ ਜਾ ਰਹੇ ਹਨ। ਆਪਣੀ ਹੋਂਦ ਬਚਾਉਣ ਦੀ ਜਦੋ-ਜਹਿਦ, ਅੰਦਰੂਨੀ ਡਰ ਅਤੇ ਸੱਤਾ ਲਈ ਕੀਤੇ ਸਮਝੌਤਿਆਂ ਨੇ ਇਹਨਾਂ ਖੇਤਰੀ ਧਿਰਾਂ ਨੂੰ ਹੋਰ ਵੀ ਨਿਤਾਣਾ ਕਰ ਦਿਤਾ ਹੈ। ਦਿੱਲੀ ਨੇ ਉਸਦੀ ਢਾਲ ਭਾਸ਼ਾ ਅਤੇ ਸਭਿਆਚਾਰ ਨੂੰ ਸੱਤਾ ਦੇ ਬਜ਼ਾਰ ਵਿੱਚ ਇੱਕ ਉਤਪਾਦ ਬਣਾਕੇ ਰੱਖ ਦਿਤਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਫਿਲਹਾਲ ਖੇਤਰੀ ਦਲਾਂ ਦੇ ਵਿਰੁੱਧ ਭਾਜਪਾ ਦੀ ਸੰਪੂਰਨ ਕ੍ਰਾਂਤੀ ਵਾਲੀ ਨੀਤੀ ਸਫ਼ਲ ਹੁੰਦੀ ਦਿਖਾਈ ਦੇ ਰਹੀ ਹੈ। ਖੇਤਰੀ ਪਾਰਟੀਆਂ ਦੇ ਕਮਜ਼ੋਰ ਹੋਣ ਨਾਲ ਦੇਸ਼ ਵਿੱਚ 'ਇਕ ਦੇਸ਼-ਇਕ ਪਾਰਟੀ' ਦਾ ਜੋ ਮਾਹੌਲ ਸਿਰਜਿਆ ਗਿਆ ਹੈ, ਉਹ ਲਗਾਤਾਰ ਮਜ਼ਬੂਤ ਹੋ ਰਿਹਾ ਹੈ। ਇਸ ਹਾਲਤ ਨੂੰ ਦੇਖਦੇ ਹੋਏ ਇਹ ਸਪਸ਼ਟ ਦਿਸਦਾ ਹੈ ਕਿ ਭਵਿੱਖ ਵਿਚ ਮੌਜੂਦਾ ਸੱਤਾ ਦੇ ਸਾਹਮਣੇ ਜੋ ਵੀ ਚੁਣੌਤੀ ਖੜੀ ਹੋਵੇਗੀ, ਉਸਦਾ ਚਿਹਰਾ ਖੇਤਰੀ ਨਹੀਂ ਸਗੋਂ ਲਾਜ਼ਮੀ ਤੌਰ 'ਤੇ ਰਾਸ਼ਟਰੀ ਹੋਵੇਗਾ।

# ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ

17 ਮਈ ਘੱਲੂਘਾਰਾ ਦਿਵਸ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਇਹ ਘਟਨਾ 1746 ਈ: ਦੇ ਆਰੰਭਿਕ ਦਿਨਾਂ ਦੀ ਹੈ। ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਸ਼ਰਧਾ ਸਾਹਿਤ ਦਰਸ਼ਨ ਹੀ ਕਰਨਾ ਚਾਹੁੰਦਾ ਸੀ। ਪਰ ਜਸਪਤ ਰਾਏ ਨੇ ਜਥੇ ਦੇ ਜ਼ਿੰਮੇਦਾਰ ਸਿੰਘਾਂ ਦੀ ਇਕ ਵੀ ਨਾ ਸੁਣੀ। ਸ਼ਰਧਾਲੂ ਜਥੇ ਉੱਪਰ ਹਮਲਾ ਕਰ ਦਿੱਤਾ ਗਿਆ। ਇਸ ਝੜਪ ਵਿੱਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਜੀ ਦੀ ਪੂਛ ਫੜਦੇ ਹੋਏ ਵਿੱਚ ਬੈਠੇ ਦੀਵਾਨ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਪਿੱਛੋਂ ਇਸ ਘੱਲੂਘਾਰੇ ਦਾ ਮੁੱਢ ਬਝਦਾ ਹੈ।

ਸਾਡੇ ਕੌਮੀ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿੱਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਕ 1745 ਈ: ਦੇ ਜੁਲਾਈ ਮਹੀਨੇ ਵਿੱਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵੱਧ ਕੇ ਜ਼ੁਲਮੀ ਸ਼ਾਸਕ ਸੀ। ਉਹ ਆਪਣੇ ਪਿਉ ਵਾਂਗ ਹੀ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਹਰ ਸਮੇਂ ਗੋਂਦਾ ਗੁੰਦਦਾ ਰਹਿੰਦਾ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸ਼ੈਦਪੁਰ) ਹੁਣ ਲਹਿੰਦਾ ਪੰਜਾਬ (ਪਾਕਿਸਤਾਨ) ਦੇ ਨੇੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ-ਛੋਹ ਪ੍ਰਾਪਤ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿੱਚ ਇਕ ਫੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕੁ ਕਿਲੋਮੀਟਰ ਦੂਰ ਪਿੰਡ ਬਦੋਲੀ ਗੁਜਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭਿਕ ਦਿਨਾਂ ਦੀ ਹੈ। ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਸ਼ਰਧਾ ਸਾਹਿਤ ਦਰਸ਼ਨ ਹੀ ਕਰਨਾ ਚਾਹੁੰਦਾ ਸੀ। ਪਰ ਜਸਪਤ ਰਾਏ ਨੇ ਜਥੇ ਦੇ ਜ਼ਿੰਮੇਦਾਰ ਸਿੰਘਾਂ ਦੀ ਇਕ ਵੀ ਨਾ ਸੁਣੀ। ਸ਼ਰਧਾਲੂ ਜਥੇ ਉੱਪਰ ਹਮਲਾ ਕਰ ਦਿੱਤਾ ਗਿਆ। ਇਸ ਝੜਪ ਵਿੱਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਜੀ ਦੀ ਪੂਛ ਫੜਦੇ ਹੋਏ ਵਿੱਚ ਬੈਠੇ ਦੀਵਾਨ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਪਿੱਛੋਂ ਇਸ ਘੱਲੂਘਾਰੇ ਦਾ ਮੁੱਢ ਬਝਦਾ ਹੈ।

ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸ ਨੇ ਕ੍ਰੋਧ ਵਿੱਚ ਆ ਕੇ ਫੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿੱਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਮੇਰੀ ਹਕੂਮਤ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗੀ। ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਦੀ ਫੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੁਚੇਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਦਿੱਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ, ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਡੌਂਡੀ ਪਿਟਵਾਈ ਅਤੇ ਐਲਾਨ ਕੀਤਾ, ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, ਗੁੜ ਸ਼ਬਦ ਦਾ ਉਚਾਰਨ ਨਹੀਂ ਕਰੇਗਾ। ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ, ਗੁੜ ਦੀ ਰੋੜੀ ਕਿਹਾ ਜਾਵੇ। ਸਾਰੇ ਸਿੰਘਾਂ ਨੇ ਗੁਰਮਤਾ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿੱਚ ਡੇਰੇ ਲਾ ਲਏ। ਇਸ ਛੰਭ ਦਾ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤ-ਸਰ ਸਾਹਿਬ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਛੰਭ ਵਿੱਚ ਘਿਰੇ ਹੋਏ ਸਿੰਘ ਕੰਡਿਆਂ, ਝਾੜੀਆਂ ਦੇ ਜੰਗਲ ਵਿੱਚ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਅਜਿਹੇ ਹਥਿਆਰ ਜਿਨ੍ਹਾਂ ਨਾਲ ਦੁਸ਼ਮਣ ਨੂੰ ਭਾਂਜ ਦਿੱਤੀ ਜਾ ਸਕੇ। ਸਿੰਘਾਂ ਨੂੰ ਜੰਗਲ ਵਿੱਚ ਰਹਿਣ ਦੀ ਜਾਚ ਸੀ।

ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿੱਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ। ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿੱਚ ਮੁਖੀ ਜਰਨੈਲਾਂ ਵਿੱਚ ਬੁੱਢਾ ਦਲ ਦੇ ਮੁਖੀ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਦੀ, ਸ. ਗੁਰਦਿਆਲ ਸਿੰਘ ਡੱਲੇਵਾਲ ਆਦਿ ਅਗਵਾਈ ਕਰ ਰਹੇ ਸਨ। ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿੱਚ ਮਾਰੇ ਗਏ। ਕੁਝ ਕੁ ਸਿੰਘਾਂ ਨੇ ਬਚ-ਬਚਾ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੋਂ ਬਸੋਲੀ ਵੱਲ ਮੂੰਹ ਕੀਤਾ। ਪਰ ਮੁੱਢ ਤੋਂ ਖ਼ਾਲਸੇ ਨਾਲ ਵੈਰ ਭਾਵ ਰੱਖਣ ਵਾਲੇ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ। ਇਸ ਲੜਾਈ ਵਿੱਚ ਸੱਤ ਹਜ਼ਾਰ ਤੋਂ ਦੱਸ ਹਜ਼ਾਰ ਤੱਕ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਸਿੰਘ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ, ਪਰ ਇਸ ਯੁੱਧ ਤੋਂ 16 ਸਾਲ ਪਿੱਛੋਂ 1762 ਈ: ਵਿੱਚ ਕੁੱਪ-ਰੁਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਸਾੜਨ ਤੋਂ ਇਲਾਵਾ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਘੱਲੂਘਾਰਾ ਦੇ ਇਸ ਅਸਥਾਨ ਉੱਪਰ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਉਸਾਰੀ ਕੀਤੀ ਗਈ। ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਪ੍ਰਬੰਧਕ ਕਮੇਟੀ ਸੁਚਾਰੂ ਢੰਗ ਨਾਲ ਤਿੰਨ ਦਿਨਾਂ ਸ਼ਹੀਦੀ ਜੋੜ ਮੇਲਾ ਮਨਾਉਂਦੀ ਹੈ। ਇਸ ਤੋਂ ਇਲਾਵਾ ਕੁਝ ਕੁ ਸਾਲ ਪਹਿਲਾਂ ਪੰਜਾਬ ਸਰਕਾਰ ਨੇ ਘੱਲੂਘਾਰੇ ਦੀ ਯਾਦਗਾਰ ਬਣਾਈ ਹੈ। ਘੱਲੂਘਾਰੇ ਦੇ ਸ਼ਹੀਦਾਂ ਨੂੰ ਸਾਡਾ ਪ੍ਰਣਾਮ।

## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ

**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।

**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।

ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।

**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ । ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।

**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 5 ਜੂਨ 2026 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.

**Location:** Peterborough.

**Duration & Remuneration:** 24 months. Attractive Salary will be according to UK employment Law. Job related accomodation shall be provided.

**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com** ***before 5th June 2026***

**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
*For Information contact:* **Amrik Singh Sangha: 07979 706505**

ਲੜੀਵਾਰ ਨਾਵਲ
ਲੇਖਕ
ਗੁਰਨਾਮ ਬਾਵਾ
ਮ +91 83073 6430



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-7

# ਬੰਦੂਕ ਤੋਂ ਕਲਮ ਤੱਕ

**ਅੱਜ ਪਹਿਲਾ ਦਿਨ ਹੋਣ ਕਰਕੇ ਪੜ੍ਹਾਈ ਨਾਮਾਤਰ ਹੀ ਹੋਈ। ਪੰਜ ਅਲੱਗ-ਅਲੱਗ ਵਿਸ਼ੇ ਪੜ੍ਹਾਉਣ ਵਾਲੇ ਅਧਿਆਪਕਾਂ ਵਿੱਚ ਤਿੰਨ ਮਹਿਲਾ ਅਧਿਆਪਕਾ ਸਨ ਤੇ ਦੋ ਮਰਦ ਅਧਿਆਪਕ ਸਨ। ਸਾਰੇ ਅਧਿਆਪਕਾਂ ਨੇ ਵਿੱਦਿਆਰਥੀਆਂ ਨਾਲ ਜਾਣ-ਪਹਿਚਾਣ ਹੀ ਕੀਤੀ। ਹਰ ਪੀਰੀਅਡ ਵਿੱਚ ਸਭ ਅਧਿਆਪਕਾਂ ਨੇ ਵਾਰੋ-ਵਾਰੀ ਆਪਣੇ ਨਾਲ ਲਿਆਂਦੇ ਹਾਜ਼ਰੀ ਰਜਿਸਟਰਾਂ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਲਾਈ ਤਾਂ ਇਹ ਸਭ ਲਈ ਨਵੀਂ ਗੱਲ ਸੀ। ਦੱਸਵੀਂ ਤੱਕ ਤਾਂ ਇਕ ਹੀ ਕਲਾਸ ਦਾ ਇੰਚਾਰਜ ਮਾਸਟਰ ਹੀ ਪਹਿਲੇ ਪੀਰੀਅਡ ਹਾਜ਼ਰੀ ਲਾਉਂਦਾ ਹੁੰਦਾ ਸੀ। ਹੁਣ ਹਰ ਵਾਰ ਹਾਜ਼ਰੀ ਕਿਉਂ ਲਈ ਜਾਂਦੀ ਹੈ ਇਸ ਦੀ ਸਮਝ ਥੋੜ੍ਹੇ ਦਿਨਾਂ ਵਿੱਚ ਆ ਗਈ ਸੀ, ਕਿਉਂਕਿ ਇਹ ਵੱਡਾ ਸਕੂਲ ਸੀ ਕਾਲਜ-ਨੁਮਾ। ਅਗਲੀ ਕਲਾਸ ਲਾਉਣੀ ਜਾਂ ਨਹੀਂ ਇਹ ਵਿੱਦਿਆਰਥੀਆਂ 'ਤੇ ਡਿਪੈਂਡ ਕਰਦਾ ਸੀ। ਫਿਰ ਸਮਾਂ ਪੂਰਾ ਹਣ 'ਤੇ ਸਾਰੇ ਵਿੱਦਿਆਰਥੀ ਕਲਾਸ ਵਿੱਚੋਂ ਬਾਹਰ ਆ ਗਏ। ਜੋ ਵੀ ਸਾਈਕਲ 'ਤੇ ਆਇਆ ਸੀ ਉਹ ਸਾਈਕਲ ਸਟੈਂਡ ਵੱਲ ਤੁਰ ਪਿਆ। ਕਈ ਮੁੰਡਿਆਂ ਦੀ ਆਪਸ ਵਿੱਚ ਦੋਸਤੀ ਵੀ ਹੋ ਗਈ ਸੀ।**

## ਭਾਗ 9

ਗੌਰਮੈਂਟ ਸੀਨੀਅਰ ਸੈਕੰਡਰੀ ਸਕੂਲ, ਲਾਡੋਵਾਲੀ ਰੋਡ, ਜਲੰਧਰ ਦੀ ਗਰਾਊਂਡ ਵਿੱਚ ਚਹਿਲ-ਪਹਿਲ ਸੀ। ਗਿਆਰਵੀਂ ਕਲਾਸ ਵਿੱਚ ਨਵੇਂ ਆਏ ਵਿੱਦਿਆਰਥੀ ਜੋ ਪਹਿਲਾ ਦਿਨ ਹੋਣ ਕਰਕੇ ਕਲਾਸ ਲੱਗਣ ਦੇ ਸਮੇਂ ਤੋਂ ਪਹਿਲਾਂ ਆ ਗਏ ਸਨ। ਇਸ ਵਿੱਚ ਬਹੁਗਿਣਤੀ ਵਿੱਦਿਆਰਥੀ ਦੂਜੇ ਸਕੂਲਾਂ ਤੋਂ ਆਏ ਹੋਏ ਸਨ। ਪੁਰਾਣੇ ਵਿੱਦਿਆਰਥੀਆਂ ਲਈ ਕੋਈ ਨਵੀਂ ਗੱਲ ਨਹੀਂ ਸੀ। ਉਹੀ ਸਕੂਲ ਸੀ, ਕਾਫੀ ਸਹਿਪਾਠੀ ਨਾਲ ਦੇ ਹੀ ਸਨ। ਪਰ ਨਵੇਂ ਆਏ ਵਿੱਦਿਆਰਥੀਆਂ ਲਈ ਇਹ ਬਿਲਕੁੱਲ ਨਵਾਂ ਮਾਹੌਲ ਸੀ। ਨਵੇਂ ਸਾਥੀਆਂ ਨੂੰ ਵੀ ਸਮਝਣਾ ਸੀ ਅਤੇ ਨਵੇਂ ਅਧਿਆਪਕਾਂ ਨਾਲ ਵੀ ਵਾਹ ਪੈਣਾ ਸੀ। ਇਨ੍ਹਾਂ ਅਧਿਆਪਕਾਂ ਦਾ ਕਿਸ ਤਰ੍ਹਾਂ ਦਾ ਸੁਭਾਅ ਹੋਵੇਗਾ, ਇਹ ਡਰ ਵੀ ਨਵੇਂ ਵਿੱਦਿਆਰਥੀਆਂ ਨੂੰ ਡਰਾ ਰਿਹਾ ਸੀ।

ਮੈਂ ਵੀ ਸਮੇਂ ਤੋਂ ਪਹਿਲਾਂ ਸਕੂਲ ਆ ਗਿਆ ਸੀ। ਮੈਂ ਸਕੂਲ ਆ ਕੇ ਪਹਿਲਾ ਕੰਮ ਇਹ ਕੀਤਾ ਕਿ ਕਲਰਕ ਦੇ ਦਫ਼ਤਰ ਵਿੱਚ ਜਾ ਕੇ ਰਹਿੰਦੀ ਦਾਖ਼ਲਾ ਫੀਸ ਜਮਾਂ ਕਰਵਾਈ ਫੇਰ ਉਸ ਦੇ ਕਮਰੇ ਵਿੱਚੋਂ ਬਾਹਰ ਨਿਕਲ ਕੇ ਦਰਵਾਜ਼ੇ ਬਾਹਰ ਖੜ੍ਹੇ ਚਪੜਾਸੀ ਤੋਂ ਆਪਣੀ ਕਲਾਸ ਦੇ ਕਮਰੇ ਬਾਰੇ ਪੁੱਛਿਆ ਤੇ ਉਸ ਵੱਲੋਂ ਦੱਸੀ ਦਿਸ਼ਾ ਵੱਲ ਚੱਲ ਪਿਆ। ਕਲਾਸ ਵਿੱਚ ਜਾ ਕੇ ਮੈਂ ਦੇਖਿਆ ਸਾਰੇ ਬੈਂਚ ਖ਼ਾਲੀ ਹੀ ਪਏ ਸਨ। ਮੈਂ ਵੀ ਬਾਹਰ ਆ ਗਿਆ। ਮੈਂ ਬਰਾਂਡੇ ਵਿੱਚ ਆ ਕੇ ਦੇਖਿਆ ਸਾਹਮਣੇ ਗਰਾਊਂਡ ਹੈ। ਮੈਂ ਵੀ ਗਰਾਊਂਡ ਵਿੱਚ ਹੋ ਰਹੀ ਚਹਿਲ-ਪਹਿਲ ਦੇਖ ਉਧਰ ਤੁਰ ਪਿਆ। ਮੈਂ ਦੇਖਿਆ ਨਾਲ ਹੀ ਗੌਰਮੈਂਟ ਕਾਲਜ ਵੀ ਹੈ। ਜਿੱਥੇ ਬੀ.ਐੱਡ. ਕਰਨ ਵਾਲੇ ਮੁੰਡੇ ਕੁੜੀਆਂ ਵੀ ਉਸੇ ਗਰਾਊਂਡ ਵਿੱਚ ਘੁੰਮ ਰਹੇ ਸਨ। ਮੈਂ ਵੀ ਘੁੰਮਦਾ-ਘੁਮਾਉਂਦਾ, ਇਕ ਪਾਸੇ ਬਣੀ ਕੰਟੀਨ ਵਿੱਚ ਜਾ ਬੈਠਾ। ਐਨੀਂ ਦੇਰ ਵਿੱਚ ਦੋ ਸਿੱਖ ਨੌਜਵਾਨ ਕੰਟੀਨ ਅੰਦਰ ਆਏ। ਸਾਰੀਆਂ ਮੇਜ਼ ਕੁਰਸੀਆਂ ਮੁੰਡਿਆਂ ਕੁੜੀਆਂ ਨਾਲ ਭਰੀਆਂ ਹੋਈਆਂ ਹੋਣ ਕਰਕੇ ਉਹ ਮੇਰੇ ਕੋਲ ਖ਼ਾਲੀ ਪਈਆਂ ਦੋ ਕੁਰਸੀਆਂ 'ਤੇ ਆ ਬੈਠੇ। ਮੈਨੂੰ ਦੋਵਾਂ ਵਿੱਚੋਂ ਇਕ ਨੌਜਵਾਨ ਜਾਣਿਆ-ਪਹਿਚਾਣਿਆ ਲੱਗਿਆ ਪਰ ਪਹਿਲਾਂ ਦੇਖਿਆ ਕਿੱਥੇ? ਇਹ ਯਾਦ ਕਰਦਾ ਮੈਂ ਉਸ ਨੂੰ ਧਿਆਨ ਨਾਲ ਦੇਖ ਰਿਹਾ ਸੀ।

ਮੈਨੂੰ ਆਪਣੇ ਵੱਲ ਇਸ ਤਰ੍ਹਾਂ ਦੇਖਦਿਆਂ ਉਸ ਨੌਜਵਾਨ ਨੇ ਹੱਸ ਕੇ ਮੈਨੂੰ ਪੁੱਛਿਆ, ਸਿੰਘਾ! ਕਿਵੇਂ ਬੜੇ ਗੌਰ ਨਾਲ ਦੇਖ ਰਿਹੈਂ?

ਮੈਨੂੰ, ਉਸ ਦੇ ਬੋਲ ਸੁਣਦਿਆਂ ਯਾਦ ਆ ਗਿਆ, ਮੈਂ ਉਸ ਨੂੰ ਜਵਾਬ ਦੇਂਦੇ ਕਿਹਾ, ਤੁਸੀਂ ਖਾਲਸਾ ਕਾਲਜ ਵਿੱਚ ਨਹੀਂ ਪੜ੍ਹਦੇ ਸੀ?

ਉਸ ਨੌਜਵਾਨ ਨੇ ਮੇਰੇ ਵੱਲ ਹੈਰਾਨਗੀ ਨਾਲ ਦੇਖਦਿਆਂ ਕਿਹਾ, ਹਾਂ ਜੀ! ਤੈਨੂੰ ਕਿਵੇਂ ਪਤੈ?

ਮੈਂ ਉਸ ਨੂੰ ਬਿਨਾਂ ਝਿਜਕ ਕਿਹਾ, ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਵਾਏ ਗਏ ਇਕ ਪ੍ਰੋਗਰਾਮ ਵਿੱਚ ਤੁਸੀਂ ਪੁੱਛ-ਗਿੱਛ ਵਾਲੇ ਮੇਜ ਨਾਲ ਲੱਗੀ ਕੁਰਸੀ 'ਤੇ ਬੈਠੇ ਕੰਮ ਕਰ ਰਹੇ ਸੀ ਤਾਂ ਤੁਹਾਡੀ ਕੋਈ ਮੁੰਡਾ ਫੋਟੋ ਖਿੱਚਣ ਲੱਗਾ ਸੀ ਤਾਂ ਤੁਸੀਂ ਕਿਹਾ ਸੀ ਯਾਰ ਫੋਟੋ ਰਹਿਣ ਦੇ ਤੇਰੇ ਕੋਲ ਆਉਣ ਤੋਂ ਪਹਿਲਾਂ, ਇਹ ਫੋਟੋ ਕਿਧਰੇ ਹੋਰ ਪੁੱਜ ਜਾਣੀ ਹੈ ਯਾਦ ਹੈ ਤੁਸੀਂ ਕਿਹਾ ਸੀ, ਕਿ ਨਹੀਂ?

ਇਹ ਗੱਲ ਉਸ ਨੌਜਵਾਨ ਨੂੰ ਵੀ ਯਾਦ ਆ ਗਈ ਤੇ ਉਹ ਬੋਲਿਆ, ਬੜੀ ਤੇਜ ਆ ਤੇਰੀ ਯਾਦ ਰੱਖਣ ਦੀ ਸ਼ਕਤੀ ਇਹ ਤਾਂ ਕਈ ਸਾਲ ਪੁਰਾਣੀ ਗੱਲ ਹੈ ਪਰ ਸਿੰਘਾ! ਇਹ ਸਭ ਤੈਨੂੰ ਕਿਵੇਂ ਪਤੈ, ਤੂੰ ਉੱਥੇ ਹੀ ਸੀ?

ਮੈਂ ਬੜੇ ਸਵੈਮਾਣ ਨਾਲ ਜਵਾਬ ਦੇਂਦੇ ਕਿਹਾ, ਜੀ ਮੈਂ ਕ੍ਰਿਪਾਲ ਸਿੰਘ ਬਸਤੀ ਸ਼ੇਖ ਵਾਲਿਆਂ ਨਾਲ ਪ੍ਰਿਥੀਪਾਲ ਸਿੰਘ ਹੁਰਾਂ ਨੂੰ ਮਿਲਣ ਆਇਆ ਸੀ।

ਇਨ੍ਹਾਂ ਦੋਹਾਂ ਨਾਵਾਂ ਨੂੰ ਮੇਰੇ ਮੂੰਹ ਤੋਂ ਸੁਣ ਉਹ ਦੋਵੇਂ ਨੌਜਵਾਨ ਸਾਵਧਾਨ ਹੋ ਗਏ।

ਹੁਣ ਉਸ ਨੌਜਵਾਨ ਦੀ ਥਾਂ ਦੂਜਾ ਨੌਜਵਾਨ ਆਪਣੇਪਣ ਨਾਲ ਮੈਨੂੰ ਛੋਟੇ ਭਰਾ ਵਾਂਗ ਸਮਝਾਉਂਦੇ ਕਹਿਣ ਲੱਗਾ ਪਿਆ, ਕਾਕਾ ਸਾਨੂੰ ਨਹੀਂ ਪਤਾ ਤੂੰ ਕੌਣ ਹੈਂ ਪਰ ਇਹ ਗੱਲ ਕਿਸੇ ਹੋਰ ਸਾਹਮਣੇ ਦੁਬਾਰਾ ਨਾ ਕਰੀਂ, ਸਮਾਂ ਬਹੁਤ ਖ਼ਰਾਬ ਚੱਲ ਰਿਹੈ, ਜੋ ਕੁਝ ਵੀ ਤੂੰ ਸਾਡੇ ਬਾਰੇ ਜਾਂ ਕਿਸੇ ਹੋਰ ਬਾਰੇ ਜਾਣਦੈਂ ਤਾਂ ਭੁੱਲ ਜਾ।

ਥੋੜ੍ਹੀ ਦੇਰ ਚੁੱਪ ਰਹੀ ਚਾਹ ਦੇ ਕੱਪ ਹੁਣ ਦੋ ਦੀ ਥਾਂ ਤਿੰਨ ਆ ਗਏ। ਮੇਰੇ ਵੱਲੋਂ ਛੋਟੀ ਉਮਰ ਤੇ ਸਾਫਗੋਈ ਨਾਲ ਕੀਤੀ ਗੱਲਬਾਤ ਤੋਂ ਦੋਨੋਂ ਬਹੁਤ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ।

ਉਹ ਮੇਰੇ ਬਾਰੇ ਕੁਝ ਹੋਰ ਪੁੱਛਦੇ ਪਰ ਮੈਂ ਆਪ ਹੀ ਆਪਣੇ ਬਾਰੇ ਦੱਸਣਾ ਸ਼ੁਰੂ ਕੀਤਾ, ਮੇਰਾ ਨਾਮ ਕਮਲਜੀਤ ਸਿੰਘ ਹੈ ਪਰ ਘਰ ਵਿੱਚ ਮੈਨੂੰ ਕੰਵਲ ਹੀ ਕਹਿੰਦੇ ਹਨ। ਮੈਂ ਜਲੰਧਰ ਸ਼ਹਿਰ ਵਿੱਚ ਹੀ ਸੰਤ ਨਗਰ, ਲਾਡੋਵਾਲੀ ਰੋਡ 'ਤੇ ਰਹਿੰਦਾ ਹਾਂ ਅਤੇ ਹੁਣ ਮੈਂ ਦੱਸਵੀਂ ਪਾਸ ਕਰਕੇ ਇਸ ਸਕੂਲ ਦੀ ਗਿਆਰਵੀਂ ਕਲਾਸ ਵਿੱਚ ਦਾਖਲਾ ਲਿਆ ਹੈ। ਐਨਾਂ ਕਹਿ ਮੈਂ ਚੁੱਪ ਕਰ ਗਿਆ।

ਫਿਰ ਸਵਾਲ ਕਰਨ ਵਾਲੇ ਨੌਜਵਾਨ ਨੇ ਆਪਣੀ ਜਾਣ-ਪਹਿਚਾਣ ਕਰਵਾਉਂਦੇ ਦੂਜੇ ਨੌਜਵਾਨ ਵੱਲ ਹੱਥ ਕਰਕੇ ਕਿਹਾ, ਇਹ ਵਰਿੰਦਰ ਸਿੰਘ ਤੇ ਮੈਂ ਨਰਿੰਦਰ ਸਿੰਘ ਹਾਂ, ਅਸੀਂ ਇੱਥੇ ਕਾਲਜ ਵਿੱਚ ਬੀ.ਐੱਡ. ਕਰ ਰਹੇ ਹਾਂ। ਐਨੀਂ ਗੱਲ ਕਰ ਕੇ ਉਹ ਵੀ ਉੱਠ ਖੜ੍ਹੇ ਹੋਏ।


ਉਨ੍ਹਾਂ ਦੋਵਾਂ ਨੇ ਮੇਰੇ ਨਾਲ ਹੱਥ ਮਿਲਾਏ ਤੇ ਜਾਣ ਲੱਗਿਆਂ ਵਰਿੰਦਰ ਸਿੰਘ ਨੇ ਪੁੱਛਿਆ, ਕਮਲਜੀਤ ਸਿੰਘ ਕਿਹੜੇ ਵਿਸ਼ੇ ਵਿੱਚ ਦਾਖਲਾ ਲਿਆ?

ਮੈਂ ਸਤਿਕਾਰ ਨਾਲ ਜਵਾਬ ਦੇਂਦੇ ਕਿਹਾ, ਵੀਰ ਜੀ ਆਰਟਸ ਵਿੱਚ ਲਿਐ।

ਫਿਰ ਜਾਂਦੇ-ਜਾਂਦੇ ਦੋਵਾਂ ਨੇ ਇਕੱਠੇ ਹੀ ਕਿਹਾ, ਚੱਲ ਚੰਗੀ ਗੱਲ ਹੈ, ਮਨ ਲਾ ਕੇ ਪੜ੍ਹਾਈ ਕਰ ਤੇ ਵਿਹਲੇ ਸਮੇਂ ਮਿਲਦਾ ਰਿਹਾ ਕਰ।

ਮੈਂ ਵੀ ਕਲਾਸ ਵਿੱਚ ਜਾ ਕੇ ਅੱਜ ਆਪਣੇ ਪਹਿਲੇ ਦਿਨ ਦੀ ਹਾਜ਼ਰੀ ਲੁਆਈ। ਅੱਜ ਪਹਿਲਾ ਦਿਨ ਹੋਣ ਕਰਕੇ ਪੜ੍ਹਾਈ ਨਾਮਾਤਰ ਹੀ ਹੋਈ। ਪੰਜ ਅਲੱਗ-ਅਲੱਗ ਵਿਸ਼ੇ ਪੜ੍ਹਾਉਣ ਵਾਲੇ ਅਧਿਆਪਕਾਂ ਵਿੱਚ ਤਿੰਨ ਮਹਿਲਾ ਅਧਿਆਪਕਾ ਸਨ ਤੇ ਦੋ ਮਰਦ ਅਧਿਆਪਕ ਸਨ। ਸਾਰੇ ਅਧਿਆਪਕਾਂ ਨੇ ਵਿੱਦਿਆਰਥੀਆਂ ਨਾਲ ਜਾਣ-ਪਹਿਚਾਣ ਹੀ ਕੀਤੀ। ਹਰ ਪੀਰੀਅਡ ਵਿੱਚ ਸਭ ਅਧਿਆਪਕਾਂ ਨੇ ਵਾਰੋ-ਵਾਰੀ ਆਪਣੇ ਨਾਲ ਲਿਆਂਦੇ ਹਾਜ਼ਰੀ ਰਜਿਸਟਰਾਂ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਲਾਈ ਤਾਂ ਇਹ ਸਭ ਲਈ ਨਵੀਂ ਗੱਲ ਸੀ। ਦੱਸਵੀਂ ਤੱਕ ਤਾਂ ਇਕ ਹੀ ਕਲਾਸ ਦਾ ਇੰਚਾਰਜ ਮਾਸਟਰ ਹੀ ਪਹਿਲੇ ਪੀਰੀਅਡ ਹਾਜ਼ਰੀ ਲਾਉਂਦਾ ਹੁੰਦਾ ਸੀ। ਹੁਣ ਹਰ ਵਾਰ ਹਾਜ਼ਰੀ ਕਿਉਂ ਲਈ ਜਾਂਦੀ ਹੈ? ਇਸ ਦੀ ਸਮਝ ਥੋੜ੍ਹੇ ਦਿਨਾਂ ਵਿੱਚ ਆ ਗਈ ਸੀ, ਕਿਉਂਕਿ ਇਹ ਵੱਡਾ ਸਕੂਲ ਸੀ ਕਾਲਜ-ਨੁਮਾ। ਅਗਲੀ ਕਲਾਸ ਲਾਉਣੀ ਜਾਂ ਨਹੀਂ ਇਹ ਵਿੱਦਿਆਰਥੀਆਂ 'ਤੇ ਡਿਪੈਂਡ ਕਰਦਾ ਸੀ। ਫਿਰ ਸਮਾਂ ਪੂਰਾ ਹਣ 'ਤੇ ਸਾਰੇ ਵਿੱਦਿਆਰਥੀ ਕਲਾਸ ਵਿੱਚੋਂ ਬਾਹਰ ਆ ਗਏ। ਜੋ ਵੀ ਸਾਈਕਲ 'ਤੇ ਆਇਆ ਸੀ ਉਹ ਸਾਈਕਲ ਸਟੈਂਡ ਵੱਲ ਤੁਰ ਪਿਆ। ਕਈ ਮੁੰਡਿਆਂ ਦੀ ਆਪਸ ਵਿੱਚ ਦੋਸਤੀ ਵੀ ਹੋ ਗਈ ਸੀ। ਉਹ ਟੋਲੀਆਂ ਬਣਾ ਇਕ ਦੂਜੇ ਨਾਲ ਗੱਲਾਂ ਮਾਰਨ ਲੱਗ ਪਏ ਸਨ। ਪਰ ਮੇਰਾ ਕੋਈ ਐਸਾ ਦੋਸਤ ਨਹੀਂ ਬਣਿਆ ਸੀ। ਜਿਸ ਨਾਲ ਖੜ੍ਹਾ ਹੋ ਮੈਂ ਕੋਈ ਗੱਲਬਾਤ ਕਰਦਾ। ਇਸ ਲਈ ਮੈਂ ਸਾਈਕਲ ਸਟੈਂਡ 'ਤੇ ਜਾ ਆਪਣਾ ਸਾਈਕਲ ਚੁੱਕ ਘਰ ਵੱਲ ਤੁਰ ਪਿਆ। ਰਾਹ ਵਿੱਚ ਜਾਂਦਿਆਂ ਮੈਨੂੰ ਦੋਵਾਂ ਦਾ ਖ਼ਿਆਲ ਆਇਆ ਤਾਂ ਮੈਨੂੰ ਉਨ੍ਹਾਂ ਦੋਵਾਂ ਵਿੱਚੋਂ ਆਪਣੇ ਵਿੱਛੜ ਗਏ ਕ੍ਰਿ-ਪਾਲ ਸਿੰਘ ਵਰਗੇ ਵੱਡੇ ਵੀਰਾਂ ਵਰਗਾ ਅਹਿਸਾਸ ਹੋ ਰਿਹਾ ਸੀ।

ਚਲਦਾ......




ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।
ਫ਼ੋਨ ਨੰਬਰ: 01332 372851

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 29 'ਤੇ ਪੜ੍ਹੋ**

**700. ਪ੍ਰਭੂ ਕਿੱਦਾਂ ਪ੍ਰਗਟ ਹੁੰਦਾ ਹੈ?**

ਪ੍ਰਭੂ ਨੇ ਕਿਰਪਾ ਕੀਤੀ ਤੇ ਮੇਰੇ ਅੰਦਰ ਪ੍ਰਗਟ ਹੋ ਗਿਆ । "ਕਰਿ ਕਿਰਪਾ ਹਰਿ ਪਰਗਟੀ ਆਇਆ ॥ ਅੰਗ 375" । ਸਾਰੀਆਂ ਜਗ੍ਹਾਂ 'ਚ ਸਮਾਇਆ ਹੋਇਆ ਮਾਲਕ ਪ੍ਰਭੂ ਆਪ ਹੀ ਗੁਰੂ ਅਨੁਸਾਰੀ ਨੂੰ ਪ੍ਰਗਟ ਹੋ (ਪ੍ਰਤੱਖ ਦਿਸ) ਜਾਂਦਾ ਹੈ । "ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥ ਅੰਗ 542" । ਸ੍ਰਿਸ਼ਟੈ ਦੇ ਜਾਣਨਹਾਰ ਪ੍ਰਭੂ ਦੇ ਸੁੰਦਰ ਗੁਣ ਸਦਾ ਗਾ ਕੇ ਕਲਿਆਣ ਸਰੂਪ ਪ੍ਰਭੂ ਪ੍ਰਗਟ ਹੋ ਗਏ । "ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣ ਮੈ ਪਰਗਟ ਭਏ ॥ ਅੰਗ 547" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਕੋਈ ਵਿਰਲਾ ਹੀ ਐਸਾ ਜੋਗੀ ਹੈ ਜਿਸਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਹੁੰਦਾ ਹੈ। "ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥2॥ ਅੰਗ 556"। ਹੇ ਨਾਨਕ! ਪਿਆਰਾ ਪ੍ਰਭੂ ਗੁਪਤ ਹੋ ਕੇ ਵਰਤ ਰਿਹਾ ਹੈ, ਗੁਰੂ ਅਨੁਸਾਰੀ ਨੂੰ ਉਹ ਪ੍ਰਗਟ (ਜ਼ਾਹਿਰ) ਹੋ ਜਾਂਦਾ ਹੈ । "ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ ॥4॥2॥ ਅੰਗ 605" । ਗੁਰੂ ਦੀ ਮਤਿ ਰਾਹੀਂ ਪ੍ਰਭੂ ਹਿਰਦੇ ਵਿਚ ਪ੍ਰਗਟ ਹੋ ਜਾਂਦਾ ਹੈ । "ਗੁਰਮਤੀ ਘਟਿ ਪਰਗਟੁ ਹੋਇ॥ ਅੰਗ 663" । ਮੈਨੂੰ ਪ੍ਰਭੂ ਦੇ ਅੰਮ੍ਰਿਤ ਬਚਨ ਸੁਣਾਓ, ਗੁਰੂ ਦੇ ਮਿਲਾਪ ਰਾਹੀਂ ਪ੍ਰਭੂ (ਹਿਰਦੇ) ਵਿਚ ਪ੍ਰਗਟ ਹੋ ਜਾਂਦਾ ਹੈ । "ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ ॥2॥ ਅੰਗ 698" । ਸਭ ਜੀਵਾਂ ਦਾ ਇਕ ਹੀ ਪ੍ਰਭੂ ਹੈ, ਹੋਰ ਕੋਈ ਦੂਜਾ ਨਹੀਂ । ਗੁਰੂ ਦੀ ਕਿਰਪਾ ਨਾਲ਼ ਜਦੋਂ ਪ੍ਰਭੂ ਮਨ ਵਿਚ ਵਸ ਜਾਂਦਾ ਹੈ ਤਾਂ ਉਹ ਹਿਰਦੇ ਵਿਚ ਪ੍ਰਗਟ ਹੋ ਜਾਂਦਾ ਹੈ । "ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥5॥ ਅੰਗ 757" । ਗੁਰੂ ਅਨੁਸਾਰੀ ਨੂੰ ਪ੍ਰਭੂ ਪਾਤਿਸ਼ਾਹ ਪ੍ਰਗਟ ਹੋ ਜਾਂਦਾ ਹੈ । "ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਅੰਗ 878" । ਕੋਈ ਗੁਰੂ ਅਨੁਸਾਰੀ ਹੀ ਗੁਰੂ ਦੇ ਸੱਚੇ ਸ਼ਬਦ ਨੂੰ ਵਿਚਾਰਦਾ ਹੈ । ਸਤਿਗੁਰੂ ਦੀ ਸੱਚੀ ਬਾਣੀ ਰਾਹੀਂ ਸਦਾ ਥਿਰ ਪ੍ਰਭੂ (ਉਸ ਦੇ ਹਿਰਦੇ ਵਿਚ) ਪ੍ਰਗਟ ਹੋ ਜਾਂਦਾ ਹੈ । "ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ ਅੰਗ 946" । ਜਿਸਤੇ ਪ੍ਰਭੂ ਕਿਰਪਾ ਕਰਦਾ ਹੈ ਉਸਨੂੰ ਪ੍ਰਗਟ ਹੋ (ਪ੍ਰਤੱਖ ਦਿਸ) ਜਾਂਦਾ ਹੈ । "ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥14॥ ਅੰਗ 931" । ਪ੍ਰਭੂ ਨੇ ਆਪ ਹੀ ਸ੍ਰਿਸ਼ਟੀ ਸਾਜੀ ਹੈ ਤੇ ਆਪ ਹੀ (ਉਸ ਸ੍ਰਿਸ਼ਟੀ ਵਿਚ ਉਸ ਨੇ ਆਪਣੇ ਆਪ ਨੂੰ) ਲੁਕਾਇਆ ਹੋਇਆ ਹੈ । ਗੁਰੂ ਦੀ ਸੇਵਾ (ਭਾਵ ਸ਼ਬਦ ਵਿਚਾਰ) ਰਾਹੀਂ ਉਸ ਪ੍ਰਭੂ ਦੀ ਸੂਝ ਪੈਂਦੀ ਹੈ ਤੇ ਸੱਚਾ ਪ੍ਰਭੂ ਪ੍ਰਗਟ ਹੋ ਜਾਂਦਾ ਹੈ । "ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥ ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ॥ ਅੰਗ 955" ॥ ਇਕ ਪ੍ਰਭੂ ਹੀ ਸਭ ਜੀਵਾਂ ਵਿਚ ਮੌਜੂਦ ਹੈ ਅਤੇ ਗੁਰੂ ਦੀ ਕਿਰਪਾ ਨਾਲ ਉਹ ਪਰਗਟ ਹੁੰਦਾ ਹੈ । "ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਅੰਗ 1049" । ਪ੍ਰਭੂ ਆਪ ਹੀ ਸ੍ਰਿਸ਼ਟੀ ਪੈਦਾ ਕਰਦਾ ਹੈ ਅਤੇ ਆਪ ਹੀ ਉਸ ਦੀ ਸੰਭਾਲ ਕਰਦਾ ਹੈ, ਉਹ ਹਰੇਕ ਹਿਰਦੇ ਵਿਚ ਲੁਕਿਆ ਹੋਇਆ ਹੈ, ਗੁਰੂ ਅਨੁਸਾਰੀਆਂ ਤੇ ਸੰਤ ਜਨਾਂ ਨੂੰ ਉਹ ਪ੍ਰਗਟ ਹੋ ਜਾਂਦਾ ਹੈ; ਭਾਵ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ । "ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥ ਅੰਗ 1171" । ਹੇ ਕਬੀਰ! ਰੱਬ ਦੀ ਬੰਦਗੀ ਕਰ ਜਿਸਦਾ ਸਿਮਰਨ ਕੀਤਿਆਂ ਜਨਮ ਮਰਨ ਦਾ ਦੁਖ ਦੂਰ ਹੁੰਦਾ ਹੈ । ਦਿਲ ਵਿਚ ਰੱਬ ਪ੍ਰਗਟ ਹੋ ਜਾਂਦਾ ਹੈ ਅਤੇ ਤ੍ਰਿਸ਼ਨਾ ਦੀ ਬਲਦੀ ਅੱਗ ਬੁਝ ਜਾਂਦੀ ਹੈ । "ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥ ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ॥186॥ ਅੰਗ 1374" । ਖਸਮ-ਪ੍ਰਭੂ ਸਾਰੇ ਹੀ ਹਿਰਦਿਆਂ ਵਿਚ ਵਸਦਾ ਹੈ । ਕੋਈ ਭੀ ਹਿਰਦਾ ਐਸਾ ਨਹੀਂ ਹੈ ਜੋ ਖਸਮ-ਪ੍ਰਭੂ ਤੋਂ ਬਿਨਾ ਹੋਵੇ । ਹੇ ਨਾਨਕ! ਉਹ ਗੁਰੂ ਅਨੁਸਾਰੀ ਜੀਵ-ਇਸਤ੍ਰੀਆਂ ਸੁਹਾਗ ਵਾਲ਼ੀਆਂ ਹਨ ਜਿਨ੍ਹਾਂ ਦੇ ਅੰਦਰ (ਉਹ ਖਸਮ-ਪ੍ਰਭੂ) ਪ੍ਰਗਟ ਹੋ ਜਾਂਦਾ ਹੈ । "ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ ॥19॥ ਅੰਗ 1412" । ਮੈਂ ਜਿਥੇ ਵੀ ਦੇਖਦਾ ਹਾਂ, ਉਥੇ ਇਕ ਪਰਮਾਤਮਾ ਹੀ ਹੈ, ਪਰ ਗੁਰੂ ਅਨੁਸਾਰੀ ਨੂੰ ਹੀ ਉਹ ਪ੍ਰਗਟ ਹੁੰਦਾ ਹੈ । "ਜਹ ਦੇਖਾ ਤਹ ਏਕੁ ਹੈ ਗੁਰਮੁਖਿ ਪਰਗਟੁ ਹੋਇ ॥8॥ ਅੰਗ 1413" ।

ਦਾਸ ਨਾਨਕ ਉਹਨਾਂ ਤੋਂ ਕੁਰਬਾਨ ਜਾਂਦਾ ਹੈ, ਜਿਹਨਾਂ ਦੇ ਹਿਰਦੇ ਘਰ ਵਿਚ ਪ੍ਰਭੂ ਪ੍ਰਗਟ ਹੋ ਜਾਂਦਾ ਹੈ । "ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥4॥2॥15॥ ਅੰਗ 1139" । ਉਹ ਗੁਰੂ ਅਨੁਸਾਰੀ ਵਡਭਾਗੀ ਹਨ ਜਿਹਨਾਂ ਨੂੰ ਪ੍ਰਭੂ ਪ੍ਰਗਟ ਹੋ ਜਾਂਦਾ ਹੈ/ਪ੍ਰਤੱਖ ਦਿੱਸਣ ਲੱਗ ਪੈਂਦਾ ਹੈ । "ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥1॥ ਅੰਗ 1285" ।

**701. ਪ੍ਰਭੂ ਦੀ ਜੋਤਿ ਕਿੱਦਾਂ ਪ੍ਰਗਟ ਹੁੰਦੀ ਹੈ?**

ਗੁਰੂ ਦੇ ਉਪਦੇਸ਼ ਰਾਹੀਂ (ਲੁਕੀ ਹੋਈ) ਜੋਤਿ ਪ੍ਰਗਟ ਹੋ ਜਾਂਦੀ ਹੈ । "ਗੁਰ ਸਾਖੀ ਜੋਤਿ ਪਰਗਟੁ ਹੋਇ ॥4॥2॥ ਅੰਗ 12 ਅਤੇ 663" । ਜੇ ਕੋਈ ਸਮਝੇ ਤਾਂ ਸਾਰੀ ਸ੍ਰਿਸ਼ਟੀ ਵਿਚ ਇਕ ਪਰਮਾਤਮਾ ਦੀ ਹੀ ਜੋਤਿ ਮੌਜੂਦ ਹੈ । ਸਤਿਗੁਰੂ ਦੀ ਸੇਵਾ ਕੀਤਿਆਂ (ਭਾਵ ਗੁਰ ਸ਼ਬਦ ਦੀ ਵਿਚਾਰ ਕੀਤਿਆਂ) ਇਹ ਜੋਤਿ ਪ੍ਰਗਟ ਹੋ ਜਾਂਦੀ ਹੈ; ਭਾਵ ਪ੍ਰਤੱਖ ਦਿੱਸਣ ਲੱਗ ਪੈਂਦੀ ਹੈ । "ਸਭ ਏਕਾ ਜੋਤਿ ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ ਪਰਗਟੁ ਹੋਈ ॥ ਅੰਗ 120" ।

**702. ਮਤਿ ਕਿੱਦਾਂ ਪ੍ਰਗਟ ਹੁੰਦੀ ਹੈ?**

ਹੰਕਾਰ ਦੇ ਵੈਰੀ ਪ੍ਰਭੂ ਦਾ ਨਾਮ ਜਪ ਕੇ (ਮੇਰੀ) ਮੈਲੀ ਮਤਿ ਪ੍ਰਗਟ (ਰੌਸ਼ਨ) ਹੋ ਗਈ ਹੈ । "ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਅੰਗ 163" । ਅਤੇ "ਰਾਮ ਰਮਤ ਮਤਿ ਪਰਗਟੀ ਆਈ॥ ਅੰਗ 326" । ਨਾਮ ਨੂੰ ਮੰਨਣ ਨਾਲ਼ ਭੈੜੀ ਮਤਿ ਦੂਰ ਹੋ ਜਾਂਦੀ ਹੈ ਤੇ (ਚੰਗੀ) ਮਤਿ ਪ੍ਰਗਟ ਹੋ ਜਾਂਦੀ ਹੈ । "ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ ਅੰਗ 1242" ।

**ਚਲਦਾ...**

## ਉੱਤਰੀ ਕੋਰੀਆ ਦਾ ਖ਼ਤਰਨਾਕ ਫੈਸਲਾ: ਸਰਵਉੱਚ ਆਗੂ 'ਤੇ ਹਮਲਾ ਹੋਣ ਦੀ ਸੂਰਤ ਵਿੱਚ ਆਪਣੇ-ਆਪ ਹੋਵੇਗਾ ਪਰਮਾਣੂ ਧਮਾਕਾ



ਪਿਓਂਗਯਾਂਗ: ਉੱਤਰੀ ਕੋਰੀਆ ਨੇ ਆਪਣੀਆਂ ਪ੍ਰਮਾਣੂ ਨੀਤੀਆਂ ਅਤੇ ਸੰਵਿਧਾਨ ਵਿੱਚ ਇੱਕ ਬੇਹੱਦ ਹੈਰਾਨੀਜਨਕ ਅਤੇ ਖ਼ਤਰਨਾਕ ਸੋਧ ਕੀਤੀ ਹੈ। ਨਵੇਂ ਨਿਯਮਾਂ ਅਨੁਸਾਰ, ਜੇਕਰ ਦੇਸ਼ ਦੇ ਸਰਵਉੱਚ ਆਗੂ ਕਿਮ ਜੋਂਗ ਉਨ 'ਤੇ ਕੋਈ ਜਾਨਲੇਵਾ ਹਮਲਾ ਹੁੰਦਾ ਹੈ ਜਾਂ ਕਿਸੇ ਬਾਹਰੀ ਹਮਲੇ ਕਾਰਨ ਉਹ ਦੇਸ਼ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ ਰਹਿੰਦੇ, ਤਾਂ ਉੱਤਰੀ ਕੋਰੀਆ ਦੀ ਫ਼ੌਜ ਵੱਲੋਂ ਤੁਰੰਤ ਅਤੇ ਆਪਣੇ-ਆਪ ਪਰਮਾਣੂ ਹਮਲਾ ਕਰ ਦਿੱਤਾ ਜਾਵੇਗਾ।

ਵਿਦੇਸ਼ੀ ਅਖ਼ਬਾਰਾਂ ਦੀਆਂ ਰਿਪੋਰਟਾਂ ਮੁਤਾ-ਬਕ, ਉੱਤਰੀ ਕੋਰੀਆ ਨੇ ਇਹ ਕਦਮ ਮਾਰਚ ਮਹੀਨੇ ਵਿੱਚ ਇਰਾਨ 'ਤੇ ਹੋਏ ਹਮਲਿਆਂ ਤੋਂ ਬਾਅਦ ਚੁੱਕਿਆ ਹੈ। ਉਨ੍ਹਾਂ ਹਮਲਿਆਂ ਵਿੱਚ ਇਰਾਨ ਦੇ ਵੱਡੇ ਧਾਰਮਿਕ ਆਗੂ ਅਤੇ ਕਈ ਉੱਚ ਅਧਿਕਾਰੀਆਂ ਦੀ ਮੌਤ ਹੋ ਗਈ ਸੀ। ਇਸ ਘਟਨਾ ਨੇ ਉੱਤਰੀ ਕੋਰੀਆ ਦੇ ਹਾਕਮਾਂ ਦੇ ਮਨ ਵਿੱਚ ਡਰ ਪੈਦਾ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਅਮਰੀਕਾ ਜਾਂ ਉਸ ਦੇ ਸਾਥੀ ਦੇਸ਼ ਉਨ੍ਹਾਂ ਦੀ ਉੱਚ ਲੀਡਰਸ਼ਿਪ ਨੂੰ ਨਿਸ਼ਾਨਾ ਬਣਾ ਸਕਦੇ ਹਨ।

ਇਸ ਨਵੀਂ ਸੋਧ ਦਾ ਮੁੱਖ ਮਕਸਦ ਦੁਸ਼ਮਣ ਦੇਸ਼ਾਂ ਨੂੰ ਇਹ ਸੁਨੇਹਾ ਦੇਣਾ ਹੈ ਕਿ ਜੇਕਰ ਉਨ੍ਹਾਂ ਨੇ ਉੱਤਰੀ ਕੋਰੀਆ ਦੇ ਮੁਖੀ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਤਾਂ ਪੂਰੀ ਦੁਨੀਆ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ। ਇਹ ਫੈਸਲਾ ਦੇਸ਼ ਦੀ ਸਰਵਉੱਚ ਸਭਾ ਦੇ ਵਿਸ਼ੇਸ਼ ਸਮਾਗਮ ਦੌਰਾਨ ਲਿਆ ਗਿਆ।

ਦੱਖਣੀ ਕੋਰੀਆ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਵੀ ਇਸ ਬਦਲਾਅ ਦੀ ਪੁਸ਼ਟੀ ਕੀਤੀ ਹੈ। ਮਾਹਰਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਕੋਰੀਆਈ ਖੇਤਰ ਵਿੱਚ ਤਣਾਅ ਹੋਰ ਵਧ ਸਕਦਾ ਹੈ ਅਤੇ ਪਰਮਾਣੂ ਜੰਗ ਦਾ ਖ਼ਤਰਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੰਭੀਰ ਹੋ ਗਿਆ ਹੈ।

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £105 ☐
1 YEAR ---- £205 ☐
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।
NAME.............................................................
ADDRESS.........................................................
..................................POST CODE..........................
TEL.................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




**ਕਿਸ਼ਤ–37**

# ਗੁਰੁ ਬੈਠਾ ਅਮਰੁ ਸਰੂਪ ਹੋਇ




### ਅਨੰਦ ਜੀ ਦਾ ਜਨਮ

ਚੱਲ ਰਹੀ ਸੇਵਾ ਦੌਰਾਨ ਹੀ ਇਕ ਰੋਜ਼ ਗੁਰੂ ਕੇ ਸੇਵਕ ਭਾਈ ਬੱਲੂ ਜੀ ਨੇ ਹਜ਼ੂਰ ਦੇ ਸਪੁੱਤਰ ਸ੍ਰੀ ਮੋਹਰੀ ਜੀ ਦੇ ਘਰ ਬਾਲਕ ਜਨਮਣ ਦੀ ਖ਼ਬਰ ਦਿੱਤੀ। ਪਾਤਸ਼ਾਹ ਜੀ ਨੇ ਸੁਣਦਿਆਂ ਕਿਹਾ, '

'ਬੱਲੂਆ! ਰੂੰ ਵਿਚ ਚੰਗੀ ਤਰਹ ਲਪੇਟ ਬਾਲਕ ਨੂੰ ਸਾਡੇ ਕੋਲ ਲੈ ਕੇ ਆਉ'। ਝਿਜਕਦਿਆਂ ਬੱਲੂ ਹੱਥ ਜੋੜ ਕਹਿਣ ਲੱਗੇ,

'ਪਾਤਸ਼ਾਹ ਜੀ! ਜਨਮ ਨੂੰ ਅਜੇ ਥੋੜਾ ਹੀ ਚਿਰ ਹੋਇਆ ਹੈ, ਮਾਤਾ ਜੀ ਰੋਕਣਗੇ ਨਹੀਂ'?

'ਨਹੀਂ ਬੱਲੂਆ! ਉਨ੍ਹਾਂ ਨੂੰ ਦੱਸ ਦਿਉ ਕਿ ਸਾਡੇ ਘਰ ਸਾਧੂ ਆਇਆ ਹੈ, ਕੋਈ ਫ਼ਿਕਰ ਵਾਲੀ ਗੱਲ ਨਹੀਂ'।

ਹਜ਼ੂਰ ਨੇ ਦੁਹਰਾਇਆ ਤਾਂ ਭਾਈ ਬੱਲੂ ਬੱਚੇ ਨੂੰ ਲੈਣ ਚਲਾ ਗਿਆ।ਜਦੋਂ ਮਾਤਾ ਮਨਸਾ ਦੇਵੀ ਜੀ ਨੂੰ ਗੁਰੂ ਕਾ ਹੁਕਮ ਦੱਸਿਆ ਤਾਂ ਮਾਤਾ ਜੀ ਨੇ ਰੂੰ ਵਿਚ ਚੰਗੀ ਤਰਹ ਲਪੇਟ ਕੇ ਬਾਲਕ ਭਾਈ ਬੱਲੂ ਨੂੰ ਸੰਭਾਲ ਦਿੱਤਾ ਅਰ ਨਾਲ ਹੀ ਸਹਾਇਤਾ ਲਈ ਇਕ ਸੇਵਕਾ ਵੀ ਭੇਜ ਦਿੱਤੀ। ਜੁੜੀ ਸੰਗਤ ਵਿਚ ਗੁਰੂ ਸਾਹਿਬ ਜੀ ਨੇ ਭਾਈ ਜੀ ਕੋਲੋਂ ਬਾਲਕ ਨੂੰ ਲੈ ਲਿਆ ਅਰ ਬਾਲਕ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੇ,

'ਜੀ ਆਇਆਂ! ਕਰਤਾਰ ਦਾ ਸ਼ੁਕਰ ਹੈ ਜਿਸ ਨੇ ਸਾਡੇ ਘਰ ਇਕ ਸਾਧੂ ਨੂੰ ਭੇਜਿਆ ਹੈ'।

ਇਹ ਸੁਣ ਕੇ ਭਾਈ ਜੀ ਨੇ ਕਿਹਾ,

'ਪਾਤਸ਼ਾਹ ਜੀ! ਇਹ ਸਾਧੂ ਕੌਣ ਹੈ? ਸਾਨੂੰ ਵੀ ਕੁਝ ਦੱਸੋ'। ਹਜ਼ੂਰ ਦੱਸਣ ਲਗੇ,

'ਭਾਈ! ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਪਿਛਲੇ ਸਾਲ ਇਥੇ ਇਕ ਸਾਧੂ ਆਇਆ ਸੀ। ਕੁਝ ਦਿਨ ਠਹਿਰਣ ਬਾਦ ਉਸ ਨੇ ਬੇਨਤੀ ਕੀਤੀ ਕਿ ਉਸ ਨੇ ਬੀਤੇ ਸਮੇਂ ਵਿਚ ਬਹੁਤ ਕਰੜੀ ਸਾਧਨਾ ਕੀਤੀ ਹੈ ਪਰ, ਮਨ ਅੰਦਰ ਓਹ ਵਿਗਾਸ ਨਹੀਂ ਆਇਆ ਜਿਸ ਲਈ ਉਹ ਸਾਰਾ ਕੁਝ ਕਰਦਾ ਰਿਹਾਂ, ਆਪ ਦੀ ਹਜ਼ੂਰੀ ਵਿਚ ਆ ਕੇ ਮੈਨੂੰ ਮਹਿਸੂਸ ਹੋਇਆ ਹੈ ਕਿ ਆਪ ਜੀ ਹੀ ਮੇਰੀ ਭਾਵਨਾ ਪੂਰੀ ਕਰ ਸਕਦੇ ਹੋ। ਸੋ, ਪਾਤਸ਼ਾਹ ਜੀ ਹੁਣ ਆਪ ਜੀ ਮੈਨੂੰ ਜਾਚਕ ਨੂੰ ਓਸ ਆਨੰਦ ਦੀ ਦਾਤ ਬਖ਼ਸ਼ੋ'। ਉਸ ਦੀ ਨਿਰਮਲ ਭਾਵਨਾ ਜਾਣਦਿਆਂ ਅਸੀਂ ਬਚਨ ਕੀਤਾ ਸੀ -ਭਾਈ! ਤੁਹਾਡਾ ਸਰੀਰ ਹੁਣ ਛੁੱਟਣ ਵਾਲਾ ਹੈ, ਕਰਤਾਰ ਕੋਲ ਅਰਦਾਸ ਕਰੋ ਕਿ ਉਹ ਤੁਹਾਨੂੰ ਸਾਡੇ ਕੋਲ ਭੇਜ ਦੇਵੇ, ਤੁਹਾਡੀ ਇਹ ਭਾਵਨਾ ਵੀ ਕਰਤਾਰ ਪੂਰੀ ਕਰ ਦੇਵੇਗਾ। ਸੋ, ਉਹ ਸਾਧੂ ਹੀ ਹੁਣ ਸਾਡੇ ਘਰ ਕਰਤਾਰ ਨੇ ਭੇਜ ਦਿੱਤਾ ਹੈ, ਸ਼ੁਕਰ ਹੈ'।

'ਤੁਸੀਂ ਦੱਸੋ ਹੁਣ ਇਸ ਨੂੰ ਕੀਹ ਦੇਈਏ'? ਹਜ਼ੂਰ ਨੇ ਪੁੱਛਿਆ ਤਾਂ ਬੱਲੂ ਕਹਿਣ ਲੱਗੇ,

'ਸਾਹਿਬ ਜੀ! ਆਪ ਜਾਣੀ ਜਾਣ ਹੋ, ਬੇਅੰਤ ਹੋ, ਸਭਨਾਂ ਦੀਆਂ ਭਾਵਨਾਵਾਂ ਪੂਰੀਆਂ ਕਰਦੇ ਹੋ, ਇਸ ਨੂੰ ਵੀ ਉਹ ਕੁਝ ਬਖ਼ਸ਼ ਦਿਹੁ ਜੋ ਭਾਵਨਾ ਲੈ ਕੇ ਇਹ ਆਇਆ ਹੈ'।

'ਹਲਾ? ਚੰਗਾ ਬੱਲੂਆ! ਇਹ ਆਨੰਦ ਦੀ ਭਾਲ ਵਿਚ ਸੀ ਅਸੀਂ ਇਸ ਦਾ ਨਾਂ ਹੀ 'ਅਨੰਦ' ਰੱਖਦੇ ਹਾਂ ਅਰ ਇਸ ਬਹਾਨੇ ਅਸੀਂ ਆਪਣੀਆਂ ਸੰਮੂਹ ਸੰਗਤਾਂ ਲਈ ਇਕ ਬਾਣੀ ਦੀ ਰਚਨਾ ਵੀ ਕਰਦੇ ਹਾਂ ਜਿਸ ਦਾ ਨਾਂ ਵੀ ਆਨੰਦੁ ਹੋਵੇਗਾ। ਜੋ ਵੀ ਵਿਚਾਰ ਸਹਿਤ ਇਸ ਬਾਣੀ ਦਾ ਜਾਪ ਕਰੇਗਾ, ਉਸ ਨੂੰ ਆਨੰਦ ਪ੍ਰਾਪਤ ਹੋਵੇਗਾ ਅਰ ਸਭ ਕਾਰਜ ਰਾਸ ਹੋਣਗੇ'।

ਮਹਲਾ 3॥
ਪਰਥਾਇ ਸਾਖੀ ਮਹਾਪੁਰਖ ਬੋਲਦੇ
ਸਾਝੀ ਸਗਲ ਜਹਾਨੈ॥
ਗੁਰਮੁਖਿ ਹੋਇ ਸੁ ਭਉ ਕਰੇ
ਆਪਣਾ ਆਪੁ ਪਛਾਣੈ॥
ਗੁਰ ਪਰਸਾਦੀ ਜੀਵਤੁ ਮਰੈ
ਤਾ ਮਨ ਹੀ ਮਨੁ ਮਾਨੈ॥
ਜਿਨ ਕਉ ਮਨ ਕੀ ਪਰਤੀਤਿ ਨਾਹੀ
ਨਾਨਕ ਸੇ ਕਿਆ ਕਥਹਿ ਗਿਆਨੈ॥1॥
ਗੁ.ਗ੍ਰੰ.ਸਾ. ਪੰਨਾ 647

ਇਹ ਬਚਨ ਕਰਦਿਆਂ ਗੋਦੀ ਵਿਚ ਬਾਲਕ 'ਅਨੰਦ' ਲੈ ਕੇ ਗੁਰੂ ਪਾਤਸ਼ਾਹ ਜੀ ਨੇ ਆਨੰਦੁ ਬਾਣੀ ਉਚਾਰਣ ਕੀਤੀ।

**ਇਤਿਹਾਸਕ ਹਵਾਲੇ:**

ਦੋਹਰਾ॥
ਸਭ ਕਾਰਜ ਯਾ ਤੇ ਸਿਧ ਹੋਇ
ਜੋ ਪੜ੍ਹੇ ਕਰ ਪ੍ਰੇਮ ਪ੍ਰਤੀਤ।
ਮੰਗਲ-ਮੂਲ ਬਾਨੀ ਬਨੀ
ਸੁਖਦਾਇਕ ਭਗਤ ਬਿਨੀਤ।21॥17॥
ਮ.ਪ੍ਰ.

'ਭੁਗਤਿ ਮੁਕਤਿ ਕੀ ਇਹ ਫ਼ਲ ਦਾਇਕ।
('ਇਹ ਬਾਣੀ ਦੋਵੇਂ ਲੋਕ ਸਫ਼ਲ ਅਰ)
ਪਾਯ ਪਦਾਰਥ ਸਹਜ ਸੁਭਾਇਕ।
(ਸਭ ਕੁਝ ਸਹਜੇ ਪ੍ਰਾਪਤੀ ਕਰਨ)
ਰਚੀ ਹੇਤੁ ਸਿੱਖਨ ਕਲਿਆਨ।
(ਪਰਮ ਸੁਖ ਦੇਣ ਲਈ ਰਚੀ ਹੈ)
ਪਠਹਿੰ ਸੁਨਹਿੰ ਸੁਖ ਲਹਹਿੰ ਮਹਾਨ।20॥
(ਪੜ੍ਹਨ ਸੁਨਨ ਵਾਲੇ ਬਹੁਤ ਆਨੰਦ ਲੈਣਗੇ)
ਸਭਿ ਕਾਰਜ ਕੀ ਸਿਧੀ ਦੇਤਿ।
(ਸਾਰੇ ਕਾਰਜਾਂ ਨੂੰ ਸਫ਼ਲ ਕਰੇਗੀ)
ਜੋ ਇਸ ਧਾਰਹਿ ਪ੍ਰੇਮ ਸਮੇਤ।
(ਜੋ ਵੀ ਪ੍ਰੇਮ ਸਹਿਤ ਪੜ੍ਹੇਗਾ)
ਸਭਿ ਮੰਗਲ ਕੇ ਆਦਿ ਪਢੀਜੈ।
(ਸਭ ਕਾਰਜਾਂ ਦੇ ਆਰੰਭ ਵਿਚ ਪੜ੍ਹੋ)
ਪੂਰਨ ਹੋਇ
ਨਿਰਬਿਘਨ ਲਹੀਜੈ'।21॥59॥ਰਾਸ 1
(ਨਿਰਵਿਘਨ ਸਿਰੇ ਚੜ੍ਹਨਗੇ')

ਸੰਮਤ 1611 ਕਤਕ ਦੀ ਚੌਧਵੀਂ ਮੋਹਰੀ ਜੀ ਕੇ ਪੁਤ੍ਰ ਜਨਮਿਆ। ਤਿਸ ਕਾ ਨਾਮ ਅਨੰਦ ਧਰਿਆ। ਚਾਲੀਹ ਪੌੜੀਆਂ ਆਨੰਦ ਜੀ ਕੀ ਤਿਸ ਪ੍ਰਥਾਇ ਸਾਹਿਬਾਂ ਨੇ ਪ੍ਰਗਟਾਈਆਂ। ਗੁਰਪ੍ਰਨਾਲੀਆਂ,ਪੰਡਿਤ ਗੁਲਾਬ ਸਿੰਘ ਗ੍ਰਿਵੜੀ

ਬਾਵਾ ਮੋਹਰੀ ਜੀ ਦੇ ਤਿੰਨ ਸਪੁੱਤ੍ਰ ਹੋਏ: ਅਰਥ ਮੱਲ, ਅਨੰਦ ਅਤੇ ਅਰਜਾਨੀ ਜੀ। ਇਹ ਤਿੰਨੇ ਹੀ ਸਦਾ ਗੁਰੂ-ਘਰ ਦੇ ਸਹਿਯੋਗੀ ਹੋ ਕੇ ਚਲਦੇ ਰਹੇ ਅਰ ਗੁਰੂ-ਘਰ ਵੱਲੋਂ ਵੀ ਇਨ੍ਹਾਂ ਨੂੰ ਸਦਾ ਮਾਨ-ਸਨਮਾਨ ਪ੍ਰਾਪਤ ਸੀ। ਬਾਵਾ ਸੁੰਦਰ ਜੀ ਜਿਨ੍ਹਾਂ ਦੀ ਸੱਦ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਬਾਵਾ ਅਨੰਦ ਜੀ ਦੇ ਸਪੁੱਤਰ ਸਨ।

ਨੰਦਨੁ ਮੋਹਰੀ ਨਾਮ ਅਨੰਦ।(ਸ੍ਰੀ ਮੋਹਰੀ ਜੀ ਦੇ ਸਪੁਤ੍ਰ ਦਾ ਨਾਂ ਅਨੰਦ ਸੀ)
ਤਿਹ ਨੰਦਨ ਸੁੰਦਰ ਮਤਿਵੰਦ।(ਅਨੰਦ ਦੇ ਸਪੁਤ੍ਰ ਦਾ ਨਾਂ ਸੁੰਦਰ ਸੀ) ਗੁ.ਪ੍ਰ.ਸੂ

ਇਕ ਵਾਰ ਸਨਮਾਨ ਸਹਿਤ ਛੇਵੇਂ ਪਾਤਸ਼ਾਹ ਜੀ ਨੇ ਅਨੰਦ ਜੀ ਨੂੰ ਪਾਲਕੀ ਵਿਚ ਸ੍ਰੀ ਅੰਮ੍ਰਿਤਸਰ ਮੰਗਵਾਇਆ ਸੀ। ਨੌਂਵੇ ਪਾਤਸ਼ਾਹ ਜੀ ਵੱਲੋਂ ਗੁਰਿਆਈ ਦੀ ਸੇਵਾ ਸੰਭਾਲਣ ਸਮੇਂ ਜੁੜੇ ਗੁਰਸਿੱਖ ਆਗੂਆਂ ਵਿਚ ਬਾਵਾ ਅਰਜਾਨੀ ਮੱਲ ਵੀ ਮੌਜੂਦ ਸਨ।

ਵੱਡੇ ਭਾਈ ਬਾਵਾ ਮੋਹਨ ਜੀ ਦੇ ਇਕ ਸਪੁੱਤ੍ਰ ਹੋਏ: ਸੰਸਰਾਮ ਜੀ ਜੋ ਭਾਰੀ ਵਿਦ-ਵਾਨ ਸਨ ਅਰ ਗੁਰਬਾਣੀ ਪੋਥੀਆਂ ਲਿਖਣ ਦੀ ਸੇਵਾ ਕਰਦੇ ਰਹੇ।

### ਸ੍ਰੀ (ਗੁਰੂ) ਰਾਮਦਾਸ ਜੀ

ਚੂਨਾ ਮੰਡੀ, ਲਾਹੌਰ ਨਿਵਾਸੀ ਬਾਬਾ ਹਰਿ ਜੀ ਸੋਢੀ ਦੇ ਪੋਤ੍ਰੇ ਅਥਵਾ ਬਾਬਾ ਠਾਕੁਰ ਦਾਸ ਦੇ ਸਪੁੱਤ੍ਰ ਸੋਢੀ ਹਰਿ ਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ 20 ਕੱਤਿਕ ਸੰਮਤ 1587/ ਸੰਨ 1530 ਨੂੰ ਸ੍ਰੀ (ਗੁਰੂ) ਰਾਮਦਾਸ ਜੀ ਨੇ ਜਨਮ ਲਿਆ। ਕਰਤਾਰ ਨੇ ਕਿਰਪਾ ਕੀਤੀ ਜੁ ਸੰਜੋਗਾਂ ਅਨੁਸਾਰ ਸ੍ਰੀ (ਗੁਰੂ) ਅਮਰਦਾਸ ਜੀ ਦੀ ਪਹਿਲੀ ਸੰਤਾਨ ਧਰਮ-ਮੂਰਤਿ ਪੁੱਤ੍ਰੀ ਸ੍ਰੀ (ਮਾਤ) ਭਾਨੀ ਜੀ (ਜ. ਸੰਮਤ 1590) ਨਾਲ 11 ਫੱਗਣ ਸੰਮਤ 1602/ ਸੰਨ 1545 ਨੂੰ ਵਿਆਹ ਹੋਇਆ।

ਜਦੋਂ ਸ੍ਰੀ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੀ ਆਗਿਆ ਅਨੁਸਾਰ ਗੋਇੰਦਵਾਲ ਵਸਾ ਕੇ ਆਪਣੇ ਸਾਰੇ ਪ੍ਰਵਾਰ ਅਰ ਸਬੰਧੀਆਂ ਨੂੰ ਬਾਸਰ ਕੇ ਤੋਂ ਏਥੇ ਲਿਆ ਵਸਾਇਆ ਤਾਂ ਨਾਲ ਹੀ ਬੀਬੀ ਭਾਨੀ ਜੀ ਅਰ ਸ੍ਰੀ ਜੇਠਾ ਜੀ ਨੂੰ ਵੀ ਏਥੇ ਲੈ ਆਂਦਾ ਜੋ ਵਿਆਹ ਉਪਰੰਤ ਬਾਸਰ ਕੇ ਟਿਕੇ ਹੋਏ ਸਨ। ਗੋਇੰਦਵਾਲ ਹੀ ਸਾਹਿਬਜ਼ਾਦਿਆਂ ਦਾ ਜਨਮ ਹੋਇਆ।

ਇਕ ਹੋਰ ਨੁਕਤਾ ਧਿਆਨ ਵਿਚ ਰੱਖਣਾ ਲੋੜੀਂਦਾ ਹੈ ਕਿ ਆਪ ਜੀ ਨੂੰ ਜੇਠਾ ਕਹਿ ਕੇ ਵੀ ਪੁਕਾਰਿਆ ਜਾਂਦਾ ਇਤਿਹਾਸ ਵਿਚ ਲਿਖਿਆ ਮਿਲਦਾ ਹੈ। ਜੇਠਾ ਸ਼ਬਦ ਦਾ ਅਰਥ ਹੈ ਵੱਡਾ ਜਿਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਆਪ ਜੀ ਦੇ ਛੋਟੇ ਕੁਝ ਭੈਣ-ਭਾਈ ਵੀ ਸਨ। ਲੱਭਦਿਆਂ ਸਾਹਮਣੇ ਆਇਆ ਕਿ ਆਪ ਤੋਂ ਛੋਟੀ ਇਕ ਭੈਣ ਸੀ ਰਾਮਦਾਸੀ ਅਰ ਇਕ ਛੋਟਾ ਭਰਾ ਵੀ ਸੀ ਹਰਦਿਆਲ ਪਰ, ਸ਼ਾਇਦ ਇਹ ਛੇਤੀ ਚਲਾਣਾ ਕਰ ਗਏ ਹੋਣ ਜਿਸ ਕਰ ਕੇ ਉਨ੍ਹਾਂ ਬਾਬਤ ਸਾਨੂੰ ਬਹੁਤਾ ਕੋਈ ਵੇਰਵਾ ਨਹੀਂ ਮਿਲਦਾ।

### ਭਾਨੀ ਜੀ ਨਾਲ ਵਿਆਹ

ਬਿਰਤਾਂਤ ਹੈ ਕਿ ਲਾਹੌਰ ਰਹਿਣ ਦੌਰਾਨ ਇਕ ਵਾਰ ਸ਼ਰੀਕਾਂ ਨਾਲ ਕੁਝ ਵਿਗਾੜ ਹੋ ਜਾਣ ਕਾਰਨ ਪਿਤਾ ਭਾਈ ਹਰਿਦਾਸ ਜੀ ਨੇ ਪੁੱਤ੍ਰ ਰਾਮਦਾਸ ਜੀ ਨੂੰ ਨਾਲ ਲਿਆ ਤੇ ਦਿੱਲੀ ਨੂੰ ਕਾਰੋਬਾਰ ਦੀ ਭਾਲ ਵਿਚ ਤੁਰ ਪਏ। ਬੰਸਾਵਲੀ ਨਾਮੇ ਦੇ ਲੇਖਕ ਅਨੁਸਾਰ ਰਸਤੇ ਵਿਚ ਬਾਸਰ ਕੇ ਤੋਂ ਨੇੜਿਓਂ ਲੰਘਣਾ ਸੀ ਜੋ ਭਾਈ ਹਰਿਦਾਸ ਜੀ ਦਾ ਸਹੁਰਾ ਪਿੰਡ ਸੀ, ਸੋ, ਉਨ੍ਹਾਂ ਨੂੰ ਮਿਲਣ-ਗਿਲਣ ਦੀ ਭਾਵਨਾ ਨਾਲ ਬਾਸਰ ਕੇ ਰੁਕੇ। ਠਹਿਰਣ ਦੌਰਾਨ ਜ਼ਰੂਰ ਲਾਹੌਰ ਦੇ ਬਖੇੜੇ ਦਾ ਵੀ ਜ਼ਿਕਰ ਹੋਇਆ ਹੋਵੇਗਾ ਜਿਸ ਕਾਰਨ ਆਪ ਦਿੱਲੀ ਜਾ ਰਹੇ ਸਨ।

ਚਲੇ ਸੇ ਦਿਲੀ ਸਰੀਕਾਂ ਨਾਲ ਲੜ ਕੇ।
ਆਏ ਗੋਇੰਦਵਾਲ (ਬਾਸਰ ਕੇ) ਰਖੇ ਅਨ ਜਲ ਫੜ ਕੇ।

ਕਰਤਾਰ ਨੂੰ ਕੁਝ ਹੋਰ ਮਨਜ਼ੂਰ ਸੀ। ਇਥੇ ਠਹਿਰਣ ਦੌਰਾਨ ਇਕ ਦਿਨ ਰਾਮਦਾਸ ਜੀ ਨੂੰ ਖੇਡਦਿਆਂ ਹੋਇਆਂ ਨੂੰ ਇਕ ਬ੍ਰਾਹਮਣ ਨੇ ਆਣ ਪੁੱਛਿਆ ਕਿ ਤੁਹਾਡੇ ਪਿਤਾ ਜੀ ਦਾ ਕੀ ਨਾਂ ਹੈ? ਆਪ ਜੀ ਨੇ ਜਦੋਂ ਦੱਸਿਆ ਤਾਂ ਉਸ ਨੇ ਅਗਲਾ ਸੁਆਲ ਕੀਤਾ ਕਿ ਕਿਸ ਪ੍ਰਵਾਰ ਵਿਚੋਂ ਹੋ ਤਾਂ ਆਪ ਜੀ ਉੱਤਰ ਦਿੱਤਾ, 'ਸੋਢੀ'।

ਪ੍ਰੋਹਤ ਲਾਜਮ (ਜ਼ਰੂਰੀ) ਹੋਇ ਪੁਛਿਆ ਲਾਲਾ ਜੀ ਕਿਆ ਹੈ ਜਾਤਿ ਤੇਰੀ।
ਰਾਮਦਾਸ ਜੀ ਬੋਲੇ ਖੇਡਦੇ ਸੋਢੀ ਜਾਤ ਹੈ ਮੇਰੀ।

ਚਲਦਾ.....

## ਕਹਾਣੀ

# ਕੋਰਾ ਕਾਗਜ਼



ਰਣਵੀਰ ਸਿੰਘ ਰਾਣਾ



ਮੈਂ ਜਦੋਂ ਦਾ ਰਿਟਾਇਰ ਹੋਇਆ, ਮੇਰੇ ਕੰਮ ਅੱਗੇ ਨਾਲੋਂ ਵੀ ਵੱਧ ਗਿਆ। ਕੰਮ ਵੱਧਣ ਵਿੱਚ ਮੇਰੀ ਘਰਵਾਲੀ ਦਾ ਕਾਫੀ ਯੋਗਦਾਨ ਸੀ। ਇਹ 'ਪੰਜ ਸੱਤ ਬੀਬੀਆਂ' ਦਾ ਜਥਾ ਕਦੇ ਗੁਰੂ ਘਰ, ਕਦੇ ਕਿਸੇ ਦੇ ਘਰ ਕੀਰਤਨ ਕਰਨ ਜਾਂਦੀਆਂ। ਇਹ ਚੈਰਟੀ ਦਾ ਕੰਮ ਸੀ। ਜੋ ਵੀ ਪੈਸੇ ਕੀਰਤਨ ਦੇ ਬਣਦੇ ਜਿਥੇ ਕਿਤੇ ਲੋੜ ਹੁੰਦੀ ਉਥੇ ਭੇਜ ਦਿੰਦੀਆਂ। ਇਹਨੇ ਗੱਡੀ ਨਾ ਸਿੱਖੀ ਹੋਣ ਕਰਕੇ ਮੈਨੂੰ ਛੱਡ ਕੇ 'ਤੇ ਲੈ ਕੇ ਆਉਣਾ ਪੈਂਦਾ, ਚੈਰਟੀ ਦਾ ਕੰਮ ਕਰਕੇ ਮੇਰੇ ਕੋਲੋਂ ਵੀ ਨਾ ਨਾਂ ਹੁੰਦੀ, ਕਈ ਵਾਰੀ ਸੋਚਦਾ ਚੰਗੇ ਵੇਲੇ ਗੱਡੀ ਸਿਖਾ ਕਿਉਂ ਨਾ ਦਿੱਤੀ? ਮੇਰੇ ਮਿੱਤਰ ਕਈ ਵਾਰੀ ਆਖਦੇ, ਤੂੰ ਚੰਗਾ! ਸਾਡੀ ਤਾਂ ਘਰਵਾਲੀ ਗੱਡੀ ਚੁੱਕਦੀ ਆ, ਕਦੇ ਇਧਰ, ਕਦੇ ਉਧਰ, ਜਾਣੀਂ ਸਾਰੇ ਦੁੱਖੀ ਸੀ। ਪਿਛਲੇ ਸਾਲ ਘਟਨਾ ਕੁਝ ਇਸ ਤਰਾਂ ਵਾਪਰੀ, ਇਹਨਾਂ ਨਾਲ ਕੀਰਤਨ ਕੰਮ ਕਰਦੀ ਪਿਆਰੋ ਇਕ ਦਿਨ ਰੋਡ 'ਤੇ ਤੁਰੀ ਜਾਂਦੀ ਡਿੱਗ ਪਈ। ਰੋਡ 'ਤੇ ਨਵੀਂ ਗੈਸ ਪਾਈਪ ਪਾ ਜਾ ਰਹੀ ਸੀ। ਟੋਏ ਪੁੱਟੇ ਹੋਏ ਸੀ। ਪਤਾ ਨਾ ਲੱਗਾ ਕਿੱਦਾਂ ਡਿੱਗ ਪਈ, ਸੱਟ ਜਿਆਦਾ ਲੱਗ ਗਈ। ਕਈ ਮਹੀਨੇ ਹਸਪਤਾਲ ਰਹੀ, ਤੁਰਨ ਫਿਰਨ ਤੋਂ ਅਸਮਰਥ ਹੋ ਗਈ। ਦੋਵੇਂ ਨੂੰਹਾਂ 'ਤੇ ਪੁੱਤਰਾ ਨੇ ਮਾਂ ਨੂੰ ਸਾਂਭਣ ਤੋਂ ਇਨਕਾਰੀ ਹੋ ਗਏ।

ਆਖ਼ਰਕਾਰ ਇੱਕ ਦਿਨ ਹਸਪਤਾਲ 'ਤੋਂ ਟੈਲੀਫੋਨ ਆ ਗਿਆ, ਆਪਣੀ ਮਾਂ ਨੂੰ ਲੈ ਜਾਵੋ, ਨਹੀਂ ਤਾਂ ਅਸੀਂ ਤੁਹਾਡੇ ਘਰ ਮੂਹਰੇ ਛੱਡ ਜਾਣੀ ਆ, ਅਗਲੀ ਜਿੰਮੇਵਾਰੀ ਤੁਹਾਡੀ ਹੋਵੇਗੀ। ਦੋਵੇਂ ਪੁੱਤਰਾਂ ਨੇ ਇਸ ਦਾ ਵੀ ਹੱਲ ਲੱਭ ਲਿਆ, ਮਾਂ ਨੂੰ 'ਕੇਅਰ ਹੋਮ' ਛੱਡ ਆਏ। ਇਸ 'ਕੇਅਰ ਹੋਮ' ਵਿੱਚ ਆਪਣੇ ਬਜ਼ੁਰਗ ਬੀਬੀਆਂ ਸਨ। ਅੱਜ ਮੇਰੀ 'ਘਰਵਾਲੀ ਵਾਲੀ ਦਾ ਬੀਬੀਆਂ ਦਾ ਜਥਾ' ਪਿਆਰੋ ਨੂੰ ਕੇਅਰ ਹੋਮ ਮਿਲਣ ਜਾਣ ਦਾ ਪ੍ਰੋਗਰਾਮ ਸੀ। ਮੇਰੀ ਡਿਊਟੀ ਸਵੇਰੇ ਦੱਸ ਵਜੇ ਲੱਗ ਗਈ। ਘਰੋਂ ਤੁਰ ਕੇ ਪਹਿਲੀ ਬੀਬੀ ਭਜਨੋ ਘਰ ਤੋਂ ਚੁੱਕੀ, ਉਹ ਗੱਡੀ ਵਿੱਚ ਮਗਰੋਂ ਬੈਠੀ, ਪਹਿਲਾਂ ਹੀ "ਚੁਗਲੀਆਂ ਦੀ ਵਰਖਾ" ਸ਼ੁਰੂ ਕਰ ਦਿੱਤੀ। "ਭੈਣ ਜੀ! ਮੈਂ ਸੁਣਿਆ ਪੁੱਤਾਂ ਨੇ ਕਲੇਮ ਵੱਡਾ ਕੀਤਾ?" ਮੇਰੀ ਘਰਵਾਲੀ ਨੇ ਵੀ ਹਾਂ ਵਿੱਚ ਹਾਂ ਮਿਲਾ ਦਿੱਤੀ। ਗੱਲ ਕਾਹਦੀ! ਇਹਨੀ ਚੁਗਲੀ ਵਿੱਚ ਕਲੇਮ ਵੀ ਦੁਆ ਦਿੱਤਾ, ਨੂੰਹਾਂ ਪੁੱਤਾਂ ਨੂੰ ਵੱਡੇ ਘਰ, 'ਤੇ ਵੱਡੀਆਂ ਗੱਡੀਆਂ ਵੀ ਦੁਆ ਦਿੰਦੀਆਂ।

ਹੁਣ ਅਗਲੀ ਬੀਬੀ ਨਸੀਬ ਕੌਰ ਚੁੱਕਣੀ ਸੀ, ਇਹ ਵੀ ਗੱਡੀ ਵਿੱਚ ਬਹਿੰਦੀ "ਚੁਗਲੀ ਯੁੱਧ" ਵਿੱਚ ਸ਼ਾਮਲ ਹੋ ਗਈ। ਭੈਣ ਜੀ! ਮੈਂ ਸੁਣਿਆ ਇਹਨੇ ਆਪਣੀ ਸੱਸ ਨੂੰ ਵੀ ਜੁੱਤੀ ਵਿੱਚ ਪਾਣੀ ਪਿਆਉਂਦੀਆਂ ਰਹੀ ਆ? ਦਿਉਰਾ ਜੇਠਾ ਨਾਲ ਇਹਦੀ ਨਹੀਂ ਬਣੀ, ਨਣਦ ਨੂੰ ਤਾਂ ਵੇਖ ਦੇ ਸਾਰ ਮੱਥੇ ਵੱਟ ਪਾ ਲੈਂਦੀ ਸੀ। ਸਮਝਦੀ ਤਾਂ ਇਹ ਆਪਣੇ ਆਪ ਨੂੰ ਬਹੁਤ ਸਚਿਆਰੀਆਂ ਸੀ, ਧੇਲਾ ਦੀ ਇਹਨੂੰ ਅਕਲ ਨਹੀਂ ਸੀ। ਇਸ "ਚੁਗਲੀ ਯੁੱਧ" ਚੱਲਦੇ ਵਿੱਚ ਅਸੀਂ ਅਗਲੀ ਬੀਬੀ ਦੇ ਘਰ ਪਹੁੰਚ ਗਏ। ਇਹ ਬੀਬੀ ਵੀ ਗੱਡੀ ਵਿੱਚ ਮਗਰੋਂ ਬੈਠੀ, ਪਹਿਲਾਂ ਪਿਆਰੋ ਦੀ ਪੁਛਾਂ ਮਰੋੜਨ ਲੱਗ ਪਈ। ਵੇਖ ਲਵੋ ਭੈਣ ਜੀ! ਵਾਹਿਗੁਰੂ ਸਭ ਕੁਝ ਵੇਖਦਾ, ਕਿੱਦਾਂ ਆਪਾਂ ਨੂੰ ਲਾ ਲਾ ਸ਼ਬਦ ਪੜਦੀ ਹੁੰਦੀ ਸੀ? ਘੰਟਿਆਂ ਵੱਧੀ ਵਾਜਾਂ ਨਹੀਂ ਛੱਡਦੀ ਹੁੰਦੀ ਸੀ? ਕਿਸੇ ਦੀ ਵਾਰੀ ਨਹੀਂ ਆਉਣ ਦਿੰਦੀ ਹੁੰਦੀ ਸੀ? ਜਦੋਂ ਢੋਲਕੀ ਵਜਾਉਣ ਦੀ ਵਾਰੀ ਆਉਣੀ, ਸੌ ਬਹਾਨੇ ਲਾਉਣੇ? ਜੇ ਵਜਾਉਣੀ, ਤਦ ਸ਼ਬਦ ਹੋਰ ਅਸੀਂ ਪੜਨੇ, ਇਹਨੇ ਢੋਲਕੀ ਹੋਰ ਤਰ੍ਹਾਂ ਵਜਾਉਣੀ? ਰੱਬ ਇਸ ਤਰ੍ਹਾਂ ਲੇਖਾਂ ਲੈਂਦਾ? ਚੰਗਾ ਹੋਇਆ ਨੂੰਹਾਂ ਪੁੱਤਾਂ ਇਹ 'ਕੇਅਰ ਹੋਮ 'ਵਿੱਚ ਸੁੱਟ ਦਿਤੀ, ਇਹੋ ਜਿਹੀ ਘਰ ਰੱਖ ਕੇ ਸਾਂਭਣੀ ਸੌਖੀ ਆ, ਇਹ ਬੀਬੀ ਪਿਆਰੋ ਵਾਰੇ ਉਹ ਗੱਲਾਂ ਕੱਢ ਲਿਆਈ ਜਿਹੜੇ ਸ਼ਾਇਦ "ਸੀਨੀਅਰ ਪੱਤਰਕਾਰ" ਵੀ ਨਹੀਂ ਕੱਢ ਸਕਦੇ ਸੀ।

ਪਿਆਰੋ ਦੀ ਜਨਮ ਤੋਂ ਲੈ ਕੇ ਕੇਅਰ ਹੋਮ ਪਹੁੰਚਣ ਤੱਕ ਸਭ ਕੁੰਡਲੀ ਫਰੋਲ ਮਾਰੀ। ਸ਼ਾਇਦ ਇਹਨਾਂ ਗੱਲਾਂ ਦਾ ਪਿਆਰੋ ਨੂੰ ਵੀ ਨਾ ਪਤਾ ਹੋਵੇ, ਜਿਹੜੀਆਂ ਇਹਨੀਂ ਬੀਬੀਆਂ ਨੇ ਇੱਕ ਦੂਜੇ ਨਾਲ ਸਾਂਝੀਆਂ ਕੀਤੀਆਂ। ਇਹ ਬੀਬੀਆਂ ਨੂੰ ਕਈਂ ਵਾਰੀ ਮੈਂ ਆਪਣੀ ਕਾਰ ਵਿੱਚ ਲਿਫਟ ਦਿੱਤੀ ਸੀ। ਪਰ ਅੱਗੇ ਕਦੇ ਵੀ ਇਹੋ ਜਿਹੀ "ਰਸ-ਭਿੰਨੀ ਚੁਗਲੀ ਲੀਲ੍ਹਾ" ਇਹਨਾਂ ਦੇ ਮੂੰਹੋਂ ਅੱਜ ਤੱਕ ਕਦੇ ਵੀ ਨਹੀਂ ਸੁਣੀ ਸੀ। ਇਹ "ਚੁਗਲੀ ਚਰਚਾ" ਵਿੱਚ ਇਹ ਵੀ ਭੁੱਲ ਗਈਆਂ ਕਿ ਮੈਂ ਵੀ ਗੱਡੀ ਵਿੱਚ ਬੈਠਾ ਹਾਂ। ਇੱਦਾਂ ਚੁਗਲੀਆਂ ਦੀ ਰਫ਼ਤਾਰ ਘੱਟ ਦੀ ਵੱਧਦੀ ਹੁੰਦੀ ਅਸੀਂ ਕੇਅਰ ਹੋਮ ਪਹੁੰਚ ਗਏ। ਹੁਣ ਇਹਨਾਂ ਬੀਬੀਆਂ ਨੇ ਸਿਰਾਂ ਦੀਆਂ ਚੁੰਨੀਆਂ ਠੀਕ ਕਰਕੇ ਇਕ ਦੂਜੀ ਨੂੰ ਆਖਿਆ, ਉਥੇ ਆਪਾਂ ਇਹੋ ਜਿਹੀ ਕੋਈ ਗੱਲ ਨਹੀਂ ਕਰਨੀ, ਆਪਾਂ ਪਿਆਰੋ ਨੂੰ ਹੌਸਲਾ ਦੇਣਾ। ਮੈਂ ਇਹਨਾਂ ਬੀਬੀਆਂ ਨੂੰ ਕੇਅਰ ਹੋਮ ਮੂਹਰੇ ਛੱਡ ਕੇ ਆਪ ਗੱਡੀ ਪਾਰਕ ਵਿੱਚ ਲਾ ਕੇ ਹਾਲ ਵਿੱਚ ਆ ਗਿਆ, ਬੀਬੀਆਂ ਦਾ ਪਿਆਰੋ ਮੂਹਰੇ ਝੁਰਮਟ ਵੇਖ ਕੇ ਮੈਂ ਇੱਕ ਪਾਸੇ ਆ ਗਿਆ। ਮੇਰੇ ਸਾਹਮਣੇ ਇੱਕ ਬੜੀ 'ਉਦਾਸ ਬੀਬੀ' ਆਪਣੇ ਡੂੰਘੇ ਖਿਆਲਾਂ ਵਿੱਚ ਖੋਈ ਹੋਈ ਮੇਰੇ ਨਜ਼ਰੀ ਪਈ, ਮੈਂ ਕੁਰਸੀ 'ਤੇ ਬੈਠਣ ਲੱਗਾ ਰੁਕ ਗਿਆ। ਮਨ ਵਿੱਚ ਕਿਸੇ ਸਿਆਣੇ ਦੇ ਕਹੇ ਬੋਲ ਯਾਦ ਆਏ, "ਕਿਸੇ ਦੁੱਖੀ ਬੰਦੇ ਨਾਲ ਚਾਰ ਮਿੱਠੇ ਬੋਲ ਸਾਂਝੇ ਕਰ ਲੈਣੇ ਇਹ ਅੱਜ ਦੇ ਜ਼ਮਾਨੇ ਵਿੱਚ ਬਹੁਤ ਵੱਡਾ ਕਰਮ ਆ" ਇਹ ਸੋਚ ਕੇ ਮੇਰੇ ਕਦਮ ਉਸ ਬੀਬੀ ਵੱਲ ਨੂੰ ਵਧ ਗਏ, ਮੈਂ ਕੁਰਸੀ ਕੋਲ ਕਰਕੇ 'ਸਤਿ ਸ਼੍ਰੀ ਅਕਾਲ' ਬੁਲਾਈ, ਇਹ ਬੀਬੀ ਜਿੱਦਾ ਡੂੰਘੇ ਖੂਹ ਵਿੱਚੋਂ ਬਾਹਰ ਨਿਕਲੀ ਹੋਵੇ। ਨਾ ਜਾਣ ਨਾ ਪਹਿਚਾਣ ਮੈਨੂੰ ਪਤਾ ਨਾ ਲੱਗੇ ਗੱਲ ਕਿੱਥੇ ਸ਼ੁਰੂ ਕਰਾਂ, ਆਮ ਪੰਜਾਬੀਆਂ ਵਾਂਗ ਮੈਂ ਇਹਦਾ ਪਿੰਡ ਪੁੱਛ ਲਿਆ, ਬੀਬੀ ਦੇ ਮੂੰਹੋਂ ਇਹਦਾ ਪਿੰਡ ਸੁਣ ਕੇ ਮੈਂ ਇਹਦੇ ਨਾਲ ਰਿਸ਼ਤੇਦਾਰੀ ਕੱਢਣ ਵਿੱਚ ਦੇਰ ਨਾ ਲਗਾਈ। ਮੈਂ ਆਖਣ ਲੱਗਾ, ਤੁਹਾਡੇ ਪਿੰਡ ਦਾ ਇੱਕ ਮੁੰਡਾ ਸੁਖਵੀਰ 'ਤੇ ਉਹਦੀ ਭੈਣ ਜਗਿੰਦਰ ਕੌਰ, ਉਹਨਾਂ ਦਾ ਘਰ ਚੜ੍ਹਦੇ ਪਾਸੇ ਹੁੰਦਾ ਸੀ। ਮੇਰੇ ਮੂੰਹੋਂ ਸੁਣ ਕੇ ਇਹ ਬੀਬੀ ਬੜੇ ਗਹੁ ਨਾਲ ਮੇਰੇ ਮੂੰਹ ਵੱਲ ਵੇਖਣ ਲੱਗ ਪਈ, 'ਤੇ ਆਖਣ ਲੱਗੀ ਮੈਂ ਹੀ ਸੁਖਵੀਰ ਦੀ ਭੈਣ ਜਗਿੰਦਰ ਕੌਰ ਹਾਂ। ਜਦੋਂ ਮੈਂ ਆਪਣੇ ਵਾਰੇ ਦੱਸਿਆ ਮੇਰੇ ਹੱਥ ਘੁੱਟ ਲਿਆ।

ਬਹੁਤ ਚਿਰ ਗੁੰਮ ਸੁੰਮ ਰਹੀ, ਇਹਨੂੰ ਇੰਝ ਲੱਗਾ ਜਿਦਾਂ 'ਸਾਉਣ ਦੀ ਬੱਦਲੀ' ਵਰਿਆ ਬਆਦ ਰੇਤ ਦੇ ਟਿੱਬਿਆਂ ਵੱਲ ਤੁਰੀ ਆਉਂਦੀ ਹੋਵੇ। ਹਾਲੇ ਮੇਰੇ ਮਨ ਵਿੱਚ ਕੁੱਝ ਯਾਦਾਂ ਸ਼ੁਰੂ ਹੋਈਆਂ ਸੀ, ਕਾਰ ਪਾਰਕ ਵਿੱਚ ਬੜੇ ਜੋਰ ਦੀ ਖੜਾਕ ਹੋਇਆ, ਮੈਂ ਜਗਿੰਦਰ ਕੌਰ ਤੋਂ ਹੱਥ ਛੁਡਾ ਕੇ ਪਾਰਕ ਵੱਲ ਨੂੰ ਭੱਜਾ, ਕਿਸੇ ਨੇ ਮੇਰੀ ਕਾਰ ਭੰਨ ਮਾਰੀ। ਭਾਵੇਂ ਮੈਨੂੰ ਕਾਰ ਦੇ ਪੈਸੇ ਮਿਲ ਜਾਣੇ ਸੀ, ਪਰ ਦਿਮਾਗ਼ ਵਿੱਚ ਕੁਝ ਵੀ ਨਹੀਂ ਸੁਝ ਰਿਹਾ ਸੀ। ਬੀਬੀਆਂ ਪਿਆਰੋ ਨੂੰ ਮਿਲ ਕੇ ਬਾਹਰ ਆ ਗਈਆਂ, ਮੈਂ ਜਗਿੰਦਰ ਕੌਰ ਨੂੰ ਫੇਰ ਕਿਸੇ ਦਿਨ ਮਿਲਣ ਦਾ ਵਾਇਦਾ ਕਰਕੇ ਬੱਸ ਫੜਕੇ ਘਰ ਆ ਗਿਆ। ਜਗਿੰਦਰ ਕੌਰ ਇਸ ਦਾ ਨਾਂ ਸੀ, ਉੱਦਾ ਇਹਨੂੰ ਅਸੀਂ ਜਿੰਦੋ ਆਖ ਕੇ ਬੁਲਾਇਆ ਕਰਦੇ ਸੀ। ਇਹ ਦੋਵੇਂ ਭੈਣ ਭਰਾ ਜੌੜੇ ਸੀ, ਮੇਰੇ ਨਾਲ ਪੜਦੇ ਸੀ। ਮੇਰੇ ਨੇੜੇ ਇਹਨਾਂ ਦਾ ਪਿੰਡ ਸੀ, ਇਹ ਦੇ ਭਰਾ ਸੁਖਵੀਰ ਨਾਲ ਮੇਰੀ ਬੜੀ ਸਾਂਝ ਸੀ। ਅਕਸਰ ਮੈਂ ਲੰਘਦਾ ਵੜਦਾ ਇਹਨਾਂ ਦੇ ਘਰ ਚਲਾ ਜਾਂਦਾ, ਸੁਖਵੀਰ ਬੜਾ ਸ਼ੁਗਲੀ ਸੀ, ਜਿੰਦੋ ਬੜੀ ਸੰਗਾਊ ਸੀ। ਮੈਨੂੰ ਕਦੇ ਵੀ ਚਾਹ ਪਾਣੀ ਜਾਂ ਰੋਟੀ 'ਤੋਂ ਬਗੈਰ ਕਦੇ ਘਰੋਂ ਨਾ ਆਉਣ ਦਿੰਦੀ। ਬਹੁਤ ਸਾਰੀਆਂ ਯਾਦਾਂ ਸੁਖਵੀਰ 'ਤੇ ਜਿੰਦੋ ਦੀਆਂ ਆਉਣ ਲੱਗੀਆਂ। ਇਕ ਦਿਨ ਅਸੀਂ ਘਰੋਂ ਕੁਝ ਸਮਾਨ ਬਣਾ ਕੇ ਜਿੰਦੋ ਨੂੰ ਮਿਲਣ ਚਲੇ ਗਏ। ਜਿੰਦੋ ਬੜੇ ਤਪਾਕ ਨਾਲ ਮਿਲੀ। ਜਿੰਦੋ ਨੂੰ ਘਰੋਂ ਲਿਆਂਦਾ ਪਹਿਲਾਂ ਖਾਣਾ ਖਿਲਾਇਆ, ਭਾਵੇਂ ਜਿੰਦੋ ਨੇ ਇਕ ਇਕ ਚਮਚਾ ਖਾਂਦਾ, ਫੇਰ ਬਚਪਨ ਦੀਆਂ ਯਾਦਾਂ, ਸਕੂਲ ਦੀਆਂ ਯਾਦਾਂ, ਦੀਆਂ ਗੱਲਾਂ ਕਰਦੇ ਰਹੇ, ਮੈਨੂੰ ਪੁੱਛਣ ਦੀ ਲੋੜ ਨਾ ਪਈ, ਜਿੰਦੋ ਆਪ ਹੀ ਆਪਣੀ ਕਹਾਣੀ ਸੁਨਾਉਣ ਲੱਗ ਪਈ। ਜਿਦਾਂ ਬਹੁਤ ਚਿਰਾਂ ਦਾ ਬੋਝ ਆਪਣੇ ਸਿਰ 'ਤੇ ਚੁੱਕੀ ਫਿਰਦੀ ਹੋਵੇ, ਅੱਜ ਕੋਈ ਵਰਿਆ ਬਆਦ ਕੋਈ ਭਾਰ ਹੌਲਾ ਕਰਨ ਵਾਲਾ ਮਿਲਿਆ ਹੋਵੇ।

ਜਿੰਦੋ ਆਖਣ ਲੱਗੀ ਸਾਡੀ ਰਿਸ਼ਤੇਦਾਰੀ ਚੋ ਮੇਰਾ ਰਿਸ਼ਤਾ ਤੇਰੇ ਆਉਣ ਤੋਂ ਸਾਲ ਕੁ ਬਆਦ ਕਨੇਡਾ ਵਿੱਚ ਹੋਇਆ। ਉਹਦਾ ਪਹਿਲਾ ਡੀਵੋਰਸ ਹੋਇਆ ਸੀ। ਸਾਨੂੰ ਤਾਂ ਇਹੀ ਦੱਸਿਆ ਗਿਆ ਸੀ,ਕਿ ਸਾਡਾ ਲੜਕਾ ਤਾਂ ਬਹੁਤ ਸ਼ਰੀਫ਼ ਸੀ, ਉਹਦੇ ਲੱਛਣ ਨਹੀਂ ਸੀ ਵੱਸਣ ਵਾਲੇ। ਜਿਦਾਂ ਹਰ ਵਾਰੀ ਔਰਤ ਦਾ ਕਸੂਰ ਹੀ ਕੱਢਿਆ ਜਾਂਦਾ ਆ, ਇੱਦਾਂ ਮੇਰੇ ਨਾਲ ਹੋਇਆ, ਭਾਵੇਂ ਮੇਰਾ ਤਾਂ ਕੋਈ ਵਿਚਾਰ ਨਹੀ ਸੀ, ਵਿਆਹ ਤਾਂ ਹੋਣਾ ਸੀ, ਮੈਂ ਸੋਚਿਆ ਮੇਰੀ ਕੁਰਬਾਨੀ ਨਾਲ ਸਾਰੇ ਪਰਿਵਾਰ ਦੀ ਜ਼ਿੰਦਗੀ ਸੁਧਰ ਜਾਵੇਗੀ। ਨਾਲੇ ਸਾਨੂੰ ਤਾਂ ਸਿਖਾਇਆ ਇਹੋ ਜਾਂਦਾ, ਮਾਪਿਆਂ ਦਾ ਕਹਿਣਾ ਨਹੀ ਮੋੜਨਾ, ਬਸ ਸਹੁਰੇ ਘਰੋਂ ਅਰਥੀਆਂ ਨਿਕਲਣੀਆਂ ਚਾਹੀਦੀਆਂ। ਮਾਂ ਨੇ ਜਹਾਜ਼ ਚੜ੍ਹਨ ਲੱਗੀ ਨੂ ਕਲਾਵੇ ਵਿੱਚ ਲੈ ਕੇ ਇਹੋ ਗੱਲ ਕਹੀ ਸੀ।

ਕਨੇਡਾ ਪਹੁੰਚ ਕੇ ਪਹਿਲੀ ਰਾਤ ਸਭ ਕੁੱਝ ਸਮਝ ਆ ਗਿਆ। ਇਹ 'ਮਾਪਿਆਂ ਦੀ ਵਿਗੜੀ ਔਲਾਦ 'ਸੀ। ਸਰੀਰ ਇਹਦਾ ਨਸਿਆਂ ਨਾਲ਼ ਭੰਨਿਆਂ ਪਿਆ ਸੀ। ਮੇਰੀ ਜਿੰਨੀ ਵੀ ਕਮਾਈ ਸਭ ਇਹਦੇ ਨਸਿਆਂ 'ਤੇ ਖਰਚ ਹੁੰਦੀ। ਉੱਤੋਂ ਇਹਦੀ ਮਾਂ ਦੀ ਜ਼ੁਬਾਨ ਜਿਦਾਂ ਬਾਹਰ ਮੂੰਹ ਦੇ ਲੱਗੀ ਹੋਵੇ। ਮੈਂ ਸਬਰਾਂ ਦੇ ਘੁੱਟ ਭਰ ਕੇ ਟਾਈਮ ਲੰਘਾ ਰਹੀ ਸੀ, ਕਦੇ ਤਾਂ ਇਹ ਸੁਧਰੇਗਾ। ਮੇਹਣੇ ਤਾਅਨੇ ਸ਼ਰਾਬੀ ਦੇ ਪੱਲੇ, ਕੌੜੇ ਬੋਲ ਬਸ ਇਹੋ ਮੇਰੀ ਜ਼ਿੰਦਗੀ ਸੀ। ਉੱਤੋਂ ਮੇਰੇ ਕਈ ਸਾਲ ਬੱਚਾ ਨਾ ਹੋਇਆ, ਸੱਸ ਨੇ ਵਥੇਰੇ ਮੈਨੂੰ ਧਾਗੇ ਤਵੀਤ ਕਰਵਾਏ, ਪਰ ਕਦੇ ਆਪਣੇ ਪੁੱਤ ਵੱਲ ਨਹੀਂ ਵੇਖਿਆ। ਇੱਕ ਦਿਨ ਮੇਰੇ ਲਈ 'ਸੁਭਾਗਾਂ ਦਿਨ' ਚੜ੍ਹਿਆ। ਮੈਂ ਔਰਤ 'ਤੋਂ ਮਾਂ ਬਣ ਗਈ। ਸੱਸ ਨੂੰ ਚਾਅ ਚੜ੍ਹ ਗਿਆ। ਜਦੋਂ ਇਹਨੂੰ ਪਤਾ ਲੱਗਾ ਤਾਂ ਇਹ ਅੱਖਾਂ ਲਾਲ ਕਰਕੇ ਕਹਿਣ ਲੱਗਾ ਮੈਂ ਤਾਂ ਤੇਰੇ ਲਾਗੇ ਨੀ ਲੱਗਾ, ਇਹ ਹਰਾਮ ਦਾ ਕਿਧਰੋ ਆ ਗਿਆ। ਇਹਨੂੰ ਤਾ ਕਦੇ ਸੁਰਤ ਨਹੀਂ ਰਹਿੰਦੀ ਸੀ। ਬੱਸ ਉਸ ਦਿਨ ਤੋਂ ਸਾਡੇ ਘਰ ਹਰ ਰੋਜ਼ ਲੜਾਈ ਰਹਿਣ ਲੱਗ ਪਈ। ਮੈਂ ਹਰ ਵੇਲੇ ਇਹੀ ਸੋਚਦੀ ਰਹਿੰਦੀ, ਨਵੇਂ ਜੀਅ 'ਤੇ ਸਾਡੀ ਲੜਾਈ ਦਾ ਕੀ ਅਸਰ ਪਵੇਗਾ। ਜਦੋਂ ਆਪਣੀ ਮਾਂ ਨੂੰ ਦੱਸਿਆ, ਤੂੰ ਨਾਨੀ ਬਣ ਗਈ ਆ? ਮਾਂ ਨੇ ਅੱਗੋਂ 'ਤੋਂ ਕੀਰਨਾ ਪਾ ਕੇ ਦੱਸਿਆ, ਕੁੜੇ! ਪਿੰਡ ਵਿੱਚ ਲੜਾਈ ਹੋ ਗਈ, ਤੇਰਾ ਭਰਾ ਸੁਖਵੀਰ ਮਾਰ ਦਿੱਤਾ। ਅਸੀ ਪੱਟੇ ਗਏ, ਅਸੀਂ ਲੁੱਟੇ ਗਏ। ਤੈਂ ਅੱਜ ਸਾਨੂੰ ਕਾਹਤੋਂ ਦੱਸਣਾ ਸੀ। ਮੈਂ ਸੁਣ ਕੇ ਗੁੰਮ -ਸੁੰਮ ਹੋ ਗਈ। ਮੈਨੂੰ ਵੀ ਸੁਖਵੀਰ ਦੀ ਮੌਤ ਦਾ ਸੁਣਕੇ ਧੱਕਾ ਲੱਗਾ, ਜਿੰਦੋ ਕੋਲ ਅਫ਼ਸੋਸ ਕੀਤਾ। "ਚੜ੍ਹਦੀ ਉਮਰੇ ਤੁਰ ਗਿਆ।'" ਜਿੰਦੋ ਨੇ ਅੱਖਾਂ ਭਰ ਲਈਆਂ। ਫੇਰ ਸੰਭਲ਼ ਕੇ ਦੱਸਣ ਲੱਗੀ, ਜਿਸ ਦਿਨ ਮੇਰੇ ਪੁੱਤ ਨੇ ਜਨਮ ਲਿਆ ਉਸ ਦਿਨ ਮੇਰੇ ਸਾਰੇ ਪਰਿਵਾਰ ਦਾ ਵੀਜ਼ਾ ਲੱਗ ਗਿਆ।

ਬਾਕੀ ਹਿਸਾ ਸਫ਼ਾ 32 ਤੇ ਪੜ੍ਹੋ

### 31 ਸਫ਼ੇ ਦੀ ਬਾਕੀ

ਮੈਂ ਸੋਚਿਆ ਮੇਰਾ ਪੁੱਤਰ ਕਰਮਾਂ ਵਾਲਾ ਆ, ਹੁਣ ਸਭ ਕੁਝ ਠੀਕ ਹੋ ਜਾਵੇਗਾ। ਕਾਫੀ ਹੌਸਲਾ ਹੋਇਆ, ਚਲੋ ਬੰਦਾ ਦੁੱਖ ਸੁੱਖ ਵੇਲੇ ਤਾਂ ਕਿਸੇ ਭੈਣ ਭਰਾ ਦੇ ਮੋਢੇ ਲੱਗ ਕੇ ਆਪਣਾ ਭਾਰ ਹੌਲਾ ਤਾ ਕਰ ਸਕਦਾ। ਮੇਰੀਆਂ ਖੁਸ਼ੀਆਂ ਨੂੰ ਗ੍ਰਹਿਣ ਲੱਗ ਗਿਆ। ਜਿਸ ਦਿਨ ਮੇਰੇ ਪਰਵਾਰ ਨੇ ਜਹਾਜ਼ੇ ਚੜਨਾ ਸੀ, ਰਾਹ ਵਿੱਚ ਆਉਂਦਿਆਂ ਦਾ ਐਕਸੀਡੈਂਟ ਹੋ ਗਿਆ। ਬਾਕੀ ਤਾਂ ਬੱਚ ਗਏ, ਪਰ ਬਾਪ ਦੀ ਮੌਤ ਮੌਕੇ 'ਤੇ ਹੋ ਗਈ। ਉਸੇ ਦਿਨ ਇਹ ਨਸ਼ੇ 'ਚ ਹੋਇਆ ਡਿੱਗ ਕੇ ਬਾਂਹ ਤੁੜਵਾ ਬੈਠਾ, ਆਪਣੇ ਤਾਂ ਕਸੂਰ ਕੋਈ ਨਾ ਮੰਨਿਆ, ਸਗੋਂ ਸਾਰਾ ਨਜ਼ਲਾ ਮੇਰੇ ਪੁੱਤ 'ਤੇ ਸੁਟਿਆ। "ਵੇਖਿਆ ਜਿਸ ਦਿਨ ਦਾ ਜੰਮਿਆ ਪੁੱਠੇ ਕੰਮ ਸ਼ੁਰੂ ਹੋ ਗਏ ਨੇ?" ਸਾਰਾ ਪ੍ਰੀਵਾਰ ਬਾਪ ਦਾ ਕਿਰਿਆ ਕਰਮ ਕਰਕੇ ਮੇਰੇ ਕੋਲ ਪਹੁੰਚ ਗਿਆ। ਤਿੰਨ ਕੁ ਮਹੀਨੇ ਮੇਰੇ ਕੋਲ ਰਹਿ ਕੇ, ਮੈਂ ਘਰ ਕਿਰਾਏ 'ਤੇ ਲੈ ਦਿੱਤਾ। ਉਸ ਸਮੇਂ ਵਿੱਚ ਮੈਂ ਇਹ ਨਹੀਂ ਮਾਲੂਮ ਹੋਣ ਦਿੱਤਾ ਮੈ ਬਹੁਤ ਦੁਖੀ ਹਾਂ, ਸਗੋਂ ਇਹੀ ਦਰਸਾ ਰਹੀ ਸੀ, ਮੈਂ ਇੱਥੇ ਬਹੁਤ ਸੁਖੀ ਹਾਂ। ਮਾਂ ਨੂੰ ਦੱਸ ਕੇ ਵੀ ਕੀ ਕਰਦੀ, ਮਾਂ ਤਾਂ ਆਪਣੇ ਦੋਵੇਂ ਮੋਢਿਆਂ 'ਤੇ ਦੋ ਲਾਸ਼ਾਂ ਚੁੱਕੀ ਫਿਰਦੀ ਸੀ। ਇੱਕ 'ਤੇ ਆਪਣੇ ਪੁੱਤ ਦੀ, ਇੱਕ 'ਤੇ ਆਪਣੇ ਸਿਰ ਦੇ ਸਾਈਂ ਦੀ, ਮੇਰੇ ਦੁੱਖਾਂ ਲਈ ਹੁਣ ਕਿਹੜਾ ਮੋਢਾ ਬੱਚਿਆ ਸੀ? ਮੇਰੀਆਂ ਭੈਣਾਂ ਦੇ ਵਿਆਹ ਵੀ ਹੋ ਗਏ। ਇਧਰ ਇਹਦੇ ਇਹੀ ਕੰਮ ਰਹੇ, ਮੈਨੂੰ 'ਤੇ ਮੇਰੇ ਪੁੱਤਰ ਨੂੰ ਜੋ ਮੂੰਹ ਆਇਆ ਉਹ ਬਕਵਾਸ ਕਰਨਾ, ਮੈਂ ਹਰ ਕੋਸ਼ਿਸ਼ ਕਰਕੇ ਵੇਖ ਲਈ, ਜਿਦਾਂ ਕਹਿੰਦੇ ਕੁੱਤੇ ਦੀ ਪੂਛਲ ਸਿੱਧੀ ਨਹੀਂ ਹੁੰਦੀ, ਉਹੀ ਹਾਲ ਇਹਦਾ ਸੀ। ਸੱਸ 'ਤੇ ਭੈਣਾਂ ਨੂੰ ਆਪਣੇ ਨਾਲ ਹੋਈ ਦੱਸਦੀ, ਅੱਗੋਂ ਇਹੀ ਆਖਦੀ, 'ਤੁਹਾਡੀ ਤੀਵੀਂ ਆਦਮੀ ਦੀ ਲੜਾਈ ਆ, ਅਸੀਂ ਕੀ ਕਰੀਏ।' ਬੱਸ ਮੋਢੇ ਖੜ੍ਹੇ ਕਰ ਦਿੰਦੀਆਂ। ਮੈਂ ਸਾਰੀ ਉਮਰ ਤਾ ਇਹਨੂੰ ਖਿਲਾ ਨਹੀਂ ਸਕਦੀ? ਆਖਿਰ ਦਿਲ 'ਤੇ ਪੱਥਰ ਰੱਖ ਕੇ ਵੱਖ ਵੱਖ ਹੋ ਗਏ। ਉਹ ਗੱਲ ਵੀ ਗਲਤ ਹੋ ਗਈ। "ਮਰ ਕੇ ਔਰਤ ਦੀ ਸਹੁਰੇ ਘਰੋਂ ਅਰਥੀ ਨਿਕਲਦੀ ਆ, ਮੇਰੀ ਜਿਉਂਦੀ ਜੀ ਅਰਥੀ ਨਿਕਲੀ। ਮੈਂ ਆਪਣੀ ਭੈਣ ਦੇ ਘਰ ਚਲੀ ਗਈ, ਸਾਰਾ ਕੁਝ ਇੱਧਰ ਤੋਂ ਖ਼ਤਮ ਹੋ ਗਿਆ। ਮੇਰੀ ਭੈਣ ਦਾ ਜੇਠ ਕਨੇਡਾ ਵਿੱਚ ਚੋਰੀ ਛਿਪੇ ਰਹਿ ਰਿਹਾ ਸੀ। ਮੈਨੂੰ ਆਖਣ ਲੱਗੇ, ਜੇ ਤੇਰੀ ਮਰਜ਼ੀ ਹੋਵੇ, ਤਾ ਤੇਰਾ ਇਹਦੇ ਨਾਲ ਵਿਆਹ ਕਰ ਦੇਈਏ? ਮੈਨੂੰ ਵੀ ਇਹ ਗੱਲ ਚੰਗੀ ਲੱਗੀ, ਕਿਤੇ ਸਾਰੀ ਦੁਨੀਆਂ ਤਾਂ ਮਾੜੀ ਨਹੀ? ਨਾਲੇ ਘਰ ਦੀ ਗੱਲ ਆ? ਇਹ ਬੰਦਾ ਮੇਰਾ ਬਹੁਤ ਤੇਹ ਕਰਦਾ, ਪੰਜ ਮੰਗਦੀ ਦੱਸ ਦਿੰਦਾ, ਮੈਂ ਆਪਣਾ ਸਾਰਾ ਦੁੱਖਾਂ ਭਰਿਆ ਸਮਾਂ ਭੁੱਲ ਗਈ। ਮੇਰੇ ਜ਼ਖ਼ਮਾਂ 'ਤੇ ਅੰਗੂਰ ਆ ਗਿਆ। ਇਹਨੂੰ ਪੱਕੀ ਪੀ ਆਰ ਮਿਲਣ ਦੀ ਦੇਰ ਸੀ, ਇਹ ਬੰਦਾ ਬਿੱਲੀ ਤੋਂ ਬਘਿਆੜ ਬਣ ਗਿਆ। ਐਨੇ ਕੁ ਮੇਹਣੇ ਮਾਰੇ, ਮੇਰੀ ਸੁਣਨ ਸਕਤੀ ਜਵਾਬ ਦੇ ਗਈ। ਆਪ ਤਾਂ ਮੈਂ ਸਭ ਕੁਝ ਸਹਿ ਸਕਦੀ ਸੀ, ਪਰ ਜਦੋਂ ਮੇਰੇ ਪੁੱਤ ਨੂੰ ਆਖਦਾ, ਇਹ ਕੀਹਦਾ ਚੁੱਕੀ ਫਿਰਦੀ ਆ, ਤੇਰਾ ਪਹਿਲਾ ਆਦਮੀ ਸੱਚ ਹੀ ਕਹਿੰਦਾ ਸੀ....। ਜਦੋਂ ਭੈਣ ਨਾਲ ਗੱਲ ਕੀਤੀ, ਭੈਣ ਦਾ ਅੱਗੇ 'ਤੋਂ ਉਹੀ ਜਵਾਬ, ਤੁਹਾਡੀ ਤੀਵੀਂ ਆਦਮੀ ਦੀ ਲੜਾਈ, ਅਸੀਂ ਕੀ ਕਰੀਏ? ਸਾਨੂੰ ਹੋਰ ਵੀ ਟੈਂਸ਼ਨਾਂ ਬਹੁਤ ਨੇ। ਮੇਰੀ ਇਸ ਘਰ ਤੋਂ ਵੀ ਜਿਉਂਦੇ ਜੀ ਅਰਥੀ ਨਿਕਲੀ। ਮਾਂ ਮੇਰੀ ਇਸ ਗਮ ਵਿੱਚ ਪੂਰੀ ਹੋ ਗਈ। ਜਦ ਮੈਂ ਭੈਣਾਂ ਨੂੰ ਆਖਿਆ, ਪਿੰਡ ਤਾਂ ਹੁਣ ਕੋਈ ਹੈ ਨਹੀਂ ਜਮੀਨ ਵੇਚ ਨਾ ਦੇਈਏ, ਭੈਣਾਂ ਬਣਾ ਸੁਆਰ ਕੇ ਕਹਿਣ ਲੱਗੀਆਂ ਕਿਹੜੀ ਜਮੀਨ ਦੀ ਤੂੰ ਗੱਲ ਕਰਦੀ ਆ, ਜਮੀਨ ਤਾਂ ਮਾਂ ਨੇ ਸਾਡੇ ਨਾਂ ਕਰ ਦਿੱਤੀ ਆ।

ਮੈਨੂੰ ਝਟਕਾ ਲੱਗਾ, ਜਿਹਨਾਂ ਦੀ ਖਾਤਰ ਮੈਂ ਕੁਰਬਾਨੀ ਦਿੱਤੀ ਉਸ ਕੁਰਬਾਨੀ ਦਾ ਆਹ ਸਿਲਾ ਮੈਨੂੰ ਮਿਲਿਆ। ਐਨੇ ਵਰ੍ਹੇ ਬਾਅਦ ਪਤਾ ਲੱਗਾ, ਅੱਜ ਦੇ ਜ਼ਮਾਨੇ ਵਿੱਚ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀ, ਸਭ ਆਪਣਾ ਉੱਲੂ ਸਿੱਧਾ ਕਰਦੇ ਨੇ, ਫੇਰ ਤੂੰ ਕੌਣ, ਮੈਂ ਕੌਣ। ਮੈਂ ਆਪਣੀਆ ਭੈਣਾਂ 'ਤੋਂ ਦੂਰ ਜਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਨਾਲੇ ਉੱਥੇ ਕੰਮ ਲੱਭ ਲਿਆ। ਕਹਿੰਦੇ ਨੇ, ਬਹੁਤ ਵਾਰੀ ਮਾੜੀ ਕਿਸਮਤ ਪਿੱਛਾ ਨਹੀਂ ਛੱਡਦੀ। ਜਿੱਥੇ ਮੈਂ ਕੰਮ 'ਤੇ ਲੱਗੀ ਉੱਥੇ ਮੇਰਾ ਦੂਜਾ ਹਸਬੈਂਡ ਡਿਲਿਵਰੀ ਲੈ ਕੇ ਆਉਂਦਾ, ਮੈਨੂੰ ਡਿਲਿਵਰੀ ਚੈੱਕ ਕਰਨੀ ਪੈਂਦੀ, ਕਹਿੰਦਾ ਤਾ ਕੁਝ ਨਹੀਂ ਸੀ ਪਰ ਅੱਖਾਂ ਪਾੜ ਪਾੜ ਦੇਖਦਾ ਮੇਰੇ ਜ਼ਖ਼ਮ ਮੁੜ ਛਿੱਲੇ ਜਾਦੇ। ਮੈਂ ਕੰਮ ਹੋਰ ਥਾ ਲੱਭ ਲਿਆ, ਬੰਦਾ ਜਿਥੇ ਮਰਜ਼ੀ ਚਲੇ ਜਾਵੇ ਲੇਖ ਨਾਲੇ ਜਾਂਦੇ ਨੇ, ਜਿਸ ਬੱਸ ਸਟੈਂਪ 'ਤੇ ਮੈਂ ਉਤਰਦੀ ਸੀ, ਉੱਥੇ ਲਾਗੇ ਮੇਰੇ ਪਹਿਲੇ ਹੱਸਬੈਂਡ ਹੁਣੀ ਘਰ ਲੈ ਲਿਆ, ਮੈਂ ਬੱਸ ਵਿੱਚੋਂ ਉਤਰਦੀ ਮੇਰੀ ਸੱਸ ਉਸ ਬੱਸ ਵਿੱਚ ਚੜ੍ਹਦੀ, ਮੈਨੂੰ ਸੱਸ ਨੂੰ ਵੇਖ ਕੇ ਸਾਰਾ ਕੁਝ ਯਾਦ ਆ ਜਾਂਦਾ। ਮੈਂ ਉੱਥੋਂ ਕੰਮ ਛੱਡ ਕੇ ਹੋਰ ਥਾਂ ਕੰਮ 'ਤੇ ਲੱਗ ਗਈ। ਜਦੋਂ ਮੈਂ ਨਵੀਂ ਨਵੀਂ ਕਨੇਡਾ ਆ ਕੇ ਕੰਮ 'ਤੇ ਲੱਗੀ ਸੀ, ਉੱਥੇ ਇਕ ਬੜੀ 'ਰੂਹ ਵਾਲੀ ਕੁੜੀ' ਮੇਰੀ ਸਹੇਲੀ ਬਣ ਗਈ। ਉਹਦੇ ਨਾਲ ਮਿਲ ਵਰਤ ਕੇ ਹਮੇਸ਼ਾ ਲੱਗਦਾ, ਅੱਜ ਦੇ ਸੁੱਕੇ ਸੜਿਆ ਰਿਸ਼ਤਿਆਂ ਵਿੱਚ ਕੋਈ ਇੱਦਾਂ ਦਾ "ਹਰਿਆ ਬੂਟਾ" ਵੀ ਹੈਗਾ। ਉਹਦਾ ਵੀ ਕਨੇਡਾ ਵਿੱਚ ਸੂਤ ਨਾ ਆਇਆ, ਉਹਨੇ ਇੰਗਲੈਂਡ ਆ ਕੇ ਵਿਆਹ ਕਰਵਾ ਲਿਆ। ਮੇਰਾ ਉਹਨੇ ਟੈਲੀਫੋਨ ਲੈ ਲਿਆ। ਸਦਾ ਮੈਨੂੰ ਹੌਂਸਲੇ ਦਿੰਦੀ, ਆਖਦੀ ਅੜੀਏ, ਤੇਰੇ ਵੀ ਇੱਕ ਦਿਨ ਦਿਨ ਬਦਲਣਗੇ? ਉਹਦੇ ਬੋਲਾਂ ਨੇ ਇਨ੍ਹਾਂ ਕੁ ਸਹਾਰਾ ਦਿੱਤਾ, ਅੱਜ ਤਦ ਹੀ ਮੈਂ ਤੁਹਾਡੇ ਸਾਹਮਣੇ ਜਿਉਂਦੀ ਬੈਠੀ ਹਾਂ। ਉਹਦੇ ਲੜਕੇ ਦਾ ਵਿਆਹ ਸੀ। ਆਖਣ ਲੱਗੀ, ਜਿੰਦੋ ਨਾਲੇ ਵਿਆਹ ਵੇਖ ਜਾ, ਨਾਲੇ ਤੇਰਾ ਥੌੜਾ ਮਾਹੌਲ ਚੇਜ ਹੋ ਜਾਵੇਗਾ।

ਫਰੈਡ ਦੇ ਲੜਕੇ ਦੇ ਵਿਆਹ 'ਤੇ ਇੱਕ ਬੰਦਾ ਵੇਖਿਆ, ਮੈਨੂੰ ਮੁੜ ਮੁੜ ਲੱਗੀ ਜਾਵੇ ਕੋਈ ਇਹਦੇ ਨਾਲ ਮੇਰਾ ਪਿਛਲੇ ਜਨਮ ਦਾ ਰਿਸ਼ਤਾ, ਵਥੇਰਾ ਦਿਲ ਨੂੰ ਸਮਝਾਇਆ, ਕੀ ਲੈਣਾ ਇਹਨਾਂ ਕੰਮਾਂ ਤੋਂ ਤੈ ਦੋ ਵਾਰ ਤਾਂ ਅੱਗੇ ਵੇਖ ਲਿਆ, ਕੀ ਖੱਟਿਆ ਤੈ, ਹੁਣ ਛੱਡ ਖਹਿੜਾ। ਮੈਂ ਨਾ ਚਾਹੁੰਦੀ ਹੋਈ ਨੇ ਵੀ ਆਪਣੀ ਫਰੈਡ ਨੂੰ ਇਹਦੇ ਵਾਰੇ ਪੁੱਛ ਲਿਆ। ਫਰੈਡ ਹੈਰਾਨ ਹੋ ਕੇ ਆਖਣ ਲੱਗੀ, ਆਹੀ ਗੱਲਾਂ ਉਹ ਤੇਰੇ ਵਾਰੇ ਪੁੱਛਦਾ ਸੀ। ਫੇਰ ਫਰੈਡ ਨੇ ਦੱਸਿਆ ਇਹ ਤਿੰਨ ਭਰਾ ਸੀ, ਦੋਵੇਂ ਭਰਾ ਇਹਨੂੰ ਖਾਈ ਗਏ ਇਹ ਬਹੁਤ ਭਲਾ ਬੰਦਾ ਸੀ, ਭਰਾ ਬਹੁਤ ਤੇਜ਼ ਸੀ ਸੰਜੋਗਾਂ ਦੀ ਗੱਲ ਸਮਝ ਲੈ, ਜਾਂ ਕਿਸਮਤਾਂ ਦੇ ਸੌਦੇ, ਮੈ ਵਿਆਹ ਕਰਵਾ ਕੇ ਇੰਗਲੈਂਡ ਸੈਟ ਹੋ ਗਈ। ਇਸ ਬੰਦੇ ਵਿੱਚ ਨੁਕਸ ਤਾਂ ਕੋਈ ਨਹੀਂ ਸੀ। ਮੈਂ ਤਿੰਨ ਕਰਾਂ ਤੇਰਾ ਕੁੱਝ ਨਾ ਕਹਿੰਦਾ, ਹਾਂ ਕਦੇ ਕਦੇ ਗਲਾਸੀ ਪੀ ਕੇ ਆਖਣ ਲੱਗ ਜਾਂਦਾ, 'ਬੰਦਾ ਕਿਉ ਇਹੋ ਜਿਹੇ ਰਿਸ਼ਤੇ ਨਿਭਾਉਣ ਲੱਗ ਜਾਂਦਾ, ਜਿਹਨਾਂ ਵਿੱਚੋਂ ਨਿਕਲੇ ਕੁੱਝ ਨਾ, ਸਗੋਂ ਆਪਣੀ ਉਮਰ ਬਰਬਾਦ ਕਰ ਲੈਂਦਾ? ਕਹਾਣੀ ਇਹਦੀ ਵੀ ਮੇਰੇ ਵਰਗੀ ਸੀ। ਵਰਿਆ ਬਾਅਦ ਮੈਨੂੰ 'ਤੇ ਮੇਰੇ ਪੁੱਤ ਨੂੰ ਸੁੱਖ ਦਾ ਸਾਹ ਆਇਆ ਸੀ। ਮੈਂ ਹੁਣ ਆਸ ਨਾਲ ਜਿਉਣਾ ਸ਼ੁਰੂ ਕੀਤਾ। "ਲੈ ਮੇਰਾ ਪੁੱਤ ਹੋਰ ਦੋ ਚਾਰ ਸਾਲ ਤੱਕ ਪੜ ਕੇ ਕੰਮ ਲੱਗ ਜਾਵੇਗਾ। ਇਹਦੀ ਬਹੁੰ ਆਵੇਗੀ, ਫੇਰ ਪੋਤਾ ਆਵੇਗਾ, ਅਸੀਂ ਸਾਰਾ ਟੱਬਰ ਰੱਲ ਕੇ ਪੋਤੇ ਨਾਲ਼ ਖੇਡਿਆ ਕਰਾਂਗੇ। ਪਤਾ ਨੀ ਕਿੰਨੀ ਤਰਾਂ ਦੇ ਮੈ ਸੁਪਨੇ ਬੁਣਦੀ ਰਹਿੰਦੀ। ਮੇਰੇ ਪੁੱਤ ਨੇ ਯੂਨੀਵਰਸਿਟੀ ਪਾਸ ਕਰਕੇ ਬਹੁਤ ਵਧੀਆ ਜੌਬ ਮਿਲ ਗਈ। ਜਿਸ ਦਿਨ ਮੇਰਾ ਪੁੱਤ ਪਹਿਲੇ ਦਿਨ ਕੰਮ 'ਤੇ ਗਿਆ, ਉਸ ਦਿਨ ਮੇਰੇ ਇਸ ਹੱਸਬੈਂਡ ਨੂੰ ਅਟੈਕ ਆ ਗਿਆ ਨਾਲੇ ਪੂਰਾ ਹੋ ਗਿਆ। ਕੁੱਝ ਇਹਦੀ ਇਨਸ਼ੋਰਸ ਦੇ ਪੈਸੇ ਮਿਲੇ, ਕੁੱਝ ਮੇਰੇ ਲੜਕੇ ਦੀ ਤਨਖਾਹ ਚੰਗੀ ਸੀ। ਅਸੀਂ ਇਹ ਘਰ ਵੇਚ ਕੇ ਵਧੀਆ ਏਰੀਏ ਵਿੱਚ ਘਰ ਲੈ ਲਿਆ। ਮੈਂ ਲੜਕੇ ਨੂੰ ਵਿਆਹ ਨੂੰ ਜ਼ੋਰ ਪਾਉਂਦੀ, ਪੁੱਤ ਕੋਈ ਤਾਂ ਮੈਂ ਖੁਸ਼ੀ ਵੇਖ ਜਾਵਾਂ ਆਪਣੀ ਜ਼ਿੰਦਗੀ ਵਿੱਚ, ਸਾਰੀ ਉਮਰ ਦੁੱਖ ਹੀ ਵੇਖੇ ਨੇ? ਪੁੱਤ ਨੇ ਪਹਿਲਾਂ ਤਾਂ ਨਾ ਨੁੱਕਰ ਕੀਤੀ, ਫੇਰ ਦੱਸ ਦਿੱਤਾ, ਮੇਰੇ ਕੋਲ ਗਰਲਫਰੈਂਡ ਹੈਗੀ।

ਮੈਂ ਕੀ ਕਹਿਣਾ ਸੀ, ਜ਼ਿੰਦਗੀ ਤਾਂ ਉਹਨਾਂ ਕੱਟਣੀ ਸੀ। ਵਿਆਹ ਹੋ ਗਿਆ, ਛੇ ਕੁ ਮਹੀਨੇ ਤਾ ਠੀਕ ਨਿਕਲੇ, ਫੇਰ ਪਤਾ ਨੀ ਨੂੰਹ ਨੂੰ ਕੀ ਬੀਮਾਰੀ ਪੈ ਗਈ। ਬਗੈਰ ਗੱਲੋਂ ਮੇਰੇ ਲੜਕੇ ਨੂੰ ਮੇਰੇ ਵਿਰੁੱਧ ਭੜਕਾਉਣ ਲੱਗ ਪਈ। ਮੈਨੂੰ ਵਿਚਲੀ ਗੱਲ ਤਾਂ ਬਾਅਦ ਵਿੱਚ ਪਤਾ ਲੱਗੀ। ਇਹਦੇ ਪਿੱਛੇ ਇਹਦੀ ਮਾਂ ਦਾ ਹੱਥ ਸੀ। ਜਿਵੇਂ ਅੱਜ ਕੱਲ ਹੁੰਦਾ। "ਮੇਰੀ ਮਾਂ ਤੇਰੀ ਮਾਂ, ਤੇਰੀ ਮਾਂ ਤੇਰੀ ਮਾਂ "ਜਵਾਈ ਨੂੰ ਹੱਥ ਵਿੱਚ ਲੈ ਲਵੋ, ਫੇਰ ਆਪਣੀਆਂ ਮਰਜ਼ੀਆਂ ਕਰੋ। ਮੈਂ ਪੁੱਤ ਨੂੰ ਵਥੇਰਾ ਦੱਸਦੀ, "ਪੁੱਤ ਤੈਨੂੰ ਪਤਾ ਆ, ਮੈਂ ਬਹੁਤ ਦੁੱਖ ਵੇਖੇ ਆ?" ਪਰ ਪੁੱਤ ਦਾ ਤਾਂ ਬ੍ਰੇਨ - ਵਾਸ ਕੀਤਾ ਹੋਇਆ ਸੀ। ਕੋਈ ਗੱਲ ਉਹਦੇ ਸਮਝ ਨਾ ਪਵੇ। ਫੇਰ ਇੱਕ ਦਿਨ ਕਮਰੇ ਵਿੱਚੋਂ ਲੜਾਈ ਦੀਆਂ ਅਵਾਜ਼ਾਂ ਆਉਣ, ਜਦੋਂ ਮੈਂ ਕੰਧ ਨਾਲ ਕੰਨ ਲਾ ਕੇ ਸੁਣਿਆ, ਮੇਰੇ ਹੋਸ਼ ਹਵਾਸ ਉੱਡ ਗਏ। ਨੂੰਹ ਪੁੱਤ ਨੂੰ ਆਖ ਰਹੀ ਸੀ, "ਜੇ ਤੇਰੀ ਮਾਂ ਐਨੀ ਚੰਗੀ ਹੁੰਦੀ ਇਹਦੇ ਦੋਵੇਂ ਹੱਸਬੈਂਡ ਇਹਨੂੰ ਚੁੱਕ ਕੇ ਬਾਹਰ ਰੋਡ 'ਤੇ ਕਿਉਂ ਸੁੱਟ ਦੇ?" ਤੂੰ ਦੱਸ ਮੈਨੂੰ ਤੈ ਕਦੋ ਇਹ ਡਸਟਬੀਨ ਘਰ ਤੋਂ ਕਦੋਂ ਬਾਹਰ ਸੁੱਟਣਾ? ਜਿੰਨਾ ਚਿਰ ਤੇਰੀ ਮਾਂ ਘਰ ਵਿੱਚ ਆ, ਮੇਰੀ ਮਾਂ ਤਾਂ ਇੱਕ ਰਾਤ ਵੀ ਨਹੀਂ ਮੇਰੇ ਕੋਲ ਰੀਲਕਸ ਹੋ ਕੇ ਰਹਿ ਸਕਦੀ। ਹੋਰ ਨਾ ਸੁਣਨ ਵਾਲੀਆਂ ਗੱਲਾਂ ਮੇਰੇ ਕੰਨਾਂ ਨੂੰ ਸੁਨਣ ਨੂੰ ਮਿਲੀਆ। ਮੈਂ ਸੋਚਾਂ ਇਹ ਗੱਲਾਂ ਦਾ

'ਕੱਲ੍ਹ ਦੀ ਛੋਕਰੀ 'ਨੂੰ ਕੀ ਪਤਾ, ਇਹ ਤਾਂ ਮੇਰੀ ਸਾਰੀ ਜ਼ਿੰਦਗੀ ਦੀ ਹਿਸਟਰੀ ਇਹਦੀ ਮਾਂ ਕੱਢ ਕੇ ਲਿਆਈ। ਇਹ ਸੁਣ ਕੇ ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਮਨ ਵਿੱਚ ਭੈੜੇ ਖਿਆਲ ਆਈ ਜਾਣ, ਆਪਣੇ ਆਪ ਨਾਲ ਗੱਲਾਂ ਕਰੀ ਜਾਵਾ, ਜਿੰਦੋ ਤੇਰੀ ਤਾ ਜ਼ਿੰਦਗੀ ਦੇ ਦੋ ਸਾਲ ਰਹਿ ਗਏ, ਉਹ ਵੀ ਤੂੰ ਦੁੱਖਾਂ ਵਿੱਚ ਕੱਟੇਂਗੀ? ਤੂੰ ਕਦੇ ਸੁੱਖਾਂ ਦਾ ਮੂੰਹ ਨਹੀ ਵੇਖੇਂਗੀ? ਦਿਲ ਜ਼ੋਰ ਜ਼ੋਰ ਦੀ ਧੜਕਣ ਲੱਗ ਪਿਆ। ਪਤਾ ਨਾ ਲੱਗਾ ਕਦੋਂ ਹਾਰਟ ਅਟੈਕ ਆ ਗਿਆ, 'ਤੇ ਮੇਰਾ ਖੱਬਾ ਪਾਸਾ ਮਾਰਿਆ ਗਿਆ। ਨੂੰਹ ਲਈ ਤਾਂ ਜਿੱਦਾ ਬਿੱਲੀ ਦੇ ਭਾਗੀ ਛਿੱਕਾ ਟੁੱਟਿਆ ਸੀ। ਮੈਨੂੰ ਦੋਵੇਂ ਨੂੰਹ ਪੁੱਤ ਇਥੇ ਹੋਮ ਵਿੱਚ ਸੁੱਟ ਗਏ। ਮੈਂ ਉਸ ਦਿਨ ਆਪਣੇ ਹੱਥਾਂ 'ਤੇ ਦੰਦੀਆਂ ਵੱਡੀਆਂ, ਮੈਂ ਆਪਣਾ ਪੁਰਾਣਾ ਘਰ ਵੇਚ ਕੇ ਕਿਉ ਆਪਣੇ ਪੁੱਤ ਨੂੰ ਸਭ ਕੁੱਝ ਦੇ ਦਿੱਤਾ? ਐਥੇ ਆਈ ਨੂੰ ਐਨਾ ਚਿਰ ਹੋ ਗਿਆ ਕੋਈ ਮਿਲਣ ਨਹੀਂ ਆਇਆ। ਮੈਂ ਤਾਂ ਸਾਰੇ ਰਿਸ਼ਤੇ ਪਤੀ ਪੁੱਤ ਮਾਵਾਂ ਭੈਣ ਭਰਾ ਦੇ ਵੇਖ ਲਏ, ਸਭ ਵਿਖਾਵੇ ਨੇ, ਲੋੜ ਪਈ 'ਤੇ ਵਰਤ ਲਵੋ, ਨਹੀਂ ਤਾਂ ਤੂੰ ਕੌਣ, ਮੈਂ ਕੌਣ? ਕਿਉ ਅਸੀਂ ਸਾਰੀ ਉਮਰ ਇਹਨਾਂ ਪਿੱਛੇ ਭੱਜੇ ਫਿਰਦੇ ਹਾਂ? ਜਦ ਇਹਨਾਂ ਵਿੱਚੋਂ ਸਿਰਫ਼ ਦੁੱਖ ਤਕਲੀਫ਼ਾਂ ਨਿਕਲਦੀਆਂ। ਕੱਲੇ ਆਏ ਹਾਂ, 'ਤੇ ਕੱਲੇ ਹੀ ਤੁਰ ਜਾਵਾਂਗੇ।

ਬਸ ਆਹੀ ਜ਼ਿੰਦਗੀ ਦਾ ਐਨਾ ਕੁ ਸਫ਼ਰ ਆ, ਸਾਨੂੰ ਸਾਰੀ ਉਮਰ ਐਨੇ ਕੁ ਸਫ਼ਰ ਦੀ ਸਮਝ ਨਹੀਂ ਆਉਂਦੀ? ਇੰਨਾ ਕਹਿਕੇ ਜਿੰਦੋ ਦੀਆਂ ਅੱਖਾਂ ਵਿੱਚੋਂ ਪਾਣੀ ਡੁੱਲਣ ਲੱਗ ਪਿਆ। ਮੈਂ ਉੱਠ ਕੇ ਜਿੰਦੋ ਦੇ ਮੋਢੇ 'ਤੇ ਹੱਥ ਰੱਖਿਆ, ਨਾਲੇ ਆਖਿਆ ਜਿੰਦੋ ਕਈ ਰਿਸ਼ਤੇ ਇੱਦੇ ਦੇ ਵੀ ਹੁੰਦੇ ਨੇ, ਜਿਹੜੇ ਅਚਾਨਕ ਬਣਦੇ ਨੇ, ਉਨ੍ਹਾਂ ਦਾ ਨਾ ਤਾਂ ਕੋਈ ਨਹੀਂ ਹੁੰਦਾ, ਪਰ "ਸੰਸਾਰੀ ਰਿਸ਼ਤਿਆਂ "ਨਾਲੋਂ ਕਿਤੇ ਵੱਧ ਹੁੰਦੇ ਨੇ, ਤੂੰ ਜਿੰਦੋ ਫਿਕਰ ਨਾ ਕਰ, ਮੈਂ ਹਰ ਵੀਕ ਤੈਨੂੰ ਮਿਲ ਜਾਇਆ ਕਰਾਂਗਾ, ਜੇ ਹੋਮ ਵਾਲਿਆ ਇਜਾਜ਼ਤ ਦੇ ਦਿੱਤੀ, ਕੁਝ ਘੰਟਿਆਂ ਲਈ ਤੈਨੂੰ ਘਰ ਵੀ ਲੈ ਜਾਇਆ ਕਰਾਂਗਾ।

ਘਰ ਆ ਕੇ ਮੈਂ ਕੰਧ 'ਤੇ ਲੱਗੀ ਆਪਣੀ ਦਸਵੀਂ ਕਲਾਸ ਦੀ ਫੋਟੋ ਵੇਖਦਾ ਹਾਂ, ਜਿੰਦੋ ਸਭ 'ਤੋਂ ਮੂਹਰਲੀ ਕਤਾਰ ਵਿੱਚ ਨੀਵੀਂ ਪਾਈ ਬੈਠੀ ਆ, ਉਸ ਜਿੰਦੋ ਵਿੱਚ 'ਤੇ ਅੱਜ ਦੀ ਜਿੰਦੋ ਵਿੱਚ ਲੱਖਾ ਕੋਹ ਦਾ ਫਰਕ ਆ। ਉਹ ਫੋਟੋ ਵੇਖ ਕੇ ਲੱਗਦਾ, ਜਿਦਾਂ ਜਿੰਦੋ ਦੇ ਮੂੰਹ ਵਿੱਚ ਕੋਈ ਸ਼ਬਦ ਨਹੀਂ, ਅੱਜ ਦੀ ਜਿੰਦੋ ਵੱਲ ਵੇਖ ਕੇ ਇੱਦਾਂ ਲੱਗਦਾ, ਜਿੱਦਾ ਜਿੰਦੋ ਦੀ 'ਦੁੱਖਾਂ ਭਰੀ ਕਹਾਣੀ 'ਤਾ ਮੁੱਕੀ ਨਹੀਂ, ਪਰ ਸ਼ਬਦ ਮੁੱਕ ਗਏ। ਮੈਂ ਅਗਲੀ ਵੀਕ ਜਿੰਦੋ ਨੂੰ ਮਿਲਣ ਗਿਆ ਤਾਂ ਅੱਗੋਂ ਪਤਾ ਲੱਗਾ ਜਿੰਦੋ ਨੂੰ ਦੋ ਦਿਨ ਪਹਿਲਾਂ ਦੂਜਾ ਅਟੈਕ ਆਇਆ। ਭੌਰ ਉਡਾਰੀ ਮਾਰ ਗਿਆ, ਕੱਲੀ ਸੁੰਨੀ ਕਾਇਆ ਛੱਡ ਗਿਆ। ਘਰ ਆ ਕੇ ਫਿਰ ਮੇਰੀ ਨਜ਼ਰ ਉਸ ਫੋਟੋ 'ਤੇ ਪਈ, ਸੋਚਦਾ ਹਾਂ ਕਿੰਨੇ ਸਾਥੀ 'ਸੰਸਾਰ ਯਾਤਰਾ' ਕਰਕੇ ਦੁੱਖ ਤਕਲੀਫ਼ਾਂ ਸਹਿ ਕੇ ਇਸ ਦੁਨੀਆਂ ਤੋਂ ਚਲੇ ਗਏ, ਅਸੀਂ ਹੁਣ ਉਗਲਾਂ 'ਤੇ ਗਿਣਨ ਜੋਗੇ ਬਚੇ ਸੀ। ਅਸੀਂ ਵੀ ਇਕ ਦਿਨ ਚਲੇ ਜਾਵਾਂਗੇ। ਇਹੋ ਕੁਦਰਤ ਦਾ ਵਿਧੀ ਵਿਧਾਨ ਆ, ਫੇਰ ਇਹ ਕੰਧ 'ਤੇ ਲਟਕਦੀ ਫੋਟੋ ਨਹੀਂ ਹੋਵੇਗੀ। ਸਿਰਫ਼ ਇੱਕ "ਕੋਰਾ ਕਾਗਜ਼ "ਹੋਵੇਗਾ।

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

01332 372 851

07966 388 388

- ਲੇਖਕ -
ਡ: ਇਕਬਾਲ ਸਿੰਘ ਲਾਲਪੁਰਾ
ਫੋਨ: 91 97800 03333



# Maharaja Duleep Singh's Letter to the Czar: A Forgotten Mirror of India, Punjab, and the Sikh Condition

On 10 March 1887, Maharaja Duleep Singh wrote one of the most remarkable political letters in the history of colonial India. Addressed to the Czar of Russia, the exiled son of Maharaja Ranjit Singh sought international support for the liberation of India from British rule. The letter, intercepted by British intelligence, was far more than a diplomatic appeal. It was a reflection of the political realities of India, the condition of Punjab, and the state of Sikh society after the fall of the Lahore Empire.

In many ways, Maharaja Duleep Singh was the first Indian ruler to internationalize the cause of India's freedom struggle. Decades before Subhas Chandra Bose sought foreign assistance for India's liberation during the Second World War, Duleep Singh had already attempted to mobilize international support against British rule. Nearly fifty years before Bose raised the issue globally, the exiled Sikh Maharaja had appealed to a foreign power to help free India from colonial domination. This aspect of Indian history has never received the scholarly attention it deserves.

Historians have often portrayed Maharaja Duleep Singh merely as a tragic prince who was dethroned, converted, exiled, and separated from his homeland. Yet this letter reveals a different personality: a politically aware ruler who still carried within him the dream of restoring dignity to India and honour to Punjab.

In his communication, Maharaja Duleep Singh reportedly declared that he represented "25 crore people of India." This statement itself is historically significant. At a time when India stood divided into castes, princely states, and regional loyalties, an exiled Sikh ruler still imagined India as one political civilization deserving freedom from foreign domination.

The demographic and military realities of that period reveal an even deeper truth. Around 1887, India's population was approximately 25 crore, while the total number of British rulers in India, including administrators, officers, and military personnel, was barely one lakh. The British Indian Army consisted of nearly two lakh troops, divided between Europeans and Indians.

Among these soldiers, approximately 45,000 were Sikhs.

This figure is extraordinary when compared to the Sikh population of Punjab, which was around 80 lakh at that time. It demonstrates the immense military contribution of the Sikhs to the British Indian Army after the annexation of Punjab in 1849. The same Khalsa nation that had fought historic battles against the British at Mudki, Ferozeshah, Chillianwala, and Gujarat had, within a few decades, become one of the strongest military pillars of the British Empire in India.

The British clearly understood the martial spirit and discipline of the Sikhs after facing the Khalsa Army during the Anglo-Sikh wars. After annexing Punjab, they adopted a calculated policy of recruitment, rewards, land grants, and recognition to transform former enemies into defenders of the Empire.

Yet the deeper tragedy lay elsewhere.

When Maharaja Duleep Singh attempted to reorganize resistance against British rule, he found himself almost alone. Historical references indicate that among prominent Sikhs, he could confidently name only one committed supporter — Thakur Singh Sandhawalia.

This fact exposes the painful political fragmentation that had overtaken Sikh society after the collapse of the Lahore Darbar. A community that once stood united under the leadership of Maharaja Ranjit Singh had become divided into factions, princely interests, and personal loyalties. The isolation of Maharaja Duleep Singh was therefore not only the exile of a ruler; it symbolized the weakening of collective Sikh political consciousness.

Another historical irony deserves careful reflection. Raja Sher Singh Attariwala, who had fought with extraordinary courage during the Battle of Chillianwala in 1849 against the British, later sided with the British during the Indian Rebellion of 1857.

This transition reveals the success of British colonial strategy after the annexation of Punjab. Realizing the military strength of the Sikhs, the British cultivated loyalty among sections of the Sikh aristocracy and military leadership through privileges, jagirs, honours, and recruitment. As a result, while large parts of India rose against British rule in 1857,



Punjab became a major recruitment and supply base for the Empire.

The consequences were historic. Sikh bravery remained unquestioned, but Sikh military power increasingly became separated from Sikh political aspirations. The same martial spirit that once defended the sovereignty of the Khalsa Raj was gradually absorbed into the machinery of the colonial state.

Another remarkable aspect of Maharaja Duleep Singh's communication with the Czar was his reference to Punjab's economic importance. Punjab's annual revenue at that time was estimated at nearly three crore rupees, which the Maharaja reportedly offered in return for Russian assistance.

This reveals the extraordinary economic strength of Punjab during that period. Despite its smaller population compared to many provinces, Punjab contributed disproportionately to the revenue of British India. Agriculture, disciplined administration, military recruitment, and trade had made Punjab economically indispensable.

Much of this strength was inherited from the governance structure developed during the Sikh Empire. Under Maharaja Ranjit Singh, Lahore had emerged as a centre of administration, commerce, military organization, and interfaith coexistence. The Sikh Empire protected not only Sikhs but also Hindus and Muslims. Temples were restored, mosques preserved, and repeated invasions from the northwest were halted.

Yet after the collapse of the Sikh Empire, Sikh political unity weakened rapidly.

Since the first General Elections of 1952 to the Punjab Vidhan Sabha and Parliament, a large number of Sikh leaders have been elected to the Punjab Assembly, Lok Sabha, and Rajya Sabha. Many among them have also occupied the highest religious and political positions, including Jathedar of Sri Akal Takhat Sahib, President of the Shiromani Akali Dal, and President of the Shiromani Gurdwara Parbandhak Committee.

Several leaders changed political parties and ideological positions according to personal interests and political convenience. Yet an uncomfortable question remains unanswered: how many of them sincerely raised, in the august Houses of Parliament or the Punjab Assembly, the very issues for which Sikh sentiments were repeatedly mobilized during elections? How often were concerns relating to Sikh identity, preservation of heritage, demographic imbalance, drug addiction, migration of youth, justice for historical grievances, or protection of Punjabi language and culture converted into sustained national policy debates?

Too often, emotional slogans became election agendas, but after victory the core concerns of the Sikh community remained unresolved.

The demographic changes after Partition raise another important historical question. Before 1947, Sikhs were spread across large parts of undivided Punjab — Lahore, Rawalpindi, Sheikhupura, Lyallpur, Multan, Hazara, and Nankana Sahib. After Partition, the Sikh population in West Punjab almost disappeared.

A serious academic inquiry is required to understand whether Sikhs merely migrated during Partition or whether large numbers were also compelled, pressured, or induced to convert over generations in territories that became Pakistan. Entire Sikh and Hindu cultural landscapes vanished from regions where they had flourished for centuries. The Sikh population in India was 6,862,283 according to the 1951 Census. Maharaja Duleep Singh wrote of 80 lakh Sikhs in 1887. In the 64 years since 1887, instead of increasing, the numbers had even declined. Equally troubling is the silence of much of the post-independence Sikh leadership on fundamental Sikh concerns.

A large number of Sikh leaders entered Parliament, occupied ministerial positions, and controlled major religious institutions,

*... Continue on page 34* →

# Punjab United Football Club Derby Celebrates 60th Anniversary with Historic Launch of First Asian Women's Team





Derby, UK — As part of its 60th anniversary celebrations, Punjab United Football Club Derby (PUFC) has marked a historic milestone with the launch of its first-ever Asian Women's Team, who recently took to the pitch for their first competitive fixtures.

Formed just 12 weeks ago, the team represents a significant achievement for both the club and the wider community. Through dedication, resilience, and a strong collective spirit, the players have quickly developed into a competitive side—transforming an ambitious vision into reality in a remarkably short time.

This landmark moment signals a new chapter in PUFC's history, reinforcing the club's ongoing commitment to inclusivity and community engagement. The women's team, made up of players from a Sikh background aged between 17 and their mid-50s, reflects both the diversity and accessibility of football within the local community.

Baljit Atwal expressed immense pride in the achievement, highlighting that the formation of the team fulfils a long-standing ambition to create opportunities for women within the community to participate in the sport."

This is more than just a team—it is a statement of progress, inclusion, and opportunity," a club spokesperson said. "We hope this inspires more women and girls from all backgrounds to get involved in football and be part of something special.

"Punjab United Football Club Derby hopes this initiative will drive greater participation in women's football across the region and provide a strong foundation for continued growth and development.

# ਜਿਹੜਾ ਚੰਗਾ ਉਮੀਦਵਾਰ ਹੈ ਉਸ ਨੂੰ ਵੋਟ ਪਾਵੋ, ਜੋ ਤੁਹਾਡਾ ਅਤੇ ਇਲਾਕੇ ਦਾ ਭਲਾ ਕਰ ਸਕੇ

## ਪਾਠਕਾਂ ਦੇ ਪੱਤਰ

ਅਸੀਂ ਸਾਰੇ ਜਾਣਦੇ ਹਾਂ ਮੰਨਦੇ ਹਾਂ ਕਿ ਸਰਦਾਰ ਇਕਬਾਲ ਸਿੰਘ ਲਾਲਪੁਰਾ ਸਾਹਿਬ ਇਹ ਸ਼ਖ਼ਸੀਅਤ ਹਨ ਸਿਰਫ਼ ਸਿੱਖਾਂ ਲਈ ਨਹੀਂ ਪੰਜਾਬ ਦਾ ਮਾਣ ਹੈ। ਉਨ੍ਹਾਂ ਨੇ ਆਪਣੀ ਪੁਲਸ ਦੀ ਨੌਕਰੀ ਬਾਰੇ ਗੱਲ ਛੇੜ ਦੇਵਾ ਆਪਣੀ ਸੇਵਾ ਹਾਜੀਪੁਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸ਼ੁਰੂ ਕੀਤੀ, ਅੱਜ ਭੀ ਕਈ ਬਜ਼ੁਰਗ ਜਿਊਂਦੇ ਹਨ ਉਥੇ ਜਾ ਕੇ ਪੁੱਛ ਲਵੋ ਇਹ ਆਖਦੇ ਸਨ ਕਿ ਅਜਿਹਾ ਪੁਲਸ ਅਫ਼ਸਰ ਅੱਜ ਤੀਕਰ ਸਾਨੂੰ ਨਹੀਂ ਮਿਲ ਸਕਿਆ, ਜਿਹੜਾ ਹਰ ਰੋਜ਼ ਆਪਣੀ ਰੋਟੀ ਡੱਬੇ ਵਿੱਚ ਪਾ ਕੇ ਥਾਣੇ ਬਾਹਰ ਕਿਤੇ ਜਾਣ ਲੱਗੇ ਉਹ ਖਾ ਲੈਂਦੇ ਸਨ, ਕਦੀ ਮੀਟ, ਸ਼ਰਾਬ, ਅੰਡਾ ਵਗੈਰਾ ਨੂੰ ਹੱਥ ਨਹੀਂ ਲਾਇਆ। ਆਪਣੇ ਨਾਲ ਦੇ ਕਰਮਚਾਰੀਆਂ ਨੂੰ ਕਿਸੇ ਚੀਜ਼ ਖਾਣ ਤੋਂ ਨਹੀਂ ਰੋਕਦੇ ਸਨ, ਰਿਸ਼ਵਤ ਵਗੈਰਾ ਦਾ ਨਾਮ ਹੀ ਨਹੀਂ ਸੁਣਿਆ ਸੀ, ਆਪ ਦੀ ਜਦੋਂ ਥਾਣੇ ਤੋਂ ਜਾਂ ਕਿਸੇ ਪਾਸੇ ਤੋਂ ਬਦਲੀ ਹੁੰਦੀ ਤਾਂ ਕਿਤਨੇ ਸਰਪੰਚ ਨੰਬਰਦਾਰ ਇਕੱਠੇ ਹੋ ਕੇ ਜ਼ਿਲ੍ਹੇ ਦੇ ਐੱਸ.ਪੀ. ਸਾਹਿਬ ਤੱਕ ਪਹੁੰਚ ਕਰਦੇ ਕਿ ਇਥੋਂ ਇਨ੍ਹਾਂ ਦੀ ਬਦਲੀ ਨਾ ਹੋਵੇ। ਲਾਲ–ਪੁਰਾ ਸਾਹਿਬ ਨੇ ਆਪ ਬੇਨਤੀ ਕਰਨੀ ਕਿ ਕਾਰਣ ਇਹ ਹੈ ਇਸ ਲਈ ਮੈਂ ਬਦਲੀ ਕਰਵਾ ਰਿਹਾ ਹਾਂ। ਆਪਣੇ ਹਰ ਅਧਿਕਾਰੀ ਦੀ ਗੱਲ ਸੁਣਦੇ। ਉਸ ਮੌਕੇ ਦੇ ਕੁਰੱਪਟ ਕਰਮਚਾਰੀ ਜਿਵੇਂ ਸੁਰਜੀਤ ਸਿੰਘ ਕੰਧਾਲੀ ਸਾਹਿਬ ਸਨ ਵਰਗੇ ਸਿੱਧੇ ਕਰਕੇ ਰੱਖ ਦਿੱਤੇ। ਅਸ਼ਨਵੀ ਕੁਮਾਰ ਸਾਹਿਬ ਜੋ ਅੱਜ ਕੱਲ੍ਹ ਐੱਸ.ਪੀ. ਸਾਹਿਬ ਸਾਬਕਾ ਗਵਰਨਰ ਸਾਹਿਬ ਪੰਜਾਬ ਦੇ ਨਾਲ ਡਿਊਟੀ ਦੇ ਰਹੇ ਹਨ ਗੁਣ ਗਾਂਦੇ ਹਨ। ਮੁੱਕਦੀ ਗੱਲ ਇਮਾਨਦਾਰੀ ਵਜੋਂ ਬਹੁਤ ਚੰਗੇ ਅਫ਼ਸਰਾਂ ਵਿੱਚੋਂ ਇਕ ਸਨ। ਇਹੋ ਜਹੇ ਅਫ਼ਸਰ ਗਿਣਤੀ ਦੇ ਹਨ। ਮੈਂ ਸ: ਦਿਲਬਾਗ ਸਿੰਘ ਰਿਟਾਇਰਡ ਐੱਸ. ਐੱਸ. ਪੀ. ਸਾਹਿਬ ਜਿਨ੍ਹਾਂ ਵਿਜੀਲੈਂਸ ਵਿੱਚ ਨੌਕਰੀ ਕੀਤੀ ਸੀ ਇਸੇ ਤਰਜ਼ ਦੇ ਇਨਸਾਨ ਸਨ ਜਿਨ੍ਹਾਂ ਨੂੰ ਅੱਜ ਭਲਵਾਨ ਕਹਿ ਕੇ ਜਨਤਾ ਯਾਦ ਕਰ ਰਹੀ ਹੈ ਰੈਣ ਬਸੇਰਾ 120 ਫਰੈਂਡ ਕਾਲੋਨੀ ਜਲੰਧਰ ਹੈ, ਬਹੁਤ ਅਜਿਹੇ ਤਰੀਕੇ ਦੇ ਅਫ਼ਸਰ ਸਨ, ਲਿਖਣ ਤੋਂ ਭਾਵ ਪੁਲਸ ਵਿੱਚ ਦੋ ਚਾਰ ਕਾਲੀਆਂ ਭੇਡਾਂ ਹੋਣ ਤਾਂ ਸਾਰੀ ਪੁਲਸ ਬਦਨਾਮ ਕਰ ਦਿੰਦੇ ਹਨ, ਚੰਗੇ ਭੀ ਮਾੜੇ ਬਣ ਜਾਂਦੇ ਹਨ, ਖ਼ੈਰ ਗੱਲ ਲਾਲਪੁਰਾ ਸਾਹਿਬ ਦੀ ਕਰੀਏ ਸਿਆਸਤ ਵਿੱਚ ਬੀ.ਜੇ.ਪੀ. ਦੇ ਸਰਗਰਮ ਮੈਂਬਰ ਹਨ, ਹਰ ਤਰ੍ਹਾਂ ਮਿਹਨਤ ਨਾਲ ਬੀ.ਜੇ.ਪੀ. ਲਈ ਕੰਮ ਕਰਦੇ ਹਨ, ਇਸ ਵਾਰੀ ਰੋਪੜ ਤੋਂ ਆਪਣੇ ਸਪੁੱਤਰ ਸਾਹਿਬ ਨੂੰ ਬੀ.ਜੇ.ਪੀ. ਦੀ ਟਿਕਟ 'ਤੇ ਪੰਜਾਬ ਵਿਧਾਨ ਸਭਾ ਲਈ ਚੋਣ ਲੜਨਗੇ, ਸੋ ਉਸ ਹਿਸਾਬ ਨਾਲ ਉਨ੍ਹਾਂ ਦੇ ਸਪੁੱਤਰ ਵੀ ਖਾਸ ਪੁਜ਼ੀਸ਼ਨ ਵਿੱਚ ਹਨ, ਹਰ ਤਰ੍ਹਾਂ ਪਬਲਿਕ ਦੇ ਸੇਵਾਦਾਰ ਹਨ। ਇਲਾਕਾ ਚਾਹੁੰਦੇ ਹੋਵੇ ਤਾਂ ਉਨ੍ਹਾਂ ਨੂੰ ਵੋਟ ਪਾ ਕੇ ਵਿਧਾਨ ਸਭਾ ਵਿੱਚ ਭੇਜੋ। ਇਹ ਉਸ ਇਲਾਕੇ ਦੀ ਜਨਤਾ ਦੇ ਹੱਥ ਹੈ, ਜਿਹੜਾ ਚੰਗਾ ਉਮੀਦਵਾਰ ਹੈ ਉਸ ਨੂੰ ਵੋਟ ਪਾਵੋ, ਜੋ ਤੁਹਾਡਾ ਅਤੇ ਇਲਾਕੇ ਦਾ ਭਲਾ ਕਰ ਸਕੇ। ਪਰ ਬੀ.ਜੇ.ਪੀ. ਪਾਰਟੀ ਨੂੰ ਇਕ ਸਿੱਖ ਸ਼ਖ਼ਸੀਅਤ ਕਰਕੇ ਇਕਬਾਲ ਸਿੰਘ ਲਾਲ–ਪੁਰਾ ਸਾਹਿਬ ਨੂੰ ਮੁੱਖ ਮੰਤਰੀ ਦਾ ਚਿਹਰਾ ਨਿਯੁਕਤ ਕਰਨਾ ਚਾਹੀਦਾ ਹੈ ਕਿ ਅਗਰ ਬੀ.ਜੇ.ਪੀ. ਦੀ ਸਰਕਾਰ ਬਣੇ ਤੱਦ ਮੁੱਖ ਮੰਤਰੀ ਲਾਲਪੁਰਾ ਸਾਹਿਬ ਬਨਣ। ਪਰ ਸਿੱਖ ਹੋਣ ਕਰਕੇ ਸ਼ਾਇਦ ਬੀ.ਜੇ.ਪੀ. ਪਾਰਟੀ ਦੇ ਮੈਂਬਰ ਇਹ ਕੰਮ ਵਿੱਚ ਸਹਿਮਤ ਨਾ ਹੋਣ, ਪਹਿਲਾਂ ਦੀ ਤਰ੍ਹਾਂ ਜੇ ਹੁਣ ਦੇ ਪ੍ਰਧਾਨ ਨੂੰ ਮੁੱਖ ਮੰਤਰੀ ਨਾ ਬਣਾਇਆ ਫਿਰ ਰੁੱਸ ਕੇ ਬੀ.ਜੇ.ਪੀ. ਨੂੰ ਅਲਵਿਦਾ ਕਹਿਣਗੇ ਤੇ ਘਰ ਵਾਪਸੀ ਕਰਨਗੇ, ਜੋ ਸਾਡੀ ਦੇਸ਼ ਦੀ ਸਿਆਸਤ ਬਿਲਕੁੱਲ ਹੋਣਾ ਨਹੀਂ ਚਾਹੀਦਾ, ਜੋ ਪਾਰਟੀ ਛੱਡਦਾ ਹੈ ਸਿਆਸਤ ਛੱਡ ਕੇ ਘਰ ਬੈਠੇ। ਉਪਰੋਕਤ ਗਲਤੀ ਮੁਆਫ਼। ***ਕੇ ਐਸ ਜੋਗੀ***



*... Continue from page 32*

yet many long-term issues remained neglected — preservation of Sikh heritage, demographic concerns, drug addiction, migration of youth, distortion of history, and the weakening of Punjabi identity.

Even incidents relating to the sanctity and security of Guru Granth Sahib have deeply disturbed Sikh society in recent years. Yet institutional responses often appear driven more by political calculations than by spiritual responsibility.

The greater concern is that Sikh institutions increasingly appear preoccupied with management, elections, and financial control rather than the mission of Gurbani and the moral vision of Guru Nanak Dev Ji.

Guru Nanak did not create a community merely to manage shrines. He created a spiritual civilization rooted in truth, justice, courage, discipline, and service to humanity. The Sikh Gurus sacrificed their lives not for institutional authority but for the protection of human dignity and religious freedom.

The decline after the fall of the Sikh Empire therefore occurred in two stages. The first was territorial and military defeat after 1849. The second, and perhaps more dangerous, was intellectual and political disintegration.

The lessons of Maharaja Duleep Singh's letter remain relevant even today. A society may possess courage, economic strength, military contribution, and a glorious history, but without unity, vision, and committed leadership, even great civilizations become vulnerable.

The Sikh intelligentsia, if it truly wishes to serve the future, must rise above factional politics and emotional slogans. It must honestly examine why the community that once ruled from the Khyber to Tibet gradually lost political confidence within its own homeland. Why did betrayal repeatedly overpower sacrifice? Why did Sikh leadership fail to evolve a long-term civilizational strategy after the death of Maharaja Ranjit Singh?

Maharaja Duleep Singh's 1887 letter should become part of serious historical and academic discourse. It is not merely a diplomatic document. It is a mirror reflecting the political condition of India, the economic importance of Punjab, the military role of the Sikhs, and the tragic fragmentation that followed the loss of sovereignty.

The British intercepted the Maharaja's communication because they feared the symbolic and political power still attached to his name. Even in exile, he represented unfinished resistance.

Today, that forgotten letter asks difficult questions of Sikh society and India alike.

History does not survive through emotion alone. It survives through memory, unity, scholarship, and moral courage.The real question before the Sikh community today is not whether the Sikhs once ruled under Maharaja Ranjit Singh.

The real question is whether the spirit that created that empire — sacrifice, discipline, justice, courage, and collective vision — still survives.

Former Chairman, National Commission for Minorities Government of India

* * * * * *

– ਲੇਖਕ –
ਗਿਆਨੀ
ਗੁਰਦਿੱਤ ਸਿੰਘ




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ–42

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਲੋਕਾਂ ਵਿੱਚ ਬਨਾਰਸ ਦੇ ਠੱਗਾਂ ਦੀ ਮਿਸਾਲ ਮਸ਼ਹੂਰ ਹੈ, ਇਥੇ ਪੁੰਨ ਦਾਨ ਕਰਨ ਦੇ ਫਲ ਕੁਝ ਵਧੇਰੇ ਹੀ ਲਾਭਵੰਦੇ, ਅਗਲੇ ਜਨਮਾਂ ਦੇ ਸੁੱਖਾਂ ਦੇ ਲਾਰਿਆਂ ਨਾਲ ਜੋੜੇ ਜਾਂਦੇ ਹਨ । ਬਨਾਰਸ ਦੇ ਪਾਂਡੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਖੂਬ ਠੱਗਦੇ ਰਹੇ ਹਨ । ਬਨਾਰਸ ਵਿੱਚ ਮਰਨ ਦਾ ਫਲ, ਸਿੱਧਾ ਹੀ ਸੁਰਗ ਵਿੱਚ ਜਾਣਾ ਦੱਸ ਕੇ, ਕਈਆਂ ਭੋਲਿਆਂ ਸ਼ਰਧਾਲੂਆਂ ਨੂੰ ਇਥੇ ਕੁਦਰਤੀ ਮੌਤ ਤੋਂ ਪਹਿਲਾਂ ਹੀ ਪਾਰ ਬੁਲਾਇਆ ਜਾਂਦਾ ਰਿਹਾ ਹੈ । ਇਸ ਤਰ੍ਹਾਂ ਮਰਨ ਜਾਂ ਕਰਵੱਤ ਲੈਣ ਵਾਸਤੇ, ਬੜੇ ਬੜੇ ਰਾਜੇ ਅਮੀਰ ਆਪਣੇ ਪ੍ਰਾਣ ਦੇ ਦਿੰਦੇ, ਖੁਦ ਸਰੀਰ ਨੂੰ ਕਤਲ ਕਰਾਉਂਦੇ ਰਹੇ ਹਨ। (ਆਰੇ ਹੇਠਾਂ ਸਰੀਰ ਦੇ ਕੇ ਕਤਲ ਹੋਣ ਦੀ ਰੀਤ ਅੰਗ੍ਰੇਜ਼ ਰਾਜ ਵੇਲੇ ਬੰਦ ਹੋਈ ਹੈ)**




ਕਬੀਰ ਜੀ ਨੇ ਇਸਲਾਮ ਦੀ ਕਿਸੇ ਵੀ ਤਰ੍ਹਾਂ ਦੀ ਸਰਦਾਰੀ ਨਹੀਂ ਮੰਨੀ। ਨਾ ਕਿਸੇ ਭਾਂਤ ਦਾ ਹਮਦਰਦੀ ਦਾ ਵਤੀਰਾ ਵਰਤਿਆ ਹੈ। ਜਿਸ ਤਰ੍ਹਾਂ ਚੰਦ੍ਰ ਬਲੀ ਪਾਂਡੇ, ਡਾ. ਗੁਲਾਮ ਸਰਵਰ ਕਹਿੰਦੇ ਹਨ ਕਿ ਕਬੀਰ ਜੀ ਬਹੁਤੇ ਮੁਸਲਮਾਨ ਸਨ। ਠੀਕ ਹੈ ਕਬੀਰ ਬਾਣੀ ਵਿੱਚ ਜਾਣਕਾਰੀ ਅਤੇ ਇਸਲਾਮੀ ਮਾਨਤਾਵਾਂ ਦਾ ਵਰਣਨ ਚੋਖਾ ਮਿਲਦਾ ਹੈ। ਪ੍ਰੰਤੂ ਕਬੀਰ ਜੀ ਨੇ ਇਸਲਾਮੀ, ਵਿਚਾਰਧਾਰਾ ਦੀ ਆਪਣੀ ਰਚਨਾ ਵਿੱਚ ਹਾਮੀ ਨਹੀਂ ਭਰੀ, ਸਗੋਂ ਤ੍ਰਿਆਕਲ ਹੋਕੇ ਵਿਅੰਗਮਈ ਗੱਲ ਕੀਤੀ ਹੈ:

ਸਤਰਿ ਸੈਇ ਸਲਾਰ ਹੈ ਜਾਕੇ॥
ਸਵਾ ਲਾਖੁ ਪੈਕਾਬਰ ਤਾਕੇ॥
ਸੇਖ ਜੁ ਕਰੀਅਹਿ ਕੋਟਿ ਅਠਾਸੀ॥
ਛਪਨ ਕੋਟਿ ਜਾ ਕੇ ਖੇਲ ਖਾਸੀ॥1॥
ਮੋ ਗਰੀਬ ਕੀ ਕੋ ਗੁਜਰਾਵੈ॥
ਮਜਲਸਿ ਦੂਰਿ ਮਹਲੁ ਕੋ ਪਾਵੈ॥1॥ ਰਹਾਉ॥

(ਭੈਰਉ ਕਬੀਰ ਜੀ – 1161)

ਠੀਕ ਹੈ ਸਤ ਹਜ਼ਾਰ ਫਰਿਸ਼ਤੇ ਵੀ ਜਬਰਾਈਲ ਦੇ ਸਾਥੀ ਹੋਣਗੇ, ਸਵਾ ਲੱਖ ਪੈਗੰਬਰ, ਅਠਾਸੀ ਕ੍ਰੋੜ ਸ਼ੇਖ, ਆਲਮ ਬਾ ਅਮਲ ਬਜ਼ੁਰਗ ਵੀ ਹੋਣਗੇ, ਛਪੰਜਾ ਕ੍ਰੋੜ ਮੁਸਾਹਬ, ਉਸਦੇ (ਖੈਲ) ਦਰਬਾਰੀ ਭੀ ਬੇਸ਼ਕ ਹੋਣ, ਪਰ ਇਹ ਵੀ ਕਹਿੰਦੇ ਹੋ ਮਜਲਸ ਦੂਰ ਹੈ, ਇਨੀ ਦੂਰ ਕਿ ਸਤਿ ਅਸਮਾਨ ਉਚੀ ਹੈ। ਉਸ ਦੀ ਹਦੂਰੀ (ਮਹਲੁ) ਵਿੱਚ ਮੈਂ (ਕਬੀਰ) ਕਿਵੇਂ ਪਹੁੰਚ ਸਕਦਾ ਹਾਂ ?

ਜੋ ਇਹ ਕਿਹਾ ਜਾਂਦਾ ਹੈ, ਬਾਬਾ ਆਦਮ ਨੇ (ਪਹਿਲੇ ਮਨੁੱਖ) ਬਹਿਸ਼ਤ ਵਾਸ ਕੀਤਾ ਸੀ, ਪਰ ਜਦੋਂ ਥੋੜ੍ਹੀ ਜਿਹੀ ਨਦਰਿ (ਕੌੜੀ ਅੱਖ) ਦਿਖਾਈ ਤਾਂ ਉਸ ਨੂੰ ਬਹਿਸ਼ਤਾਂ ਵਿੱਚੋਂ ਕੱਢ ਦਿੱਤਾ ਗਿਆ। ਕੇਂਦਰੀ ਨੁਕਤਾ ਰਹਾਉ ਦੀ ਤੁਕ ਹੈ:– ਮੈਂ ਗਰੀਬ ਕੀਕੋ ਗੁਜਰਾਵੈ। ਮੇਰੇ ਗਰੀਬ ਦੀ ਉਥੇ ਗੁਜਰਾਨ ਕਿਥੇ ਹੋਵੇਗੀ ?

ਦਿਲ ਵਿੱਚ (ਖਲਬਲੀ) ਘਬਰਾਹਟ ਹੋਵੇ, ਮਨੁੱਖ ਦਾ ਮੂੰਹ ਪੀਲਾ ਪੈ ਜਾਂਦਾ ਹੈ। ਕਤੇਬ ਦੀ ਦੱਸੀ ਰਾਹ ਛੱਡਕੇ ਹੋਰ ਕਿਰਿਆਵਾਂ ਕਰਨ ਵਾਲਿਆਂ ਨੂੰ ਦੁਨੀਆਂ ਦੋਸ਼ੀ ਮੰਨਦੀ ਹੈ। ਇਹ ਗੁਨਾਹਗਾਰੀ (ਬਜਗਾਰੀ) ਦੰਭ ਹੈ। ਭਲੀ ਰੀਤ ਨਹੀਂ, ਪਰ ਸਭ ਕੋਈ ਆਪਣਾ ਕੀਤਾ ਪਾਉਂਦਾ ਤੇ ਆਪਣੇ ਕੰਮਾਂ ਲਈ ਆਪ ਜਵਾਬ ਦੇਹ ਹੁੰਦਾ ਹੈ। ਦਾਸ ਕਬੀਰ ਨੂੰ ਤਾਂ ਉਸ ਪ੍ਰਭੂ ਦੀ ਓਟ ਹੈ। ਮੈਨੂੰ ਕਿਸੇ ਅਜੇਹੇ ਬਹਿਸ਼ਤ ਦੀ ਲੋੜ ਨਹੀਂ ਮੇਰਾ ਬਹਿਸ਼ਤ ਤਾਂ ਉਸ ਰਹਿਮ ਦਿਲ ਮਾਲਕ ਦੇ ਨਜ਼ਦੀਕ ਰਹਿਣਾ ਹੀ ਹੈ। ਅਤੇ ਉਹ ਬਹਿਸ਼ਤੀ ਸੁੱਖ ਮੈਂ ਮਾਣ ਰਿਹਾ ਹਾਂ। ਮੇਰੇ ਲਈ ਇਹੋ ਬਹਿਸ਼ਤ ਹੈ।

ਜਾਪਦਾ ਹੈ ਕਬੀਰ ਜੀ ਨੂੰ ਜਦੋਂ ਮੁਸਲਮਾਨ ਹੋਣ ਦੀ ਪ੍ਰੇਰਨਾ ਕੀਤੀ ਗਈ ਉਸਦੇ ਉੱਤਰ ਵਿੱਚ ਇਹ ਰਚਨਾ ਹੋਈ। ਕਬੀਰ ਜੀ ਨੂੰ ਇਸਲਾਮ ਅਤੇ ਹਿੰਦੂਆਂ ਦੀਆਂ ਮਜ਼ਹਬੀ ਸਿਫਤਾਂ ਦੱਸੀਆਂ ਗਈਆਂ। ਕਬੀਰ ਜੀ ਬੋਲ ਉੱਠੇ ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ। ਓਇ ਲੇ ਜਾਰੇ ਉਇ ਲੇ ਗਾਡੇ ਤੇਰਉ ਗਤਿ ਦੁਹੂ ਨ ਪਾਈ (ਸੋਰਠ ਕਬੀਰ ਜੀ–654)

## ਹਿੰਦੂ ਕਰਮਕਾਂਡ ਅਤੇ ਪਖੰਡ ਦਾ ਖੰਡਨ :

ਕਬੀਰ ਜੀ, ਕਰੜੇ ਅਤੇ ਕਰਾਰੇ ਬੋਲਾਂ ਵਿੱਚ, ਦੰਭ ਪ੍ਰਪੰਚ ਅਤੇ ਪਖੰਡ ਦੇ ਖੰਡਨ ਕਰਨ ਵਿੱਚ ਸਭ ਤੋਂ ਅੱਗੇ ਹਨ। ਦਿਖਾਵੇ ਦੇ ਫੋਕੇ ਧਾਰਮਿਕ ਅਡੰਬਰਾਂ ਦੀ ਉਨ੍ਹਾਂ ਖੂਬ ਛਿੱਲ ਲਾਹੀ ਹੈ, ਧਾਰਮਿਕ ਭੇਖ ਧਾਰਕੇ ਲੋਕਾਂ ਨੂੰ ਮੂਰਖ ਬਣਾਕੇ ਆਪਣਾ ਧੰਦਾ ਚਲਾਉਣ ਵਾਲਿਆਂ ਨੂੰ ਖਾਸ ਤੌਰ 'ਤੇ ਲਤਾੜਿਆ ਹੈ।

ਲੋਕਾਂ ਵਿੱਚ ਬਨਾਰਸ ਦੇ ਠੱਗਾਂ ਦੀ ਮਿਸਾਲ ਮਸ਼ਹੂਰ ਹੈ, ਇਥੇ ਪੁੰਨ ਦਾਨ ਕਰਨ ਦੇ ਫਲ ਕੁਝ ਵਧੇਰੇ ਹੀ ਲਾਭਵੰਦੇ, ਅਗਲੇ ਜਨਮਾਂ ਦੇ ਸੁੱਖਾਂ ਦੇ ਲਾਰਿਆਂ ਨਾਲ ਜੋੜੇ ਜਾਂਦੇ ਹਨ। ਬਨਾਰਸ ਦੇ ਪਾਂਡੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਖੂਬ ਠੱਗਦੇ ਰਹੇ ਹਨ। ਬਨਾਰਸ ਵਿੱਚ ਮਰਨ ਦਾ ਫਲ, ਸਿੱਧਾ ਹੀ ਸੁਰਗ ਵਿੱਚ ਜਾਣਾ ਦੱਸ ਕੇ, ਕਈਆਂ ਭੋਲਿਆਂ ਸ਼ਰਧਾਲੂਆਂ ਨੂੰ ਇਥੇ ਕੁਦਰਤੀ ਮੌਤ ਤੋਂ ਪਹਿਲਾਂ ਹੀ ਪਾਰ ਬੁਲਾਇਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਮਰਨ ਜਾਂ ਕਰਵੱਤ ਲੈਣ ਵਾਸਤੇ, ਬੜੇ ਬੜੇ ਰਾਜੇ ਅਮੀਰ ਆਪਣੇ ਪ੍ਰਾਣ ਦੇ ਦਿੰਦੇ, ਖੁਦ ਸਰੀਰ ਨੂੰ ਕਤਲ ਕਰਾਉਂਦੇ ਰਹੇ ਹਨ। (ਆਰੇ ਹੇਠਾਂ ਸਰੀਰ ਦੇ ਕੇ ਕਤਲ ਹੋਣ ਦੀ ਰੀਤ ਅੰਗ੍ਰੇਜ਼ ਰਾਜ ਵੇਲੇ ਬੰਦ ਹੋਈ ਹੈ)

ਇਸ ਤਰ੍ਹਾਂ ਦੀ ਮੌਤ ਦਾ ਜ਼ਿਕਰ ਕਬੀਰ ਜੀ ਨੇ ਆਪਣੀ ਪਤਨੀ ਦੇ ਮੂੰਹ ਵਿੱਚ ਪਾਕੇ ਕਹੇ ਵਾਕਾਂ ਵਿੱਚ ਇੰਝ ਕੀਤਾ ਹੈ, ਕਰਵਤੁ ਭਲਾ ਨ ਕਰਵਟ ਤੇਰੀ।

ਮੈਨੂੰ ਆਰੇ (ਕਰਵੱਤ) ਨਾਲ ਆਪਣਾ ਆਪ ਚਿਰਵਾ ਲੈਣਾ ਚੰਗਾ ਹੈ ਪਰ ਤੇਰੀ ਪਿੱਠ ਕੀਤੀ ਭਲੀ ਨਹੀਂ। ਕਬੀਰ ਜੀ ਇਸ ਤਰ੍ਹਾਂ ਧਰਮ ਦੇ ਧੰਦੇ ਚਲਾ ਰਹੇ ਵਪਾਰੀਆਂ ਨੂੰ ਨਿੱਤ ਦੇਖਦੇ, ਉਨ੍ਹਾਂ ਦਾ ਵਿਰੋਧ ਵੀ ਝੱਲਦੇ ਸਨ, ਜਿਸ ਲਈ ਉਨ੍ਹਾਂ ਨੇ ਪਾਂਡਿਆਂ ਬ੍ਰਹਿਮਣਾਂ ਨੂੰ ਸੰਬੋਧਨ ਕਰਕੇ ਕਈ ਪਦਿਆਂ ਵਿੱਚ ਚੰਗੀ ਭੁਗਤ ਸਵਾਰੀ ਹੈ:

ਗਜ ਸਾਢੇ ਤੈ ਤੈ ਧੋਤੀਆਂ
ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆ
ਲੋਟੇ ਹਥਿ ਨਿਬਕ॥
ਓਇ ਹਰਿ ਕੇ ਸੰਤ ਨ
ਆਖੀਅਹਿ ਬਾਨਾਰਸਿ ਕੇ ਠਗ॥1॥
ਐਸੇ ਸੰਤ ਨ ਮੋਕਉ ਭਾਵਹਿ॥
ਡਾਲਾ ਸਿਉ ਪੇਡਾ ਗਟਕਾਵਹਿ॥1॥ਰਹਾਉ॥
ਬਾਸਨ ਮਾਂਜਿ ਚਰਾਵਹਿ
ਊਪਰਿ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ
ਚੂਲੇ ਸਾਰੇ ਮਾਣਸ ਖਾਵਹਿ॥2॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ
ਅਪਰਸ ਕਹਾਵਹਿ॥(ਆਸਾ ਕਬੀਰ–476)

ਡਾਲੀਆਂ ਸਮੇਤ ਹੀ ਪੇਡਾਂ ਨੂੰ ਖਾ ਜਾਣ ਵਾਲਿਆਂ ਸੰਤਾਂ ਨੂੰ ਬਨਾਰਸੀ ਠੱਗਾਂ ਦੀ ਉਪਮਾ ਦਿੱਤੀ ਹੈ। ਦਿਖਾਵੇ ਦੀ ਸੁੱਚ ਸੋਧ ਏਨੀ ਕਰਨੀ, ਵਾਸਨ (ਬਰਤਣ) ਰਗੜ ਰਗੜ ਕੇ ਮਾਂਜਣੇ ਕਿ ਧਰਤੀ ਖੋਦ ਕੇ ਚੁੱਲ੍ਹੇ ਬਣਾਉਣੇ। ਉਨ੍ਹਾਂ ਚੁੱਲ੍ਹਿਆਂ ਉੱਤੇ ਸ਼ੁੱਧ ਰਸੋਈ ਬਣਾਉਣੀ। ਲਾਲਚ ਏਨਾ ਕਿ ਮਨੁੱਖਾਂ ਨੂੰ ਭੀ ਮੌਤ ਦੇ ਘਾਟ ਉਤਾਰ ਦੇਣਾ। ਅਜੇਹੇ ਪਾਪੀ, ਸਦਾ ਅਪਰਾਧੀ ਅਤੇ ਅਭਿਮਾਨੀ ਆਪਣੇ ਆਪ ਨੂੰ ਅਸਪਰਸੀ ਕਿਸੇ ਵੀ ਚੀਜ਼ ਨੂੰ ਨਾ ਛੋਹਣ ਵਾਲੇ ਕਹਾਉਣ ਦਾ ਸਵਾਂਗ ਕਰਦੇ ਹੋਏ ਘੁੰਮਦੇ ਫਿਰਦੇ ਹਨ।

ਸਦਾ ਸਦਾ ਫਿਰਹਿ
ਅਭਿਮਾਨੀ ਸਗਲ ਕੁਟੰਬ ਡੁਬਾਵਹਿ॥3॥

(ਆਸਾ ਕਬੀਰ ਜੀ–476)

ਕਬੀਰ ਜੀ, ਵਿਆਪਕ ਝਾਤੀ, ਅਜੇਹੇ ਦੰਭੀਆਂ ਉੱਤੇ ਸੁੱਟਕੇ ਕਹਿੰਦੇ ਹਨ, ਚਲੋ ਜਿਸ ਕੰਮ ਵਿੱਚ ਕੋਈ ਲੱਗਿਆ ਹੈ ਉਹੋ ਕਰਮਾਂ ਵਿੱਚ ਲੱਗਿਆ ਰਹੇ । ਜਿਨ੍ਹਾਂ ਨੂੰ ਸਤਿਗੁਰੂ ਦਾ ਮਿਲਾਪ (ਭੇਟਨਾ) ਹੁੰਦਾ ਹੈ, ਮੁਕਤ ਉਹੋ ਹੁੰਦੇ ਹਨ, ਉਹ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦੇ:–

ਕਹੁ ਕਬੀਰ ਜਿਸੁ ਸਤਿਗੁਰ ਭੇਟੈ
ਪੁਨਰਪਿ ਜਨਮਿ ਨ ਆਵੈ॥

(ਆਸਾ ਕਬੀਰ–476)

ਕਬੀਰ ਜੀ ਨੇ ਉਨ੍ਹਾਂ ਦੰਭੀਆਂ ਨੂੰ ਭੀ ਲਾਈਨ ਵਿੱਚ ਖੜ੍ਹਾ ਕੀਤਾ ਹੈ, ਜੋ ਮੱਥੇ ਉੱਤੇ ਤਿਲਕ ਖਿੱਚਕੇ ਗਲ ਵਿੱਚ ਮਾਲਾ ਸਜਾਕੇ ਰਾਮ ਭਗਤ ਬਣ ਬਣ ਕੇ ਦੱਸਦੇ ਰਹਿੰਦੇ ਸੀ:–

ਮਾਥੇ ਤਿਲਕੁ ਹਥਿ ਮਾਲਾ ਬਾਨਾ॥
ਲੋਗਨ ਰਾਮੁ ਖਿਲਾਉਨਾ ਜਾਨਾਂ॥

(ਭੈਰਉ ਕਬੀਰ–1158)

ਗੱਲੀਂ ਬਾਤੀਂ ਅਸਮਾਨੋਂ ਤਾਰੇ ਲਾਹੁਣ ਵਾਲੇ ਬਾਤੂਨਿਆਂ ਦੀ ਵੀ ਚੰਗੀ ਸੇਵਾ ਕੀਤੀ ਹੈ:

ਬਾਤਨ ਹੀ ਅਸਮਾਨ ਗਿਰਾਵਹਿ॥

(ਗਉੜੀ ਕਬੀਰ–332)

ਜਾਂ ਬਾਤੁਨ ਹੀ ਬੈਕੁੰਠ ਸਮਾਨਾ॥

(ਗਉੜੀ ਕਬੀਰ–325)

ਹਿਰਦੇ ਵਿੱਚ ਕਪਟ, ਮੂੰਹ ਵਿੱਚ ਗਿਆਨ, ਦੇ ਉਪਦੇਸ਼ ਕਰਨ ਵਾਲਿਆਂ ਦੀ ਆਤਮਾ ਨੂੰ ਵੰਗਾਰਿਆ ਹੈ। ਭਾਈ, ਕੁਝ ਤਾਂ ਅਸਲੀਅਤ ਪ੍ਰਤੀ ਫਰਜ਼ ਸਮਝੋ: ਹਿਰਦੈ ਕਪਟ ਮੁਖ ਗਿਆਨੀ ਵਾਲਾ ਵਰਤਾਰਾ ਠੀਕ ਨਹੀਂ।

## ਪਿਤਰ ਪੂਜਾ:

ਜਿਉਂਦੇ ਮਾਤਾ ਪਿਤਾ ਦੇ ਅਨਾਦਰ ਅਤੇ ਮੋਇਆਂ ਦੇ ਸਰਾਧ ਕਰਨ ਵਾਲਿਆਂ ਨੂੰ ਸਿੱਖਿਆ ਦਿੱਤੀ ਹੈ, ਪਿਤਰਾਂ ਦੀ ਸੇਵਾ ਜੀਊਂਦੇ ਜੀਅ ਕਰਨੀ ਭਲੀ ਹੈ, ਮਰਿਆਂ ਉੱਤੇ ਸਰਾਧ ਕਰਾਉਣੇ, ਕਾਵਾਂ ਕੁੱਤਿਆਂ ਨੂੰ ਖਵਾਉਣ ਤੋਂ ਵੱਧ ਪੁੰਨਯ ਕਰਮ ਨਹੀਂ:

ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ
ਕਿਉ ਪਾਵਹਿ ਕਊਆ ਕੂਕਰ ਖਾਹੀ॥

(ਗਉੜੀ ਕਬੀਰ–332)

ਤੀਰਥ (ਯਾਤਰਾਵਾਂ) ਖਾਸ ਸਮਿਆਂ ਉੱਤੇ ਖਾਸ ਥਾਵਾਂ ਉੱਤੇ ਇਸ਼ਨਾਨ ਕਰਨ ਦੀ ਰੀਤੀ ਅਤੇ ਕਿਰਿਆ ਨੂੰ ਵੀ ਉਨ੍ਹਾਂ ਹਾਸੋ ਹੀਣੀ ਸਮਝਿਆ ਹੈ: ਅੰਤਰਿ ਮੈਲ ਜੋ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ। ਲੋਕਾਂ ਨੂੰ ਪਤਿਆਉਣ ਨਾਲ ਮਨ ਦੀ ਮੈਲ ਨਹੀਂ ਉਤਰਦੀ। ਨਾ ਰਾਮ ਏਨਾਂ ਨਿਆਣਾ ਹੈ ਕਿ ਖ਼ਾਸ ਦਿਨ ਖ਼ਾਸ ਤੀਰਥਾਂ ਉੱਤੇ ਨਹਾਉਂਦਿਆਂ ਨੂੰ ਦੇਖਕੇ ਪ੍ਰਸੰਨ ਹੋ ਜਾਂਦਾ ਹੈ।

ਚਲਦਾ......

ਬਘੇਲ ਸਿੰਘ ਧਾਲੀਵਾਲ
99142-58142






ਭਾਰਤ ਦੀ ਮੌਜੂਦਾ ਸਮੇਂ ਦੀ ਰਾਜਨੀਤੀ ਨੂੰ ਸਮਝਣਾ ਕੋਈ ਸੁਖਾਲਾ ਕਾਰਜ ਨਹੀਂ ਰਿਹਾ, ਕਿਉਂਕਿ ਇਹ ਇੱਕੋ-ਇੱਕ ਅਜਿਹਾ ਖੇਤਰ ਹੈ ਜਿਸ ਦਾ ਨਾ ਕੋਈ ਮਿਆਰ ਹੈ ਅਤੇ ਨਾ ਹੀ ਕੋਈ ਮਾਪਦੰਡ। ਭਾਰਤੀ ਰਾਜਨੀਤੀ ਦੇ ਇਸ ਦੌਰ ਨੂੰ ਜੇ ਧਿਆਨ ਨਾਲ ਵੇਖੀਏ ਤਾਂ ਪੁਰਾਣੀਆਂ ਕਹਾਵਤਾਂ ਦੇ ਅਸਲ ਅਰਥ ਆਪਣੇ-ਆਪ ਸਾਹਮਣੇ ਆ ਜਾਂਦੇ ਹਨ। ਪੰਜਾਬੀ ਕਹਾਵਤ "ਡਾਢੇ ਦਾ ਸੱਤੀਂ ਵੀਹੀਂ ਸੌ", ਜਿੱਥੇ ਤਕੜੇ ਦੇ ਧੋਖੇ ਜਾਂ ਚਲਾਕੀ ਦੀ ਪ੍ਰਤੀਕ ਹੈ, ਉੱਥੇ ਹੀ ਇਹ ਅਜੋਕੇ ਰਾਜਨੀਤਿਕ ਪ੍ਰਬੰਧ ਦੀ ਉਸ ਸੱਚਾਈ ਨੂੰ ਵੀ ਨੰਗਿਆਂ ਕਰਦੀ ਹੈ ਜਿੱਥੇ ਰਾਜਨੀਤਕ ਤਾਕਤ ਕਾਨੂੰਨ ਤੋਂ ਵੀ ਵੱਡੀ ਹੋ ਜਾਂਦੀ ਹੈ। ਅੱਜ ਦਾ ਭਾਰਤ ਉਸੇ ਖ਼ਤਰਨਾਕ ਮੋੜ 'ਤੇ ਖੜ੍ਹਾ ਦਿਖਾਈ ਦਿੰਦਾ ਹੈ।

ਪੱਛਮੀ ਬੰਗਾਲ ਦੀਆਂ ਚੋਣਾਂ ਨੂੰ ਦੇਖ ਕੇ ਇਹ ਅਹਿਸਾਸ ਹੋਰ ਵੀ ਗਹਿਰਾ ਹੋ ਜਾਂਦਾ ਹੈ ਕਿ ਹੁਣ ਭਾਰਤ ਦਾ ਲੋਕਤੰਤਰ ਆਪਣੇ ਆਖਰੀ ਸਾਹਾਂ 'ਤੇ ਹੈ। ਇਸ ਲਈ ਹੁਣ ਵੋਟਾਂ ਮਹਿਜ਼ ਇੱਕ ਰਸਮੀ ਕਾਰਵਾਈ (ਫਾਰਮੈਲਿਟੀ) ਰਹਿ ਗਈਆਂ ਹਨ, ਜਦੋਂਕਿ ਡੰਡੇ ਦੇ ਜ਼ੋਰ ਨਾਲ ਸੂਬਿਆਂ ਅਤੇ ਸੰਸਥਾਵਾਂ ਉੱਤੇ ਕਬਜ਼ਾ ਕਰਨ ਦੀ ਅਣ-ਐਲਾਨੀ ਜੰਗ ਸ਼ੁਰੂ ਹੋ ਚੁੱਕੀ ਹੈ। ਭਾਜਪਾ ਨੇ ਬੰਗਾਲ ਨੂੰ ਜਿੱਤਣ ਲਈ ਜਿਹੜਾ ਜ਼ੋਰ ਲਾਇਆ, ਉਹ ਕਿਸੇ ਆਮ ਚੋਣ ਮੁਹਿੰਮ ਵਰਗਾ ਨਹੀਂ ਸੀ। ਕੇਂਦਰੀ ਮੰਤਰੀਆਂ ਦੇ ਲਗਾਤਾਰ ਹਮਲਾਵਰ ਦੌਰੇ, ਗੋਦੀ ਮੀਡੀਆ ਦੀ ਇੱਕਤਰਫ਼ਾ ਮੁਹਿੰਮ, ਚੋਣ ਕਮਿਸ਼ਨ ਦੀ ਚੁੱਪ, ਸੁਰੱਖਿਆ ਬਲਾਂ ਦੀ ਅਸਧਾਰਨ ਤਾਇਨਾਤੀ, ਧੱਕੇਸ਼ਾਹੀ ਅਤੇ ਵੋਟਰਾਂ ਦੇ ਅਧਿਕਾਰਾਂ ਦਾ ਇਹ 'ਕਾਤਲ ਵਰਤਾਰਾ' ਅਨੇਕਾਂ ਸਵਾਲ ਖੜ੍ਹੇ ਕਰ ਗਿਆ ਹੈ।

ਇਹ ਸਾਰਾ ਕੁਝ ਲੋਕਤੰਤਰਕ ਪ੍ਰਕਿਰਿਆ ਦਾ ਹਿੱਸਾ ਨਹੀਂ ਹੈ। ਇਹ ਉਸ 'ਸੱਤੀਂ ਵੀਹੀਂ ਸੌ' ਵਾਲੀ ਰਾਜਨੀਤੀ ਦਾ ਆਧੁਨਿਕ ਰੂਪ ਹੈ ਜਿੱਥੇ ਜਨ-ਮਤ ਨਹੀਂ, ਸਗੋਂ ਤਾਨਾਸ਼ਾਹੀ ਪ੍ਰਬੰਧ ਦਾ ਡੰਡਾ ਜਿੱਤਦਾ ਹੈ। ਕਪਿਲ ਸਿੱਬਲ ਵਰਗੇ ਸੀਨੀਅਰ ਕਾਨੂੰਨਦਾਨ ਨੇ ਖੁੱਲ੍ਹੇ ਤੌਰ 'ਤੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨੂੰ ਭਾਜਪਾ ਨੇ ਨਹੀਂ ਹਰਾਇਆ, ਸਗੋਂ ਚੋਣ ਕਮਿਸ਼ਨ, ਸੁਰੱਖਿਆ ਬਲਾਂ ਅਤੇ ਵੋਟਰਾਂ ਦੇ ਹੱਕ ਖੋਹਣ ਵਾਲੀ ਪ੍ਰਕਿਰਿਆ ਨੇ ਹਰਾਇਆ ਹੈ। ਉਹਨਾਂ ਦਾ ਇਹ ਬਿਆਨ ਭਾਰਤੀ ਲੋਕਤੰਤਰ ਦੀ ਡਿੱਗਦੀ ਭਰੋਸੇਯੋਗਤਾ ਦੇ ਦਰਦ ਨੂੰ ਦਰਸਾਉਂਦਾ ਹੈ। ਜੇ ਚੋਣਾਂ ਦੇ ਨਤੀਜੇ ਪਹਿਲਾਂ ਹੀ ਤੈਅ ਕੀਤੇ ਜਾਣ ਲੱਗ ਪੈਣ, ਜੇ ਪ੍ਰਬੰਧ ਇੱਕ ਧਿਰ ਦੇ ਹੱਕ ਵਿੱਚ ਖੜ੍ਹ ਜਾਵੇ, ਫਿਰ ਲੋਕਤੰਤਰ ਅਤੇ ਤਾਨਾਸ਼ਾਹੀ ਵਿੱਚ ਫਰਕ ਹੀ ਕੀ ਰਹਿ ਜਾਂਦਾ ਹੈ?

ਅੱਜ ਹਾਲਾਤ ਇਹ ਹਨ ਕਿ ਜਿੱਥੇ ਭਾਜਪਾ ਦੀ ਸਰਕਾਰ ਨਹੀਂ ਹੈ, ਉੱਥੇ ਹਰ ਛੋਟੀ ਘਟਨਾ ਨੂੰ ਰਾਸ਼ਟਰੀ ਸੰਕਟ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਮੀਡੀਆ ਦਾ ਵੱਡਾ ਹਿੱਸਾ ਕੇਂਦਰੀ ਤਾਕਤਾਂ ਦੇ ਹੱਕ ਵਿੱਚ ਮਨੋਵਿਗਿਆਨਕ ਜੰਗ ਲੜਦਾ ਦਿਖਾਈ ਦਿੰਦਾ ਹੈ। ਬੰਗਾਲ ਵਿੱਚ ਮਮਤਾ ਬੈਨਰਜੀ ਨੂੰ ਬਦਨਾਮ ਕਰਨ ਲਈ ਜਿਹੜੀ ਭਾਸ਼ਾ ਵਰਤੀ ਗਈ, ਉਹ ਰਾਜਨੀਤਿਕ ਅਸਹਿਮਤੀ ਨਹੀਂ, ਬਲਕਿ ਇੱਕ ਚੁਣੀ ਹੋਈ ਸਰਕਾਰ ਨੂੰ ਲੋਕਾਂ ਦੀ ਨਜ਼ਰ ਵਿੱਚ ਗਿਰਾਉਣ ਦੀ ਕੋਝੀ ਅਤੇ ਸੋਚੀ-ਸਮਝੀ ਮੁਹਿੰਮ ਸੀ। ਮਮਤਾ ਲਈ ਹਰ ਉਹ ਸ਼ਬਦ ਵਰਤੋਂ ਵਿੱਚ ਲਿਆਂਦਾ ਗਿਆ, ਜਿਹੜਾ ਉਹਨਾਂ ਦੀ ਇਮਾਨਦਾਰ ਛਵੀ ਨੂੰ ਖ਼ਰਾਬ ਕਰਨ ਲਈ ਢੁਕਵਾਂ ਜਾਪਿਆ। ਮਿਸਾਲ ਦੇ ਤੌਰ 'ਤੇ, ਕਦੇ ਉਹਨਾਂ ਨੂੰ ਅਰਾਜਕਤਾਵਾਦੀ (ਅਨਾਰਕੀ), ਕਦੇ ਰਾਸ਼ਟਰ-ਵਿਰੋਧੀ ਤੇ ਕਦੇ ਘੁਸਪੈਠੀਆਂ ਦੀ ਹਮਾਇਤੀ ਕਿਹਾ ਗਿਆ। ਇਹ ਹਰ ਤਾਨਾਸ਼ਾਹੀ ਸੋਚ ਦਾ ਸਾਜਿਸ਼ੀ ਢੰਗ ਹੈ ਕਿ ਪਹਿਲਾਂ ਵਿਰੋਧੀ ਨੂੰ ਬਦਨਾਮ ਕਰੋ, ਫਿਰ ਉਸ ਦੀ ਰਾਜਨੀਤਕ ਜ਼ਮੀਨ ਖੋਹਣੀ ਆਸਾਨ ਹੋ ਜਾਂਦੀ ਹੈ।

ਮੁੱਢ ਤੋਂ ਹੀ ਹਰ ਹਾਕਮ ਨੂੰ ਇਹ ਭਰਮ ਰਿਹਾ ਹੈ ਕਿ ਉਹ ਸਦੀਵੀ ਹੈ। ਔਰੰਗਜ਼ੇਬ ਨੂੰ ਵੀ ਅਜਿਹਾ ਹੀ ਭਰਮ ਸੀ। ਉਸ ਨੇ ਤਲਵਾਰ ਦੇ ਜ਼ੋਰ 'ਤੇ ਪੂਰੇ ਭਾਰਤ ਨੂੰ ਇੱਕ ਮਜ਼ਹਬੀ ਰਾਜ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ, ਪਰ ਉਹ ਖ਼ੁਦ ਥੱਕ ਗਿਆ ਅਤੇ ਉਸ ਦਾ ਸਾਮਰਾਜ ਟੁੱਟ ਗਿਆ। ਸਿਕੰਦਰ ਨੇ ਦੁਨੀਆ ਜਿੱਤਣ ਦਾ ਸੁਪਨਾ ਵੇਖਿਆ ਸੀ, ਪਰ ਪੰਜਾਬ ਦੀ ਧਰਤੀ ਨੇ ਉਸ ਦਾ ਹੰਕਾਰ ਤੋੜ ਦਿੱਤਾ। ਅੰਗਰੇਜ਼ਾਂ ਨੂੰ ਲੱਗਦਾ ਸੀ ਕਿ ਉਹਨਾਂ ਦੇ ਸਾਮਰਾਜ ਵਿੱਚ ਸੂਰਜ ਕਦੇ ਨਹੀਂ ਡੁੱਬੇਗਾ, ਪਰ ਅਖ਼ੀਰ ਉਹਨਾਂ ਦਾ ਭਰਮ ਵੀ ਚਕਨਾਚੂਰ ਹੋ ਗਿਆ। ਇਹ ਸਦੀਵੀ ਸੱਚ ਹੈ ਕਿ ਜਿਹੜੀ ਤਾਕਤ ਲੋਕਾਂ ਦੇ ਹੱਕਾਂ ਨੂੰ ਕੁਚਲਦੀ ਹੈ, ਉਹ ਕੁਝ ਸਮੇਂ ਲਈ ਡਰ ਅਤੇ ਦਹਿਸ਼ਤ ਤਾਂ ਪੈਦਾ ਕਰ ਸਕਦੀ ਹੈ, ਪਰ ਇਤਿਹਾਸ ਵਿੱਚ ਕਦੇ ਸਦੀਵੀ ਨਹੀਂ ਰਹਿੰਦੀ।

ਅੱਜ ਭਾਜਪਾ ਵੀ ਅਜਿਹੇ ਹੀ ਭਰਮ ਵਿੱਚ ਜੀ ਰਹੀ ਪ੍ਰਤੀਤ ਹੁੰਦੀ ਹੈ। ਉਸ ਨੂੰ ਜਾਪਦਾ ਹੈ ਕਿ ਕੇਂਦਰੀ ਏਜੰਸੀਆਂ, ਮੀਡੀਆ, ਪੈਸਾ ਅਤੇ ਤਾਕਤ ਦੀ ਦੁਰਵਰਤੋਂ ਨਾਲ ਹਰ ਸੂਬੇ ਨੂੰ ਕਾਬੂ ਕੀਤਾ ਜਾ ਸਕਦਾ ਹੈ, ਪਰ ਹਰ ਸੂਬਾ ਇੱਕੋ ਜਿਹਾ ਨਹੀਂ ਹੁੰਦਾ। ਪੰਜਾਬ, ਬੰਗਾਲ ਜਾਂ ਕਸ਼ਮੀਰ ਸਿਰਫ਼ ਭੂਗੋਲਿਕ ਦਾਇਰੇ ਨਹੀਂ ਹਨ; ਇਹ ਆਪਣੀ ਵੱਖਰੀ ਹੋਣੀ ਅਤੇ ਇਤਿਹਾਸਿਕ ਪਛਾਣ ਵਾਲੇ ਖਿੱਤੇ ਹਨ। ਪੰਜਾਬ ਆਪਣੀ 'ਨਾਬਰੀ' (ਬਗ਼ਾਵਤ/ਅਣਖ) ਕਰਕੇ ਬਾਕੀ ਸੂਬਿਆਂ ਤੋਂ ਵੀ ਵੱਖਰਾ ਹੈ।

ਬੰਗਾਲ ਤੋਂ ਬਾਅਦ ਹੁਣ ਨਿਸ਼ਾਨਾ ਪੰਜਾਬ ਹੈ। ਇਹ ਕਹਿਣਾ ਹੁਣ ਕੋਈ ਲੁਕਿਆ ਭੇਦ ਜਾਂ ਭੁਲੇਖੇ ਵਾਲੀ ਗੱਲ ਨਹੀਂ ਕਿ ਪੰਜਾਬ ਦੀ ਭੂਗੋਲਿਕ ਸਥਿਤੀ, ਪਾਣੀ, ਖੇਤੀ, ਜਵਾਨੀ, ਕਿਸਾਨੀ ਅਤੇ ਰਾਜਨੀਤਿਕ ਚੇਤਨਾ, ਦਿੱਲੀ ਲਈ ਹਮੇਸ਼ਾ ਸਿਰਦਰਦੀ ਅਤੇ ਕੰਟਰੋਲ ਕਰਨ ਵਾਲਾ ਮਸਲਾ ਰਿਹਾ ਹੈ। ਜਿਵੇਂ ਹੀ ਬੰਗਾਲ ਵਿੱਚ ਸਫਲਤਾ ਦਾ ਦਾਅਵਾ ਕੀਤਾ ਗਿਆ, ਪੰਜਾਬ ਦੇ ਭਾਜਪਾਈ ਲੀਡਰ ਵੀ ਜੋਸ਼ ਵਿੱਚ ਆ ਗਏ। ਉਹਨਾਂ ਦੇ ਬਿਆਨ ਸਾਫ਼ ਦੱਸ ਰਹੇ ਹਨ ਕਿ ਹੁਣ 2027 ਦੀਆਂ ਪੰਜਾਬ ਚੋਣਾਂ ਉਹਨਾਂ ਦਾ ਅਗਲਾ ਨਿਸ਼ਾਨਾ ਹਨ। ਪਰ ਉਹ ਸ਼ਾਇਦ ਪੰਜਾਬ ਵਿੱਚ ਰਹਿੰਦੇ ਹੋਏ ਵੀ ਇਸ ਦੀ ਗ਼ੈਰਤੀ ਮਾਨਸਿਕਤਾ ਨੂੰ ਸਮਝਣ ਵਿੱਚ ਅਸਮਰੱਥ ਰਹੇ ਹਨ।

ਪੰਜਾਬ ਕੋਈ ਆਮ ਧਰਤੀ ਨਹੀਂ ਹੈ। ਇੱਥੇ ਹਮੇਸ਼ਾ ਨਾਬਰੀ ਫਲੀ ਹੈ ਅਤੇ ਸ਼ਹਾਦਤਾਂ ਦੇ ਬੀਜ ਪੁੰਗਰਦੇ ਰਹੇ ਹਨ। ਇਹ ਇਤਿਹਾਸਿਕ ਸਚਾਈ ਹੈ ਕਿ ਇਸ ਧਰਤੀ ਨੇ ਦੁਨੀਆ ਦੇ ਅਜੇਤੂਆਂ ਦੀਆਂ ਗੋਡਣੀਆਂ ਲਵਾਈਆਂ ਹਨ। ਪੰਜਾਬ ਨੇ ਮੁਗ਼ਲਾਂ ਦੇ ਸਮੇਂ ਤੋਂ ਲੈ ਕੇ ਮੌਜੂਦਾ ਦੌਰ ਤੱਕ ਪੁੱਜਦਿਆਂ ਦਿੱਲੀ ਦੇ ਤਖ਼ਤ ਨੂੰ ਇੱਕ ਨਹੀਂ, ਅਨੇਕਾਂ ਵਾਰ ਚੁਣੌਤੀ ਦਿੱਤੀ ਹੈ। ਦਿੱਲੀ ਦਾ ਕਿਸਾਨੀ ਅੰਦੋਲਨ ਇਸ ਦੀ ਸਭ ਤੋਂ ਵੱਡੀ ਮਿਸਾਲ ਹੈ। ਸੱਤ ਸੌ ਤੋਂ ਵੱਧ ਕਿਸਾਨ ਅਤੇ ਮਜ਼ਦੂਰ ਸ਼ਹੀਦ ਹੋ ਗਏ, ਪਰ ਪੰਜਾਬ ਨੇ ਪਿੱਛੇ ਮੁੜਨਾ ਪ੍ਰਵਾਨ ਨਾ ਕੀਤਾ, ਬਲਕਿ ਤਿੰਨ ਕਿਸਾਨੀ ਕਾਨੂੰਨਾਂ ਨੂੰ ਵਾਪਸ ਨਾ ਲੈਣ ਦੇ ਦਾਅਵੇ ਕਰਨ ਵਾਲੀ ਕੇਂਦਰੀ ਹਕੂਮਤ ਨੂੰ ਝੁਕਣਾ ਪਿਆ।

ਪੰਜਾਬ ਨਾਲ ਧੱਕੇ ਦੀ ਸੂਚੀ ਵੀ ਬਹੁਤ ਲੰਮੀ ਹੈ। ਹਰ ਵਾਰ ਪੰਜਾਬ ਦੇ ਹੱਕਾਂ ਨੂੰ 'ਰਾਸ਼ਟਰੀ ਹਿੱਤ' ਦੇ ਨਾਂ 'ਤੇ ਦਬਾਉਣ ਦੀ ਕੋਸ਼ਿਸ਼ ਹੋਈ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਕੇਂਦਰੀ ਦਖ਼ਲਅੰਦਾਜ਼ੀ ਪ੍ਰਤੀ ਹਮੇਸ਼ਾ ਸ਼ੱਕ ਅਤੇ ਗੁੱਸਾ ਬਰਕਰਾਰ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਇਸ ਦੇਸ਼ ਦੀ ਆਰਥਿਕ, ਸੱਭਿਆਚਾਰਕ ਅਤੇ ਜਜ਼ਬਾਤੀ ਤਾਕਤ ਰਿਹਾ ਹੈ। ਇਸ ਧਰਤੀ ਨੇ ਦੇਸ਼ ਨੂੰ ਅੰਨ ਦਿੱਤਾ, ਸਰਹੱਦਾਂ ਦੀ ਰੱਖਿਆ ਕੀਤੀ ਅਤੇ ਹਰ ਸੰਕਟ ਵੇਲੇ ਆਪਣਾ ਲਹੂ ਦਿੱਤਾ। ਪਰ ਇਸ ਦੇ ਬਾਵਜੂਦ ਪੰਜਾਬ 'ਤੇ ਕੇਂਦਰੀ ਤਾਕਤਾਂ ਦੀ ਹਮੇਸ਼ਾ ਮਾੜੀ ਨਜ਼ਰ ਹੀ ਰਹੀ ਹੈ। ਪਹਿਲਾ ਹਮਲਾ ਪਾਣੀਆਂ 'ਤੇ ਹੋਇਆ, ਫਿਰ ਹਮਲਿਆਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ-ਜ਼ਮੀਨ 'ਤੇ, ਕਿਸਾਨੀ 'ਤੇ ਜਵਾਨੀ 'ਤੇ ਅਤੇ ਸਭ ਤੋਂ ਵੱਡਾ ਹਮਲਾ 'ਬਾਬੇ ਕਿਆਂ ਦੀ ਸੋਚ' (ਗੁਰੂ ਨਾਨਕ ਦੀ ਸੋਚ) 'ਤੇ ਹੈ।

ਜੇ ਲੋਕ ਅਜੇ ਵੀ ਨਾ ਸਮਝੇ ਤਾਂ ਆਉਣ ਵਾਲਾ ਸਮਾਂ ਬਹੁਤ ਖ਼ਤਰਨਾਕ ਹੋ ਸਕਦਾ ਹੈ। ਇਸ ਲਈ ਪੰਜਾਬੀਆਂ ਨੂੰ ਹੁਣੇ ਤੋਂ ਤਿਆਰ ਹੋਣਾ ਪਵੇਗਾ। ਪਿੰਡਾਂ, ਸ਼ਹਿਰਾਂ, ਯੂਨੀਵਰਸਿਟੀਆਂ ਅਤੇ ਸਮਾਜਿਕ ਸੰਸਥਾਵਾਂ ਵਿੱਚ ਚੇਤਨਾ ਪੈਦਾ ਕਰਨੀ ਪਵੇਗੀ। ਇੱਥੋਂ ਦੇ ਰਾਜਨੀਤਕ ਨੇਤਾਵਾਂ ਵਿੱਚ ਮਮਤਾ ਬੈਨਰਜੀ ਜਿੰਨੀ ਦਲੇਰੀ ਅਤੇ ਸੂਬੇ ਪ੍ਰਤੀ ਇਮਾਨਦਾਰੀ ਵਾਲੀ ਸੋਚ ਨੂੰ ਦ੍ਰਿੜ੍ਹ ਕਰਨਾ ਪਵੇਗਾ। ਲੋਕਾਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਚੋਣਾਂ ਸਿਰਫ਼ ਸਰਕਾਰ ਚੁਣਨ ਲਈ ਹੀ ਨਹੀਂ, ਸਗੋਂ ਭਵਿੱਖ ਦੀ ਦਿਸ਼ਾ ਚੁਣਨ ਦਾ ਮੌਕਾ ਹੋਣੀਆਂ ਚਾਹੀਦੀਆਂ ਹਨ।

ਪੱਛਮੀ ਬੰਗਾਲ ਦੀ ਅਣਖੀਲੀ ਔਰਤ ਮਮਤਾ ਬੈਨਰਜੀ ਨੇ ਬੰਗਾਲ ਵਿੱਚ ਹਾਰ ਮੰਨਣ ਤੋਂ ਇਨਕਾਰ ਕਰਕੇ ਇਹ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਕੇਂਦਰ ਦੀਆਂ ਫਿਰਕੂ ਧੱਕੇਸ਼ਾਹੀਆਂ ਦੇ ਖਿਲਾਫ਼ ਲੜਾਈ ਜਾਰੀ ਰਹੇਗੀ। ਮਮਤਾ ਬੈਨਰਜੀ ਵੱਲੋਂ ਅਸਤੀਫ਼ਾ ਨਾ ਦੇਣ ਦੇ ਐਲਾਨ ਤੋਂ ਸਾਫ਼ ਹੁੰਦਾ ਹੈ ਕਿ ਉਹ ਦਬਾਅ ਅੱਗੇ ਝੁਕੇਗੀ ਨਹੀਂ। ਇਹ ਸਮਝ ਲੈਣ ਦੀ ਲੋੜ ਹੈ ਕਿ ਇਹ ਸਿਰਫ਼ ਬੰਗਾਲ ਦੀ ਲੜਾਈ ਨਹੀਂ ਰਹੀ; ਇਹ ਹੁਣ ਉਹਨਾਂ ਸਾਰੇ ਸੂਬਿਆਂ ਦੀ ਲੜਾਈ ਬਣਨੀ ਚਾਹੀਦੀ ਹੈ ਜੋ ਕੇਂਦਰੀਕਰਨ ਅਤੇ ਸੰਸਥਾਵਾਂ ਦੇ ਦੁਰਉਪਯੋਗ ਦੇ ਸਤਾਏ ਹੋਏ ਹਨ।

ਪੰਜਾਬ ਨੂੰ ਵੀ ਇਹ ਸਮਝਣਾ ਪਵੇਗਾ ਕਿ ਆਉਣ ਵਾਲਾ ਸਮਾਂ ਸਿਰਫ਼ ਰਾਜਨੀਤਿਕ ਨਹੀਂ, ਬਲਕਿ ਸਵੈਮਾਣ ਦੀ ਲੜਾਈ ਦਾ ਸਮਾਂ ਵੀ ਹੋ ਸਕਦਾ ਹੈ। ਜੇ ਪੰਜਾਬ ਦੀ ਜਨਤਾ ਜਾਤਾਂ, ਧੜਿਆਂ, ਛੋਟੇ ਲਾਲਚਾਂ ਅਤੇ ਝੂਠੇ ਨਾਅਰਿਆਂ ਵਿੱਚ ਫਸੀ ਰਹੀ ਤਾਂ ਇਤਿਹਾਸ ਮਾਫ਼ ਨਹੀਂ ਕਰੇਗਾ। ਸਮਾਂ ਆ ਗਿਆ ਹੈ ਕਿ ਪੰਜਾਬ ਆਪਣੀ 'ਨਾਬਰੀ' ਦੇ ਦਾਅਵੇ ਨੂੰ ਮਜ਼ਬੂਤ ਕਰੇ; ਆਪਣੇ ਪਾਣੀਆਂ, ਆਪਣੀ ਭਾਸ਼ਾ, ਆਪਣੀ ਜਵਾਨੀ, ਕਿਸਾਨੀ ਅਤੇ ਆਪਣੀ ਅਣਖ ਨੂੰ ਪਛਾਣੇ, ਕਿਉਂਕਿ ਹੁਣ ਫਿਰਕੂ ਤਾਕਤਾਂ ਦਾ ਅਗਲਾ ਨਿਸ਼ਾਨਾ ਪੰਜਾਬ ਹੋਵੇਗਾ।

******

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਗੁਰੂ ਨਾਨਕ ਗੁਰਦੁਆਰਾ ਸਾਹਿਬ ਕਰਾਚੀ

## ਕਰਾਚੀ

ਪਾਕਿਸਤਾਨ ਦੇ ਸਿੰਧ ਪ੍ਰਾਂਤ ਦਾ ਇਕ ਮਸ਼ਹੂਰ ਸ਼ਹਿਰ ਕਰਾਚੀ ਹੈ, ਜੋ ਪ੍ਰਸਿੱਧ ਬੰਦਰਗਾਹ ਵੀ ਹੈ। ਜਦੋਂ ਗੁਰੂ ਨਾਨਕ ਸਾਹਿਬ ਕਰਾਚੀ ਆਏ ਤਾਂ ਉਸ ਥਾਂ ਬੈਠੇ ਜਿਥੇ ਅੱਜ ਕੱਲ੍ਹ ਜਸਟਿਸ ਕਿਆਨੀ ਰੋਡ ਹੈ ਅਤੇ ਇਸ ਦੇ ਸਾਹਮਣੇ ਕਰਾਚੀ ਆਰਟ ਕੌਂਸਲ ਹੈ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਸਾਹਿਬ ਇਥੋਂ ਉਠ ਕੇ ਦੇਵੀ ਦੀ ਗੁਫ਼ਾ ਵਿੱਚ ਗਏ ਜਿਥੋਂ ਜੋਤ ਲੈ ਜਾ ਕੇ ਲੋਕਾਂ ਨੇ ਸ਼ਹਿਰ ਅੰਦਰ ਗੁਰੂ ਮੰਦਰ ਬਣਵਾਇਆ। ਅੱਜ ਕੱਲ੍ਹ ਕਰਾਚੀ ਅੰਦਰ ਗੁਰੂਮੰਦਰ ਇਕ ਬਹੁਤ ਵੱਡੇ ਇਲਾਕੇ ਦਾ ਨਾਂ ਵੀ ਹੈ। ਇਥੇ ਬਹੁਤ ਹੀ ਖ਼ੂਬਸੂਰਤ ਇਮਾਰਤ ਬਣੀ ਹੋਈ ਹੈ, ਜੋ ਬਹੁਤ ਹੀ ਮਜ਼ਬੂਤ ਹੈ। ਗੁਰਦੁਆਰੇ ਨੂੰ ਗੁਰਦੁਆਰਾ ਪਹਿਲੀ ਪਾਤਸ਼ਾਹੀ, ਕਰਾਚੀ ਆਖਿਆ ਜਾਂਦਾ ਹੈ। ਇਸ ਇਮਾਰਤ ਉਪਰ ਅਨੇਕਾਂ ਹੀ ਗੁੰਬਦ ਚਿੱਟੇ ਦੁੱਧ ਦੂਰੋਂ ਹੀ ਨਜ਼ਰੀਂ ਪੈਂਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਪਾਕਿਸਤਾਨ ਸਰਕਾਰ ਨੇ ਲੱਖਾਂ ਰੁਪਏ ਖਰਚ ਕਰਕੇ ਇਸ ਦੀ ਮੁਰੰਮਤ ਕੀਤੀ ਹੈ।

ਕਰਾਚੀ ਦੇ ਕਲਿਫਟਨ ਨਗਰ ਜੋ ਸੈਰ-ਸਪਾਟੇ ਲਈ ਮਸ਼ਹੂਰ ਹੈ ਅਤੇ ਸਮੁੰਦਰ ਦੇ ਕਿਨਾਰੇ ਸੁਸ਼ੋਭਿਤ ਹੈ। ਇਹ ਇਤਿਹਾਸਕ ਅਸਥਾਨ ਗੁਰਦੁਆਰਾ ਪਹਿਲੀ ਪਾਤਸ਼ਾਹੀ, ਕਲਿਫਟਨ ਦੇ ਨਾਂ ਨਾਲ ਮਸ਼ਹੂਰ ਹੈ। ਕਲਿਫਟਨ ਸੈਰਗਾਹ ਦੀਆਂ ਪੌੜੀਆਂ ਤੋਂ ਇਹ ਅਸਥਾਨ ਖੱਬੇ ਹੱਥ ਵੱਲ ਹੈ। ਗੁਰੂ ਨਾਨਕ ਸਾਹਿਬ ਦੇ ਆਉਣ ਤੋਂ ਪਹਿਲਾਂ ਇਸ ਥਾਂ ਸਮੁੰਦਰ ਦੀ ਦੇਵੀ ਦਾ ਮੰਦਰ ਸੀ। ਸਮੁੰਦਰੀ ਜਹਾਜ਼ ਭੇਟਾ ਕਰਕੇ ਰਵਾਨਾ ਹੁੰਦੇ ਸਨ। ਇਸ ਮੰਦਰ ਅੰਦਰ ਕਦੇ ਕੋਈ ਮੂਰਤੀ ਨਹੀਂ ਰਹੀ, ਕੇਵਲ ਇਕ ਦੀਵਾ ਹੀ ਹੁੰਦਾ ਸੀ, ਜਿਸ ਦੀ ਹਿੰਦੂ ਪੂਜਾ ਕਰਦੇ ਸਨ। ਸਿੰਧ ਦੇ ਹਾਕਮ ਤਾਲਪੁਰ ਵੱਲੋਂ ਸਾਢੇ ਸੱਤ ਸੇਰ ਤੇਲ ਹਰ ਮਹੀਨੇ ਦੇਵੀ ਵਾਸਤੇ ਦਿੱਤਾ ਜਾਂਦਾ ਸੀ। ਮੁਕਾਮੀ ਰਿਵਾਇਤ ਅਨੁਸਾਰ ਗੁਰੂ ਨਾਨਕ ਸਾਹਿਬ, ਇਸ ਦੀਵੇ ਤੋਂ ਅੱਗੇ ਗੁਫਾ ਅੰਦਰ ਬਹਿ ਕੇ ਅਕਾਲ ਪੁਰਖ ਨੂੰ ਯਾਦ ਕੀਤਾ। ਹੁਣ ਜੋ ਦੀਵਾ ਜਗਦਾ ਹੈ, ਇਸ ਨੂੰ ਗੁਰੂ ਜੋਤੀ ਆਖਿਆ ਜਾਂਦਾ ਹੈ।

ਗੁਰਦੁਆਰੇ ਦੀ ਇਮਾਰਤ ਸੰਗਮਰਮਰ ਦੀ ਬਣੀ ਹੋਈ ਹੈ। 14 ਪੌੜੀਆਂ ਉਤਰਨ ਤੋਂ ਬਾਅਦ ਇਕ ਵਿਹੜਾ ਆਉਂਦਾ ਹੈ। ਵਿਹੜੇ ਤੋਂ ਹੇਠਾਂ ਫਿਰ 6 ਪੌੜੀਆਂ ਉਤਰ ਕੇ ਉਹ ਹਾਲ ਕਮਰਾ ਆਉਂਦਾ ਹੈ, ਜਿਸ ਦੇ ਅਖ਼ੀਰ ਹੀ ਉਹ ਗੁਫ਼ਾ ਹੈ ਜਿਥੇ ਗੁਰੂ ਸਾਹਿਬ ਕੁਝ ਸਮਾਂ ਬੈਠੇ ਸਨ। ਪੁਜਾਰੀ ਨਾਨਕ-ਪੰਥੀ ਹਿੰਦੂ ਹਨ। ਹੁਣ ਹਿੰਦੂਆਂ ਕਬਜ਼ਾ ਕਰਕੇ ਸ੍ਰੀ ਰਤਨੇਸ਼ਵਰ ਮਹਾਂਦੇਵ ਟੈਂਪਲ ਬਣਾ ਦਿੱਤਾ ਹੈ। ਦਰਵਾਜ਼ੇ ਦੇ ਬਾਹਰ ਜੈ ਸ਼ੰਕਰ ਲਿਖ ਕੇ ਬਾਹਰ ਹਿੰਦੂ ਮੂਰਤੀਆਂ ਦੇ ਫੋਟੋ ਆਦਿ ਲਾ ਦਿੱਤੇ ਹਨ।

ਪੁਸਤਕ ਸੂਚੀ:-

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਕਲਕੱਤਾ

ਕਲਕੱਤਾ ਪੱਛਮੀ-ਬੰਗਾਲ ਦੀ ਰਾਜਧਾਨੀ ਹੈ। 1911 ਤੋਂ ਪਹਿਲਾਂ ਇਹ ਬ੍ਰਿਟਿਸ਼ ਹਿੰਦੁਸਤਾਨ ਦੀ ਰਾਜਧਾਨੀ ਵੀ ਰਿਹਾ ਹੈ। ਕਲਕੱਤਾ ਸਮੁੰਦਰ ਤੋਂ 129 ਕਿਲੋਮੀਟਰ ਦੂਰ ਗੰਗਾ ਦੇ ਕੰਢੇ ਕਾਲੀਘਾਟ ਦੇ ਕੋਲ ਸਥਿਤ ਹੈ। ਅੱਜ ਕੱਲ੍ਹ ਇਸ ਦਾ ਨਾਂ ਕੋਲਕੱਤਾ ਰੱਖਿਆ ਗਿਆ ਹੈ।

ਗੁਰੂ ਨਾਨਕ ਸਾਹਿਬ ਢਾਕਾ ਤੋਂ ਪੰਜਾਬ ਵੱਲ ਵਾਪਸ ਮੁੜਦੇ ਹੋਏ ਕਲਕੱਤਾ ਠਹਿਰੇ ਸਨ। ਗੁਰੂ ਸਾਹਿਬ ਉਸ ਥਾਂ ਠਹਿਰੇ ਜਿਸ ਨੂੰ ਬੜੀ (ਵੱਡੀ) ਸੰਗਤ ਆਖਿਆ ਜਾਂਦਾ ਸੀ। ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਕ ਗੁਰਦੁਆਰਾ ਬੜੀ ਸੰਗਤ ਬਣਿਆ ਹੋਇਆ ਹੈ। ਇਸੇ ਥਾਂ ਹੀ ਸਮੇਂ ਦੇ ਰਾਜੇ, ਰਾਜਾ ਬਹਾਦਰ ਸਿਹੁੰ ਗੁਰੂ ਸਾਹਿਬ ਨਾਲ ਮੁਲਾਕਾਤ ਕਰਕੇ ਬਹੁਤ ਪ੍ਰਸੰਨ ਹੋਇਆ ਸੀ। ਇਸੇ ਰਾਜਾ ਬਹਾਦਰ ਸਿਹੁੰ ਨੇ ਬਾਅਦ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਤਾਮੀਰ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਵੀ ਆਪਣੇ ਪ੍ਰਚਾਰ ਦੌਰੇ ਸਮੇਂ (ਬੰਗਾਲ ਅਤੇ ਅਸਾਮ) ਇਥੇ ਠਹਿਰੇ ਸਨ। ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਧਰਮਸ਼ਾਲਾ ਮੌਜੂਦ ਸੀ। ਸੰਤ ਨਿਸਚਲ ਸਿੰਘ ਜੀ ਨੇ ਖ਼ਾਲਸਾ ਸਕੂਲ, ਗੁਰਦੁਆਰਾ ਬੜੀ ਸੰਗਤ (ਕਲਕੱਤਾ) ਵਿੱਚ ਬਣਾਇਆ ਹੈ।

**ਪੁਸਤਕ ਸੂਚੀ:-**

1. ਰਣਧੀਰ, ਜੀ.ਐਸ.- ਸਿੱਖ ਸ਼ਰਾਇਨਜ਼ ਇਨ ਇੰਡੀਆ, ਦਿੱਲੀ, 1990
2. ਦਿਲਗੀਰ, ਹਰਜਿੰਦਰ ਸਿੰਘ, ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਕਲਮੋਟ

ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਕਲਮੋਟ ਆਉਂਦਾ ਹੈ। ਇਹ ਪਿੰਡ ਅਨੰਦਪੁਰ ਸਾਹਿਬ ਤੋਂ 18 ਕਿਲੋਮੀਟਰ ਉੱਤਰ-ਪੱਛਮ ਵੱਲ ਸਥਿਤ ਹੈ। ਅਨੰਦਪੁਰ ਸਾਹਿਬ ਦਾ ਅਕਸ਼ਾਂਸ਼ 310-14 ਅਤੇ ਰੇਖਾਂਸ਼ ਦੇਸ਼ਾਂਤਰ 760-31 ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਪਿੰਡ ਵਿੱਚ ਆਪਣੇ ਮੁਬਾਰਕ ਕਦਮ ਪਾਏ ਹਨ। ਗੁਰੂ ਸਾਹਿਬ ਨਾਲ ਭਾਈ ਉਦੇ ਸਿੰਘ, ਭਾਈ ਜੀਵਨ ਸਿੰਘ ਅਤੇ ਹੋਰ ਸਿੰਘ ਨੇੜੇ ਜੰਗਲ ਵਿੱਚ ਇਕ ਸ਼ੇਰ ਦਾ ਸ਼ਿਕਾਰ ਕਰ ਰਹੇ ਸਨ ਕਿ ਉਨ੍ਹਾਂ ਦਾ ਮੁਕਾਮੀ ਰੰਘੜਾਂ ਨਾਲ ਮਾਮੂਲੀ ਗੱਲ 'ਤੇ ਝਗੜਾ ਹੋ ਗਿਆ। ਸਿੱਖਾਂ ਅਤੇ ਰੰਘੜਾਂ ਵਿੱਚ ਲੜਾਈ ਹੋ ਗਈ ਅਤੇ ਸਿੱਖਾਂ ਨੇ ਉਨ੍ਹਾਂ ਦਾ ਕਿਲ੍ਹਾ ਫ਼ਤਹਿ ਕਰ ਲਿਆ। ਇਸ ਲੜਾਈ ਵਿੱਚ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਹੁਣ ਰੰਘੜਾਂ ਦਾ ਕਿਲ੍ਹਾ ਮੌਜੂਦ ਨਹੀਂ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਪਾਤਸ਼ਾਹੀ ਦਸਵੀਂ ਬਣਿਆ ਹੋਇਆ ਹੈ। ਇਹ ਗੁਰਦੁਆਰਾ ਉਚੀ ਪਹਾੜੀ 'ਤੇ ਬਣਿਆ ਹੋਇਆ ਹੈ, ਜੋ ਪਿੰਡ ਦੇ ਪੱਛਮ ਵੱਲ ਹੈ ਅਤੇ 1975 ਵਿੱਚ ਬਣਾਇਆ ਗਿਆ ਹੈ। ਗੁਰਦੁਆਰੇ ਦਾ ਇਕ ਵੱਡਾ ਹਾਲ ਜ਼ਮੀਨੀ ਮੰਜ਼ਿਲ ਵਿੱਚ ਹੈ ਅਤੇ ਸਾਹਮਣੇ ਵਰਾਂਡਾ ਹੈ। ਗੁਰਦੁਆਰੇ ਦੇ ਨਾਲ ਹੀ ਉਹ ਪਿੱਪਲ ਦਾ ਦਰਖ਼ਤ ਹੈ, ਜਿਸ ਹੇਠ ਗੁਰੂ ਸਾਹਿਬ ਨੇ ਬੈਠ ਕੇ ਆਰਾਮ ਕੀਤਾ ਸੀ। ਇਹ ਦਰਖ਼ਤ ਅਜੇ ਤੱਕ ਮੌਜੂਦ ਹੈ। ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਕਲਮੋਟ ਨੂੰ ਖੇੜਾ ਕਲਮੋਟ ਵੀ ਆਖਦੇ ਹਨ। ਗੁਰੂ ਸਾਹਿਬ ਇਸ ਪਿੰਡ ਵਿੱਚ 14 ਅਕਤੂਬਰ 1700 ਨੂੰ ਆਏ ਸਨ। ਰੰਘੜਾਂ ਨਾਲ ਸਿੱਖਾਂ ਦੀ ਲੜਾਈ 19 ਅਕਤੂਬਰ 1700 ਨੂੰ ਹੋਈ ਸੀ।

**ਪੁਸਤਕ ਸੂਚੀ:-**

1. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।
2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996
4. ਦਿਲਗੀਰ, ਹਰਜਿੰਦਰ ਸਿੰਘ ਡਾ.- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਕਲਾਤ

ਕਲਾਤ, ਬਲੋਚਿਸਤਾਨ ਦਾ ਇਕ ਪ੍ਰਮੁੱਖ ਨਗਰ ਹੈ, ਜੋ ਕਲਾਤ ਕੋਇਟਾ ਤੋਂ ਕਰਾਚੀ ਜਾਣ ਵਾਲੀ ਸੜਕ ਉੱਤੇ ਹੈ। ਕੋਇਟਾ ਤੋਂ ਇਹ 124 ਕਿਲੋਮੀਟਰ ਦੂਰ ਹੈ। ਇਹ ਪਹਿਲਾਂ ਰਿਆਸਤ ਕਲਾਤ ਕਰਕੇ ਪ੍ਰਸਿੱਧ ਸੀ। ਇਸ ਦੇ ਪੁਰਾਣੇ ਨਗਰ ਅੰਦਰ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਅਸਥਾਨ ਹੈ। ਰਿਆਸਤ ਟੁੱਟਣ ਤੇ ਸ਼ਹਿਰ ਦੇ ਉਜੜਨ ਮਗਰੋਂ ਨਵਾਂ ਸ਼ਹਿਰ ਵਸਿਆ ਹੈ। ਇਹ ਨਵੇਂ ਸ਼ਹਿਰ ਦੇ ਹਿੰਦੂ ਮੁਹੱਲੇ ਅੰਦਰ ਗੁਰੂ ਨਾਨਕ ਦਰਬਾਰ ਗੁਰਦੁਆਰਾ ਹੈ। ਇਥੇ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਸਵੇਰ-ਸ਼ਾਮ ਸੰਗਤ ਜੁੜਦੀ ਹੈ। ਨਵੇਂ ਗੁਰਦੁਆਰੇ ਦੀ ਇਮਾਰਤ ਘਰ ਵਾਂਗ ਬਣੀ ਹੈ। ਪੁਰਾਣਾ ਅਸਥਾਨ ਨਾਨਕ ਮੰਦਰ ਕਰਕੇ ਪ੍ਰਸਿੱਧ ਹੈ, ਜੋ ਨਵੇਂ ਸ਼ਹਿਰ ਤੋਂ ਤਿੰਨ ਕਿਲੋਮੀਟਰ ਦੂਰ ਹੈ। ਇਸ ਪੁਰਾਣੇ ਦਰਬਾਰ ਦੀ ਸੇਵਾ ਖਾਨ ਕਲਾਤ ਨੇ ਕਰਵਾਈ ਸੀ। ਗੁਰਦੁਆਰੇ ਦੇ ਨਾਂ ਕਾਫ਼ੀ ਜ਼ਮੀਨ ਅਤੇ ਜਗੀਰਾਂ ਹਨ, ਜੋ ਖਾਨ ਕਲਾਤ ਵੱਲੋਂ ਲਾਈ ਗਈ ਹੈ। ਲੰਗਰ ਦੇ ਨਾਂ 'ਤੇ ਵੀ ਜਗੀਰਾਂ ਹਨ ਜੋ ਅਜੇ ਤੱਕ ਬਾਦਸਤੂਰ ਚੱਲਦੀ ਹੈ। ਗੁਰ-ਦੁਆਰੇ ਦੇ ਮੁੱਖ ਦਰਵਾਜ਼ੇ ਦੇ ਮੱਥੇ 'ਤੇ ਅੰਗ੍ਰੇਜ਼ੀ ਅਤੇ ਉਰਦੂ ਵਿੱਚ ਸ੍ਰੀ ਗੁਰੂ ਨਾਨਕ ਦਰਬਾਰ ਲਿਖਿਆ ਹੈ। ਉਪਰ ਇਸ ਦੇ ਓਮ ਹਿੰਦੂਆਂ ਲਿਖ ਦਿੱਤਾ ਹੈ। ਦਰਬਾਰ ਦੇ ਖੱਬੇ ਪਾਸੇ ਇਕ ਕੇਸਰੀ ਨਿਸ਼ਾਨ ਵੀ ਨਜ਼ਰੀਂ ਪੈਂਦਾ ਹੈ।

**ਪੁਸਤਕ ਸੂਚੀ:-**

1. ਇਕਬਾਲ ਕੇਸਰ- ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ, ਲਾਹੌਰ, 1998

## ਕੜਾਮਾਨਕਪੁਰ

ਕੜਾਮਾਨਕਪੁਰ ਪਿੰਡ ਦਰਿਆ ਯਮੁਨਾ ਦੇ ਕੰਡੇ ਸਥਿਤ ਹੈ, ਜਿਥੇ ਗੁਰੂ ਤੇਗ ਬਹਾਦਰ ਸਾਹਿਬ ਬਨੇਸਰ ਅਤੇ ਬਨੀਬਦਰਪੁਰ ਵੱਲੋਂ ਆ ਕੇ ਠਹਿਰੇ ਸਨ। ਇਸੇ ਥਾਂ ਮਲੂਕ ਦਾਸ ਨਾਮੀ ਵੈਸ਼ਨਵ ਸਾਧ ਨੂੰ ਉਪਦੇਸ਼ ਦਿੱਤਾ ਸੀ। ਗੁਰਪ੍ਰਤਾਪ ਸੂਰਜ ਵਿੱਚ ਜ਼ਿਕਰ ਆਇਆ ਹੈ ਕੜੇ ਸੁਮਾਨਕ ਪੁਰ ਕੇ ਰਾਹੁ ਗਗਨੇ ਸੰਤਿਗੁਰੂ ਬੇਪਰਵਾਹੂ! ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

# ਪੰਜਾਬ ਦੇ ਗਦਾਰ ਜਾਂ ਮੌਕਾਪ੍ਰਸਤ ਸਿਆਸਤਦਾਨ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬਾ: 96537-90000



ਪੰਜਾਬ 2027 ਚੋਣਾਂ ਦੀਆਂ ਵੱਲ ਵੱਧ ਰਿਹਾ ਹੈ ਨਾਲ ਹੀ ਸਿਆਸਤਦਾਨਾਂ ਦੀ ਟਪੂਸੀਆਂ ਸ਼ੁਰੂ ਹੋ ਗਈਆਂ ਹਨ। ਸਾਲ 2026 ਚੜ੍ਹਦੇ ਹੀ ਕਈ ਨੇਤਾ ਆਪਣੀਆਂ ਪਾਰਟੀਆਂ ਛੱਡ ਕੇ ਦੂਜੀਆਂ ਵਿੱਚ ਰਲਣੇ ਸ਼ੁਰੂ ਹੋ ਗਏ। ਆਮ ਤੌਰ ਤੇ ਦੱਲ ਬਦਲੀ ਉਹਨਾਂ ਪਾਰਟੀਆਂ ਵਿੱਚ ਜ਼ਿਆਦਾ ਹੁੰਦੀ ਹੈ ਜੋ ਸਤਾ ਤੋਂ ਬਾਹਰ ਹੋਣ ਜਾਂ ਵਿਰੋਧੀ ਧਿਰ ਦਾ ਕੰਮ ਨਿਭਾ ਰਹੀਆਂ ਹੋਣ। ਸੱਤਾ ਧਿਰ ਦੇ ਇਸੇ ਪਿੱਛੇ ਕਾਰਨ ਹੁੰਦਾ ਹੈ ਜਿੰਨ੍ਹਾਂ ਸਮਾਂ ਰਹਿ ਗਿਆ ਆਪਣੀਆਂ ਰੋਟੀਆਂ ਸੇਕ ਲਓ ਅਤੇ ਸਤਾ ਦਾ ਨਿੱਘ ਮਾਣ ਲਓ। ਪਰ ਇਸ ਵਾਰ ਕੁੱਝ ਉਲਟ ਫੇਰ ਹੋਇਆ ਹੈ ਪੰਜਾਬ ਦੀ ਮੌਜੂਦਾ ਸਤਾ ਧਿਰ ਪਾਰਟੀ ਦੇ 7 ਰਾਜ ਸਭਾ ਮੈਂਬਰ ਜਿਨ੍ਹਾਂ ਦੀ ਸਰਕਾਰ ਦਾ ਅਜੇ ਪੌਣਾ ਸਾਲ ਪਿਆ ਹੈ ਅਤੇ ਉਹਨਾਂ ਸਾਰਿਆਂ ਦੀ ਰਾਜ ਸਭਾ ਮੈਂਬਰਸ਼ਿਪ ਅਪ੍ਰੈਲ 2028 ਤੱਕ ਵੈਲਿਡ ਸੀ। ਯਾਨੀ ਉਹ ਤਾਂ ਸੱਤਾ ਦਾ ਨਿੱਘ ਮਾਣ ਰਹੇ ਸੀ ਫੇਰ ਭੱਜਣ ਦੀ ਕੀ ਲੋੜ ਸੀ? ਕਾਰਨਾਂ ਵਿੱਚ ਦੱਸਦੇ ਹਨ ਕਿ ਉਹਨਾਂ ਨੂੰ ਕੰਮ ਨਹੀਂ ਕਰਨ ਦਿੱਤਾ ਜਾਂਦਾ। ਹਾਲਾਂਕਿ ਜਿਸ ਨੇ ਲੋਕ ਭਲਾਈ ਦਾ ਕੰਮ ਕਰਨਾ ਹੋਵੇ ਉਹ ਬਿਨ੍ਹਾਂ ਸਿਆਸਤ ਤੋਂ ਵੀ ਖੁੱਲ੍ਹ ਕੇ ਕਰ ਲੈਂਦਾ ਹੈ। ਆਪ ਸਰਕਾਰ ਦੇ 10 ਰਾਜ ਸਭਾ ਮੈਂਬਰਾਂ ਵਿੱਚ ਇੱਕ ਹੀ ਸ਼ਖਸ਼ੀਅਤ ਐਸੀ ਸੀ ਜਿਸ ਨੇ ਸੱਤਾ ਤੋਂ ਪਹਿਲਾਂ ਵੀ ਖੁੱਲ੍ਹ ਕੇ ਕੰਮ ਕੀਤਾ। ਸਗੋਂ ਸੱਤਾ ਵਿੱਚ ਆਉਣ ਤੋਂ ਬਾਅਦ ਉਹਨਾਂ ਦਾ ਕੰਮ ਕੁੱਝ ਮੱਠਾ ਪੈ ਗਿਆ। ਇਸ ਦੌਰਾਨ ਜਿਹੜੇ ਕਹਿੰਦੇ ਹਨ ਕਿ ਦੂਜੀ ਪਾਰਟੀ ਵਿੱਚ ਜਾ ਕੇ ਉਹ ਵਧੀਆ ਕੰਮ ਕਰਨਗੇ ਇਸ ਦੀ ਕੀ ਗਰੰਟੀ ਹੈ।

ਖੈਰ ਗੱਲ ਕੀ ਸੀ ਕਿਸੇ ਦੀ ਤਾਕਤ ਜੋ ਕਿਸੇ ਸਮੇਂ ਪੰਜਾਬ ਦੇ ਮੁੱਖ ਮੰਤਰੀ ਨਾਲੋਂ ਵੀ ਵੱਧ ਸੀ ਕਿਉਂਕਿ ਉਹ ਦਿੱਲੀ ਦਰਬਾਰ ਦਾ ਬੰਦਾ ਸੀ। ਉਸ ਦੀ ਦਿੱਲੀ ਦਰਬਾਰ ਨਾਲ ਖੜਕ ਗਈ ਜਦੋਂ ਉਸਨੂੰ ਉਹਨਾਂ ਨੇ ਦਰਕਿਨਾਰ ਕਰਨਾ ਸ਼ੁਰੂ ਕੀਤਾ ਤਾਂ ਉਹ ਦੂਜੇ ਖੇਮੇ ਵਿੱਚ ਜਾ ਬੈਠਾ। ਕੁੱਝ ਪੰਜਾਬ ਦੇ ਵੱਡੇ ਪੂੰਜੀਪਤੀ ਜੋ ਕਾਰਪੋਰੇਟ ਜਗਤ ਦੀਆਂ ਨਾਮੀ ਹਸਤੀਆਂ ਸੀ ਉਹ ਸਨ। ਕਾਰਪੋਰੇਟ ਦਾ ਤਾਂ ਬੱਚੇ ਬੱਚੇ ਨੂੰ ਪਤਾ ਇਹ ਸਿਰਫ ਪੈਸੇ ਦੀ ਭਾਸ਼ਾ ਜਾਣਦੇ ਹਨ ਅਤੇ ਪੈਸੇ ਦੇ ਜ਼ੋਰ ਤੇ ਤਾਕਤ ਖਰੀਦਦੇ ਹਨ। ਇਹ ਲੋਕ ਕਿਸੇ ਖੇਮੇ ਵਿੱਚ ਹੋਣ ਪਰ ਇਹ ਹੱਥ ਸਾਰੀਆਂ ਪਾਰਟੀਆਂ ਨੂੰ ਝਾੜਦੇ ਹਨ। ਅੱਜ ਸਮੁੱਚੇ ਦੇਸ਼ ਵਿੱਚ ਇਹੋ ਹੀ ਰੁਝਾਨ ਚੱਲਦਾ ਹੈ ਪੈਸਾ ਦਿਓ ਅਤੇ ਕੰਮ ਕਰਵਾਓ। ਜਿੰਨ੍ਹਾਂ ਗੁੜ ਪਾਓਗੇ ਸਰਕਾਰੇ ਦਰਬਾਰੇ ਉਨ੍ਹੀ ਤਾਕਤ ਵਧੇਗੀ।

ਪੰਜਾਬ ਦੇ ਗਦਾਰ:- ਮੇਰੇ ਹਿਸਾਬ ਨਾਲ ਇਹ ਕਦੇ ਵੀ ਪੰਜਾਬ ਦੇ ਹਿਤੈਸ਼ੀ ਨਹੀਂ ਰਹੇ। ਇਹਨਾਂ ਨੇ ਕਦੇ ਵੀ ਪੰਜਾਬ ਦੇ ਮੁੱਖ ਮੁੱਦਿਆਂ ਦੀ ਰਾਜ ਸਭਾ ਵਿੱਚ ਗੱਲ ਨਹੀਂ ਕੀਤੀ। ਪੰਜਾਬ ਦੇ ਗਦਾਰ ਤਾਂ ਉਹ ਹਨ ਜਿਹਨਾਂ ਨੇ ਪੰਜਾਬ ਦੇ ਲੋਕਾਂ ਵੱਲੋਂ ਬਖਸ਼ੀ ਤਾਕਤ ਨੂੰ ਗਲਤ ਵਰਤਦੇ ਹੋਏ, ਇਹਨਾਂ ਲੋਕਾਂ ਨੂੰ ਬਿਨ੍ਹਾਂ ਕਾਬਲੀਅਤ ਦੇ ਰਾਜ ਸਭਾ ਵਿੱਚ ਭੇਜ ਦਿੱਤਾ। ਉਸ ਵੇਲੇ ਲੋਕਾਂ ਵੱਲੋਂ ਵਿਰੋਧ ਵੀ ਹੋਇਆ। ਪਰ ਜਦੋਂ ਸਤ੍ਹਾ ਦਾ ਨਸ਼ਾ ਚੜ੍ਹਿਆ ਹੋਵੇ ਤਾਂ ਸਹੀ ਗਲਤ ਦਾ ਫਰਕ ਕਰਨਾ ਔਖਾ ਹੋ ਜਾਂਦਾ ਹੈ। ਕਾਰਪੋਰੇਟਰਾਂ ਨੂੰ ਤਾਂ ਆਪਣਾ ਫਾਇਦਾ ਚਾਹੀਦਾ ਇਹੋ ਜਿਹੇ ਅਹੁਦਿਆਂ ਨਾਲ ਕੰਮ ਸੌਖੇ ਨਿਕਲ ਜਾਂਦੇ ਹਨ। ਸਰਕਾਰ ਦੀ ਸਕੀਮ ਬਣਨ ਤੋਂ ਪਹਿਲਾਂ ਇਹਨਾਂ ਨੂੰ ਪਤਾ ਲੱਗ ਜਾਂਦਾ ਹੈ ਕਿ ਪੈਸਾ ਕਿੱਥੇ ਲਾਈਏ ਤਾਂ ਜੋ ਉਸ ਸਕੀਮ ਦਾ ਸਭ ਤੋਂ ਵੱਧ ਫਾਇਦਾ ਇਹਨਾਂ ਨੂੰ ਮਿਲੇ। ਇਸਦੇ ਨਾਲ ਸਰਕਾਰੀ ਧਾਮ ਝਾਮ ਮਿਲਣ ਕਰਕੇ ਲੋਕ ਸਿਰ ਝੁਕਾਉਂਦੇ ਹਨ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਡਰ ਕੇ ਚੱਲਦੇ ਹਨ ਅਤੇ ਹੱਕਾਂ ਲਈ ਵੀ ਰੌਲਾ ਨਹੀਂ ਪਾਉਂਦੇ। ਉਪਰੋਂ ਸਾਰੇ ਜਹਾਨ ਦਾ ਮੁਨਾਫਾ ਇਕੱਠਾ ਕਰਕੇ ਵੀ ਇਹ ਫਿਲਨਥਰੋਪਿਸਟ (ਸਮਾਜ ਸੇਵੀ) ਬਣ ਜਾਂਦੇ ਹਨ। ਕੀ ਆਪ ਸਰਕਾਰ ਨੂੰ ਪੰਜਾਬ ਵਿੱਚੋਂ ਕੋਈ ਕਾਬਿਲ ਬੰਦੇ ਨਹੀਂ ਟੱਕਰੇ ਜੋ ਪੰਜਾਬ ਦੇ ਮੁੱਦੇ ਚੱਕ ਸਕਣ ਅਤੇ ਆਪ ਪਾਰਟੀ ਪ੍ਰਤੀ ਵਫ਼ਾਦਾਰ ਵੀ ਰਹਿਣ। ਪਰ ਜਿਸ ਤਰ੍ਹਾਂ ਪਹਿਲਾਂ ਦੱਸਿਆ ਹੈ ਸਭ ਮਾਇਆ ਜਾਲ ਹੈ। ਹੁਣ ਪੰਜਾਬ ਵਿੱਚ ਕੇਂਦਰੀ ਏਜੰਸੀਆਂ ਦੀ ਵਾਰੀ ਆਈ ਹੈ ਕੌਣ ਕਿੱਧਰ ਜਾਂਦਾ ਹੈ ਸਮਾਂ ਦੱਸੇਗਾ।

ਕੀ ਇਹਨਾਂ ਨੂੰ ਪਾਰਟੀ ਫੰਡ ਲਈ ਬਣਾਇਆ ਗਿਆ: ਜਦੋਂ ਆਪ ਪਾਰਟੀ ਪਹਿਲਾਂ ਸਾਲ 2014 ਵਿੱਚ ਚੋਣ ਲੜੀ ਸੀ ਅਤੇ ਇਸ ਵੇਲੇ 4 ਐਮ.ਪੀ. ਜਿੱਤੇ ਸਨ ਉਸ ਵੇਲੇ ਫੰਡ ਕਿੰਨੇ ਕੁ ਲੱਗੇ । ਸਾਲ 2022 ਵਿੱਚ ਤਾਂ ਬਾਹਰੋਂ ਐੱਨ.ਆਰ.ਆਈਜ਼ ਲੋਕਾਂ ਨੇ ਪੈਸਿਆਂ ਦੇ ਡੇਰ ਲਾ ਦਿੱਤੇ। ਕਿਉਂਕਿ ਇੱਥੋਂ ਦੇ ਅਤੇ ਬਾਹਰ ਦੇ ਲੋਕ ਵੀ ਪਿਛਲੀਆਂ ਸਰਕਾਰਾਂ ਦੀਆਂ ਲਿੱਚ ਗੜਿਚੀਆਂ ਤੋਂ ਤੰਗ ਸਨ। ਉਹਨਾਂ ਨੂੰ ਵੀ ਸੀ ਨਵੇਂ ਨੂੰ ਮੌਕਾ ਦੇਈਏ ਸ਼ਾਇਦ ਪੰਜਾਬ ਤਰੱਕੀ ਕਰ ਜਾਵੇ। ਇਸ ਦੇ ਵਿੱਚ ਮੁੱਖ ਭੂਮਿਕਾ ਸ. ਭਗਵੰਤ ਸਿੰਘ ਮਾਨ ਦੀ ਸੀ। ਲੋਕਾਂ ਨੇ ਸਾਲ 2022 ਵਿੱਚ ਆਪ ਨੂੰ ਨਹੀਂ ਸ. ਭਗਵੰਤ ਸਿੰਘ ਮਾਨ ਨੂੰ ਜਤਾਇਆ ਸੀ ਕਿਉਂਕਿ ਬਤੌਰ ਕਮੇਡੀਅਨ ਉਹ ਲੋਕ ਮੁੱਦੇ ਆਪਣੀ ਅਦਾਕਾਰੀ ਨਾਲ ਚੁੱਕਦੇ ਰਹੇ। ਤਕਰੀਬਨ ਜਿਸ ਕਿਸੇ ਨੂੰ ਪਾਰਟੀ ਨੇ ਟਿਕਟ ਦਿੱਤੀ ਓਹੋ ਹੀ ਜਿੱਤ ਗਿਆ। ਜਿਹਨਾਂ ਨੂੰ ਕੋਈ ਜਾਣਦਾ ਵੀ ਨਹੀਂ ਸੀ ਉਹ ਵੀ ਜਿੱਤ ਗਏ। ਕਿਉਂਕਿ ਲੋਕ ਭਗਵੰਤ ਮਾਨ ਜੀ ਨੂੰ ਮੁੱਖ ਮੰਤਰੀ ਦੇਖਣਾ ਚਾਹੁੰਦੇ ਸਨ। ਰਿਹਾ ਫੰਡ ਦਾ ਸਵਾਲ ਜੇ ਮਾਨ ਸਾਬ ਲੋਕਾਂ ਦੀ ਬਖਸ਼ੀ ਤਾਕਤ ਨੂੰ ਆਪਣੀ ਕੇਂਦਰੀ ਲੀਡਰਸ਼ਿਪ ਤੋਂ ਡਰ ਕੇ ਨਾ ਵਰਤਦੇ ਤਾਂ ਸ਼ਾਇਦ ਅੱਜ ਪਾਰਟੀ ਦੇ ਖਜ਼ਾਨੇ ਹੋਰ ਭਰੇ ਹੋਣੇ ਸੀ।

ਐਂਟੀਡੀਫੈਕਸ਼ਨ ਕਾਨੂੰਨ: ਇੱਕ ਪਾਰਟੀ ਦੇ ਨੁੰਮਾਇੰਦਿਆਂ ਵਲੋਂ ਦੂਜੀ ਵਿੱਚ ਜਾਣਾ ਅਤੇ ਸਰਕਾਰ ਤੋੜਨੀ ਇਹ ਰੁਝਾਨ ਤਾ ਸ਼ੁਰੂ ਤੋਂ ਹੀ ਰਿਹਾ ਹੈ। ਅੱਜ ਜਿਸ ਤਰ੍ਹਾਂ ਤਾਕਤ ਤੇ ਪੈਸੇ ਦੀ ਹੋੜ ਵਧੀ, ਖਰੀਦੋ-ਫਰੋਖਤ ਵੀ ਵੱਧ ਗਈ। ਪਰ ਜਨਤਾ ਦਾ ਕੀ ਜਦੋਂ ਕੋਈ ਸਿਆਸਤਦਾਨ ਜਾਂ ਸਿਆਸੀ ਪਾਰਟੀ ਜਿੱਤਦੀ ਹੈ ਤਾਂ ਉਹ ਲੋਕ



ਆਵਾਜ਼ ਹੁੰਦੀ ਹੈ। ਪਰ ਜਦੋਂ ਕੋਈ ਸਿਆਸਤਦਾਨ ਆਪਣੀ ਪਾਰਟੀ ਜਿਸ ਵਿੱਚ ਉਹ ਜਿੱਤਿਆ ਸੀ ਜਾਂ ਫਿਰ ਪਾਰਟੀ ਕੋਈ ਹੋਰ ਪਾਰਟੀ ਜਿਸ ਨੂੰ ਲੋਕ ਨਾਕਾਰਦੇ ਹਨ ਉਸ ਨਾਲ ਜਾ ਰਲੇ ਤਾਂ ਕੀ ਇਹ ਜਨਤਾ ਨਾਲ ਵਿਸ਼ਵਾਸ਼ਘਾਤ ਨਹੀਂ। ਇਹੋ ਜਿਹੇ ਸਿਆਸਤਦਾਨ ਜਾਂ ਫਿਰ ਸਿਆਸੀ ਪਾਰਟੀ ਨੂੰ ਉਸ ਚੋਣ ਵਿੱਚੋਂ ਖਾਰਜ ਕਰਨਾ ਚਾਹੀਦਾ ਹੈ ਬਲਕਿ ਉਸ ਤੇ ਲੋਕਾਂ ਨਾਲ 420 ਕਰਨ ਦੇ ਅੰਤਰਗਤ ਪਰਚਾ ਦਰਜ ਕਰਕੇ ਕੇਸ ਚੱਲਣਾ ਚਾਹੀਦਾ। ਉਸ ਵੱਲੋਂ ਅਗਲੀਆਂ ਚੋਣਾ ਲੜਨ ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ। ਅੱਜ ਇਸ ਦੀ ਲੋੜ ਜ਼ਿਆਦਾ ਹੈ ਕਿਉਂਕਿ ਸਿਆਸਤਦਾਨਾਂ ਵਿੱਚ ਇਖਲਾਕ ਦੀ ਕਮੀ ਹੋ ਗਈ ਹੈ।

ਖੈਰ ਇਸਨੂੰ ਰੋਕਣ ਲਈ ਸੰਵਿਧਾਨ ਦੇ ਦਸਵੇਂ ਸ਼ੈਡਿਊਲ ਵਿੱਚ 1985 ਵਿੱਚ 52 ਸੋਧ ਕਰਕੇ ਪਾਇਆ ਗਿਆ ਸੀ। ਇਸ ਦਾ ਮੁੱਖ ਮੰਤਵ ਸੀ ਜੇ ਕੋਈ ਵੀ ਚੁਣਿਆ ਹੋਇਆ ਨੁਮਾਇੰਦਾ ਜਿੱਤਣ ਤੋਂ ਬਾਅਦ ਪਾਰਟੀ ਬਦਲਦਾ ਹੈ ਜਾਂ ਫਿਰ ਪਾਰਟੀ ਦੇ ਉਲਟ ਚੱਲ ਕੇ ਸਰਕਾਰ ਡੇਗਣ ਦੀ ਕੋਸ਼ਿਸ਼ ਕਰਦਾ ਹੈ ਜਾਂ ਕੋਈ ਸਦਨ ਦੀ ਵੋਟਿੰਗ ਵਿੱਚ ਨਹੀਂ ਜਾਂਦਾ ਜਾਂ ਕਰਾਸ ਵੋਟਿੰਗ ਕਰਦਾ ਹੈ ਤਾਂ ਉਸਨੂੰ ਚੁਣੀ ਹੋਈ ਨੁਮਾਇੰਦਗੀ ਤੋਂ ਬਰਖਾਸਤ ਕੀਤਾ ਜਾ ਸਕੇ। ਇਸ ਦੀ ਪਾਵਰ ਸਪੀਕਰ ਕੋਲ ਹੁੰਦੀ ਪਰ ਇਸਨੂੰ ਕਚਹਿਰੀ ਵਿੱਚ ਵੀ ਚੈਲੇਂਜ ਕੀਤਾ ਜਾ ਸਕਦਾ ਹੈ। ਇਹ ਨਿਯਮ ਸੰਸਦ ਅਤੇ ਵਿਧਾਨ ਸਭਾ ਦੋਨਾਂ ਤੇ ਲਾਗੂ ਹਨ। ਇਸ ਵਿੱਚ ਜੇ ਕੋਈ ਸੰਸਦ ਵਾਕਿਆਂ ਹੀ ਪਾਰਟੀ ਦੀ ਗਲਤ ਨੀਤੀ ਕਰਕੇ ਔਖੇ ਹਨ ਉਹ ਜੇ 1/3 ਬਹੁਮਤ ਵਿੱਚ ਹਨ ਤਾਂ ਉਹ ਪਾਰਟੀ ਛੱਡ ਕੇ ਦੂਜੀ ਪਾਰਟੀ ਵਿੱਚ ਸ਼ਾਮਿਲ ਹੋ ਸਕਦੇ ਹਨ ਤਾਂ ਉਹਨਾਂ ਦੀ ਸੰਸਦ ਜਾਂ ਅਸੈਂਬਲੀ ਵਿੱਚੋਂ ਬਰਖਾਸਤਗੀ ਨਹੀਂ ਹੋਊਗੀ ਪਰ ਇਸ ਦੀ ਪਰਵਾਨਗੀ ਸਪੀਕਰ ਸਾਹਿਬ ਤੋਂ ਲੈਣੀ ਹੋਵੇਗੀ। ਇਸ ਵਿੱਚ ਫੇਰ ਵੀ ਦਲ-ਬਦਲੂ ਦੀ ਸਿਆਸਤ ਭਾਰੀ ਰਹੀ ਅਤੇ ਸਾਲ 2003 ਵਿੱਚ 91 ਅਮੈਂਡਮੈਂਟ ਅਧੀਨ ਇਸ 1/3 ਤੋਂ 2/3 ਤੇ ਲਿਆਂਦਾ ਗਿਆ। ਆਪ ਦੇ ਸੰਸਦ ਵੀ ਇਸ ਦੋ ਤਿਹਾਈ ਦੇ ਅੰਕੜੇ ਵਿੱਚ ਫਿੱਟ ਹੋ ਕਿ ਦੂਜੇ ਖੇਮੇ ਵਿੱਚ ਪਹੁੰਚੇ ਹਨ ਤਾਂ ਜੋ ਤਾਕਤ ਅਤੇ ਸਰਕਾਰੀ ਧਾਮ ਝਾਮ ਖੁੱਸੇ ਨਾ ਬਲਕਿ ਵੱਧ ਜਾਵੇ। ਇਸ ਕਰਕੇ ਪੈਰਾਗਰਾਫ 2(1)(ੳ) ਅਧੀਨ ਜੋ ਉਹਨਾਂ ਦੀ ਸੰਸਦ ਵਿੱਚੋਂ ਬਰਖਾਸਤਗੀ ਨਹੀਂ ਹੋ ਸਕੀ।

ਅੱਜ ਵੀ ਇਹਨਾਂ ਦੇ ਜਾਣ ਦਾ ਨੁਕਸਾਨ ਸਿਰਫ ਪਾਰਟੀ ਨੂੰ ਭਾਵੇਂ ਹੋਵੇ। ਕਿਹਾ ਜਾਂਦਾ ਹੈ ਕਿ ਇਹਨਾਂ ਕੋਲ ਹੇਠਲੇ ਪੱਧਰ ਤੱਕ ਵਰਕਰਾਂ ਦਾ ਡਾਟਾ ਹੈ ਜਿਸ ਨੂੰ ਵਰਤ ਕੇ ਬੰਦੇ ਬਦਲੇ ਜਾ ਸਕਦੇ ਹਨ। ਮਾਨ ਸਰਕਾਰ ਨੂੰ ਅਸਲ ਨੁਕਸਾਨ ਦਿੱਲੀ ਵਾਲਿਆਂ ਦੀ ਹਮ ਤੁਮ ਨੇ ਪਹੁੰਚਾਇਆ ਹੈ। ਹਾਲਾਤ ਅੱਜ ਵੀ ਮਾੜੇ ਨਹੀਂ ਹਨ ਕਿਉਂਕਿ ਅਜੇ ਸਮਾਂ ਰਹਿੰਦਾ ਹੈ ਤੇ ਲੋਕਾਂ ਦੀ ਨਬਜ ਪਛਾਣ ਕੇ ਆਪਣੇ ਲੋਕ ਪੱਖੀ ਵਾਦਿਆਂ ਨੂੰ ਪੂਰਾ ਕੀਤਾ ਜਾ ਸਕਦਾ ਹੈ। ਦੂਜੀ ਢਾਅ ਇਹਨਾਂ ਨੂੰ ਆਪਣੇ ਇੱਥੋਂ ਦੇ ਲੀਡਰਾਂ ਨੇ ਲਾਈ ਹੈ ਖਾਸ ਕਰਕੇ ਨਵੇਂ ਬਣੇ ਲੀਡਰ। ਅਸਲ ਵਿੱਚ ਆਪ ਵਿੱਚ ਅੱਧੀ ਖੀਰ ਪੁਰਾਣੀ ਹੈ ਜੋ ਪਹਿਲੀਆਂ ਸਰਕਾਰਾਂ ਦੀ ਗੰਦਲੀ ਹੋਈ ਸੀ। ਉਹਨਾਂ ਨੇ ਉਹ ਹੀ ਤੋਰ ਤਰੀਕੇ ਇਸ ਸਰਕਾਰ ਵਿੱਚ ਵੀ ਵਰਤੇ। ਪਰ ਉਹ ਹੰਢੇ ਹੋਣ ਕਰਕੇ ਅਤੇ ਅਫਸਰਸ਼ਾਹੀ ਨਾਲ ਤਾਲ ਮੇਲ ਕਰ ਕੇ ਚੁੱਪ ਚਾਪ ਕੰਮ ਕਰੀ ਜਾ ਰਹੇ ਹਨ। ਨਵੇਂ ਬਣੇ ਉਹਨਾਂ ਨੂੰ ਦੇਖ ਕਿ ਉਹਨਾਂ ਦੀ ਰਾਹ ਤੇ ਚੱਲਦੇ ਹਨ ਪਰ ਨਾਂ ਆਪ ਨੂੰ ਕਾਨੂੰਨੀ ਦਾਅ ਪੇਚ ਅਤੇ ਨੀਤੀਆਂ ਦੀ ਪੁੱਖਤਾ ਜਾਣਕਾਰੀ ਹੈ ਨਾਂ ਇਹ ਕਿਸ ਤੋਂ ਲੈਂਦੇ ਹਨ। ਉਪਰੋਂ ਅਫ਼ਸਰਸ਼ਾਹੀ ਵੀ ਇਹਨਾਂ ਦਾ ਬਹੁਤਾ ਸਾਥ ਦਿੰਦੀ ਹੋਈ ਨਜ਼ਰ ਨਹੀਂ ਆਉਂਦੀ। ਇਸ ਸਦਕਾ ਅੱਜ ਆਪ ਲੋਕਾਂ ਵੱਲੋਂ ਧੱਕੇਸ਼ਾਹੀ, ਜ਼ਮੀਨਾਂ ਅਤੇ ਕੋਠੀਆਂ ਨੱਪਣ ਦੇ ਇਲਜ਼ਾਮਾਂ ਵਿੱਚ ਘਿਰ ਰਹੇ ਹਨ। ਪਰ ਇੱਕ ਗੱਲ ਤਾਂ ਸਰਕਾਰ ਦੀ ਮੰਨਣੀ ਪਊਗੀ ਜਦੋਂ ਮਾਨ ਸਾਹਿਬ ਦੀ ਆਪਣੀ ਚੱਲਦੀ ਸੀ ਓਦੋਂ ਕੰਮ ਸਹੀ ਹੁੰਦੇ ਹਨ। ਬਹੁਤ ਦੇਰ ਬਾਅਦ ਇਹ ਸੁਣਨ ਨੂੰ ਮਿਲਿਆ ਹੈ ਆਪਣੀ ਸਰਕਾਰ ਦੇ ਮੰਤਰੀ ਨੂੰ ਗਲਤ ਕੰਮ ਕਰਨ ਵਾਸਤੇ ਆਪਣੇ ਕਾਰਜ ਕਾਲ ਵਿੱਚ ਹੀ ਜੇਲ੍ਹ ਭੇਜਿਆ ਗਿਆ।

ਸੋ ਅਜੇ ਵੀ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ ਸਮਾਂ ਰਹਿੰਦੇ ਸਹੀ ਰਾਹ ਤੇ ਚੱਲ ਕੇ ਠੀਕ ਹੋ ਜਾਵੇਗਾ। ਆਪ ਦੀ ਦਿੱਲੀ ਲੀਡਰਸ਼ਿਪ ਨੂੰ ਪੰਜਾਬ ਵਿੱਚ ਦਖਲ ਅੰਦਾਜੀ ਘਟਾਉਣੀ ਚਾਹਿਦੀ ਹੈ, ਕਿਉਂਕਿ ਜੇ ਪੰਜਾਬ ਗਿਆ ਤਾਂ ਸਮਝ ਲਓ ਪਾਰਟੀ ਵੀ ਖਤਮ ਹੋਣ ਦੇ ਕੰਢੇ ਪਹੁੰਚ ਸਕਦੀ ਹੈ। ਜੇਕਰ ਮਾਨ ਸਾਹਿਬ ਦੀ ਪੰਜਾਬ ਸਰਕਾਰ ਪੰਜਾਬੀਆਂ ਦੇ ਹਿੱਤਾਂ ਦੀ ਰੱਖਿਆ, ਹਿਫਾਜਤ ਆਦਿ ਲਈ ਅਜੇ ਵੀ ਸਹੀ ਫੈਸਲੇ ਲਵੇ ਤਾਂ ਪਾਰਟੀ ਦਾ ਕੁੱਝ ਬਣ ਸਕਦਾ ਹੈ ਬਾਅਦ ਵਿੱਚ ਪਸ਼ਤਾਵਣ ਨਾਲ ਕੁੱਝ ਨਹੀਂ ਹੋਣਾ 'ਅਬ ਪਸ਼ਤਾਏ ਕਿਆ ਹੋਤ ਜਬ ਚਿੜੀਆ ਚੁੱਗ ਗਈ ਖੇਤ' ਇਸ ਲਈ ਸਮੇਂ ਰਹਿੰਦੇ ਹੀ ਕਮੀਆਂ ਨੂੰ ਠੀਕ ਕਰਕੇ ਪੰਜਾਬ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਵੇ ਤਾਂ ਆਉਣ ਵਾਲਾ ਸਮਾਂ ਸੁਨਿਹਰੀ ਹੋਵੇਗਾ।

# ਬਜ਼ੁਰਗਾਂ ਪ੍ਰਤੀ ਨੀਤੀ ਤੇ ਨੀਅਤ ਸਾਫ ਹੋਵੇ

**ਸੁਖਪਾਲ ਸਿੰਘ ਗਿੱਲ**
ਅਬਿਆਣਾ ਕਲਾਂ
ਸਮਾਜਿਕ ਸਿਖਿਆ ਅਤੇ ਪੰਚਾਇਤ ਅਫਸਰ
ਅਬਿਆਣਾ ਕਲਾਂ 9878111445



ਸਮਾਜ ਵਿੱਚ ਜੀਊਣ ਲਈ ਸਮਾਜਿਕ ਅਤੇ ਸਰਕਾਰੀ ਮਾਪਦੰਡਾਂ ਦੀ ਲੋੜ ਹੁੰਦੀ ਹੈ। ਇਸੇ ਕਰਕੇ ਹੀ ਸਨਮਾਨਯੋਗ ਜ਼ਿੰਦਗੀ ਬਸਰ ਕੀਤੀ ਜਾ ਸਕਦੀ ਹੈ। ਸਮਾਜ ਵਿੱਚ ਜੀਊਣ ਦੇ ਨਾਲ -ਨਾਲ ਨੀਅਤ ਸਾਫ ਹੋਵੇ ਇਸਦੇ ਨਾਲ ਹੀ ਸਰਕਾਰੀ ਪੱਧਰ ਤੇ ਕਾਨੂੰਨ ਕਾਇਦੇ ਵੀ ਹੋਣੇ ਚਾਹੀਦੇ ਹਨ, ਜਿਨਾਂ ਨੂੰ ਪਾਰਦਰਸ਼ੀ ਅਤੇ ਸਖਤੀ ਦੀ ਲੋੜ ਹੁੰਦੀ ਹੈ। ਇਸੇ ਤਰਜ਼ ਤੇ ਅਸੀਂ ਆਪਣੇ ਬਜ਼ੁਰਗਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਕਿ ਸਾਡੇ ਬਜ਼ੁਰਗ ਕਿੰਨੀ ਮਾਨਸਿਕ ਸਰੀਰਿਕ ਅਤੇ ਸਮਾਜਿਕ ਪੀੜਾ ਹੰਡਾਅ ਰਹੇ ਹਨ। ਇਹ ਸਭ ਕੁਝ ਉਮਰ ਦੇ ਤਕਾਜੇ ਨਾਲ ਆਉਂਦਾ ਹੈ। ਸੁਭਾਅ ਦਾ ਕਾਰਨ ਉਮਰ ਵੀ ਹੁੰਦਾ ਹੈ। ਇਹੀ ਪਾੜਾ ਨਿਆਣੇ ਸਿਆਣੇ ਵਿੱਚ ਪਾੜਾ ਪਾ ਕੇ ਰੱਖਦਾ ਹੈ। ਇਹਨਾਂ ਨਾਲ ਸਾਡੇ ਬਜ਼ੁਰਗਾਂ ਦੀ ਲਚਾਰੀ ਦਿਨ ਪਰ ਦਿਨ ਵਧਦੀ ਜਾਂਦੀ ਹੈ। ਮੋਬਾਈਲ ਫੋਨ ਵੀ ਇਸ ਲਚਾਰੀ ਦਾ ਹਿੱਸਾ ਹੈ। ਬਹੁਤ ਕੋਲ ਬੈਠੇ ਵੀ ਬਹੁਤ ਦੂਰ ਰਹਿੰਦੇ ਹਨ, ਜਦੋਂ ਕਿ ਬਜ਼ੁਰਗ ਸਾਹਮਣੇ ਵਾਲੀ ਔਲਾਦ ਤੋਂ ਕੁੱਝ ਗੱਲਬਾਤ ਮੰਗਦਾ ਹੈ। ਇੱਕ ਸਮਾਂ ਸੀ ਬਜ਼ੁਰਗ ਲਾਣੇਦਾਰ ਖੂੰਡੇ ਵਾਲੇ ਹੁੰਦੇ ਸਨ। ਉਹਨਾਂ ਤੋਂ ਬਿਨਾਂ ਔਲਾਦ ਦੀ ਜੁਰਤ ਨਹੀਂ ਹੁੰਦੀ ਸੀ ਕਿ ਆਪ ਕੁਝ ਕਰ ਸਕਣ। ਇਕ ਕਹਾਵਤ ਹੈ ਕਿ "ਨੂੰਹ-ਸੱਸ ਬੈਠੀਆਂ ਸਨ, ਇੱਕ ਮੰਗਣ ਵਾਲਾ ਸਾਧੂ ਆਇਆ ਨੂੰਹ ਨੇ ਕਿਹਾ ਜਾ ਬਾਬਾ ਮਾਫ ਕਰ, ਬਾਬਾ ਚਲਾ ਗਿਆ। ਜਦੋਂ ਥੋੜੀ ਦੂਰ ਗਿਆ ਤਾਂ ਸੱਸ ਨੇ ਆਵਾਜ਼ ਮਾਰੀ ਤਾਂ ਬਾਬਾ ਖੈਰ ਲਈ ਮੁੜਿਆ, ਜਦੋਂ ਕੋਲ ਆ ਕੇ ਬਾਬੇ ਨੇ ਬਜ਼ੁਰਗ ਸੱਸ ਤੋਂ ਖੈਰ ਮੰਗੀ ਤਾਂ ਸੱਸ ਕਹਿੰਦੀ ਜਾ ਬਾਬਾ ਮਾਫ ਕਰ, ਅੱਗੋਂ ਬਾਬਾ ਕਹਿੰਦਾ ਇਹ ਤਾਂ ਸ਼ਬਦ ਤੇਰੀ ਨੂੰਹ ਨੇ ਵੀ ਕਹਿ ਦਿੱਤਾ ਸੀ, ਸੱਸ ਨੇ ਝੱਟ ਬੋਲ ਦਿੱਤਾ ਇਸੀ ਕਰਕੇ ਤਾਂ ਤੈਨੂੰ ਬੁਲਾਇਆ ਹੈ ਕਿ ਮੈਂ ਘਰ ਦੀ ਮੁੱਖੀਆਂ ਹਾਂ ਇਹ ਸਬਕ ਤੈਨੂੰ ਮੈਂ ਦੇਣਾ ਸੀ" ਉਹ ਵਿਚਾਰਾ ਅੱਗੇ ਚਲਾ ਗਿਆ।

ਭਾਰਤ ਵਿੱਚ 60 ਸਾਲ ਤੋਂ ਉੱਪਰ ਦੇ 15 ਕਰੋੜ ਬਜ਼ੁਰਗ ਹਨ। ਇਹ ਗਿਣਤੀ ਵੱਧਦੀ ਹੀ ਜਾਂਦੀ ਹੈ। 2036 ਤੱਕ 23 ਕਰੋੜ ਤੱਕ ਬਜ਼ੁਰਗਾਂ ਦੀ ਗਿਣਤੀ ਜਾਣ ਦੀ ਆਸ ਹੈ। ਸਾਲ 2050 ਤੱਕ ਦੀ ਕੁੱਲ ਆਬਾਦੀ ਦਾ 14 ਫੀਸਦੀ 65 ਸਾਲ ਤੋਂ ਉੱਪਰ ਦੇ ਬਜ਼ੁਰਗ ਹੋਣ ਦਾ ਅਨੁਮਾਨ ਨੁਮਾ ਟੀਚਾ ਲੱਗਦਾ ਹੈ। ਪੰਜਾਬ ਚ ਹਰ ਪੰਜਾਬੀ ਬਜ਼ੁਰਗ ਮਾਨਸਿਕ ਰੋਗ ਵੱਲ ਵਧ ਰਿਹਾ ਹੈ। ਬਿਰਧ ਆਸ਼ਰਮ ਅੱਜ ਸਮਾਜ ਉੱਤੇ ਕਲੰਕ ਹਨ। ਸਮੇਂ ਦੀ ਮਾਰ ਅਨੁਸਾਰ ਸਹੀ ਵੀ ਲੱਗਣ ਲੱਗ ਜਾਂਦੇ ਹਨ। 60% ਸਾਡੇ ਬਜ਼ੁਰਗ ਕਿਸੇ ਨਾ ਕਿਸੇ ਦੁਰ-ਵਿਵਹਾਰ ਦਾ ਸਾਹਮਣਾ ਕਰਦੇ ਹਨ।

ਭਾਰਤ ਦੇ 73% ਬਜ਼ੁਰਗ ਅਨਪੜ੍ਹ ਹਨ, 75% ਬਜ਼ੁਰਗ ਪਿੰਡਾਂ ਵਿੱਚ ਰਹਿੰਦੇ ਹਨ। 40% ਬਜ਼ੁਰਗ ਗਰੀਬੀ ਹੰਡਾਅ ਰਹੇ ਹਨ।



ਹਰ ਮਨੁੱਖ ਦੀ ਇੱਛਾ ਹੁੰਦੀ ਹੈ, ਕਿ ਉਸ ਦਾ ਬਚਪਨ ਬੁਢਾਪਾ ਅਤੇ ਜਵਾਨੀ ਸਹੀ ਨਿਕਲੇ। ਸਮੇਂ ਦੀ ਮਾਰ ਨੂੰ ਕੁਝ ਹੋਰ ਹੀ ਮਨਜ਼ੂਰ ਹੁੰਦਾ ਹੈ। ਪੁੱਤ ਕਪੁੱਤ ਹੋ ਸਕਦਾ ਹੈ ਮਾਂ ਪਿਓ ਕੁਝ ਅਜਿਹਾ ਨਹੀਂ ਕਰ ਸਕਦੇ ਇਸਦੀ ਪ੍ਰਤੱਖ ਗਵਾਹ ਪਵਿੱਤਰ ਗੁਰਬਾਣੀ ਵਿੱਚ ਹੈ "ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ, ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ" ਬਦਲੇ ਦੌਰ ਦੇ ਨਾਲ ਹੀ ਵਿਦੇਸ਼ ਜਾਣ ਦੀ ਨਵੀਂ ਪੀੜ ਦੇ ਰੁਝਾਨ ਨੇ ਵੀ ਬਜ਼ੁਰਗਾਂ ਦੀ ਹੋਣੀ ਲਿਖੀ ਹੈ। ਸਾਡੇ ਬਜ਼ੁਰਗ ਪੱਛਮੀ ਦੇਸ਼ਾਂ ਚ ਐਡਜਸਟ ਨਹੀਂ ਹੋ ਸਕਦੇ, ਆਖਰ ਇੱਥੇ ਇਕੱਲਤਾ ਦਾ ਰੋਗ ਝੱਲਦੇ ਹਨ। 2016 ਤੋਂ 2021 ਤੱਕ 9.8 ਲੱਖ ਭਾਰਤੀ ਮਨੁੱਖ ਵਿਦੇਸ਼ ਗਏ ਜਿਹਨਾਂ ਵਿੱਚੋਂ 3.7 ਲੱਖ ਵਿਦਿਆਰਥੀ ਅਤੇ 6 ਲੱਖ ਮਜ਼ਦੂਰੀ ਕਿੱਤੇ ਦੇ ਹਿੱਤ ਅਨੁਸਾਰ ਵਿਦੇਸ਼ ਗਏ। ਪੰਜਾਬ ਚ ਹੁਣ ਆਬਾਦੀ ਦਾ 10.3 ਸੀਨੀਅਰ ਸਿਟੀਜਨ ਹਨ। ਦੇਸ਼ ਦੀ ਇਹ ਪ੍ਰਤਿਸ਼ਤਤਾ 8.6 ਹੈ। ਪੰਜਾਬ ਸਰਕਾਰ ਬੁਢਾਪਾ ਪੈਨਸ਼ਨ ਤੇ ਰਹੀ ਹੈ ਜੋ ਕਿ ਘੱਟ ਹੈ। ਪੰਜਾਬ 'ਚ 2078886 ਬਜ਼ੁਰਗ ਲਾਭਪਾਤਰੀ ਪੈਨਸ਼ਨ ਲੈ ਰਹੇ ਹਨ।

31% ਬਜ਼ੁਰਗਾਂ ਦਾ ਅਪਮਾਨ ਹੁੰਦਾ ਹੈ। ਇਹਨਾਂ ਵਿੱਚੋਂ 56 ਉਹਨਾਂ ਦੇ ਪੁੱਤਰ 23% ਉਹਨਾਂ ਦੀਆਂ ਨੂਹਾਂ ਹਨ ਜੋ ਉਹਨਾਂ ਨਾਲ ਦੁਰ-ਵਿਵਹਾਰ ਕਰਦੀਆਂ ਹਨ। ਇਸ ਅੰਕੜੇ ਤੋਂ ਇੱਕ ਰਾਹਤ ਮਿਲਦੀ ਹੈ ਕਿ ਆਪ ਦੇ ਜੰਮੇ ਪਰਾਈ ਧੀ ਤੋਂ ਅੱਗੇ ਹਨ। ਇਹ ਨੂੰਹਾਂ ਲਈ ਗਰਭ ਦੀ ਖਬਰ ਵੀ ਹੈ। 30% ਬਜ਼ੁਰਗਾਂ ਨੂੰ ਉਹਨਾਂ ਦੀਆਂ ਧੀਆਂ ਸੰਭਾਲਦੀਆਂ ਹਨ। ਵਸੀਅਤ ਲਈ ਮਾਪੇ ਫਿਰ ਵੀ ਪੁੱਤਰ ਦੀ ਉਡੀਕ ਕਰਦੇ ਰਹਿੰਦੇ ਹਨ, ਪਰ ਮਾਪੇ ਫਿਰ ਵੀ ਬੇਇੰਨਸਾਫੀ ਨਹੀਂ ਕਰਦੇ। ਭਾਰਤ ਸਰਕਾਰ ਨੇ 2007 ਵਿੱਚ ਕਨੂੰਨ ਬਣਾ ਕੇ ਸੰਸਕਿਬੀ ਅਨੁਸਾਰ ਬਜੁਰਗਾਂ ਦੀ ਸਾਂਭ ਸੰਭਾਲ ਦਾ ਜਿੰਮਾ ਪੁੱਤਰਾਂ ਨੂੰ ਦਿੰਤਾ ਹੈ। ਬਦਲਦੀਆਂ ਕਦਰਾਂ ਕੀਮਤਾਂ, ਤੇਜ਼ੀ ਨਾਲ ਬਦਲਦਾ ਜੀਵਨ ਅਤੇ ਲਾਲਚੀ ਭਾਵਨਾਵਾਂ ਬਜ਼ੁਰਗਾਂ ਨਾਲ ਸਭ ਦੁਰਵਿਹਾਰ ਅਤੇ ਸੋਸ਼ਣ ਭਰਿਆ ਬਣਾ ਰਿਹਾ ਹੈ।

ਸਾਡੀ ਸੰਸਕ੍ਰਿਤੀ ਮਾਂ ਬੋਲੀ ਪੰਜਾਬੀ ਬਲਵਾਨ ਹੈ। ਇਸ ਵਿੱਚ ਵੀ ਰਿਸ਼ਤੇ ਨੂੰ ਉਤਸ਼ਾਹਜਨਕ ਕਰਕੇ ਸੇਧ ਦਿੱਤੀ ਗਈ ਹੈ। ਗਾਣਾ ਹੈ "ਤਿੰਨ ਰੰਗ ਨਹੀਂ ਲੱਭਣੇ ਹੁਸਨ ਜਵਾਨੀ ਤੇ ਮਾਪੇ" ਇੱਕ ਗੀਤ ਇੰਦਰਜੀਤ ਹਸਨ ਪੁਰੀ ਦਾ ਹੈ "ਤੁਸੀਂ ਬਜ਼ੁਰਗਾਂ ਨੂੰ ਕਿਸ ਮੌਤੇ ਮਾਰੋਗੇ, ਉਸੇ ਮੌਤੇ ਆਪ ਮਰੋਗੇ ਮੈਨੂੰ ਕੀ ?" ਇੱਕ ਹੋਰ ਗਿਆਨ ਵਰਧਕ ਕਹਾਵਤ ਹੈ ਕਿ "ਇਕ ਮੁੰਡਾ ਆਪਣੇ ਬਾਪ ਨੂੰ ਨਹਿਰ ਵਿੱਚ ਸੁੱਟਣ ਲਈ ਗਿਆ ਤਾਂ ਬਾਪ ਅੱਗੋਂ ਬੋਲਿਆ, ਮੈਨੂੰ ਇੱਥੇ ਨਾ ਇੱਥੇ ਮੈਂ ਆਪਣਾ ਬਾਪ ਸੁੱਟਿਆ ਸੀ, ਮੁੰਡੇ ਦੇ ਗਿਆਨ ਦੀ ਖਿੜਕੀ ਚਲ ਗਈ ਤੇ ਵਾਪਸ ਪਿਓ ਨੂੰ ਘਰ ਲੈ ਕੇ ਆ ਗਿਆ" ਕੁਝ ਸਾਲ ਪਹਿਲਾਂ ਹੀ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸਰਕਾਰ ਨੂੰ ਬੁਢਾਪਾ ਪੈਨਸ਼ਨ 500 ਤੋਂ ਵਧਾ ਕੇ 2000 ਕਰਨ ਦੀ ਸਲਾਹ ਦਿੱਤੀ ਗਈ ਸੀ। ਹੈ ਇਹ ਵੀ ਘੱਟ, ਬਜੁਰਗਾਂ ਨੂੰ ਸੋਸ਼ਲ ਸਕਿਓਰਟੀ ਲਈ 3000 ਪੈਨਸ਼ਨ ਮਿਲਣੀ ਚਾਹੀਦੀ ਹੈ। ਇਹ ਫਿਰ ਵੀ ਪਛਮੀਕਰਨ ਦੀ ਤਰਜ਼ ਤੇ ਨਿਗੂਣਾ ਹੈ।

ਉਹਨਾਂ ਨੇ ਸਵਿਟਜਰਲੈਂਡ ਦੀ ਤਰਜ਼ ਤੇ ਭਾਰਤ ਨੂੰ ਬਜ਼ੁਰਗਾਂ ਦੀ ਸੇਵਾ ਕਰਨ ਦੀ ਸਲਾਹ ਦਿੱਤੀ। ਬਿਰਧਾਂ ਦੀ ਗਿਣਤੀ ਦੇ ਵੱਧਦੇ ਹੀ ਨਵੇਂ ਬਿਰਧ ਆਸ਼ਰਮ ਖੋਲਣ ਦੀ ਸਲਾਹ ਦਿੱਤੀ। ਭਾਰਤੀ ਸਭਿਅਤਾ ਮਨੁੱਖੀ ਜ਼ਿੰਦਗੀ ਨੂੰ ਚਾਰ ਆਸ਼ਰਮਾਂ ਵਿੱਚ ਵੰਡਦੀ ਹੈ। ਇਹਨਾਂ ਚੋਂ ਦੋ ਬਿਰਧ ਆਸ਼ਰਮ ਨਾਲ ਨਜਿੱਠਣ ਦਾ ਉਚਾਰਨ ਕਰਦੇ ਹਨ। ਭਾਰਤੀ ਪਿਛੋਕੜ ਇਹਨਾਂ ਦੇ ਆਲੇ ਦੁਆਲੇ ਘੁੰਮਦੇ ਜਾ ਰਿਹਾ ਹੈ। ਇੱਕ ਹੋਰ ਸੰਨਸ਼ਨੀਖੇਜ਼ ਖੁਲਾਸਾ ਹੈ ਕਿ ਅਗਲੇ 25 ਕੁ ਸਾਲਾਂ ਚ ਅਮਰੀਕਾ ਦੀ ਕੁੱਲ ਆਬਾਦੀ ਦੇ ਬਰਾਬਰ ਭਾਰਤ ਚ ਬਜ਼ੁਰਗ ਹੋਣਗੇ। ਬਸਤੀਵਾਦ ਅਤੇ ਪੱਛਮੀਕਰਨ ਦੇ ਪ੍ਰਭਾਵ ਵੀ ਸਾਡੇ ਬਜ਼ੁਰਗਾਂ ਦੀ ਨਵੀਂ ਸਿਰਦਰਦੀ ਰਿਹਾ ਹੈ। ਅਸੀਂ ਰੀਸਾਂ ਉਥੋਂ ਦੀਆਂ ਕਰਦੇ ਹਾਂ ਪਰ ਸਾਡੇ ਪੱਲੇ ਉੱਥੇ ਮੁਤਾਬਿਕ ਕੁਝ ਵੀ ਨਹੀਂ ਹੈ। ਸਭ ਤੋਂ ਵਰਣਨਯੋਗ ਇਹ ਹੈ ਕਿ ਸਾਡੀ ਸਰਕਾਰ ਉਹਨਾਂ ਦੇਸ਼ਾਂ ਨਾਲ ਮੇਲ ਨਹੀਂ ਖਾਂਦੀ ਜਿਨਾਂ ਦੀ ਅਸੀਂ ਰੀਸ ਕਰਦੇ ਹਾਂ।


ਹਰ ਮਨੁੱਖ ਦੀ ਇੱਛਾ ਹੁੰਦੀ ਹੈ, ਕਿ ਉਸ ਦਾ ਬਚਪਨ ਬੁਢਾਪਾ ਅਤੇ ਜਵਾਨੀ ਸਹੀ ਨਿਕਲੇ। ਸਮੇਂ ਦੀ ਮਾਰ ਨੂੰ ਕੁਝ ਹੋਰ ਹੀ ਮਨਜ਼ੂਰ ਹੁੰਦਾ ਹੈ। ਪੁੱਤ ਕਪੁੱਤ ਹੋ ਸਕਦਾ ਹੈ ਮਾਂ ਪਿਓ ਕੁਝ ਅਜਿਹਾ ਨਹੀਂ ਕਰ ਸਕਦੇ ਇਸਦੀ ਪ੍ਰਤੱਖ ਗਵਾਹ ਪਵਿੱਤਰ ਗੁਰਬਾਣੀ ਵਿੱਚ ਹੈ "ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ, ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ" ਬਦਲੇ ਦੌਰ ਦੇ ਨਾਲ ਹੀ ਵਿਦੇਸ਼ ਜਾਣ ਦੀ ਨਵੀਂ ਪੀੜ ਦੇ ਰੁਝਾਨ ਨੇ ਵੀ ਬਜ਼ੁਰਗਾਂ ਦੀ ਹੋਣੀ ਲਿਖੀ ਹੈ। ਸਾਡੇ ਬਜ਼ੁਰਗ ਪੱਛਮੀ ਦੇਸ਼ਾਂ 'ਚ ਐਡਜਸਟ ਨਹੀਂ ਹੋ ਸਕਦੇ, ਆਖਰ ਇੱਥੇ ਇਕੱਲਤਾ ਦਾ ਰੋਗ ਝੱਲਦੇ ਹਨ। 2016 ਤੋਂ 2021 ਤੱਕ 9.8 ਲੱਖ ਭਾਰਤੀ ਮਨੁੱਖ ਵਿਦੇਸ਼ ਗਏ ਜਿਹਨਾਂ ਵਿੱਚੋਂ 3.7 ਲੱਖ ਵਿਦਿਆਰਥੀ ਅਤੇ 6 ਲੱਖ ਮਜ਼ਦੂਰੀ ਕਿੱਤੇ ਦੇ ਹਿੱਤ ਅਨੁਸਾਰ ਵਿਦੇਸ਼ ਗਏ। ਪੰਜਾਬ ਚ ਹੁਣ ਆਬਾਦੀ ਦਾ 10.3 ਸੀਨੀਅਰ ਸਿਟੀਜਨ ਹਨ। ਦੇਸ਼ ਦੀ ਇਹ ਪ੍ਰਤਿਸ਼ਤਤਾ 8.6 ਹੈ। ਪੰਜਾਬ ਸਰਕਾਰ ਬੁਢਾਪਾ ਪੈਨਸ਼ਨ ਤੇ ਰਹੀ ਹੈ ਜੋ ਕਿ ਘੱਟ ਹੈ। ਪੰਜਾਬ ਚ 2078886 ਬਜ਼ੁਰਗ ਲਾਭਪਾਤਰੀ ਪੈਨਸ਼ਨ ਲੈ ਰਹੇ ਹਨ। ਇਸ ਤੋਂ ਇਲਾਵਾ ਮੈਂਟੀਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਕਟ 2007 ਤਹਿਤ ਵੀ ਸਮਾਜ ਅੰਦਰ ਡਰ ਕੇ ਬੱਚਿਆਂ ਵੱਲੋਂ ਬਜ਼ੁਰਗਾਂ ਦੀ ਕੁਝ ਹੱਦ ਤੱਕ ਪਰਵਿਸ ਕੀਤੀ ਜਾਂਦੀ ਹੈ। ਭਾਰਤ ਚ 1.8 ਕਰੋੜ ਬਜ਼ੁਰਗ ਬੇਘਰੇ ਹਨ। ਭਾਰਤ ਚ 728 ਬਿਰਧ ਆਸ਼ਰਮ ਹਨ। ਇਹਨਾਂ ਦੇ ਤਿੰਨ ਫੀਸਦੀ ਬਿਰਧ ਆਸ਼ਰਮ ਪੰਜਾਬ ਚ ਹਨ ਐਨਜੀਓ ਵੀ ਇਸ ਵਿਸ਼ੇ ਤੇ ਆਪਣਾ ਯੋਗਦਾਨ ਪਾ ਰਹੀਆਂ ਹਨ।

ਮਨੁੱਖੀ ਮਨ ਚਾਹੁੰਦਾ ਹੈ ਕਿ ਹਰ ਰਿਸ਼ਤਾ ਉਸ ਨਾਲ ਗੱਲ ਸਾਂਝੀ ਕਰੇ। ਆਪਣੀਆਂ ਰੋਜ਼ਮਰਾ ਗੱਲਾਂ ਕਰਨ। ਪਰ ਅਫਸੋਸ ਅਧਿਅਐਨ ਮੁਤਾਬਕ ਕੁਝ ਖੁਸ਼ਨਸੀਬ ਮਾਪਿਆਂ ਨੂੰ ਹੀ ਇਸ ਤਰਾਂ ਦਾ ਮਾਹੌਲ ਮਿਲਦਾ ਹੈ। ਕੁਝ ਤਾਂ ਧਾਰਮਿਕ ਥਾਵਾਂ ਤੇ ਮੱਥਾ ਰਗੜਦੇ ਹਨ ਪਰ ਆਪਣੇ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਨਹੀਂ ਕਰਦੇ। ਘਰ ਵਿੱਚ ਪ੍ਰੇਮ, ਸਹਿਚਾਰ ਰਿਸ਼ਤੇ ਦਾ ਨਿੱਘਾ ਅਨੰਦ ਸਭ ਨਿਆਮਤਾਂ ਤੋਂ ਉੱਪਰ ਹੈ। ਬਹੁਤੇ ਬਜ਼ੁਰਗਾਂ ਦੀ ਦੇਖਭਾਲ ਕਰਨੀ ਇੱਕ ਦੁਵਿਧਾ ਅਤੇ ਕਠਨ ਵਿਸ਼ਾ ਹੈ। ਬਜ਼ੁਰਗਾਂ ਦੀ ਦੇਖਭਾਲ ਦਾ ਧਿਆਨ ਨਵੀਂ ਪੀੜੀ ਦਾ ਫਰਜ਼ ਬਣਦਾ ਹੈ। ਬਜ਼ੁਰਗਾਂ ਅਤੇ ਨਵੀਂ ਪੀੜੀ ਵਿਚਾਲੇ ਤਾਲਮੇਲ ਬਿਠਾ ਕੇ ਬਜ਼ੁਰਗਾਂ ਦੀ ਦੇਖਭਾਲ ਸਮੇਂ ਸਮਾਜਿਕ ਨੀਅਤ ਅਤੇ ਸਰਕਾਰੀ ਨੀਤੀ ਹੋਰ ਵੀ ਤਸੱਲੀ ਬਖਸ਼ ਅਤੇ ਉਤਸਾਹਜ਼ਨਕ ਵਾਲੀ ਹੋਣੀ ਚਾਹੀਦੀ ਹੈ। ਆਓ ਬਜੁਰਗਾਂ ਨੂੰ ਇਕੱਲਤਾ ਵਿੱਚੋਂ ਕੱਢਕੇ ਸਤਿਕਾਰ ਦਈਏ।

* * * * *

# ਘੱਗਰ ਦਾ ਕਹਿਰ: ਸਿਰਸਾ ਦੇ 24 ਪਿੰਡਾਂ ਵਿੱਚ ਗੰਭੀਰ ਬਿਮਾਰੀਆਂ ਦੀ ਦਸਤਕ

**ਜਗਤਾਰ ਸਮਾਲਸਰ**
ਏਲਨਾਬਾਦ, ਜ਼ਿਲ੍ਹਾ ਸਿਰਸਾ ਹਰਿਆਣਾ
ਸੰਪਰਕ 94670- 95953





ਘੱਗਰ ਨਦੀ ਵਿੱਚ ਵਗ ਰਿਹਾ ਕੈਮੀਕਲ ਯੁਕਤ ਪਾਣੀ।

## ✪ ਘੱਗਰ ਬੈਲਟ ਦੇ ਪਿੰਡਾਂ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਨੇ ਪੈਰ ਪਸਾਰੇ

ਸਿਰਸਾ ਜ਼ਿਲ੍ਹੇ ਵਿੱਚੋਂ ਲੰਘਣ ਵਾਲੀ ਘੱਗਰ ਨਦੀ ਵਿੱਚ ਆ ਰਹੇ ਕੈਮੀਕਲ ਯੁਕਤ ਪਾਣੀ ਕਾਰਨ ਹੁਣ ਘੱਗਰ ਨਦੀ ਦੇ ਕੰਢੇ ਵਸੇ ਪਿੰਡਾਂ ਦੇ ਟਿਊਬਵੈੱਲ ਵੀ ਜ਼ਹਿਰ ਉਗਲਣ ਲੱਗੇ ਹਨ। ਪਾਣੀ ਐਨਾ ਦੂਸ਼ਿਤ ਹੋ ਚੁੱਕਾ ਹੈ ਕਿ ਇੱਥੇ ਬੱਚੇ ਵੀ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਨਾਲ ਪੀੜ ਲੋਕਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਸਾਂਸਦ ਕੁਮਾਰੀ ਸ਼ੈਲਜਾ ਨੇ ਸੰਸਦ ਵਿੱਚ ਵੀ ਇਸ ਗੰਭੀਰ ਮੁੱਦੇ ਨੂੰ ਉਠਾਇਆ ਹੈ ਪਰ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਇਸਦੇ ਸਥਾਈ ਹੱਲ ਲਈ ਕੋਈ ਕਦਮ ਨਹੀ ਚੁੱਕਿਆ ਗਿਆ ਹੈ। ਜਿਸ ਕਾਰਨ ਲੋਕਾਂ ਵਿੱਚ ਰੋਸ਼ ਹੈ।

ਅਖਿਲ ਭਾਰਤ ਕਿਸਾਨ ਸਭਾ ਦੇ ਸਰਪ੍ਰਸਤ ਸੁਵਰਨ ਸਿੰਘ ਵਿਰਕ ਨੇ ਆਖਿਆ ਕਿ ਇਸ ਸਮੱਸਿਆ ਬਾਰੇ ਲੋਕ ਪੰਚਾਇਤ ਸਿਰਸਾ ਅਤੇ ਅਨੇਕ ਸੰਗਠਨਾਂ ਵੱਲੋਂ ਵਾਰ ਵਾਰ ਸਰਕਾਰ ਨੂੰ ਲਿਖਿਆ ਜਾ ਚੁੱਕਾ ਹੈ ਪਰ ਕੋਈ ਸੁਣਵਾਈ ਨਹੀ ਹੋ ਰਹੀ। ਘੱਗਰ ਨਦੀ ਵਿੱਚ ਤਿੰਨ ਸੂਬਿਆਂ ਹਿਮਾਚਲ ਪ੍ਰਦੇਸ਼,ਪੰਜਾਬ ਅਤੇ ਹਰਿਆਣਾ ਦਾ ਕੈਮੀਕਲ ਯੁਕਤ ਅਤੇ ਸੀਵਰੇਜ ਦਾ ਪਾਣੀ ਬਿਨਾ ਸੋਧਿਆ ਸੁੱਟਿਆ ਜਾ ਰਿਹਾ ਹੈ। ਘੱਗਰ ਦੇ ਕੰਢੇ ਤੇ ਵਸੇ ਪਿੰਡਾਂ ਲਈ ਭਵਿੱਖ ਵਿੱਚ ਬਹੁਤ ਹੀ ਭਿਆਨਕ ਸਥਿਤੀ ਬਣਨ ਜਾ ਰਹੀ ਹੈ ਕਿਉਕਿ ਰੋਹਤਕ ਹਿਸਾਰ ਘੱਗਰ ਡਰੇਨ ਜੋ ਸੇਮ ਦੀ ਸਮੱਸਿਆ ਦੇ ਹੱਲ ਲਈ ਕੱਢੀ ਜਾ ਰਹੀ ਹੈ ਉਸ ਵਿੱਚ ਅੱਧੇ ਹਰਿਆਣਾ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਪਾਣੀ ਪਾਇਆ ਜਾ ਰਿਹਾ ਹੈ। ਉਹ ਸਾਰਾ ਪਾਣੀ ਸਿਰਸਾ ਜ਼ਿਲ੍ਹੇ ਦੇ ਓਟੂ ਹੈੱਡ ਤੋਂ ਘੱਗਰ ਨਦੀ ਵਿੱਚ ਪਾਉਣ ਦੀ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ।

ਲੋਕ ਪੰਚਾਇਤ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਲਿਖਤੀ ਅਤੇ ਜੁਬਾਨੀ ਤੌਰ ਤੇ ਵੀ ਇਹ ਦੱਸਿਆ ਜਾ ਚੁੱਕਾ ਹੈ ਕਿ ਜੇਕਰ ਇਸ ਪਾਣੀ ਨੂੰ ਬਿਨਾਂ ਸੋਧਿਆ ਘੱਗਰ ਨਦੀ ਵਿੱਚ ਪਾਇਆ ਗਿਆ ਤਾਂ ਇਹ ਸਾਰੀ ਬੈਲਟ ਅਨੇਕ ਭਿਆਨਕ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਵੇਗੀ, ਇਸ ਖੇਤਰ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਦੇ ਮਰੀਜ਼ਾ ਦੀ ਗਿਣਤੀ ਨਿਰੰਤਰ ਵਧਦੀ ਜਾ ਰਹੀ ਹੈ। ਜੇਕਰ ਜਲਦੀ ਹੱਲ ਨਾ ਕੀਤਾ ਗਿਆ ਤਾਂ ਜਿਵੇਂ ਬਠਿੰਡਾ ਤੋਂ ਬੀਕਾਨੇਰ ਵਾਲੀ ਗੱਡੀ ਦਾ ਨਾਮ ਕੈਂਸਰ ਟਰੇਨ ਹੈ ਉਸੇ ਤਰ੍ਹਾਂ ਇੱਕ ਟਰੇਨ ਸਿਰਸਾ ਤੋਂ ਵੀ ਚਲਾਉਣੀ ਪਵੇਗੀ। ਇਹ ਸਮੱਸਿਆ ਇਸ ਖੇਤਰ ਦੇ ਲੋਕਾਂ ਲਈ ਮੌਤ ਦੀ ਘੰਟੀ ਹੈ। ਇਸ ਲਈ ਸਰਕਾਰ ਨੂੰ ਇਸ ਵੱਡੀ ਸਮੱਸਿਆ ਪ੍ਰਤੀ ਜਲਦੀ ਸੰਜੀਦਾ ਹੋਣ ਦੀ ਲੋੜ ਹੈ।

ਕਿਸਾਨ ਨੇਤਾ ਹਰਜਿੰਦਰ ਸਿੰਘ ਭੰਗੂ ਨੇ ਕਿਹਾ ਕਿ ਘੱਗਰ ਵਿੱਚ ਕੈਮੀਕਲ ਯੁਕਤ ਅਤੇ ਸੀਵਰੇਜ ਦਾ ਪਾਣੀ ਨਾ ਪਾਇਆ ਜਾਵੇ ਜੇਕਰ ਪਾਉਣਾ ਹੈ ਤਾਂ ਇਸਨੂੰ ਸੋਧਕੇ ਪਾਇਆ ਜਾਵੇ। ਸਰਕਾਰ ਇਸ ਸਮੱਸਿਆ ਪ੍ਰਤੀ ਸੰਜੀਦਾ ਨਹੀ ਹੈ। ਘੱਗਰ ਵਿੱਚ ਆ ਰਿਹਾ ਇਹ ਪਾਣੀ ਧਰਤੀ ਹੇਠਾਂ ਜਾ ਰਿਹਾ ਹੈ, ਜਿਸ ਨਾਲ ਧਰਤੀ ਹੇਠਲਾ ਪਾਣੀ ਲਗਾਤਾਰ ਦੂਸ਼ਿਤ ਹੋ ਰਿਹਾ ਹੈ। ਗਰਮੀ ਦੇ ਮੌਸਮ ਵਿੱਚ ਇਸ ਇਲਾਕੇ ਦੇ ਲੋਕ ਆਪਣੇ ਪਸ਼ੂਆਂ ਨੂੰ ਵੀ ਘੱਗਰ ਨਦੀ ਵਿੱਚ ਛੱਡਦੇ ਹਨ, ਪਸ਼ੂ ਇਹੀ ਪਾਣੀ ਪੀ ਰਹੇ ਹਨ ਜਿਸ ਨਾਲ ਦੁੱਧ ਰਾਹੀ ਇਸ ਪਾਣੀ ਦਾ ਅਸਰ ਮਨੁੱਖੀ ਸਰੀਰ ਤੱਕ ਪਹੁੰਚ ਰਿਹਾ ਹੈ। ਹਿਮਾਚਲ ਪ੍ਰਦੇਸ਼,ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਇਸ ਗੰਭੀਰ ਸਮੱਸਿਆ ਵੱਲ ਧਿਆਨ ਦੇਣਾ ਚਾਹਿਦਾ ਹੈ।

ਸਮਾਜਸੇਵੀ ਰਾਜਿੰਦਰ ਸਿੰਘ ਸੰਧੂ ਨੇ ਆਖਿਆ ਕਿ ਘੱਗਰ ਨਦੀ ਦੇ ਕਿਨਾਰੇ ਵਸੇ ਸਿਰਸਾ ਜ਼ਿਲ੍ਹੇ ਦੇ ਪਿੰਡਾਂ ਦਾ ਪਾਣੀ ਹੁਣ ਪੀਣ ਯੋਗ ਨਹੀ ਰਿਹਾ ਹੈ। ਇਨ੍ਹਾਂ ਪਿੰਡਾਂ ਵਿੱਚ ਹੁਣ ਕੈਂਸਰ ਅਤੇ ਕਾਲਾ ਪੀਲੀਆ ਦੇ ਮਰੀਜ਼ ਲਗਾਤਾਰ ਵਧ ਰਹੇ ਹਨ। ਘੱਗਰ ਵਿੱਚ ਲਗਾਤਾਰ ਪਾਣੀ ਚੱਲਣ ਕਾਰਨ ਕੈਮੀਕਲ ਯੁਕਤ ਪਾਣੀ ਤੇਜ਼ੀ ਨਾਲ ਹੇਠਾ ਜਾ ਰਿਹਾ ਹੈ। ਬੱਚੇ ਵੀ ਭਿਆਨਕ ਬਿਮਾਰੀਆਂ ਦਾ ਲਗਾਤਾਰ ਸ਼ਿਕਾਰ ਹੋ ਰਹੇ ਹਨ। ਸਰਕਾਰ ਨੂੰ ਸੁਣਵਾਈ ਕਰਨੀ ਚਾਹਿਦੀ ਹੈ। ਲੋਕਾਂ ਨੂੰ ਮਿਲਕੇ ਇਸ ਸਮੱਸਿਆ ਤੋਂ ਛੁਟਕਾਰੇ ਲਈ ਵੱਡਾ ਸੰਘਰਸ਼ ਕਰਨਾ ਚਾਹਿਦਾ ਹੈ।

ਸਰਵ ਭਾਰਤ ਨੌਜਵਾਨ ਸਭਾ ਦੇ ਆਗੂ ਸਰਬਜੀਤ ਸਿੰਘ ਸਿੱਧੂ ਨੇ ਕਿਹਾ ਕਿ ਘੱਗਰ ਨਦੀ ਜੋ ਕਦੇ ਸਾਡੀ ਜੀਵਨ ਰੇਖਾ ਸੀ ਪਰ ਹੁਣ ਕਾਰਪੋਰੇਟ ਸੈਕਟਰ ਦੇ ਮੁਨਾਫ਼ੇ ਦੀ ਭਾਲ ਕਾਰਨ ਸਾਡੀ ਮੌਤ ਰੇਖਾ ਵਿੱਚ ਬਦਲ ਗਈ ਹੈ। ਅੱਜ ਘੱਗਰ ਨਦੀ ਦੇ ਨਾਲ ਲੱਗਦੇ ਹਰ ਪਿੰਡ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਤਬਾਹੀ ਮਚਾ ਰਿਹਾ ਹੈ ਪਰ ਕੋਈ ਵੀ ਰਾਜਨੀਤਿਕ ਜਾਂ ਸਮਾਜਿਕ ਸੰਗਠਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ ਹੈ। ਘੱਗਰ ਨਦੀ ਦੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਸਾਰੇ ਪਿੰਡਾਂ ਦੇ ਨੌਜਵਾਨਾਂ ਨੂੰ ਆਪਣੇ ਪਿੰਡਾਂ ਵਿੱਚ ਕਮੇਟੀਆਂ ਬਣਾਕੇ ਅਤੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ ਨਾਲ ਸੰਪਰਕ ਕਰਕੇ ਘੱਗਰ ਨਦੀ ਵਿੱਚ ਵਹਿ ਰਹੇ ਰਸਾਇਣਕ ਪਾਣੀ ਨੂੰ ਰੋਕਣ ਲਈ ਸਾਂਝੇ ਯਤਨ ਕਰਨੇ ਚਾਹਿਦੇ ਹਨ। ਜੇਕਰ ਸਰਕਾਰ ਜਾਂ ਪ੍ਰਸ਼ਾਸਨਿਕ ਅਧਿਕਾਰੀ ਇਸਤੇ ਕੋਈ ਕਾਰਵਾਈ ਨਹੀਂ ਕਰਦੇ ਹਨ ਤਾਂ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਵਿਰੁੱਧ ਇੱਕ ਵੱਡਾ ਜਨਤਕ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ।

# ਮਾਨਸਿਕ ਸ਼ਾਂਤੀ ਅਤੇ ਦਿਖਾਵੇ ਦੀ ਜੰਗ



ਰਾਮੇਸ਼ ਆਪਣੇ ਜੀਵਨ ਤੋਂ ਬਹੁਤ ਸੰਤੁਸ਼ਟ ਸੀ। ਉਹ ਰੋਜ਼ਾਨਾ ਆਪਣੇ ਪੁਰਾਣੇ ਸਕੂਟਰ 'ਤੇ ਦਫ਼ਤਰ ਜਾਂਦਾ ਅਤੇ ਕੁਦਰਤ ਦੇ ਨਜ਼ਾਰਿਆਂ ਦਾ ਅਨੰਦ ਲੈਂਦਾ। ਉਸ ਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਉਸ ਕੋਲ ਕਿਸੇ ਚੀਜ਼ ਦੀ ਕਮੀ ਹੈ। ਪਰ ਇਹ ਸਭ ਉਦੋਂ ਬਦਲ ਗਿਆ ਜਦੋਂ ਉਸ ਦੇ ਗੁਆਂਢੀ, ਸ਼ਰਮਾ ਜੀ ਨੇ ਇੱਕ ਚਮਕਦੀ ਹੋਈ ਨਵੀਂ ਸੇਡਾਨ ਕਾਰ ਖਰੀਦ ਲਈ। ਅਚਾਨਕ, ਰਾਮੇਸ਼ ਨੂੰ ਆਪਣਾ ਸਕੂਟਰ ਛੋਟਾ ਅਤੇ ਆਪਣੀ ਹੋਂਦ ਨੀਵੀਂ ਲੱਗਣ ਲੱਗ ਪਈ। ਕੱਲ੍ਹ ਤੱਕ ਜਿਸ ਕਾਰ ਦੀ ਉਸ ਨੂੰ ਕੋਈ ਚਾਹਤ ਨਹੀਂ ਸੀ, ਅੱਜ ਉਹ ਉਸ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਗਈ। ਇਹ ਹੁਣ ਸਿਰਫ਼ ਸਫ਼ਰ ਦੀ ਸਹੂਲਤ ਨਹੀਂ ਸੀ, ਸਗੋਂ ਹਮੇਸ਼ਾ ਵਾਸਤੇ ਆਪਣੀ ਇੱਜ਼ਤ ਬਣਾਈ ਰੱਖਣ ਅਤੇ ਗੁਆਂਢੀ ਤੋਂ ਅੱਗੇ ਨਿਕਲਣ ਦੀ ਇੱਕ ਹਉਮੈ ਵਾਲੀ ਲੜਾਈ ਬਣ ਚੁੱਕੀ ਸੀ।

ਰਾਮੇਸ਼ ਨੇ ਬਿਨਾਂ ਸੋਚੇ-ਸਮਝੇ ਬੈਂਕ ਤੋਂ ਵੱਡਾ ਕਰਜ਼ਾ ਲੈ ਲਿਆ ਅਤੇ ਇੱਕ ਮਹਿੰਗੀ ਕਾਰ ਖਰੀਦ ਲਈ। ਕੁਝ ਦਿਨ ਤਾਂ ਉਸ ਨੂੰ ਬਹੁਤ ਮਾਣ ਮਹਿਸੂਸ ਹੋਇਆ, ਪਰ ਜਲਦੀ ਹੀ ਅਸਲੀਅਤ ਸਾਹਮਣੇ ਆਉਣ ਲੱਗੀ। ਹਰ ਮਹੀਨੇ ਦੀਆਂ ਮੋਟੀਆਂ ਕਿਸ਼ਤਾਂ, ਤੇਲ ਦਾ ਖਰਚਾ ਅਤੇ ਰੱਖ-ਰਖਾਅ ਨੇ ਉਸ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ। ਉਹ ਕਾਰ ਵਿੱਚ ਬੈਠਾ ਹੁੰਦਾ ਸੀ, ਪਰ ਉਸ ਦਾ ਮਨ ਚਿੰਤਾਵਾਂ ਦੇ ਬੋਝ ਹੇਠ ਦਬਿਆ ਰਹਿੰਦਾ।

ਇੱਕ ਦਿਨ ਉਸ ਨੇ ਮਹਿਸੂਸ ਕੀਤਾ ਕਿ ਸ਼ਰਮਾ ਜੀ ਨਾਲ ਮੁਕਾਬਲਾ ਕਰਨ ਦੀ ਈਰਖਾ ਨੇ ਉਸ ਤੋਂ ਉਸ ਦੀ ਮਾਨਸਿਕ ਸ਼ਾਂਤੀ ਖੋਹ ਲਈ ਹੈ। ਕਿਸੇ ਨੂੰ ਨੀਵਾਂ ਦਿਖਾਉਣ ਦੀ ਚਾਹਤ ਵਿੱਚ ਉਹ ਖੁਦ ਹੀ ਕਰਜ਼ੇ ਦੀ ਦਲਦਲ ਵਿੱਚ ਫਸ ਗਿਆ ਸੀ। ਉਸ ਨੂੰ ਸਮਝ ਆ ਗਿਆ ਕਿ ਜੇਕਰ ਉਹ ਖੁਸ਼ ਰਹਿਣਾ ਚਾਹੁੰਦਾ ਹੈ, ਤਾਂ ਉਸ ਨੂੰ ਇਸ ਫਾਲਤੂ ਦੇ ਦਿਖਾਵੇ ਦੇ ਝਮੇਲੇ ਵਿੱਚੋਂ ਨਿਕਲਣਾ ਪਵੇਗਾ।

ਜ਼ਿੰਦਗੀ ਦੀ ਖੂਬਸੂਰਤੀ ਸਾਦਗੀ ਅਤੇ ਅੰਦਰੂਨੀ ਸੰਤੁਸ਼ਟੀ ਵਿੱਚ ਹੈ। ਜੇਕਰ ਅਸੀਂ ਹਮੇਸ਼ਾ ਵਾਸਤੇ ਖੁਸ਼ ਰਹਿਣਾ ਚਾਹੁੰਦੇ ਹਾਂ, ਤਾਂ ਸਾਨੂੰ ਦੂਜਿਆਂ ਨਾਲ ਤੁਲਨਾ ਕਰਨ ਦੀ ਬਜਾਏ ਆਪਣੀ ਜ਼ਿੰਦਗੀ ਨੂੰ ਮਾਨਣਾ ਸਿੱਖਣਾ ਚਾਹੀਦਾ ਹੈ। ਦਿਖਾਵਾ ਸਿਰਫ਼ ਬਾਹਰੀ ਚਮਕ ਹੈ, ਜਦਕਿ ਅਸਲੀ ਅਮੀਰੀ ਮਨ ਦੀ ਸ਼ਾਂਤੀ ਹੁੰਦੀ ਹੈ।

ਹਰਿੰਦਰ ਸਲੇਮਪੁਰੀਆ 9855202040

# >> ਪ੍ਰਧਾਨ ਮੰਤਰੀ ਮੋਦੀ ਦੀ ਲੋਕਾਂ ਨੂੰ ਅਪੀਲ <<

# ‘ਵਿਦੇਸ਼ੀ ਮੁਦਰਾ ਬਚਾਉਣ ਲਈ ਇੱਕ ਸਾਲ ਸੋਨਾ ਨਾ ਖਰੀਦੋ ਅਤੇ ਤੇਲ ਦੀ ਵਰਤੋਂ ਘਟਾਓ’

ਸਿਕੰਦਰਾਬਾਦ-ਵਿਸ਼ਵ ਪੱਧਰ ’ਤੇ ਚੱਲ ਰਹੇ ਭੂ-ਰਾਜਨੀਤਕ ਤਣਾਅ ਅਤੇ ਆਰਥਿਕ ਅਸਥਿਰਤਾ ਦੇ ਵਿਚਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਇੱਕ ਅਹਿਮ ਅਪੀਲ ਕੀਤੀ ਹੈ। ਬੀਤੇ ਦਿਨੀਂ ਸਿਕੰਦਰਾਬਾਦ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕਰਦਿਆਂ ਪੀਐਮ ਮੋਦੀ ਨੇ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ ਨੂੰ ਬਚਾਉਣ ਲਈ ਲੋਕਾਂ ਨੂੰ ਇੱਕ ਸਾਲ ਤੱਕ ਸੋਨਾ ਨਾ ਖਰੀਦਣ ਅਤੇ ਖਾਣ ਵਾਲੇ ਤੇਲ ਦੀ ਵਰਤੋਂ ਘੱਟ ਕਰਨ ਦਾ ਸੱਦਾ ਦਿੱਤਾ ਹੈ।

### ਦੇਸ਼ ਭਗਤੀ ਅਤੇ ਆਰਥਿਕ ਸੁਰੱਖਿਆ ਦਾ ਦਿੱਤਾ ਹਵਾਲਾ

ਪ੍ਰਧਾਨ ਮੰਤਰੀ ਨੇ ਕਿਹਾ ਕਿ “ਮੌਜੂਦਾ ਸਮੇਂ ਵਿੱਚ ਸਪਲਾਈ ਚੇਨ ਦੀਆਂ ਮੁਸ਼ਕਲਾਂ ਅਤੇ ਗੁਆਂਢ ਵਿੱਚ ਚੱਲ ਰਹੀ ਜੰਗ (ਈਰਾਨ-ਅਮਰੀਕਾ-ਇਜ਼ਰਾਈਲ ਸੰਕਟ) ਕਾਰਨ ਭਾਰਤ ’ਤੇ ਗੰਭੀਰ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਲਈ ਮਰਨਾ ਹੀ ਦੇਸ਼ ਭਗਤੀ ਨਹੀਂ ਹੈ, ਸਗੋਂ ਆਪਣੇ ਫਰਜ਼ ਨਿਭਾ ਕੇ ਦੇਸ਼ ਦੇ ਹਿੱਤਾਂ ਦੀ ਰਾਖੀ ਕਰਨਾ ਵੀ ਦੇਸ਼ ਭਗਤੀ ਹੈ। ਸੋਨਾ ਅਤੇ ਖਾਣ ਵਾਲਾ ਤੇਲ ਮੰਗਵਾਉਣ ਲਈ ਸਾਨੂੰ ਵੱਡੀ ਮਾਤਰਾ ਵਿੱਚ ਵਿਦੇਸ਼ੀ ਮੁਦਰਾ ਖਰਚਣੀ ਪੈਂਦੀ ਹੈ।”

ਪੀਐਮ ਨੇ ਕਿਹਾ ਕਿ ਭਾਵੇਂ ਘਰ ਵਿੱਚ ਕੋਈ ਸਮਾਗਮ ਹੋਵੇ, ਪਰ ਦੇਸ਼ ਹਿੱਤ ਵਿੱਚ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਗੁਰੇਜ਼ ਕੀਤਾ ਜਾਵੇ।

ਤੇਲ ਦੀ ਦਰਾਮਦ ਘਟਾਉਣ ਲਈ ਉਨ੍ਹਾਂ ਨੇ ਰਸੋਈ ਵਿੱਚ ਤੇਲ ਦੀ ਵਰਤੋਂ ਘੱਟ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਮੁਤਾਬਕ ਇਸ ਨਾਲ “ਦੇਸ਼ ਸੇਵਾ ਵੀ ਹੋਵੇਗੀ ਅਤੇ ਦੇਹ (ਸਿਹਤ) ਸੇਵਾ ਵੀ।”



ਭਾਰਤ ਕੋਲ ਤੇਲ ਦੇ ਵੱਡੇ ਖੂਹ ਨਹੀਂ ਹਨ, ਜਿਸ ਕਾਰਨ ਪੈਟਰੋਲ-ਡੀਜ਼ਲ ਲਈ ਦੂਜੇ ਦੇਸ਼ਾਂ ’ਤੇ ਨਿਰਭਰਤਾ ਬਣੀ ਹੋਈ ਹੈ। ਜੰਗ ਕਾਰਨ ਇਨ੍ਹਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ।

ਸਾਲ 2025 ਵਿੱਚ ਸੋਨੇ ਦੀਆਂ ਕੀਮਤਾਂ ਵਿੱਚ 60% ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਤੇਜ਼ੀ ਦੇ ਮੁੱਖ ਕਾਰਨ ਹਨ:

ਭੂ-ਰਾਜਨੀਤਿਕ ਤਣਾਅ: ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਾਲੇ ਜੰਗ ਕਾਰਨ ਨਿਵੇਸ਼ਕ ਸੁਰੱਖਿਅਤ ਨਿਵੇਸ਼ ਵਜੋਂ ਸੋਨੇ ਵੱਲ ਵਧ ਰਹੇ ਹਨ।

ਡਾਲਰ ਦੀ ਵਰਤੋਂ ਘਟਣ ਅਤੇ ਕੇਂਦਰੀ ਬੈਂਕਾਂ (ਚੀਨ, ਭਾਰਤ, ਤੁਰਕੀ ਆਦਿ) ਵੱਲੋਂ ਸੋਨੇ ਦੇ ਭੰਡਾਰ ਵਧਾਉਣ ਕਾਰਨ ਕੀਮਤਾਂ ਵਧੀਆਂ ਹਨ।

ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਨੀਤੀਆਂ ਅਤੇ ਗਲੋਬਲ ਘਟਨਾਵਾਂ (ਜਿਵੇਂ ਵੇਨੇਜ਼ੁਏਲਾ ਦੇ ਰਾਸ਼ਟਰਪਤੀ ਦੀ ਗ੍ਰਿਫਤਾਰੀ) ਨੇ ਬਾਜ਼ਾਰ ਵਿੱਚ ਅਸਥਿਰਤਾ ਪੈਦਾ ਕੀਤੀ ਹੈ।

### ਕਾਂਗਰਸ ਵੱਲੋਂ ਤਿੱਖੀ ਆਲੋਚਨਾ

ਵਿਰੋਧੀ ਧਿਰ ਕਾਂਗਰਸ ਨੇ ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ “ਸ਼ਰਮਨਾਕ ਅਤੇ ਗੈਰ-ਜ਼ਿੰਮੇਵਾਰਾਨਾ” ਕਰਾਰ ਦਿੱਤਾ ਹੈ।

ਕੇਸੀ ਵੇਣੂਗੋਪਾਲ (ਜਨਰਲ ਸਕੱਤਰ): ਉਨ੍ਹਾਂ ਕਿਹਾ ਕਿ ਸਰਕਾਰ ਕੋਲ ਕੋਈ ਐਮਰਜੈਂਸੀ ਯੋਜਨਾ ਨਹੀਂ ਹੈ ਅਤੇ ਉਹ ਆਪਣੀ ਨਾਕਾਮੀ ਦਾ ਬੋਝ ਆਮ ਜਨਤਾ ’ਤੇ ਪਾ ਰਹੀ ਹੈ।

ਕਾਂਗਰਸ ਦਾ ਇਲਜ਼ਾਮ ਹੈ ਕਿ ਸਰਕਾਰ ਨੂੰ ਊਰਜਾ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ, ਨਾ ਕਿ ਲੋਕਾਂ ਦੀਆਂ ਲੋੜਾਂ ’ਤੇ ਕਟੌਤੀ ਕਰਨੀ ਚਾਹੀਦੀ ਹੈ।

ਜਿੱਥੇ ਸਰਕਾਰ ਇਸ ਨੂੰ ਆਰਥਿਕ ਸਥਿਰਤਾ ਅਤੇ ਵਿਦੇਸ਼ੀ ਮੁਦਰਾ ਬਚਾਉਣ ਦਾ ਇੱਕ ਤਰੀਕਾ ਦੱਸ ਰਹੀ ਹੈ, ਉੱਥੇ ਹੀ ਸਿਆਸੀ ਹਲਕਿਆਂ ਵਿੱਚ ਇਸ ’ਤੇ ਬਹਿਸ ਤੇਜ਼ ਹੋ ਗਈ ਹੈ ਕਿ ਕੀ ਅਜਿਹੀਆਂ ਅਪੀਲਾਂ ਨਾਲ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲੇਗੀ ਜਾਂ ਇਹ ਆਮ ਲੋਕਾਂ ਦੀਆਂ ਮੁਸ਼ਕਲਾਂ ਵਧਾਉਣਗੀਆਂ।

## ਹਨੀ ਟ੍ਰੈਪ ਦਾ ਸ਼ਿਕਾਰ ਹੋਏ ਦੋਧੀ ਨੇ ਖ਼ੁਦਕੁਸ਼ੀ ਦੀ ਕੀਤੀ ਕੋਸ਼ਿਸ਼

**✪ ਔਰਤਾਂ ਸਮੇਤ 6 ਖ਼ਿਲਾਫ਼ ਮਾਮਲਾ ਦਰਜ**

ਮੋਹਾਲੀ/ਕੁਰਾਲੀ-ਕੁਰਾਲੀ ਇਲਾਕੇ ਵਿੱਚ ਇੱਕ ਮਿਹਨਤਕਸ਼ ਦੋਧੀ ਨੂੰ ਪਿਆਰ ਦੇ ਜਾਲ ਵਿੱਚ ਫਸਾ ਕੇ ਬਲੈਕਮੇਲ ਕਰਨ ਅਤੇ ਉਸ ਦੀਆਂ ਨਿਊਡ ਤਸਵੀਰਾਂ ਖਿੱਚ ਕੇ 10 ਲੱਖ ਰੁਪਏ ਮੰਗਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਮਾਨਸਿਕ ਪ੍ਰੇਸ਼ਾਨੀ ਤੋਂ ਤੰਗ ਆ ਕੇ ਪੀੜਤ ਨੇ ਜ਼ਹਿਰ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ ਖੁਸ਼ਕਿਸਮਤੀ ਨਾਲ ਉਸ ਦੀ ਜਾਨ ਬਚ ਗਈ। ਪੀੜਤ ਇੰਦਰਪ੍ਰੀਤ, ਜੋ ਘਰ-ਘਰ ਦੁੱਧ ਸਪਲਾਈ ਕਰਨ ਦਾ ਕੰਮ ਕਰਦਾ ਹੈ, ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਮੁਲਾਕਾਤ ਜੋਤੀ ਨਾਮੀ ਔਰਤ ਨਾਲ ਹੋਈ ਸੀ। ਜੋਤੀ ਨੇ ਉਸ ਨੂੰ ਆਪਣੀਆਂ ਗੱਲਾਂ ਵਿੱਚ ਫਸਾ ਕੇ ਜ਼ੀਰਕਪੁਰ ਦੀ ਰਹਿਣ ਵਾਲੀ ਸੋਨੀਆ ਨਾਲ ਮਿਲਾਇਆ। 2 ਮਈ ਨੂੰ ਇਨ੍ਹਾਂ ਔਰਤਾਂ ਨੇ ਸਾਜ਼ਿਸ਼ ਤਹਿਤ ਇੰਦਰਪ੍ਰੀਤ ਨੂੰ ਜ਼ੀਰਕਪੁਰ ਦੇ ਇੱਕ ਫਲੈਟ ਵਿੱਚ ਬੁਲਾਇਆ। ਸ਼ਿਕਾਇਤ ਅਨੁਸਾਰ ਫਲੈਟ ਵਿੱਚ ਇੰਦਰਪ੍ਰੀਤ ਨੂੰ ਸ਼ਰਾਬ ਪਿਲਾਈ ਗਈ। ਜਦੋਂ ਉਹ ਸੋਨੀਆ ਨਾਲ ਕਮਰੇ ਵਿੱਚ ਸੀ, ਤਾਂ ਅਚਾਨਕ ਕੁਝ ਵਿਅਕਤੀ ਅੰਦਰ ਦਾਖ਼ਲ ਹੋਏ। ਉਨ੍ਹਾਂ ਵਿੱਚੋਂ ਇੱਕ ਨੇ ਆਪਣੇ ਆਪ ਨੂੰ ਸੋਨੀਆ ਦਾ ਪਤੀ ਦੱਸਦਿਆਂ ਇੰਦਰਪ੍ਰੀਤ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਮੁਲਜ਼ਮਾਂ ਨੇ ਉਸ ਦਾ ਮੋਬਾਇਲ, 12 ਹਜ਼ਾਰ ਰੁਪਏ ਖੋਹ ਲਏ ਅਤੇ ਉਸ ਦੀਆਂ ਨਿਊਡ (ਨਗਨ) ਤਸਵੀਰਾਂ ਖਿੱਚ ਲਈਆਂ। ਮੁਲਜ਼ਮਾਂ ਨੇ ਪੀੜਤ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ 10 ਲੱਖ ਰੁਪਏ ਨਾ ਦਿੱਤੇ ਤਾਂ ਇਹ ਤਸਵੀਰਾਂ ਵਾਇਰਲ ਕਰ ਦਿੱਤੀਆਂ ਜਾਣਗੀਆਂ ਅਤੇ ਉਸ ਵਿਰੁੱਧ ਜਬਰ-ਜ਼ਨਾਹ ਦਾ ਝੂਠਾ ਮਾਮਲਾ ਦਰਜ ਕਰਵਾਇਆ ਜਾਵੇਗਾ। ਇਸ ਬੇਇੱਜ਼ਤੀ ਦੇ ਡਰੋਂ ਪੀੜਤ ਇੰਨਾ ਟੁੱਟ ਗਿਆ ਕਿ ਉਸ ਨੇ 6 ਮਈ ਨੂੰ ਜ਼ਹਿਰ ਖਾ ਲਿਆ। ਥਾਣਾ ਕੁਰਾਲੀ ਪੁਲਸ ਨੇ ਪੀੜਤ ਦੇ ਬਿਆਨਾਂ ਦੇ ਅਧਾਰ ’ਤੇ ਮੁਲਜ਼ਮਾਂ ਜੋਤੀ, ਸੋਨੀਆ, ਰਮਨਦੀਪ ਕੌਰ, ਲਖਵੀਰ ਸਿੰਘ, ਐੱਮ. ਐੱਸ. ਚੌਹਾਨ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਗਿਰੋਹ ਦੇ ਮੈਂਬਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਜਾਂਚ ਕਰ ਰਹੀ ਹੈ ਕਿ ਕੀ ਇਸ ਗਿਰੋਹ ਨੇ ਪਹਿਲਾਂ ਵੀ ਕਿਸੇ ਹੋਰ ਨੂੰ ਆਪਣਾ ਸ਼ਿਕਾਰ ਬਣਾਇਆ ਹੈ।

## ਫਰਾਂਸ ਦੇ ਨੀਸ ਸ਼ਹਿਰ ’ਚ ਅੰਨ੍ਹੇਵਾਹ ਫਾਇਰਿੰਗ: 2 ਦੀ ਮੌਤ, 6 ਜ਼ਖ਼ਮੀ

ਨੀਸ (ਫਰਾਂਸ)-ਯੂਰਪੀ ਦੇਸ਼ ਫਰਾਂਸ ਦੇ ਮਸ਼ਹੂਰ ਸ਼ਹਿਰ ਨੀਸ ਵਿੱਚ ਬੀਤੇ ਸੋਮਵਾਰ ਨੂੰ



ਕਾਰ ਸਵਾਰ ਦੋ ਨੌਜਵਾਨਾਂ ਨੇ ਇਲਾਕੇ ਵਿੱਚ ਆਉਂਦਿਆਂ ਹੀ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਵਾਰਦਾਤ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ। ਇਸ ਹਮਲੇ ਵਿੱਚ 2 ਲੋਕਾਂ ਦੀ ਮੌਤ ਹੋ ਗਈ ਹੈ ਅਤੇ 6 ਹੋਰ ਜ਼ਖ਼ਮੀ ਹੋਏ ਹਨ।

ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਅਨੁਸਾਰ ਇਹ ਘਟਨਾ ਨਸ਼ਾ ਤਸਕਰੀ ਨਾਲ ਜੁੜੀ ਹੋਈ ਜਾਪਦੀ ਹੈ। ਜ਼ਿਕਰਯੋਗ ਹੈ ਕਿ ਜਿਸ ‘ਮੌਲਿਨਸ’ ਜ਼ਿਲ੍ਹੇ ਵਿੱਚ ਇਹ ਗੋਲੀਬਾਰੀ ਹੋਈ, ਉਹ ਇਲਾਕਾ ਪਹਿਲਾਂ ਹੀ ਨਸ਼ੀਲੇ ਪਦਾਰਥਾਂ ਨਾਲ ਜੁੜੇ ਅਪਰਾਧਾਂ ਲਈ ਬਦਨਾਮ ਹੈ। ਨੀਸ ਦੇ ਮੇਅਰ ਐਰਿਕ ਸਿਓਟੀ ਨੇ ਇਸ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਪ੍ਰਭਾਵਿਤ ਇਲਾਕੇ ਵਿੱਚ ਸੁਰੱਖਿਆ ਵਧਾਉਣ ਲਈ ਸਥਾਈ ਪੁਲਸ ਚੌਕੀ ਸਥਾਪਤ ਕਰਨ ਦਾ ਸੁਝਾਅ ਦਿਤਾ ਹੈ। ਸੁਰੱਖਿਆ ਦੇ ਮੱਦੇਨਜ਼ਰ ਇਲਾਕੇ ਦੇ ਸਕੂਲਾਂ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ। ਫਿਲਹਾਲ ਫਰਾਂਸੀਸੀ ਪੁਲਿਸ ਹਮਲਾਵਰਾਂ ਦੀ ਭਾਲ ਵਿੱਚ ਜੁਟ ਗਈ ਹੈ ਅਤੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਪੁਰਾਣੀ ਰੰਜਿਸ਼ ਕਾਰਨ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**✪ ਹਰਜੋਤ ਸਿੱਧੂ ਨੇ ਸੋਸ਼ਲ ਮੀਡੀਆ ’ਤੇ ਲਈ ਜ਼ਿੰਮੇਵਾਰੀ**

ਨੂਰਪੁਰ ਬੇਦੀ-ਨੂਰਪੁਰ ਬੇਦੀ ਇਲਾਕੇ ਵਿੱਚ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇੱਕ ਸ਼ੋਅਰੂਮ ਦੇ ਬਾਹਰ ਕੁਝ ਅਣਪਛਾਤੇ ਨੌਜਵਾਨਾਂ ਨੇ 25 ਸਾਲਾ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਹਰਮੇਲ ਸਿੰਘ ਪੁੱਤਰ ਜਸਵੀਰ ਸਿੰਘ (ਵਾਸੀ ਪਿੰਡ ਸ਼ਾਹਪੁਰ ਬੇਲਾ) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ, ਹਰਮੇਲ ਸਿੰਘ ਆਪਣੇ ਇੱਕ ਸਾਥੀ ਨਾਲ ਆਜਮਪੁਰ ਨੇੜੇ ਸਥਿਤ ‘ਭੁੱਲਰ ਇਲੈਕਟ੍ਰੋਨਿਕਸ’ ਤੋਂ ਸਾਮਾਨ ਲੈ ਕੇ ਨਿਕਲਿਆ ਹੀ ਸੀ ਕਿ ਸੜਕ ’ਤੇ ਪਹਿਲਾਂ ਤੋਂ ਖੜ੍ਹੇ ਹਮਲਾਵਰਾਂ ਨੇ ਉਸ ’ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਗੰਭੀਰ ਹਾਲਤ ਵਿੱਚ ਉਸ ਨੂੰ ਸਿੰਘਪੁਰ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਕਤਲ ਦੀ ਜ਼ਿੰਮੇਵਾਰੀ ਪਿੰਡ ਸ਼ਾਹਪੁਰ ਬੇਲਾ ਦੇ ਹੀ ਹਰਜੋਤ ਸਿੰਘ ਸਿੱਧੂ ਨੇ ਲਈ ਹੈ। ਉਸ ਨੇ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਸਾਂਝੀ ਕਰਦਿਆਂ



ਦਾਅਵਾ ਕੀਤਾ ਕਿ ਇਹ ਕਤਲ ਉਸ ਦੇ ਭਰਾ ਦੇ ਕਤਲ ਦਾ ਬਦਲਾ ਹੈ। ਹਰਜੋਤ ਅਨੁਸਾਰ ਹਰਮੇਲ ਸਿੰਘ ਨੇ ਮਈ 2019 ਵਿੱਚ ਉਸ ਦੇ ਭਰਾ ਦਾ ਕਤਲ ਕੀਤਾ ਸੀ, ਜਿਸ ਦਾ ਬਦਲਾ ਉਸ ਨੇ ਲਿਆ ਹੈ। ਉਸ ਨੇ ਪੁਲੀਸ ਨੂੰ ਅਪੀਲ ਵੀ ਕੀਤੀ ਕਿ ਉਹ ਇਸ ਕਾਰਵਾਈ ਲਈ ਸਿਰਫ਼ ਉਸ ਨੂੰ ਜ਼ਿੰਮੇਵਾਰ ਮੰਨਣ ਅਤੇ ਕਿਸੇ ਹੋਰ ਨੂੰ ਪ੍ਰੇਸ਼ਾਨ ਨਾ ਕਰਨ। ਨੂਰਪੁਰ ਬੇਦੀ ਥਾਣੇ ਦੇ ਐਸ.ਐਚ.ਓ. ਰੋਹਿਤ ਸ਼ਰਮਾ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਮੌਕੇ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਦੇਹ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਰੂਪਨਗਰ ਭੇਜ ਦਿੱਤਾ ਗਿਆ ਹੈ। ਪੁਲੀਸ ਸੋਸ਼ਲ ਮੀਡੀਆ ਪੋਸਟ ਅਤੇ ਹੋਰ ਪਹਿਲੂਆਂ ਦੀ ਬਾਰੀਕੀ ਨਾਲ ਪੜਤਾਲ ਕਰ ਰਹੀ ਹੈ।

# ਕਾਵਿ-ਕਿਆਰੀ

## ਆਸ਼ਕ ਰਾਹਾਂ ਦੇ



ਕੁਲਵੰਤ ਸਿੰਘ ‘ਢੇਸੀ’ ਯੂ ਕੇ

Resti n reason. Movei n Pasison--Khaill iGbran

Don’t ilimt your challenges; challenge your ilimts

Tony Robibns

ਮੰਜ਼ਿਲ ਦੀ ਨਹੀਂ ਚਿੰਤਾ ਕਰਦੇ ਆਸ਼ਕ ਰਾਹਾਂ ਦੇ
ਹਭੀ ਨਭੀ ਨੂੰ ਹੱਸ ਕੇ ਜਰਦੇ ਆਸ਼ਕ ਰਾਹਾਂ ਦੇ

ਸ਼ਿਬਲੀ ਦਾ ਫੁੱਲ , ਮਾਛੀਵਾੜੇ ਦੇ ਕੰਡੇ ਦੇਖੋ
ਜਰਨੇ ਨੂੰ ਕੀ ਕੁਝ ਨਹੀਂ ਜਰਦੇ ਆਸ਼ਕ ਰਾਹਾਂ ਦੇ

ਖੰਡਾ ਵਹੁਣਾ ਅਤੇ ਜੈਕਾਰਾ ਲਉਣਾ ਹੁੰਦਾ ਹੈ
ਸੀਸ ਹਥੇਲੀ ਉੱਤੇ ਧਰਦੇ ਆਸ਼ਕ ਰਾਹਾਂ ਦੇ

ਰਣ ‘ਚ ਵੀ ਹੈ ਜਲ ਛਕਾਇਆ ਜਾਂਦਾ ਵੈਰੀ ਨੂੰ
ਰਹਿਮਤ ਬਣ ਕੇ ਰਹਿੰਦੇ ਵਰ੍ਹਦੇ ਆਸ਼ਕ ਰਾਹਾਂ ਦੇ

ਦੇਖਣ ਨੂੰ ਭਾਵੇਂ ਅਰਥੀ ਉੱਠੇ ਲੋਕਾਂ ਦੇ ਵਾਂਗੂੰ
ਲੋਕਾਂ ਵਾਂਗੂੰ ਨਹੀਓਂ ਮਰਦੇ ਆਸ਼ਕ ਰਾਹਾਂ ਦੇ

ਹੋਣੀ ਨੇ ਤਾਂ ਅਮਰ ਉਹਨਾ ਨੂੰ ਕਰਨਾ ਹੁੰਦਾ ਹੈ
ਮਕਤਲ ਕੋਲੋਂ ਕਿੱਥੇ ਡਰਦੇ, ਆਸ਼ਕ ਰਾਹਾਂ ਦੇ

ਲੋਕਾਂ ਭਾਣੇ ਹੁੰਦੇ ਨੇ ਉਹ ਫੱਕਰ ਦੇਖਣ ਨੂੰ
ਹੋ ਕੇ ਰਹਿੰਦੇ ਸੱਚੇ ਘਰ ਦੇ ਆਸ਼ਕ ਰਾਹਾਂ ਦੇ

ਵਹਿਣ ਨਸ਼ੇ ਦੇ ਵਹਿੰਦੇ ਹੋਏ ਪੰਜਾਬੀ ਨੂੰ ਦੱਸੋ
ਅਟਕ ਕਿਵੇਂ ਸਰਸਾ ਨੂੰ ਤਰਦੇ ਆਸ਼ਕ ਰਾਹਾਂ ਦੇ

ਬਿੱਪਰ ਦੀ ਰੀਤੀ ਤੋਂ ‘ਢੇਸੀ’ ਨਹੀਂ ਸਹਾਰੇ ਗਏ

## ਪੰਜਾਬੀ




–ਪਰਮਿੰਦਰ ਸਿੰਘ ਸਿੱਧੂ

ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ
ਸਿਆਸੀ ਚਾਲਾਂ, ਫਾਲਤੂ ਖਰਚੇ, ਨਸ਼ੇ ਤੇ ਬੁਰੇ ਹਲਾਤਾਂ ਨੇ!
ਵੰਡੀਆਂ ਵਿੱਚ ਪਾ ਕੇ ਸਾਨੂੰ, ਨਿੱਤ ਲਾਹਾ ਲੋਕੀਂ ਲਈ ਜਾਂਦੇ
ਧਰਮ ਦੇ ਠੇਕੇਦਾਰਾਂ ਕਰਕੇ, ਨਵੇਂ ਵਿਤਕਰੇ ਪਈ ਜਾਂਦੇ
ਉਲਝਾਏ ਵਰਣ-ਵੰਡ ਦੀਆਂ ਬਾਤਾਂ ਨੇ
ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ
ਗੁਰੂ-ਪੀਰ ਤੇ ਭਗਤ ਸੂਰਮੇ, ਸਾਂਝੇ ਤਿਉਹਾਰ ਤੇ ਮੇਲੇ ਨੇ
ਖ਼ੁਸ਼ੀ ਗ਼ਮੀਂ ਤੇ ਹੱਸਣ-ਖੇਡਣ, ਬਸ ਇਕੋ ਜਿਹੇ ਝਮੇਲੇ ਨੇ
ਕੀਤੇ ਖ਼ੁਆਰ ਨਫ਼ਰਤ ਦੀਆਂ ਬਰਸਾਤਾਂ ਨੇ
ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ
ਕੌਣ ਜਾਣੇ ਚੰਗੇ ਜਾਂ ਮਾੜੇ, ਕੁਝ ਆਗੂ ਸਾਨੂੰ ਐਸੇ ਟੱਕਰੇ
ਪਿੱਛੇ ਲੱਗ ਜਿੰਨ੍ਹਾਂ ਦੇ, ਰੱਬ ਦੇ ਘਰ ਬਣਾ ਲਏ ਵੱਖਰੇ
ਹੋਏ ਵੱਖੋ-ਵੱਖ ਜੈਕਾਰੇ ਤੇ ਅਰਦਾਸਾਂ ਨੇ
ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ
ਮੋਢੇ ਨਾਲ ਜੋੜ ਕੇ ਮੋਢਾ, ਫਿਰਕੂਆਂ ਸੰਗ ਲੜ੍ਹਨਾ ਪੈਣਾ
ਭਾਈਚਾਰਾ ਜੋੜ੍ਹਨ ਖਾਤਿਰ, ਇਕ ਦੂਜੇ ਲਈ ਖੜ੍ਹਨਾ ਪੈਣਾ
ਬਸ ਇਤਫ਼ਾਕ ਦੀਆਂ ਘਾਟਾਂ ਨੇ
ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ
ਪਰਮਿੰਦਰ ਜਿਹੇ ਪਾਪੀ ਨਿੱਤ, ਨਵੀਂ ਚੁਆਤੀ ਲਾ ਜਾਂਦੇ
ਜੋ ਬੁੱਝਣ ਕਿਨਾਰੇ ਹੁੰਦੀ ਏ, ਝੱਟ ਤੇਲ ਅੱਗ ‘ਤੇ ਪਾ ਜਾਂਦੇ
ਬੈਠੇ ਵੈਰੀ ਕਈ ਲਾ ਕੇ ਘਾਤਾਂ ਨੇ
ਪੰਜਾਬੀ ਮਾਰਿਆ ਮਰਦੇ ਨਹੀਂ, ਮਾਰ ਲਏ ਜਾਤਾਂ-ਪਾਤਾਂ ਨੇ

## ਮਾਵਾਂ

ਦੁਨੀਆਂ ਦੀ ਇਸ ਧਰਤੀ ਉੱਤੇ
ਰੱਬ ਨੇ ਲਾਏ ਸੋਹਣੇ ਬੂਟੇ ਮਾਵਾਂ ਦੇ।
ਹਰ ਇਕ ਨੂੰ ਮਿਲਦੇ ਨੇ
ਇਨ੍ਹਾਂ ਤੋਂ ਖੁੱਲ੍ਹੇ ਗੱਫੇ ਛਾਵਾਂ ਦੇ।
ਜਦੋਂ ਦੋਸਤ ਛੱਡ ਜਾਂਦੇ ਨੇ
ਇਨਸਾਨ ਨੂੰ ਕਰਕੇ ਬੇਸਹਾਰਾ,
ਉਦੋਂ ਡੰਗੋਰੀ ਬਣ ਕੇ
ਮਾਵਾਂ ਦਿੰਦੀਆਂ ਨੇ ਸਹਾਰਾ।
ਆਪਣੇ ਦਿਲਾਂ ’ਚ ਲੁਕਾ ਕੇ ਗ਼ਮ
ਮਾਵਾਂ ਵੰਡਣ ਖੁਸ਼ੀਆਂ ਦੇ ਪਤਾਸੇ।
ਉਨ੍ਹਾਂ ਨੂੰ ਵੇਖ ਕੇ ਖਿੜ ਉੱਠਦੇ ਨੇ
ਪੁੱਤਾਂ ਦੇ ਚਿਹਰੇ ਉਦਾਸੇ।



ਇਹ ਹਰ ਕੋਈ ਜਾਣਦਾ ਹੈ
ਕਿ ਬਦਲਦੀਆਂ ਨਹੀਂ ਤਕਦੀਰਾਂ,
ਪਰ ਪੁਤਾਂ ਦੀਆਂ ਖੁਸ਼ੀਆਂ ਲਈ
ਮਾਵਾਂ ਬੈਠ ਕੇ ਸੋਚਣ ਤਦਬੀਰਾਂ।
ਬੇਸ਼ੱਕ ਪੁੱਤ ਦੇਣ ਮਾਵਾਂ ਨੂੰ
ਕੌੜੇ ਬੋਲਾਂ ਦੇ ਜ਼ਾਲਮ ਖ਼ਾਰ,
ਤਾਂ ਵੀ ਮਾਵਾਂ ਦੇਣ ਉਨ੍ਹਾਂ ਨੂੰ
ਮਿੱਠੇ ਬੋਲਾਂ ਦੇ ਸੋਹਣੇ ਹਾਰ।
ਮਾਵਾਂ ਦੇ ਹੁੰਦਿਆਂ ਤੋੜਨੀ ਔਖੀ
ਉਨ੍ਹਾਂ ਦੇ ਜੀਵਨ ਦੀ ਰਬਾਬ।
ਉਨ੍ਹਾਂ ਦੀ ਕਦੇ ਹਾਰ ਹੋਏ ਨਾ
ਇਹ ਮਾਵਾਂ ਦੇ ਖਾਬ।
ਜਿਹੜੇ ਆਪਣੀਆਂ ਮਾਵਾਂ ਦਾ
ਕਰਦੇ ਨਹੀਂ ਸਤਿਕਾਰ,
ਉਨ੍ਹਾਂ ਦੇ ਜੀਵਨ -ਬਾਗ ’ਚ
ਆਏ ਨਾ ਕਦੇ ਬਹਾਰ।
ਜਿਹੜੇ ਆਪਣੀਆਂ ਮਾਵਾਂ ਤੋਂ
ਲੈਂਦੇ ਨਹੀਂ ਪਿਆਰ,
‘ਮਾਨ’ ਉਨ੍ਹਾਂ ਲਈ ਉਜਾੜ ਹੈ
ਇਹ ਖੂਬਸੂਰਤ ਸੰਸਾਰ ।-ਮਹਿੰਦਰ ਸਿੰਘ ਮਾਨ

## ਜੀਵਨ ਦੀ ਰਾਸਿ ਵੰਡੀਏ

ਜੀਵਨ ਦੀ ਰਾਸਿ ਵੰਡੀਏ ਜਿਧਰੋਂ ਵੀ ਹੋਏ ਗੁਜ਼ਰਨਾ।
ਕਹਿੰਦੇ ਤ੍ਰੇਲ ਤਰਵਰ ਸਰਿਤਾ ਸਮੀਰ ਝਰਨਾ।

ਤੇਰੇ ਜਿਹਾ ਹੀ ਕੋਈ ਆਵੇਗਾ ਕੰਮ ਤੇਰੇ
ਦੁਨੀਆਂ ਦੇ ਸਰਦਿਆਂ ਤੋਂ ਕੁਝ ਵੀ ਨਹੀਂ ਏ ਸਰਨਾ।

ਅਕਲਾਂ ਦੇ ਹਾਸਿਲਾਂ ਤੋਂ ਕੁਝ ਹੋਰ ਵੀ ਏ ਲਾਜ਼ਿਮ
ਮਹਿਕਾਂ ਦੇ ਵਾਂਗ ਜੀਣਾ ਪਤਝੜ ਦੇ ਵਾਂਗ ਮਰਨਾ।

ਜੰਗਲ ਦੇ ਅਹਿਮਕਾਂ ਨੂੰ ਬਿਜੜੇ ਨੇ ਤਨਜ਼ ਮਾਰੀ
ਉਸ ਦਾ ਵਜੂਦ ਕਾਹਦਾ ਜਿਸ ਦਾ ਅਜ਼ਾਦ ਘਰ ਨਾ।

ਉੱਚੇ ਨਿਸ਼ਾਨਿਆਂ ਤੋਂ ਮਿਲਦੇ ਇਹੀ ਇਸ਼ਾਰੇ
ਰੁਤਬਾ ਬੁਲੰਦ ਹੋ ਗੋ ਨੀਵਾਂ ਨਈਂ ਵਾਰ ਕਰਨਾ।

ਭੋਲੀ ਮਸੂਮ ਘੁੱਗੀ ਖ਼ੋਰੇ ਕੀ ਭਰਮ ਪਾਲੇ
ਪੀਤੇ ਹੁਏ ਆਂਡਿਆਂ ‘ਤੇ ਬੈਠੀ ਏ ਮਾਰ ਧਰਨਾ।

ਕੰਢੇ ‘ਤੇ ਬੈਠਿਆਂ ਲਈ ਛੱਲਾਂ ਵਿੱਚੋਂ ਰਮਜ਼ ਰੁਮਕੀ
ਡੁੱਬਣ ਤੋਂ ਡਰਦਿਆਂ ਨੂੰ ਆਇਆ ਕਦੋਂ ਹੈ ਤਰਨਾ।

ਲੇਖਕ: ਹਰਭਜਨ ਸਿੰਘ ਬੈਂਸ
ਅੰਤਰਨਾਦ ਵਿੱਚੋਂ ਧੰਨਵਾਦ ਸਹਿਤ



## ਮਾਂ (ਗ਼ਜ਼ਲ)



ਮਾਂ ਦੀ ਦੁਆ ਤੋਂ ਵੱਡੀ ਨਾ ਕੋਈ ਦਵਾ ਹੁੰਦੀ ਹੈ
ਹਰ ਰੋਗ, ਹਰ ਇੱਕ ਜ਼ਖ਼ਮ ਦੀ ਉਹ ਹੀ ਸ਼ਿਫ਼ਾ ਹੁੰਦੀ ਹੈ

ਜਦ ਧੁੱਪ ਸਿਰ ਤੋਂ ਲੰਘ ਕੇ ਰੂਹਾਂ ਤਕ ਪਹੁੰਚ ਜਾਵੇ
ਮਾਂ ਦੀ ਹੀ ਯਾਦ ਤਪਦੀਆਂ ਰਾਹਾਂ ’ਚ ਛਾਂ ਹੁੰਦੀ ਹੈ

ਬੱਚਾ ਕਿਸੇ ਵੀ ਉਮਰ ਦਾ ਹੋਵੇ, ਕਿਸੇ ਵੀ ਸ਼ਹਿਰ
ਮਾਂ ਲਈ ਤਾਂ ਉਸ ਦੀ ਤਕਲੀਫ਼ ਸਜ਼ਾ ਹੁੰਦੀ ਹੈ

ਸੱਜਣ, ਵਫ਼ਾਵਾਂ, ਰਿਸ਼ਤੇ, ਦੁਨੀਆ ਦੇ ਸਭ ਕਾਇਦੇ
ਮਾਂ ਦੀ ਮੁਹੱਬਤ ਸਭ ਤੋਂ ਹੀ ਜੁਦਾ ਹੁੰਦੀ ਹੈ

ਮਸਜਿਦ ਅਜ਼ਾਨ, ਮੰਦਰਾਂ ਵਿੱਚ ਘੰਟੀਆਂ ਦੀ ਧੁਨ
ਮਾਂ ਦੀ ਸਦਾ ਵਿੱਚ ਸ਼ਾਮਿਲ ਹਰ ਇੱਕ ਦੁਆ ਹੁੰਦੀ ਹੈ

ਪੈਰਾਂ ਦੇ ਹੇਠ ਜੰਨਤਾਂ ਦਾ ਜ਼ਿਕਰ ਇਉਂ ਹੀ ਨਹੀਂ
ਧਰਤੀ ’ਤੇ ਮਾਂ ਹੀ ਰੱਬ ਦੀ ਮਰਜ਼ੀ, ਰਜ਼ਾ ਹੁੰਦੀ ਹੈ



ਦੁਨੀਆ ਦੀਆਂ ਸਭ ਜੰਗਾਂ, ਸਭ ਜਿੱਤਾਂ ਅਧੂਰੀਆਂ
ਜਦ ਘਰ ’ਚ ਬੈਠੀ ਮਾਂ ਦੀ ਅੱਖ ਖ਼ਫ਼ਾ ਹੁੰਦੀ ਹੈ

ਮਾਂ ਮਰ ਕੇ ਵੀ ਨਹੀਂ ਮਰਦੀ ਹੈ ਅਸਲ ਦੇ ਵਿੱਚ
ਔਲਾਦ ਦੇ ਸਾਹਾਂ ਵਿੱਚ ਉਹ ਬਣ ਕੇ ਹਵਾ ਹੁੰਦੀ ਹੈ

ਗ਼ਜ਼ਲਗੋ: ਗੁਰਪ੍ਰੀਤ ਸਿੰਘ ਬਿਲਿੰਗ
ਈ-ਮੇਲ : gurpreetnews@gmail.com

# ਕਾਰ ਬੂਟ ਸੇਲ ਤੋਂ £25 ਵਿੱਚ ਖਰੀਦਿਆ ਕੈਪਟਨ ਕੁੱਕ ਦਾ ਤਮਗਾ ਨਿਲਾਮੀ 'ਚ £5,000 ਵਿੱਚ ਵਿਕਿਆ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਸਿੱਧ ਸਮੁੰਦਰੀ ਖੋਜੀ ਕੈਪਟਨ ਜੇਮਜ਼ ਕੁੱਕ ਦੀ ਯਾਦ ਵਿਚ ਤਿਆਰ ਕੀਤਾ ਗਿਆ 18ਵੀਂ ਸਦੀ ਦਾ ਇਕ ਬਹੁਤ ਹੀ ਦੁਰਲੱਭ ਕਾਂਸੀ ਦਾ ਤਮਗਾ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ ਤੋਂ ਸਿਰਫ਼ £25 ਵਿਚ ਖਰੀਦਿਆ ਗਿਆ ਸੀ, ਜੋ ਹੁਣ ਨਿਲਾਮੀ ਦੌਰਾਨ ਧ5,000 ਵਿਚ ਵਿਕ ਕੇ ਚਰਚਾ ਦਾ ਕੇਂਦਰ ਬਣ ਗਿਆ ਹੈ।

ਇਹ ਇਤਿਹਾਸਕ ਤਮਗਾ ਹੁਣ ਵਿਟਬੀ ਸਥਿਤ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵੱਲੋਂ ਖਰੀਦਿਆ ਗਿਆ ਹੈ। ਮਿਊਜ਼ੀਅਮ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਤਮਗੇ ਨੂੰ ਕੈਪਟਨ ਕੁੱਕ ਦੇ ਜਨਮ ਦੇ 300 ਸਾਲ ਪੂਰੇ ਹੋਣ ਮੌਕੇ ਲਗਾਈ ਜਾਣ ਵਾਲੀ ਵਿਸ਼ੇਸ਼ ਪ੍ਰਦਰਸ਼ਨੀ ਵਿਚ ਰੱਖਿਆ ਜਾਵੇਗਾ। ਕੈਪਟਨ ਜੇਮਜ਼ ਕੁੱਕ ਦਾ ਜਨਮ 1728 ਵਿਚ ਹੋਇਆ ਸੀ ਅਤੇ ਉਹ ਦੁਨੀਆ ਦੇ ਸਭ ਤੋਂ ਮਸ਼ਹੂਰ ਖੋਜੀਆਂ ਵਿਚੋਂ ਇਕ ਮੰਨੇ ਜਾਂਦੇ ਹਨ।

ਜਿਸ ਵਿਅਕਤੀ ਨੇ ਇਹ ਤਮਗਾ ਖਰੀਦਿਆ ਸੀ, ਉਸ ਨੇ ਦੱਸਿਆ ਕਿ ਉਹ ਵੈਸਟ ਯਾਰਕਸ਼ਾਇਰ ਦੀ ਇਕ ਕਾਰ ਬੂਟ ਸੇਲ 'ਤੇ ਗਿਆ ਸੀ, ਜਿੱਥੇ ਉਸ ਨੇ ਪੁਰਾਣੇ ਸਿੱਕਿਆਂ ਅਤੇ ਤਮਗਿਆਂ ਨਾਲ ਭਰਿਆ ਇਕ ਡੱਬਾ ਸਿਰਫ਼ £25 ਵਿਚ ਖਰੀਦ ਲਿਆ। ਉਸ ਸਮੇਂ ਉਸ ਨੂੰ ਇਹ ਅਹਿਸਾਸ ਨਹੀਂ ਸੀ ਕਿ ਉਸ ਡੱਬੇ ਵਿਚ ਕੈਪਟਨ ਕੁੱਕ ਨਾਲ ਸਬੰਧਤ ਇਕ




ਦੁਰਲੱਭ ਸਿੱਕੇ ਦਾ ਦ੍ਰਿਸ਼

ਇਤਿਹਾਸਕ ਅਤੇ ਬਹੁਤ ਦੁਰਲੱਭ ਤਮਗਾ ਵੀ ਮੌਜੂਦ ਹੈ।

ਬਾਅਦ ਵਿਚ ਜਦੋਂ ਮਾਹਿਰਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਇਹ ਤਮਗਾ 18ਵੀਂ ਸਦੀ ਵਿਚ ਕੈਪਟਨ ਕੁੱਕ ਦੀ ਮੌਤ ਦੀ ਯਾਦ ਵਿਚ ਤਿਆਰ ਕੀਤਾ ਗਿਆ ਸੀ। ਇਹ ਤਮਗਾ ਕਾਫ਼ੀ ਦੁਰਲੱਭ ਹੈ ਅਤੇ ਇਸ ਵਰਗੇ ਸਿਰਫ਼ ਦੋ ਹੋਰ ਨਮੂਨੇ ਹੀ ਦੁਨੀਆ ਭਰ ਦੇ ਮਿਊਜ਼ੀਅਮਾਂ ਵਿਚ ਦਰਜ ਹਨ। ਇਕ ਨਮੂਨਾ ਗ੍ਰੀਨਵਿਚ ਅਤੇ ਦੂਜਾ ਆਸਟ੍ਰੇਲੀਆ ਦੇ ਸਿਡਨੀ ਮਿਊਜ਼ੀਅਮ ਵਿਚ ਮੌਜੂਦ ਹੈ।

ਟੈਨੈਂਟਸ ਆਕਸ਼ਨੀਅਰਜ਼ ਦੇ ਸਿੱਕਾ ਮਾਹਿਰ ਵਿਲ ਡੌਬਿਨਜ਼ ਨੇ ਕਿਹਾ ਕਿ ਇਹ ਨਿਲਾਮੀ ਬਹੁਤ ਖਾਸ ਰਹੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਹ ਤਮਗਾ ਹੁਣ ਕੈਪਟਨ ਕੁੱਕ ਮੈਮੋਰੀਅਲ ਮਿਊਜ਼ੀਅਮ ਵਿਚ ਰੱਖਿਆ ਜਾਵੇਗਾ, ਜਿੱਥੇ ਲੋਕ ਇਸ ਨੂੰ ਨੇੜੇ ਤੋਂ ਦੇਖ ਸਕਣਗੇ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇਕ ਤਮਗਾ ਨਹੀਂ, ਸਗੋਂ ਬਰਤਾਨਵੀ ਸਮੁੰਦਰੀ ਇਤਿਹਾਸ ਦੀ ਮਹੱਤਵਪੂਰਨ ਨਿਸ਼ਾਨੀ ਹੈ।

ਮਿਊਜ਼ੀਅਮ ਦੇ ਟਰੱਸਟੀ ਬੋਰਡ ਦੇ ਚੇਅਰਮੈਨ ਰਿਚਰਡ ਕੋਰਨਿਕੀ ਨੇ ਦੱਸਿਆ ਕਿ ਇਹ ਤਮਗਾ ਉਸ ਇਮਾਰਤ ਵਿਚ ਰੱਖਿਆ ਜਾਵੇਗਾ ਜਿੱਥੇ ਨੌਜਵਾਨ ਜੇਮਜ਼ ਕੁੱਕ ਨੇ ਸਮੁੰਦਰੀ ਜੀਵਨ ਦੀ ਸਿਖਲਾਈ ਲਈ ਸੀ। ਉਨ੍ਹਾਂ ਕਿਹਾ ਕਿ ਵਿਟਬੀ ਸ਼ਹਿਰ ਕੈਪਟਨ ਕੁੱਕ ਦੇ ਜੀਵਨ ਨਾਲ ਡੂੰਘੇ ਤੌਰ 'ਤੇ ਜੁੜਿਆ ਹੋਇਆ ਹੈ ਅਤੇ ਇਹ ਤਮਗਾ ਮਿਊਜ਼ੀਅਮ ਦੀ ਸ਼ਾਨ ਵਿਚ ਹੋਰ ਵਾਧਾ ਕਰੇਗਾ।

ਕੈਪਟਨ ਜੇਮਜ਼ ਕੁੱਕ ਨੇ 1768 ਵਿਚ ਐਚਐਮ ਬਾਰਕ ਐਂਡੇਵਰ ਜਹਾਜ਼ ਰਾਹੀਂ ਆਪਣੀ ਪਹਿਲੀ ਸਮੁੰਦਰੀ ਯਾਤਰਾ ਸ਼ੁਰੂ ਕੀਤੀ ਸੀ। ਉਹ ਤਿੰਨ ਵੱਡੀਆਂ ਸਮੁੰਦਰੀ ਯਾਤਰਾਵਾਂ ਲਈ ਮਸ਼ਹੂਰ ਹਨ, ਜਿਨ੍ਹਾਂ ਦੌਰਾਨ ਉਨ੍ਹਾਂ ਨੇ ਦੁਨੀਆ ਦੇ ਕਈ ਨਵੇਂ ਖੇਤਰਾਂ ਦੀ ਖੋਜ ਕੀਤੀ। ਉਨ੍ਹਾਂ ਨੇ ਤਾਹੀਤੀ ਸਮੇਤ ਕਈ ਟਾਪੂਆਂ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਇਲਾਕਿਆਂ ਬਾਰੇ ਮਹੱਤਵਪੂਰਨ ਜਾਣਕਾਰੀ ਦੁਨੀਆ ਸਾਹਮਣੇ ਰੱਖੀ।

ਉਨ੍ਹਾਂ ਦੀਆਂ ਯਾਤਰਾਵਾਂ ਨੇ ਭੂਗੋਲ, ਸਮੁੰਦਰੀ ਵਿਗਿਆਨ ਅਤੇ ਖਗੋਲ ਵਿਗਿਆਨ ਦੇ ਖੇਤਰਾਂ ਵਿਚ ਵੱਡਾ ਯੋਗਦਾਨ ਪਾਇਆ। 1779 ਵਿਚ ਹਵਾਈ ਟਾਪੂ 'ਚ ਸਥਾਨਕ ਲੋਕਾਂ ਨਾਲ ਹੋਈ ਝੜਪ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ।

ਰੌਇਲ ਮਿੰਟ ਵੱਲੋਂ ਵੀ ਕੈਪਟਨ ਕੁੱਕ ਦੀ ਯਾਦ ਵਿਚ ਕਈ ਯਾਦਗਾਰੀ ਸਿੱਕੇ ਅਤੇ ਤਮਗੇ ਜਾਰੀ ਕੀਤੇ ਜਾ ਚੁੱਕੇ ਹਨ। 1928 ਵਿਚ ਉਨ੍ਹਾਂ ਦੇ ਜਨਮ ਦੇ 200 ਸਾਲ ਪੂਰੇ ਹੋਣ 'ਤੇ ਪਹਿਲਾ ਯਾਦਗਾਰੀ ਸਿੱਕਾ ਜਾਰੀ ਕੀਤਾ ਗਿਆ ਸੀ, ਜਦਕਿ ਹਾਲੀਆ ਸਾਲਾਂ ਵਿਚ ਵੀ ਉਨ੍ਹਾਂ ਦੀਆਂ ਸਮੁੰਦਰੀ ਯਾਤਰਾਵਾਂ ਨੂੰ ਸਮਰਪਿਤ ਵਿਸ਼ੇਸ਼ ਸਿੱਕੇ ਜਾਰੀ ਕੀਤੇ ਗਏ ਹਨ।

# ਕੁਲਵਿੰਦਰ ਸਿੰਘ ਜੌਹਲ ਬਣਨਗੇ ਲੈਸਟਰ ਦੇ ਪਹਿਲੇ ਸਿੱਖੀ ਸਰੂਪ ਵਾਲੇ ਪਗੜੀਧਾਰੀ ਸਿੱਖ ਲਾਰਡ ਮੇਅਰ

## * 14 ਮਈ ਦਿਨ ਵੀਰਵਾਰ ਨੂੰ ਤਾਜਪੋਸੀ ਸਮਾਗਮ ਦੌਰਾਨ ਲੰਭਾਲਣਗੇ ਅਹੁਦਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਦੇ ਸਿਆਸੀ ਇਤਿਹਾਸ ਵਿੱਚ ਨਵਾਂ ਅਧਿਆਇ ਲਿਖਿਆ ਜਾ ਰਿਹਾ ਹੈ, ਜਦੋਂ ਕੌਸਲਰ ਕੁਲਵਿੰਦਰ ਸਿੰਘ ਜੌਹਲ 14 ਮਈ ਦਿਨ ਵੀਰਵਾਰ ਨੂੰ ਲੈਸਟਰ ਦੇ ਟਾਊਨ ਸੈਂਟਰ ਵਿਖੇ ਹੋਣ ਵਾਲੇ ਸ਼ਾਨਦਾਰ ਤਾਜਪੋਸ਼ੀ ਸਮਾਗਮ ਦੌਰਾਨ ਪਹਿਲੇ ਸਿੱਖੀ ਸਰੂਪ ਵਾਲੇ ਚੁਣੇ ਜਾ ਰਹੇ ਹਨ, ਕੁਲਵਿੰਦਰ ਸਿੰਘ ਜੌਹਲ ਇਕ ਅੱਜ ਲੈਸਟਰ ਸਿਟੀ ਕੋਸਲ ਵਿਖੇ ਹੋਣ ਵਾਲੇ ਵਿਸ਼ਾਲ ਤਾਜਪੋਸੀ ਸਮਾਰੋਹ ਮੌਕੇ ਲਾਰਡ ਮੇਅਰ ਵਜੋਂ ਅਹੁਦਾ ਸੰਭਾਲਣਗੇ। ਇਸ ਨਾਲ ਉਹ ਲੈਸਟਰ ਦੇ ਇਤਿਹਾਸ ਵਿੱਚ ਪਹਿਲੇ ਪਗੜੀਧਾਰੀ ਸਿੱਖ ਲਾਰਡ ਮੇਅਰ ਬਣ ਜਾਣਗੇ। ਉਨ੍ਹਾਂ ਦੀ ਚੋਣ ਨਾਲ ਸਿੱਖ ਅਤੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਅਤੇ ਮਾਣ ਦਾ ਮਾਹੌਲ ਹੈ।

ਜਲੰਧਰ ਜ਼ਿਲ੍ਹੇ ਦੇ ਫਿਲੌਰ ਨੇੜਲੇ ਪਿੰਡ ਤੇਹੰਗ ਨਾਲ ਸਬੰਧਤ ਕੁਲਵਿੰਦਰ ਸਿੰਘ ਜੌਹਲ 6 ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਸਮੇਤ ਇੰਗਲੈਂਡ ਆ ਵੱਸੇ ਸਨ। ਉਨ੍ਹਾਂ ਦੇ ਪਿਤਾ ਜਸਵੀਰ ਸਿੰਘ ਜੌਹਲ ਅਤੇ ਮਾਤਾ ਤਰਸੇਮ ਕੌਰ ਜੌਹਲ ਨੇ ਪਰਿਵਾਰ ਨੂੰ ਮਿਹਨਤ ਅਤੇ ਸੇਵਾ ਦੇ ਸੰਸਕਾਰ ਦਿੱਤੇ। ਚਾਰ ਭੈਣਾਂ ਵਾਲੇ ਪਰਿਵਾਰ ਵਿੱਚ ਪਲੇ ਕੁਲਵਿੰਦਰ ਸਿੰਘ ਜੌਹਲ ਨੇ ਆਪਣੀ ਪੜ੍ਹਾਈ ਲੈਸਟਰ ਵਿੱਚ ਹੀ ਪੂਰੀ ਕੀਤੀ, ਅਤੇ ਬਾਅਦ ਵਿੱਚ ਰਸਲ ਕਾਸਟਿੰਗਜ਼ ਲਿਮਿਟੇਡ ਵਿੱਚ ਕਰੀਬ 25 ਸਾਲ ਤੱਕ ਸੇਵਾ ਨਿਭਾਈ। 2016 ਵਿੱਚ ਫਾਊਂਡਰੀ ਬੰਦ ਹੋਣ ਤੱਕ ਉਹ ਮਜ਼ਦੂਰ ਹੱਕਾਂ ਅਤੇ ਟਰੇਡ ਯੂਨੀਅਨ ਮੁੱਲਾਂ ਨਾਲ ਜੁੜੇ ਰਹੇ, ਜਿਸ ਨੇ ਉਨ੍ਹਾਂ ਦੇ ਜੀਵਨ ਵਿੱਚ ਸਬਰ ਅਤੇ ਲੋਕ ਹਿੱਤ ਲਈ ਕੰਮ ਕਰਨ ਦੀ ਸੋਚ ਹੋਰ ਮਜ਼ਬੂਤ ਕੀਤੀ।



ਸਿੱਖ ਧਰਮ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਕੁਲਵਿੰਦਰ ਸਿੰਘ ਜੌਹਲ ਨੇ ਲੰਬੇ ਸਮੇਂ ਤੱਕ ਭਾਈਚਾਰਕ ਅਤੇ ਧਾਰਮਿਕ ਕਾਰਜਾਂ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਉਹ ਗੁਰਦਵਾਰਾ ਸ੍ਰੀ ਗੁਰੂ ਨਾਨਕ ਦੇਵ ਲੈਸਟਰ ਦੇ ਲੰਮਾ ਸਮਾ ਜਨਰਲ ਸਕੱਤਰ ਵੀ ਰਹੇ ਅਤੇ 2002 ਵਿੱਚ ਮਹਾਰਾਣੀ ਐਲਿਜ਼ਾਬੇਥ ਦੂਜੀ ਦੇ ਗੁਰਦੁਆਰਾ ਦੌਰੇ ਦੌਰਾਨ ਪ੍ਰਬੰਧਾਂ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ । ਇਸ ਤੋਂ ਇਲਾਵਾ ਉਨ੍ਹਾਂ ਨੇ ਜੀਐਨਜੀ ਫੁੱਟਬਾਲ ਕਲੱਬ ਨੂੰ ਸ਼ਹਿਰ ਦੀਆਂ ਸਭ ਤੋਂ ਵੱਡੀਆਂ ਅਤੇ ਸਮਾਵੇਸ਼ੀ ਖੇਡ ਸੰਸਥਾਵਾਂ ਵਿੱਚ ਸ਼ਾਮਲ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ। ਖਾਸ ਕਰਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਹਰ ਵਰਗ ਲਈ ਖੇਡਾ ਦੇ ਮੌਕੇ ਪੈਦਾ ਕਰਨ ਲਈ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਸਥਾਨਕ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਕੀਤੀ ਜਾਂਦੀ ਹੈ।

ਉਹ ਲੈਸਟਰ ਦੇ ਬਰਾਊਨਸਟੋਨ ਪਾਰਕ ਅਤੇ ਰੌਲੀ ਫੀਲਡਜ਼ ਇਲਾਕੇ ਵਿੱਚ ਹੀ ਪਲੇ ਅਤੇ ਉਥੇ ਹੀ ਰਹਿੰਦੇ ਹੋਏ ਸਮਾਜ ਸੇਵਾ ਨਾਲ ਜੁੜੇ ਰਹੇ। ਸਾਲ 2015 ਵਿੱਚ ਉਹ ਲੇਬਰ ਪਾਰਟੀ ਵੱਲੋਂ ਕੌਂਸਲਰ ਚੁਣੇ ਗਏ,ਅਤੇ ਉਸ ਤੋਂ ਬਾਅਦ ਹੁਣ ਤੱਕ ਉਹ ਲਗਾਤਾਰ ਕੌਸਲਰ ਵਜੋ ਚੌਣਾਂ ਜਿੱਤ ਕੇ ਲਗਾਤਾਰ ਆਪਣੇ ਇਲਾਕੇ ਦੀ ਨੁਮਾਇੰਦਗੀ ਕਰ ਰਹੇ ਹਨ। ਲੋਕਾਂ ਨਾਲ ਸਿੱਧਾ ਸੰਪਰਕ, ਸਾਦਗੀ ਅਤੇ ਹਰ ਵਰਗ ਨੂੰ ਨਾਲ ਲੈ ਕੇ ਚੱਲਣ ਦੀ ਸੋਚ ਕਾਰਨ ਉਨ੍ਹਾਂ ਨੂੰ ਸ਼ਹਿਰ ਵਿੱਚ ਵਿਸ਼ੇਸ਼ ਮਾਣ-ਸਤਿਕਾਰ ਮਿਲਿਆ ਹੈ।

ਲਾਰਡ ਮੇਅਰ ਵਜੋਂ ਉਹ ਮਿਡਲੈਂਡ ਲੰਗਰ ਸੇਵਾ ਸੁਸਾਇਟੀ ਅਤੇ ਲੈਸਟਰ ਹਸਪਤਾਲ ਸਹਾਇਤਾ ਸੰਸਥਾ ਦੇ ਕੰਮਾਂ ਨੂੰ ਉਤਸ਼ਾਹਿਤ ਕਰਨਗੇ। ਇਹ ਸੰਸਥਾਵਾਂ ਭੁੱਖਮਰੀ, ਬੇਘਰਤਾ, ਡਾਇਬਟੀਜ਼ ਅਤੇ ਕਿਡਨੀ ਰੋਗਾਂ ਨਾਲ ਜੂਝ ਰਹੇ ਲੋਕਾਂ ਦੀ ਸਹਾਇਤਾ ਲਈ ਕੰਮ ਕਰ ਰਹੀਆਂ ਹਨ। ਜੌਹਲ ਦਾ ਕਹਿਣਾ ਹੈ ਕਿ ਉਹ ਲੈਸਟਰ ਦੇ ਹਰ ਵਸਨੀਕ ਦੀ ਸੇਵਾ ਖੁੱਲ੍ਹੇ ਦਿਲ, ਨਿਮਰਤਾ ਅਤੇ ਸਤਿਕਾਰ ਨਾਲ ਕਰਨ ਲਈ ਵਚਨਬੱਧ ਹਨ।

ਉਨ੍ਹਾਂ ਦੀ ਪਤਨੀ ਮਨਜੀਤ ਕੌਰ ਜੌਹਲ, ਜਿਨ੍ਹਾਂ ਨਾਲ ਉਨ੍ਹਾਂ ਦਾ 32 ਸਾਲਾਂ ਦਾ ਵਿਆਹੀ ਜੀਵਨ ਹੈ, ਲੇਡੀ ਮੇਅਰੈੱਸ ਵਜੋਂ ਸਮਾਗਮਾਂ ਵਿੱਚ ਉਨ੍ਹਾਂ ਦਾ ਸਾਥ ਦੇਣਗੇ। ਉਨ੍ਹਾਂ ਦੀ ਧੀ ਗੁਰਸਿਮਰਨ ਕੌਰ ਹੇਅਰ, ਜੋ ਡੀ ਮੋਂਟਫੋਰਟ ਯੂਨੀਵਰਸਿਟੀ ਤੋਂ ਮੀਡੀਆ ਗ੍ਰੈਜੂਏਟ ਹਨ ਅਤੇ ਖੇਡ ਸਮਾਗਮਾਂ ਨਾਲ ਜੁੜੇ ਮੀਡੀਆ ਖੇਤਰ ਵਿੱਚ ਕੰਮ ਕਰ ਰਹੇ ਹਨ, ਕਨਸੋਰਟ ਵਜੋਂ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਦਾ ਪੁੱਤਰ ਅਸ਼ਵੀਰ ਸਿੰਘ ਜੌਹਲ ਵੀ ਪਰਿਵਾਰਕ ਸਮਾਗਮਾਂ ਵਿੱਚ ਸ਼ਮੂਲੀਅਤ ਕਰੇਗਾ।14 ਮਈ ਨੂੰ ਹੋਣ ਵਾਲੇ ਤਾਜਪੋਸ਼ੀ ਸਮਾਗਮ ਨੂੰ ਲੈ ਕੇ ਲੈਸਟਰ ਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਇਸ ਨੂੰ ਭਾਈਚਾਰੇ ਲਈ ਇਤਿਹਾਸਕ ਪਲ ਵਜੋਂ ਦੇਖਿਆ ਜਾ ਰਿਹਾ ਹੈ।

# ਫੀਫਾ ਵਰਲਡ ਕੱਪ ਲਈ ਸੁਰੱਖਿਆ 'ਤੇ 145 ਮਿਲੀਅਨ ਡਾਲਰ ਤੱਕ ਖਰਚੇਗੀ ਕੇਂਦਰੀ ਸਰਕਾਰ




ਵੈਨਕੂਵਰ (ਮਲਕੀਤ ਸਿੰਘ) ਕੈਨੇਡਾ ਦੀ ਕੇਂਦਰੀ ਸਰਕਾਰ ਵੱਲੋਂ ਫੀਫਾ ਵਰਲਡ ਕੱਪ ਸਮਾਗਮਾਂ ਦੌਰਾਨ ਟੋਰਾਂਟੋ ਅਤੇ ਵੈਨਕੂਵਰ ਵਿੱਚ ਆਯੋਜਿਤ ਕੀਤੇ ਜਾਣ ਵਾਲੇ ਖੇਡਾਂ ਦੇ ਮਹਾਂਕੁੰਭ ਦੇ ਮੱਦੇਨਜ਼ਰ ਵੱਡੇ ਪੱਧਰ ਤੇ ਸੁਰੱਖਿਆ ਪ੍ਰਬੰਧ ਯਕੀਨੀ ਬਣਾਉਣ ਲਈ 145 ਮਿਲੀਅਨ ਡਾਲਰ ਤੱਕ ਦੀ ਰਕਮ ਖਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਯੋਜਨਾ ਦੇ ਤਹਿਤ ਵੱਡੇ ਸਮਾਗਮਾਂ ਦੌਰਾਨ ਜਨਤਕ ਸੁਰੱਖਿਆ ਨੂੰ ਯਕੀਨੀ ਬਣਾਉਣ ਤੇ ਖਾਸ ਧਿਆਨ ਦਿੱਤਾ ਜਾਵੇਗਾ। ਸਰਕਾਰ ਦਾ ਮਕਸਦ ਖਿਡਾਰੀਆਂ, ਦਰਸ਼ਕਾਂ ਅਤੇ ਸਥਾਨਕ ਨਾਗਰਿਕਾਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਣਾ ਹੈ। ਜਿਕਰਯੋਗ ਹੈ ਕਿ ਆਉਣ ਵਾਲੇ ਫੀਫਾ ਵਰਲਡ ਕੱਪ ਦੌਰਾਨ ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਵਿੱਚ ਕਈ ਮਹੱਤਵਪੂਰਨ ਮੈਚ ਖੇਡੇ ਜਾਣੇ ਹਨ, ਜਿਸ ਕਰਕੇ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਪਹਿਲਾਂ ਹੀ ਵਿਆਪਕ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਉਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Alvaston, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Can you construct more two letter Mukta words with the following letters? Write at least 10 words.

ਯ, ਰ, ਲ, ਵ, ੜ

ਸਿੱਖਿਆ - ਗੁਰਮੁਖੀ Page 59 Level I

## ਪੁਲਿਸ ਭਰਤੀ ਪ੍ਰੀਖਿਆ ਦੌਰਾਨ ਕਿਰਪਾਨ ਉਤਾਰਨ ਦੀ ਸ਼ਰਤ

# ਸਿੱਖ ਨੌਜਵਾਨ ਨੇ ਪ੍ਰੀਖਿਆ ਦੇਣ ਤੋਂ ਕੀਤਾ ਇਨਕਾਰ

ਵਿਨੀਪੈੱਗ (ਮੈਨੀਟੋਬਾ)-ਕੈਨੇਡਾ ਦੇ ਵਿਨੀਪੈੱਗ ਵਿੱਚ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ, ਜਸਪਾਲ ਸਿੰਘ ਗਿੱਲ ਨੂੰ ਉਸ ਦੇ ਧਾਰਮਿਕ ਚਿੰਨ੍ਹ 'ਕਿਰਪਾਨ' ਕਾਰਨ ਪੁਲਿਸ ਭਰਤੀ ਪ੍ਰੀਖਿਆ ਵਿੱਚ ਬੈਠਣ ਤੋਂ ਰੋਕ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਨੇ ਪ੍ਰੀਖਿਆ ਲਈ ਕਿਰਪਾਨ ਉਤਾਰਨ ਦੀ ਸ਼ਰਤ ਰੱਖੀ ਸੀ, ਜਿਸ ਨੂੰ ਮੰਨਣ ਦੀ ਬਜਾਏ ਨੌਜਵਾਨ ਨੇ ਆਪਣੇ ਧਾਰਮਿਕ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਉੱਥੋਂ ਵਾਪਸ ਆਉਣ ਦਾ ਫੈਸਲਾ ਕੀਤਾ।

ਜਸਪਾਲ ਸਿੰਘ ਗਿੱਲ, ਜੋ 2021 ਵਿੱਚ ਭਾਰਤ ਤੋਂ ਕੈਨੇਡਾ ਆਇਆ ਸੀ, ਦਾ ਸੁਪਨਾ ਆਪਣੇ ਪਿਤਾ ਅਤੇ ਦਾਦਾ ਵਾਂਗ ਪੁਲਿਸ ਸੇਵਾ ਵਿੱਚ ਸ਼ਾਮਲ ਹੋਣਾ ਹੈ। ਅਪਰੈਲ ਦੇ ਅਖੀਰ ਵਿੱਚ ਜਦੋਂ ਉਹ ਵਿਨੀਪੈੱਗ ਪੁਲਿਸ ਸਰਵਿਸ ਦੇ ਹੈੱਡਕੁਆਰਟਰ ਵਿੱਚ ਲਿਖਤੀ ਪ੍ਰੀਖਿਆ ਦੇਣ ਪਹੁੰਚਿਆ, ਤਾਂ ਭਰਤੀ ਅਧਿਕਾਰੀਆਂ ਨੇ ਉਸ ਨੂੰ ਕਿਰਪਾਨ ਲਾਹੁਣ ਲਈ ਕਿਹਾ।

ਗਿੱਲ ਨੇ ਦੱਸਿਆ, "ਮੇਰੇ ਸੁਪਨੇ ਚਕਨਾਚੂਰ ਹੋ ਗਏ। ਇਹ ਸਿੱਧਾ ਵਿਤਕਰਾ ਹੈ ਕਿਉਂਕਿ ਸੁਪਰੀਮ ਕੋਰਟ ਮੁਤਾਬਕ ਕਿਰਪਾਨ ਹਥਿਆਰ ਨਹੀਂ ਬਲਕਿ ਆਸਥਾ ਦਾ ਪ੍ਰਤੀਕ ਹੈ।"

### ਪੁਲਿਸ ਪ੍ਰਸ਼ਾਸਨ ਦਾ ਪੱਖ

ਵਿਨੀਪੈੱਗ ਪੁਲਿਸ ਦੇ ਬੁਲਾਰੇ ਨੇ ਇਸ ਮਾਮਲੇ 'ਤੇ ਸਫਾਈ ਦਿੰਦਿਆਂ ਕਿਹਾ ਕਿ ਬਿਨੈਕਾਰ ਨੂੰ ਸੁਰੱਖਿਆ ਕਾਰਨਾਂ ਕਰਕੇ ਕਿਰਪਾਨ ਸੁਰੱਖਿਅਤ ਸਟੋਰੇਜ ਵਿੱਚ ਰੱਖਣ ਦਾ ਬਦਲ ਦਿੱਤਾ ਗਿਆ ਸੀ। ਪੁਲਿਸ ਮੁਤਾਬਕ ਇਹ ਖੇਤਰ 'ਸੁਰੱਖਿਅਤ ਜ਼ੋਨ' ਹੁੰਦਾ ਹੈ, ਜਿੱਥੇ ਸਾਰਿਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਲਾਜ਼ਮੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪਹਿਲਾਂ ਵੀ ਕਈ ਸਿੱਖ ਉਮੀਦਵਾਰ ਇਸ ਪ੍ਰਕਿਰਿਆ ਰਾਹੀਂ ਪ੍ਰੀਖਿਆ ਦੇ ਚੁੱਕੇ ਹਨ।



### ਕਾਨੂੰਨੀ ਅਤੇ ਮਾਹਿਰਾਂ ਦੀ ਰਾਇ

ਯੂਨੀਵਰਸਿਟੀ ਆਫ ਮੈਨੀਟੋਬਾ ਦੇ ਮਾਹਿਰ ਨੀਲ ਮੈਕਆਰਥਰ ਨੇ ਇਸ ਕਾਰਵਾਈ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਜੇਕਰ ਆਰ.ਸੀ.ਐਮ.ਪੀ. ਸਮੇਤ ਹੋਰ ਪੁਲਿਸ ਬਲ ਡਿਊਟੀ ਦੌਰਾਨ ਕਿਰਪਾਨ ਪਹਿਨਣ ਦੀ ਇਜਾਜ਼ਤ ਦਿੰਦੇ ਹਨ, ਤਾਂ ਪ੍ਰੀਖਿਆ ਦੌਰਾਨ ਇਸ 'ਤੇ ਰੋਕ ਲਗਾਉਣਾ ਤਰਕਹੀਣ ਹੈ।

### ਜਸਪਾਲ ਸਿੰਘ ਗਿੱਲ ਵੱਲੋਂ ਚੁੱਕੇ ਗਏ ਕਦਮ

ਪੁਲਿਸ ਦੀਆਂ ਨੀਤੀਆਂ ਦੀ ਜਾਣਕਾਰੀ ਲਈ 'ਫ੍ਰੀਡਮ ਆਫ ਇਨਫਰਮੇਸ਼ਨ' ਤਹਿਤ ਬੇਨਤੀ ਦਾਇਰ ਕੀਤੀ।

ਹਿਊਮਨ ਰਾਈਟਸ ਕਮਿਸ਼ਨ: ਮੈਨੀਟੋਬਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਵਾਉਣ ਦੀ ਤਿਆਰੀ। ਗਿੱਲ ਨੇ ਪੁਲਿਸ ਤੋਂ ਮੁਆਫੀ ਅਤੇ ਆਪਣੀ ਨੀਤੀ ਵਿੱਚ ਬਦਲਾਅ ਕਰਨ ਦੀ ਮੰਗ ਕੀਤੀ ਹੈ।

ਇਹ ਮਾਮਲਾ ਕੈਨੇਡਾ ਵਿੱਚ ਧਾਰਮਿਕ ਆਜ਼ਾਦੀ ਅਤੇ ਸੰਸਥਾਗਤ ਸੁਰੱਖਿਆ ਨਿਯਮਾਂ ਵਿਚਾਲੇ ਇੱਕ ਨਵੀਂ ਬਹਿਸ ਛੇੜ ਸਕਦਾ ਹੈ, ਖਾਸ ਕਰਕੇ ਜਦੋਂ ਕੈਨੇਡਾ ਦੀ ਸੁਪਰੀਮ ਕੋਰਟ 2006 ਵਿੱਚ ਸਿੱਖਾਂ ਦੇ ਕਿਰਪਾਨ ਪਹਿਨਣ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਸੁਣਾ ਚੁੱਕੀ ਹੈ।

## ਹਰਭਜਨ ਸਿੰਘ ਸੁਰੱਖਿਆ ਮਾਮਲਾ : ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਲਾਈ ਫਿਟਕਾਰ, ਜਵਾਬ ਲਈ 20 ਮਈ ਤਕ ਦਾ ਦਿੱਤਾ ਅੰਤਿਮ ਮੌਕਾ



ਚੰਡੀਗੜ੍ਹ-ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਪ੍ਰਤੀ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਬੀਤੇ ਸੋਮਵਾਰ ਨੂੰ ਹੋਈ ਸੁਣਵਾਈ ਦੌਰਾਨ ਅਦਾਲਤ ਨੇ ਸਰਕਾਰ ਵੱਲੋਂ ਜਵਾਬ ਦਾਇਰ ਕਰਨ ਵਿੱਚ ਕੀਤੀ ਜਾ ਰਹੀ ਦੇਰੀ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਸਰਕਾਰ ਜਵਾਬ ਦੇਣ ਤੋਂ ਬਚ ਰਹੀ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਵਿਸਤ੍ਰਿਤ ਜਵਾਬ ਦਾਇਰ ਕਰਨ ਲਈ ਤਿੰਨ ਹ਼ਫਤਿਆਂ ਦਾ ਹੋਰ ਸਮਾਂ ਮੰਗਿਆ ਸੀ, ਪਰ ਹਾਈ ਕੋਰਟ ਨੇ ਇਸ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਕਿਹਾ ਕਿ ਸਰਕਾਰ ਨੂੰ ਸਿਰਫ਼ ਇੱਕ ਹ਼ਫਤੇ ਦਾ ਸਮਾਂ ਦਿੱਤਾ ਜਾਂਦਾ ਹੈ। 20 ਮਈ ਜਵਾਬ ਦਾਇਰ ਕਰਨ ਲਈ ਆਖਰੀ ਮੌਕਾ ਹੋਵੇਗਾ। ਅਦਾਲਤ ਨੇ ਨਿਰਦੇਸ਼ ਦਿੱਤੇ ਕਿ ਅਗਲੀ ਸੁਣਵਾਈ ਤਕ ਹਰਭਜਨ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਪਟੀਸ਼ਨ ਵਿੱਚ ਕੀਤੇ ਗਏ ਵੱਡੇ ਖੁਲਾਸੇ-ਹਰਭਜਨ ਸਿੰਘ ਵੱਲੋਂ ਦਾਇਰ ਪਟੀਸ਼ਨ ਵਿੱਚ ਸੁਰੱਖਿਆ ਵਾਪਸ ਲਏ ਜਾਣ ਤੋਂ ਬਾਅਦ ਪੈਦਾ ਹੋਏ ਖ਼ਤਰਿਆਂ ਦਾ ਜ਼ਿਕਰ ਕੀਤਾ ਗਿਆ ਹੈ। ਪਟੀਸ਼ਨ ਅਨੁਸਾਰ, ਹਾਲ ਹੀ ਵਿੱਚ ਇੱਕ ਉਗਰ ਭੀੜ ਨੇ ਉਨ੍ਹਾਂ ਦੇ ਘਰ ਦੇ ਬਾਹਰ ਹੰਗਾਮਾ ਕੀਤਾ ਅਤੇ ਮਕਾਨ ਦੀਆਂ ਕੰਧਾਂ 'ਤੇ 'ਗੱਦਾਰ' ਲਿਖ ਦਿੱਤਾ। ਹਰਭਜਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੀਆਂ ਸਿਆਸੀ ਅਤੇ ਸਮਾਜਿਕ ਜ਼ਿੰਮੇਵਾਰੀਆਂ ਕਾਰਨ ਉਨ੍ਹਾਂ 'ਤੇ ਲਗਾਤਾਰ ਖ਼ਤਰਾ ਬਣਿਆ ਹੋਇਆ ਹੈ, ਅਜਿਹੇ ਵਿੱਚ ਸੁਰੱਖਿਆ ਘਟਾਉਣਾ ਗਲਤ ਫੈਸਲਾ ਹੈ। ਇਸ ਘਟਨਾ ਨੂੰ ਉਨ੍ਹਾਂ ਦੇ ਪਰਿਵਾਰ ਦੀ ਮਰਯਾਦਾ ਅਤੇ ਮਾਨਸਿਕ ਸ਼ਾਂਤੀ 'ਤੇ ਸਿੱਧਾ ਹਮਲਾ ਦੱਸਿਆ ਗਿਆ ਹੈ।

ਹਾਈ ਕੋਰਟ ਦੇ ਸਰਕਾਰ ਨੂੰ ਸਵਾਲ-ਅਦਾਲਤ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਸੁਰੱਖਿਆ ਦੀ ਸਮੀਖਿਆ ਕਿਹੜੇ ਆਧਾਰ 'ਤੇ ਕੀਤੀ ਗਈ ਅਤੇ ਕਿਸ ਨੀਤੀ ਤਹਿਤ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਲਿਆ ਗਿਆ। ਇਸ ਦੇ ਨਾਲ ਹੀ ਏਡੀਜੀਪੀ (ਸੁਰੱਖਿਆ) ਨੂੰ ਇਹ ਵੇਰਵਾ ਦੇਣ ਦੇ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਸੂਬੇ ਵਿੱਚ ਅਤੇ ਸੂਬੇ ਤੋਂ ਬਾਹਰ ਕਿੰਨੇ ਲੋਕਾਂ ਨੂੰ ਪੰਜਾਬ ਪੁਲਿਸ ਦੀ ਸੁਰੱਖਿਆ ਦਿੱਤੀ ਗਈ ਹੈ ਅਤੇ ਇਸ ਲਈ ਕੀ ਮਾਪਦੰਡ ਤੈਅ ਕੀਤੇ ਗਏ ਹਨ। ਮਾਮਲੇ ਦੀ ਅਗਲੀ ਸੁਣਵਾਈ ਹੁਣ 20 ਮਈ 2026 ਨੂੰ ਹੋਵੇਗੀ, ਜਿੱਥੇ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨਾ ਲਾਜ਼ਮੀ ਹੋਵੇਗਾ।

# ਮੀਰੀ-ਪੀਰੀ ਮੈਡੀਕਲ ਕਾਲਜ ਮਾਮਲਾ: ਹਾਈ ਕੋਰਟ ਨੇ ਟਰੱਸਟ ਦੀ ਪਟੀਸ਼ਨ ਕੀਤੀ ਖਾਰਜ

## ✪ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਟਰੋਲ ਰਹੇਗਾ ਬਰਕਰਾਰ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ਾਹਬਾਦ (ਹਰਿਆਣਾ) ਸਥਿਤ ਮੀਰੀ-ਪੀਰੀ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਚੈਰੀਟੇਬਲ ਟਰੱਸਟ ਨੂੰ ਇੱਕ ਵੱਡਾ ਕਾਨੂੰਨੀ ਝਟਕਾ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਹ ਸੰਸਥਾ ਕੋਈ ਸੁਤੰਤਰ ਇਕਾਈ ਨਹੀਂ ਹੈ, ਸਗੋਂ ਮੂਲ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਟਰੋਲ ਅਤੇ ਜਾਇਦਾਦ ਨਾਲ ਜੁੜੀ ਹੋਈ ਹੈ। ਇਸ ਫੈਸਲੇ ਤੋਂ ਬਾਅਦ ਹੁਣ ਇਸ ਅਦਾਰੇ 'ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਅਤੇ ਪ੍ਰਬੰਧਕੀ ਕੰਟਰੋਲ ਕਾਇਮ ਰਹੇਗਾ।

### ਅਦਾਲਤ ਦਾ ਅਹਿਮ ਫੈਸਲਾ

ਜਸਟਿਸ ਜਗਮੋਹਨ ਬਾਂਸਲ ਨੇ 18 ਸਫ਼ਿਆਂ ਦੇ ਵਿਸਥਾਰਤ ਫੈਸਲੇ ਵਿੱਚ ਟਰੱਸਟ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ।

ਪਟੀਸ਼ਨ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗਠਿਤ ਕੀਤੇ ਗਏ 'ਮੈਡੀਕਲ ਬੋਰਡ' ਨੂੰ ਚੁਣੌਤੀ ਦਿੱਤੀ ਗਈ ਸੀ ਅਤੇ ਮੰਗ ਕੀਤੀ ਗਈ ਸੀ ਕਿ ਕਮੇਟੀ ਨੂੰ ਅਦਾਰੇ ਦੇ ਕੰਮਾਂ ਵਿੱਚ ਦਖ਼ਲ ਦੇਣ ਤੋਂ ਰੋਕਿਆ ਜਾਵੇ। ਅਦਾਲਤ ਨੇ ਕਿਹਾ ਕਿ ਸਾਲ 2005 ਵਿੱਚ ਸ਼੍ਰੋਮਣੀ ਕਮੇਟੀ ਨੇ ਇਸ ਟਰੱਸਟ ਦਾ ਗਠਨ ਸਿਰਫ਼ ਮੈਡੀਕਲ ਕੌਂਸਲ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਕੀਤਾ ਸੀ।

ਅਦਾਲਤ ਨੇ ਆਪਣੇ ਫੈਸਲੇ ਵਿੱਚ ਕੁਝ ਅਹਿਮ ਨੁਕਤੇ ਰੇਖਾਂਕਿਤ ਕੀਤੇ ਜੋ ਸਾਬਤ ਕਰਦੇ ਹਨ ਕਿ ਇਹ ਟਰੱਸਟ ਗੁਰਦੁਆਰਾ ਪ੍ਰਬੰਧਨ ਦਾ ਹਿੱਸਾ ਹੈ:ਅਦਾਰੇ ਲਈ 25 ਏਕੜ ਜ਼ਮੀਨ ਸ਼੍ਰੋਮਣੀ ਕਮੇਟੀ ਅਤੇ ਸਬੰਧਤ ਗੁਰਦੁਆਰਿਆਂ ਵੱਲੋਂ 99 ਸਾਲ ਦੀ ਲੀਜ਼ 'ਤੇ ਦਿੱਤੀ ਗਈ ਸੀ ਅਤੇ ਸਾਰਾ ਨਿਰਮਾਣ ਖਰਚਾ ਸ਼੍ਰੋਮਣੀ ਕਮੇਟੀ ਨੇ ਚੁੱਕਿਆ ਸੀ।

ਪ੍ਰਸ਼ਾਸਨ: ਟਰੱਸਟ ਦਾ ਮੁੱਖ ਦ਼ਫਤਰ ਅੰਮ੍ਰਿਤਸਰ ਸਥਿਤ ਸ਼੍ਰੋਮਣੀ ਕਮੇਟੀ ਕੰਪਲੈਕਸ ਵਿੱਚ ਹੈ ਅਤੇ ਸ਼੍ਰਘਫਛ ਦੇ ਪ੍ਰਧਾਨ ਹੀ ਇਸ ਦੇ ਆਨਰੇਰੀ ਚੇਅਰਮੈਨ ਹਨ।

ਜਾਇਦਾਦ ਦਾ ਹੱਕ: ਨਿਯਮਾਂ ਅਨੁਸਾਰ, ਜੇਕਰ ਕਦੇ ਟਰੱਸਟ ਭੰਗ ਹੁੰਦਾ ਹੈ, ਤਾਂ ਇਸ ਦੀ ਸਾਰੀ ਜਾਇਦਾਦ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਨਾਮ ਹੋ ਜਾਵੇਗੀ।

### ਕਾਨੂੰਨੀ ਵਿਆਖਿਆ

ਹਾਈ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ, 2014 ਦੀ ਧਾਰਾ 2 (ਐੱਫ) ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਹੜੀ ਵੀ ਜਾਇਦਾਦ ਗੁਰਦੁਆਰਾ ਪ੍ਰਬੰਧਨ ਨਾਲ ਜੁੜੀ ਹੋਈ ਹੈ, ਉਹ 'ਗੁਰਦੁਆਰਾ ਜਾਇਦਾਦ' ਹੀ ਮੰਨੀ ਜਾਵੇਗੀ। ਇਸ ਲਈ ਹਰਿਆਣਾ ਕਮੇਟੀ ਨੂੰ ਇਸ ਦੇ ਪ੍ਰਬੰਧਨ ਦਾ ਪੂਰਾ ਕਾਨੂੰਨੀ ਅਧਿਕਾਰ ਹੈ।

### ਨਤੀਜਾ

ਅਦਾਲਤ ਦੇ ਇਸ ਫੈਸਲੇ ਨਾਲ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਡੀਕਲ ਕਾਲਜ ਦੇ ਸੰਚਾਲਨ ਲਈ ਬਣਾਏ ਗਏ ਮੈਡੀਕਲ ਬੋਰਡ ਦੇ ਕੰਮ ਕਰਨ ਦਾ ਰਸਤਾ ਸਾਫ਼ ਹੋ ਗਿਆ ਹੈ ਅਤੇ ਟਰੱਸਟ ਦਾ ਸੁਤੰਤਰ ਹੋਂਦ ਦਾ ਦਾਅਵਾ ਪੂਰੀ ਤਰ੍ਹਾਂ ਖਾਰਜ ਹੋ ਗਿਆ ਹੈ।

# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851

ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**


**UK-born, well-educated, handsome Jatt Sikh boy (British citizen), age 23, height 5’9”, holding a good government job in the UK. Seeking a beautiful, cultured and well-educated Jatt Sikh girl who understands family values. Interested families may share their biodata. Please contact: ✆ 00 91 80549-52346 or email:jatinder.pkg@gmail.com**

ਯੂ ਕੇ ਦੇ ਜੰਮ-ਪਲ ਪੜ੍ਹੇ-ਲਿਖੇ ਸੋਹਣੇ ਜਵਾਨ, ਜੱਟ ਸਿੱਖ ਲੜਕੇ (ਬ੍ਰਿਟਿਸ਼ ਨਾਗਰਿਕ), ਉਮਰ 23 ਸਾਲ, ਕੱਦ 5’9”, ਯੂ ਕੇ ਵਿੱਚ ਚੰਗੀ ਸਰਕਾਰੀ ਨੌਕਰੀ ਲਈ ਸੁੰਦਰ, ਸੰਸਕਾਰੀ ਅਤੇ ਪੜ੍ਹੀ-ਲਿਖੀ ਜੱਟ ਸਿੱਖ ਲੜਕੀ ਦੀ ਲੋੜ ਹੈ, ਜੋ ਪਰਿਵਾਰਕ ਮੁੱਲਾਂ ਨੂੰ ਸਮਝਣ ਵਾਲੀ ਹੋਵੇ। ਚਾਹਵਾਨ ਪਰਿਵਾਰ ਲੜਕੀ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰ ਸਕਦੇ ਹਨ: 00 91 80549-52346 ਜਾਂ ਈਮੇਲ ਕਰੋ ਜੀ: email:jatinder.pkg@gmail.com

**UK born Jatt Sikh boy aged 26 years old, height 5ft 10’ working professional as a pharmacist. He is well versed in both cultures, sincere, caring with a good sense of humour. He does not drink and is a non smoker. Family lives in Glasgow. Ideal match should be UK born educated Jatt Sikh girl of similar age. Please reply with a recent photo and details to email: batwal@hotmail.com or Contact on Tel: 07791 025616.**

# ਐਚ-1ਬੀ ਵੀਜ਼ਾ ਲਈ ਘੱਟੋ-ਘੱਟ ਤਨਖ਼ਾਹ ਵਧਾਉਣ ਦੀ ਤਿਆਰੀ

ਵਾਸ਼ਿੰਗਟਨ : ਅਮਰੀਕਾ ਸਰਕਾਰ ਨੇ ਐਚ-1ਬੀ ਵੀਜ਼ਾ ਤਹਿਤ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ ਤੇ ਰੱਖਣ ਲਈ ਲਾਜ਼ਮੀ ਘੱਟੋ-ਘੱਟ ਤਨਖ਼ਾਹ ਵਿੱਚ ਵੱਡਾ ਵਾਧਾ ਕਰਨ ਦਾ ਪ੍ਰਸਤਾਵ ਰੱਖਿਆ ਹੈ। ਨਵੇਂ ਪ੍ਰਸਤਾਵ ਅਨੁਸਾਰ ਤਨਖ਼ਾਹਾਂ ਵਿੱਚ ਕਰੀਬ 30 ਫ਼ੀਸਦੀ ਤੱਕ ਵਾਧਾ ਕੀਤਾ ਜਾ ਸਕਦਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਅਮਰੀਕੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਦੀ ਰੱਖਿਆ ਹੋਵੇਗੀ ਅਤੇ ਘੱਟ ਉਜਰਤ ਤੇ ਵਿਦੇਸ਼ੀ ਕਰਮਚਾਰੀਆਂ ਨੂੰ ਰੱਖਣ ਦੇ ਰੁਝਾਨ ਨੂੰ ਰੋਕਿਆ ਜਾ ਸਕੇਗਾ।ਅਮਰੀਕੀ ਕਿਰਤ ਵਿਭਾਗ ਵੱਲੋਂ ਪੇਸ਼ ਕੀਤੇ ਗਏ ਨਵੇਂ ਨਿਯਮਾਂ ਵਿੱਚ ਵੱਖ-ਵੱਖ ਤਜਰਬੇ ਦੇ ਪੱਧਰਾਂ ਲਈ ਘੱਟੋ-ਘੱਟ ਤਨਖ਼ਾਹ ਵਧਾਉਣ ਦੀ ਗੱਲ ਕੀਤੀ ਗਈ ਹੈ। ਪ੍ਰਸਤਾਵ ਅਨੁਸਾਰ ਸ਼ੁਰੂਆਤੀ ਪੱਧਰ ਦੇ ਕਰਮਚਾਰੀਆਂ ਲਈ ਸਾਲਾਨਾ ਤਨਖ਼ਾਹ ਨੂੰ ਕਾਫ਼ੀ ਵਧਾਇਆ ਜਾਵੇਗਾ, ਜਦਕਿ ਤਜਰਬੇਕਾਰ ਕਰਮਚਾਰੀਆਂ ਲਈ ਵੀ ਨਵੇਂ ਮਾਪਦੰਡ ਲਾਗੂ ਹੋਣਗੇ।ਕਿਰਤ ਵਿਭਾਗ ਦਾ ਦਾਅਵਾ ਹੈ ਕਿ ਮੌਜੂਦਾ ਤਨਖ਼ਾਹ ਢਾਂਚਾ ਕਈ ਸਾਲ ਪਹਿਲਾਂ ਤੈਅ ਕੀਤਾ ਗਿਆ ਸੀ ਅਤੇ ਹੁਣ ਉਹ ਮੌਜੂਦਾ ਆਰਥਿਕ ਹਾਲਾਤਾਂ ਦੇ ਅਨੁਕੂਲ ਨਹੀਂ ਰਹਿ ਗਿਆ। ਵਿਭਾਗ ਅਨੁਸਾਰ ਇਸ ਕਾਰਨ ਕਈ ਕੰਪਨੀਆਂ ਵਿਦੇਸ਼ੀ ਕਰਮਚਾਰੀਆਂ ਨੂੰ ਘੱਟ ਤਨਖ਼ਾਹ ਤੇ ਨੌਕਰੀ ਤੇ ਰੱਖ ਲੈਂਦੀਆਂ ਹਨ, ਜਿਸ ਨਾਲ ਸਥਾਨਕ ਕਰਮਚਾਰੀਆਂ ਨੂੰ ਨੁਕਸਾਨ ਹੁੰਦਾ ਹੈ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਗੋਲ਼ਡ ਮੈਡਲ ਨਾਲ ਸਨਮਾਨਿਤ ਕਰਕੇ ਹੈੱਡ ਗ੍ਰੰਥੀ ਗਿਆਨੀ ਅਜੀਤ ਸਿੰਘ ਨੂੰ ਕੀਤਾ ਸੇਵਾਮੁਕਤ



ਗਿਆਨੀ ਅਜੀਤ ਸਿੰਘ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਵਾਲਸਾਲ ਦੇ ਗੁਰੂ ਨਾਨਕ ਗੁਰਦੁਆਰਾ ਵਿਖੇ ਸੇਵਾਵਾਂ ਨਿਭਾਉਣ ਵਾਲੇ ਗਿਆਨੀ ਅਜੀਤ ਸਿੰਘ ਦੀ ਸੇਵਾਮੁਕਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਸੇਵਾਦਾਰ ਸ. ਪਰਮਜੀਤ ਸਿੰਘ ਨੇ ਦੱਸਿਆ ਕਿ ਗਿਆਨੀ ਅਜੀਤ ਸਿੰਘ ਪਿਛਲੇ ਲਗਭਗ 28 ਸਾਲਾਂ ਤੋਂ ਗੁਰੂ ਨਾਨਕ ਗੁਰਦੁਆਰਾ ਵਾਲਸਾਲ ਵਿਖੇ ਬਤੌਰ ਗ੍ਰੰਥੀ ਸਿੰਘ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ। ਉਹਨਾਂ ਨੇ ਵਾਲਸਾਲ ਦੀਆਂ ਸੰਗਤਾਂ ਨੂੰ ਸਿੱਖ ਧਰਮ ਅਤੇ ਸਿੱਖ ਵਿਰਸੇ ਨਾਲ ਜੋੜਿਆ। ਉਨ੍ਹਾਂ ਦੀਆਂ ਨਿਸ਼ਕਾਮ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ, ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਦਿਨੀਂ ਸੰਗਤਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰ ਗ੍ਰੰਥੀ ਸਿੰਘਾਂ ਨੂੰ ਵੀ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਪਰਮਜੀਤ ਸਿੰਘ, ਸ. ਕਸ਼ਮੀਰ ਸਿੰਘ ਬੈਂਸ, ਸ. ਪਰਮਿੰਦਰ ਸਿੰਘ ਅਤੇ ਸਮੂਹ ਕਮੇਟੀ ਮੈਂਬਰ ਅਤੇ ਸੰਗਤਾਂ ਹਾਜ਼ਰ ਸਨ।

## ਨੀ ਚੱਲ ਚੱਲੀਏ ਵਿਸਾਖੀ ਵਾਲੇ ਮੇਲੇ !

# ਲੈਸਟਰ ‘ਚ ਪੰਜਾਬੀਆਂ ਦੇ ਵਿਸਾਖੀ ਮੇਲੇ ਤੇ ਚੰਗੀਆਂ ਰੌਣਕਾਂ ਲੱਗੀਆਂ




ਲੈਸਟਰ ਵਿਖੇ ਵਿਸਾਖੀ ਮੇਲੇ ਦੀਆਂ ਤਸਵੀਰਾਂ

ਲੈਸਟਰ (ਮਨਪ੍ਰੀਤ ਸਿੰਘ ਬੱਧਨੀ ਕਲਾਂ) - ਲੈਸਟਰ ਵਿੱਚ ਬੀਤੇ ਦਿਨੀਂ ਓਡਬਰੀ ਪੰਜਾਬੀ ਕਮਿਊਨਿਟੀ ਐਸੋਸੀਏਸ਼ਨ ਲੈਸਟਰਸ਼ਾਇਰ ਵੱਲੋਂ 5ਵਾਂ ਵਿਸਾਖੀ ਮੇਲਾ ਕਰਵਾਇਆ ਗਿਆ। ਜਿੱਥੇ ਦਰਸ਼ਕਾਂ ਨੇ ਇਸ ਮੇਲੇ ਦਾ ਭਰਪੂਰ ਅਨੰਦ ਮਾਣਿਆ । ਚੇਅਰਮੈਨ ਮੱਖਣ ਸਿੰਘ ਢਡਵਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਇਸ ਮੇਲੇ ਨੂੰ ਮਨਾਉਣ ਦਾ ਮਨੋਰਥ ਦੱਸਿਆ ਕਿ ਸਾਡੀ ਸੰਸਥਾ ਦਾ ਮਕਸਦ ਹੈ ਸਿੱਖ, ਹਿੰਦੂ, ਮੁਸਲਮਾਨ ਸਾਰਿਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕਰਕੇ ਆਪਸੀ ਭਾਈਚਾਰਕ ਸਾਂਝ ਵਧਾਈ ਜਾਵੇ । ਇਸ ਮੇਲੇ ਤੇ ਖਾਸ ਮਹਿਮਾਨ ਓਡਬੀ ਤੇ ਵਿਗਸਟਨ ਦੇ ਲੌਰਡ ਮੇਅਰ ਜਸਵੀਰ ਕੌਰ ਚੌਹਾਨ ਸਨ। ਇਸ ਤੋਂ ਇਲਾਵਾ ਕੌਂਸਲਰ ਨਵੀਦ ਆਲਮ, ਕੋਹਿਨੂਰ ਰੇਡੀਓ ਦੇ ਮੈਨੇਜਰ ਸ਼ਿਗਾਰਾ ਸਿੰਘ ਰੰਧਾਵਾ, ਸੁਖਦੇਵ ਸਿੰਘ ਬਾਂਸਲ, ਤੇ ਹੋਰ ਪਤਵੰਤੇ ਸੱਜਣ ਉਚੇਚੇ ਤੌਰ ‘ਤੇ ਪਹੁੰਚੇ । ਸੁਖਦੇਵ ਸਿੰਘ ਬਾਂਸਲ ਨੇ ਵਿਸਾਖੀ ਦੇ ਪਿਛੋਕੜ ਤੇ ਆਪਸੀ ਪਿਆਰ ਤੇ ਮਿਲਵਰਤਣ ਤੇ ਜ਼ੋਰ ਦਿੱਤਾ ।


ਮੇਲੇ ਵਿੱਚ ਵੱਖ-ਵੱਖ ਤਰ੍ਹਾਂ ਦੇ ਸਟਾਲ ਵੀ ਲਗਾਏ ਗਏ ਸਨ । ਸਾਰਿਆਂ ਲਈ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ ਸੀ । ਮੇਲੇ ਤੇ ਲੋਕ ਨਾਚ ਭੰਗੜਾ ਤੇ ਗਿੱਧਾ, ਯੂ ਕੇ ਦੇਸੀ ਬੈਂਡ ਨੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਓਡਬੀ ਪੰਜਾਬੀ ਕਮਿਊਨਿਟੀ ਐਸੋਸੀਏਸ਼ਨ ਲੈਸਟਰ ਸ਼ਾਇਰ ਦੇ ਚੇਅਰਮੈਨ ਮੱਖਣ ਸਿੰਘ ਢਡਵਾੜ ਨੇ ਦੱਸਿਆ ਕਿ ਸਾਡੀ ਸਾਰੀ ਕਮੇਟੀ ਦੀ ਮਿਹਨਤ ਸਦਕਾ ਇਹ ਮੇਲਾ ਕਾਮਯਾਬ ਹੋਇਆ ਹੈ । ਦਰਸ਼ਕਾਂ ਨਾਲ ਸਾਰਾ ਹਾਲ ਖਚਾ-ਖੱਚ ਭਰਿਆ ਹੋਇਆ ਸੀ। ਅਗਲੀ ਵਾਰੀ ਅਸੀਂ ਹੋਰ ਵੀ ਵੱਡੇ ਪੱਧਰ ਤੇ ਮੇਲਾ ਕਰਾਵਾਂਗੇ। ਮੱਖਣ ਸਿੰਘ ਨੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ । ਇਹ ਐਸੋਸੀਏਸ਼ਨ ਦੀਵਾਲੀ ਅਤੇ ਕ੍ਰਿਸਮਿਸ ਤੇ ਵੀ ਏਸੇ ਤਰ੍ਹਾਂ ਪ੍ਰੋਗਰਾਮ ਕਰਵਾਉਂਦੀ ਹੈ।

# ਸਿਹਤ ਤੇ ਸੁੰਦਰਤਾ



## ਸਿਹਤ ਦਾ ਖਜ਼ਾਨਾ ਹੈ ਨਾਰੀਅਲ ਪਾਣੀ

ਕੀ ਤੁਸੀਂ ਜਾਣਦੇ ਹੋ ਕਿ ਇਕ ਨਾਰੀਅਲ ਪਾਣੀ ਤੁਹਾਡੀਆਂ ਕਈ ਸਿਹਤ ਸਮੱਸਿਆਵਾਂ



ਦਾ ਇਕੋ-ਇਕ ਹੱਲ ਹੈ? ਮਾਹਿਰਾਂ ਅਨੁਸਾਰ, ਨਾਰੀਅਲ ਪਾਣੀ ਸਿਰਫ਼ ਪਿਆਸ ਹੀ ਨਹੀਂ ਬੁਝਾਉਂਦਾ, ਸਗੋਂ ਇਹ ਸਰੀਰ ਨੂੰ ਅੰਦਰੋਂ ਰੀਚਾਰਜ ਕਰਨ ਦੀ ਤਾਕਤ ਰੱਖਦਾ ਹੈ। ਨਾਰੀਅਲ ਪਾਣੀ ਪੀਣ ਦੇ 5 ਬੇਮਿਸਾਲ ਫਾਇਦੇ :-

ਸਰੀਰ ਨੂੰ ਤੁਰੰਤ ਐਨਰਜੀ ਦੇਵੇ-ਇਸ 'ਚ ਇਲੈਕਟ੍ਰੋਲਾਈਟਸ ਭਰਪੂਰ ਹੁੰਦੇ ਹਨ, ਜੋ ਥਕਾਵਟ ਅਤੇ ਕਮਜ਼ੋਰੀ ਨੂੰ ਮਿੰਟਾਂ 'ਚ ਦੂਰ ਕਰਕੇ ਸਰੀਰ ਨੂੰ ਤਾਜ਼ਗੀ ਦਿੰਦੇ ਹਨ।

ਸਕਿਨ ਨੂੰ ਚਮਕਦਾਰ ਬਣਾਵੇ-ਨਾਰੀਅਲ ਪਾਣੀ ਪੀਣ ਨਾਲ ਸਰੀਰ ਦੇ ਟੌਕਸਿਨ ਬਾਹਰ ਨਿਕਲਦੇ ਹਨ, ਜਿਸ ਨਾਲ ਕਿੱਲ-ਮੁਹਾਂਸੇ ਦੂਰ ਹੁੰਦੇ ਹਨ ਅਤੇ ਚਿਹਰੇ 'ਤੇ ਕੁਦਰਤੀ ਨਿਖਾਰ ਆਉਂਦਾ ਹੈ।

ਬਲੱਡ ਪ੍ਰੈਸ਼ਰ ਕੰਟਰੋਲ-ਇਸ 'ਚ ਮੌਜੂਦ ਪੋਟਾਸ਼ੀਅਮ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਅਤੇ ਦਿਲ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ।

ਭਾਰ ਘਟਾਉਣ 'ਚ ਮਦਦਗਾਰ-ਇਸ 'ਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਅਤੇ ਇਹ ਪੇਟ ਨੂੰ ਦੇਰ ਤੱਕ ਭਰਿਆ ਰੱਖਦਾ ਹੈ, ਜੋ ਭਾਰ ਘਟਾਉਣ ਦੇ ਸ਼ੌਕੀਨਾਂ ਲਈ ਸਭ ਤੋਂ ਉੱਤਮ ਹੈ।

ਪਾਚਨ ਸ਼ਕਤੀ ਵਧਾਏ-ਇਹ ਪੇਟ ਦੀ ਜਲਣ, ਐਸਿਡਿਟੀ ਅਤੇ ਕਬਜ਼ ਵਰਗੀਆਂ ਸਮੱਸਿਆਵਾਂ ਨੂੰ ਜੜ੍ਹ ਤੋਂ ਖ਼ਤਮ ਕਰਨ 'ਚ ਸਹਾਇਤਾ ਕਰਦਾ ਹੈ।

ਪੀਣ ਦਾ ਸਹੀ ਸਮਾਂ-ਹਾਲਾਂਕਿ ਨਾਰੀਅਲ ਪਾਣੀ ਕਦੇ ਵੀ ਪੀਤਾ ਜਾ ਸਕਦਾ ਹੈ, ਪਰ ਸਵੇਰੇ ਖਾਲੀ ਪੇਟ ਇਸ ਦਾ ਸੇਵਨ ਕਰਨਾ ਸਭ ਤੋਂ ਵੱਧ ਫਾਇਦੇਮੰਦ ਮੰਨਿਆ ਜਾਂਦਾ ਹੈ।

## ਪੰਜਾਬ ਵਿਚ ਦਮੇ ਦਾ ਵਧਦਾ ਕਹਿਰ, 12 ਲੱਖ ਲੋਕ ਬੀਮਾਰੀ ਦੀ ਲਪੇਟ ਵਿਚ

ਅੰਮ੍ਰਿਤਸਰ-ਅਸਥਮਾ ਹੁਣ ਸਿਰਫ਼ ਇੱਕ ਆਮ ਸਿਹਤ ਸਮੱਸਿਆ ਨਹੀਂ ਰਹੀ, ਸਗੋਂ ਇੱਕ ਵਿਸ਼ਵਵਿਆਪੀ ਸਿਹਤ ਸੰਕਟ ਬਣ ਚੁੱਕੀ ਹੈ। ਅੰਕੜਿਆਂ ਅਨੁਸਾਰ, ਦੁਨੀਆ ਭਰ ਵਿੱਚ ਲਗਭਗ 26 ਕਰੋੜ ਲੋਕ ਇਸ ਬੀਮਾਰੀ ਨਾਲ ਜੂਝ ਰਹੇ ਹਨ ਅਤੇ ਹਰ ਸਾਲ ਲਗਭਗ 4.5 ਲੱਖ ਲੋਕ ਆਪਣੀ ਜਾਨ ਗੁਆ ਰਹੇ ਹਨ।



ਭਾਰਤ ਵਿੱਚ ਅਸਥਮਾ ਦੇ ਮਰੀਜ਼ਾਂ ਦੀ ਗਿਣਤੀ 3.5 ਤੋਂ 4 ਕਰੋੜ ਦੇ ਵਿਚਕਾਰ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਸੂਬੇ ਵਿੱਚ ਲਗਭਗ 10 ਤੋਂ 12 ਲੱਖ ਲੋਕ ਅਸਥਮਾ ਤੋਂ ਪੀੜਤ ਹਨ। ਖਾਸ ਕਰਕੇ ਉਦਯੋਗਿਕ ਸ਼ਹਿਰਾਂ ਜਿਵੇਂ ਕਿ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿੱਚ ਹਾਲਾਤ ਜ਼ਿਆਦਾ ਖਰਾਬ ਹਨ।

ਮਾਹਿਰਾਂ ਅਨੁਸਾਰ ਅਸਥਮਾ ਦੇ ਵਧਣ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਹਵਾ ਪ੍ਰਦੂਸ਼ਣ ਵਾਹਨਾਂ ਦਾ ਧੂੰਆਂ, ਫੈਕਟਰੀਆਂ ਦੀਆਂ ਜ਼ਹਿਰੀਲੀਆਂ ਗੈਸਾਂ ਅਤੇ ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲਾ ਧੂੰਆਂ ਹੈ। ਘਰਾਂ ਵਿੱਚ ਮੌਜੂਦ ਧੂੜ-ਮਿੱਟੀ ਅਤੇ ਸਫਾਈ ਦੀ ਘਾਟ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਕਾਰਨਾਂ ਕਰਕੇ ਸਾਹ ਦੀਆਂ ਨਲੀਆਂ ਵਿੱਚ ਸੋਜ ਆ ਜਾਂਦੀ ਹੈ, ਜਿਸ ਨਾਲ ਮਰੀਜ਼ ਨੂੰ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਹੈ।

ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਮਾਹਿਰ ਡਾ. ਸੰਦੀਪ ਮਹਾਜਨ ਨੇ ਚੇਤਾਵਨੀ ਦਿੱਤੀ ਹੈ ਕਿ ਬੱਚਿਆਂ ਵਿੱਚ ਅਸਥਮਾ ਦੇ ਕੇਸ ਬਹੁਤ ਤੇਜ਼ੀ ਨਾਲ ਵਧ ਰਹੇ ਹਨ। ਮਾਪਿਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਬੱਚਿਆਂ ਨੂੰ ਧੂੜ, ਧੂੰਏਂ ਅਤੇ ਬਹੁਤ ਜ਼ਿਆਦਾ ਠੰਢ ਤੋਂ ਬਚਾ ਕੇ ਰੱਖਣ।

ਡਾਕਟਰਾਂ ਅਨੁਸਾਰ ਅਸਥਮਾ ਲੰਬੇ ਸਮੇਂ ਤੱਕ ਚੱਲਣ ਵਾਲੀ ਬੀਮਾਰੀ ਜ਼ਰੂਰ ਹੈ, ਪਰ ਸਹੀ ਇਲਾਜ ਨਾਲ ਕੰਟਰੋਲ ਕੀਤੀ ਜਾ ਸਕਦੀ ਹੈ। ਡਾ. ਵਿਸ਼ਾਲ ਵਰਮਾ ਅਨੁਸਾਰ, ਇਨਹੇਲਰ ਦੀ ਨਿਯਮਿਤ ਵਰਤੋਂ ਨਾਲ ਮਰੀਜ਼ ਆਮ ਜੀਵਨ ਜੀ ਸਕਦੇ ਹਨ।

ਲੱਛਣਾਂ ਦੀ ਪਛਾਣ: ਸਾਹ ਚੜ੍ਹਨਾ, ਛਾਤੀ ਵਿੱਚ ਜਕੜਨ ਅਤੇ ਸਾਹ ਲੈਂਦੇ ਸਮੇਂ ਸੀਟੀ ਦੀ ਆਵਾਜ਼ ਆਉਣ 'ਤੇ ਤੁਰੰਤ ਡਾਕਟਰੀ ਸਲਾਹ ਲਓ।

ਆਈਐਮਏ ਦੇ ਬੁਲਾਰੇ ਅਨੁਸਾਰ, ਅਸਥਮਾ 'ਤੇ ਕਾਬੂ ਪਾਉਣ ਲਈ ਸਰਕਾਰ ਅਤੇ ਜਨਤਾ ਦੋਵਾਂ ਨੂੰ ਮਿਲ ਕੇ ਹਵਾ ਪ੍ਰਦੂਸ਼ਣ ਵਿਰੁੱਧ ਲੜਨਾ ਪਵੇਗਾ। ਸਮੇਂ ਸਿਰ ਜਾਂਚ ਅਤੇ ਸਹੀ ਇਲਾਜ ਹੀ ਇਸ ਜਾਨਲੇਵਾ ਬੀਮਾਰੀ ਤੋਂ ਬਚਣ ਦਾ ਇੱਕੋ-ਇੱਕ ਰਸਤਾ ਹੈ।

## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਪੰਜਾਬ ਭਾਰੀ ਕਰਜ਼ੇ ਹੇਠ ਦੱਬਿਆ, ਲੋਕ ਸਰਕਾਰ ਤੋਂ ਨਾਰਾਜ਼- ਨਵਜੋਤ ਕੌਰ ਸਿੱਧੂ

-ਬੀਬੀ ਇਹ ਤਾਂ ਸਭ ਨੂੰ ਪਤੈ, ਤੂੰ ਕੋਈ ਨਵਾਂ ਸੱਪ ਕੱਢ।



*ਟਰੰਪ ਨੇ ਇਰਾਨ ਨੂੰ 14 ਸ਼ਰਤਾਂ ਮੰਨਣ ਲਈ ਕਿਹਾ- ਇਕ ਖ਼ਬਰ

-ਇਰਾਨ ਕਹਿੰਦੈ ਟਰੰਪ ਉਨ੍ਹਾਂ ਦੀਆਂ ਸ਼ਰਤਾਂ ਮੰਨੇ, ਦੋਵੇਂ ਸ਼ਰਤੋ -ਸ਼ਰਤੀ ਹੋਏ ਪਏ ਐ।



*ਆਸਟ੍ਰੇਲੀਆ 'ਚ ਕੌਮਾਂਤਰੀ ਵਿਦਿਆਰਥੀਆਂ ਲਈ ਵੀਜ਼ਾ ਨਿਯਮ ਹੋਰ ਸਖ਼ਤ- ਇਕ ਖ਼ਬਰ

-ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ।

*ਐਂਟੀ ਡੀਫ਼ੈਕਸ਼ਨ ਐਕਟ ਸਬੰਧੀ ਸਿਆਸੀ ਦਲਾਂ ਦੀ ਦੋਹਰੀ ਨੀਤੀ- ਇਕ ਖ਼ਬਰ

-ਕਦੇ ਮਾਂਹ ਸੁਆਦੀ, ਕਦੇ ਬਾਦੀ।



*ਬੰਗਾਲ 'ਚ ਲੱਗ ਪੱਗ 90 ਲੱਖ ਲੋਕਾਂ ਦੀਆਂ ਵੋਟਾਂ ਯੋਜਨਾਬੱਧ ਢੰਗ ਨਾਲ ਕੱਟੀਆਂ ਗਈਆਂ- ਮੀਤ ਹੇਅਰ

-ਨਾ ਰਹੇ ਬਾਂਸ, ਨਾ ਬਜੇ ਬੰਸਰੀ।



*ਟਰੰਪ ਪ੍ਰਸ਼ਾਸਨ ਨੇ ਚੁੱਪ ਚੁਪੀਤੇ ਵਿਦੇਸ਼ੀ ਡਾਕਟਰਾਂ 'ਤੇ ਪਾਬੰਦੀ ਹਟਾਈ- ਇਕ ਖ਼ਬਰ

-ਮਰਦੀ ਨੇ ਅੱਕ ਚੱਬਿਆ, ਹਾਰ ਕੇ ਜੇਠ ਨਾਲ ਲਾਈਆਂ।

*ਭਾਰਤ ਦੇ ਜਹਾਜ਼ਾਂ 'ਤੋਂ ਵੀ ਟੌਲ ਵਸੂਲੇਗਾ ਇਰਾਨ- ਇਕ ਖ਼ਬਰ

-ਭਾਰਤ ਕਿਹੜਾ ਇਰਾਨ ਦਾ ਭੂਆ ਦਾ ਪੁੱਤ ਐ ਜੋ ਛੋਟ ਦੇਵੇਗਾ।



*ਜਥੇਦਾਰ ਦੀ ਪੰਥਕ ਦਲਾਂ ਨਾਲ ਹੋਈ ਮੀਟਿੰਗ ਨੇ ਸਿੱਖ ਸਿਆਸਤ ਨਾਜ਼ੁਕ ਮੋੜ 'ਤੇ ਲਿਆ ਖੜ੍ਹੀ ਕੀਤੀ- ਇਕ ਖ਼ਬਰ

-ਜਥੇਦਾਰ ਵਿਚਾਰਾ ਤਾਂ ਆਪ ਗੁਆਚੀ ਗਾਂ ਵਾਂਗ ਤੁਰਿਆ ਫਿਰਦੈ।



*ਭਾਜਪਾ ਚੋਣਾਂ ਵਾਲ਼ੇ ਸੂਬਿਆਂ 'ਚ ਨਫ਼ਰਤ ਫ਼ੈਲਾਉਂਦੀ ਹੈ- ਹਰਪਾਲ ਚੀਮਾ

-ਲੋਕ ਰਾਜ ਦੀ ਦੇਣ ਦੁਹਾਈ, ਚੋਣ ਤਾਂ ਸਾਮ, ਦਾਮ, ਦੰਡ, ਭੇਦ ਦੀ ਖੇਡ ਹੈ ਭਾਈ।



*ਮਮਤਾ ਬੈਨਰਜੀ ਨੇ ਭਾਜਪਾ ਵਿਰੁੱਧ 'ਸਾਂਝਾ' ਮੰਚ ਬਣਾਉਣ ਲਈ ਵਿਰੋਧੀ ਪਾਰਟੀਆਂ ਨੂੰ ਕੀਤੀ ਅਪੀਲ- ਇਕ ਖ਼ਬਰ

-ਬੀਬੀ ਜਦੋਂ ਵਿਰੋਧੀ ਪਾਰਟੀਆਂ ਤੇਰੀਆਂ ਮਿੰਨਤਾਂ ਪਾਉਂਦੀਆਂ ਸਨ, ਉਦੋਂ ਤਾਂ ਤੂੰ ਆਕੜੀ ਪਈ ਸੀ।

*ਬੇਅਦਬੀ ਕਾਨੂੰਨ ਕਿਸੇ ਵੀ ਹਾਲਤ ਵਿਚ ਵਾਪਸ ਨਹੀਂ ਲਿਆ ਜਾਵੇਗਾ- ਭਗਵੰਤ ਮਾਨ

-ਵਾਰਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।



*ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅਸਤੀਫ਼ਾ ਦੇਣ ਤੋਂ ਕੀਤਾ ਇਨਕਾਰ- ਇਕ ਖ਼ਬਰ

-ਲੱਤ ਮਾਰੂੰਗੀ ਪੰਜੇਬਾਂ ਵਾਲ਼ੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।



*ਭਗਵੰਤ ਮਾਨ ਨੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ- ਇਕ ਖ਼ਬਰ

-ਦਰ ਮੇਰੇ 'ਤੇ ਖਲੋਤਿਆ ਮਾਨਾ, ਮੈਥੋਂ ਵੇ ਤੂੰ ਕੀ ਮੰਗਦਾ।



*ਕੇਂਦਰ ਦੀਆਂ ਡਰਾਉਣ ਵਾਲੀਆਂ ਕਾਰਵਾਈਆਂ ਅੱਗੇ ਪੰਜਾਬ ਕਦੇ ਨਹੀਂ ਝੁਕੇਗਾ- ਭਗਵੰਤ ਮਾਨ

-ਜਿਉਣਾ ਮੌੜ ਵੱਢਿਆ ਨਾ ਜਾਵੇ, ਛਵ੍ਹੀਆਂ ਦੇ ਘੁੰਡ ਮੁੜ ਗਏ।



*ਦਲਜੀਤ ਦੁਸਾਂਝ ਨੇ ਸਿਆਸਤ 'ਚ ਆਉਣ ਦੀਆਂ ਚਰਚਾਵਾਂ ਨੂੰ ਕੀਤਾ ਰੱਦ- ਇਕ ਖ਼ਬਰ

-ਐਵੇਂ ਰੌਲ਼ਾ ਪੈ ਗਿਆ, ਬਸ ਐਵੇਂ ਰੌਲ਼ਾ ਪੈ ਗਿਆ।

* * * * * *

# ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਦੀ ਅਪੀਲ

## ਆਪਣੀ ਆਵਾਜ਼ ਨੂੰ ਬੁਲੰਦ ਕਰਨ ਲਈ ਪੰਜਾਬ ਟਾਈਮਜ਼ ਦਾ ਸਾਥ ਦਿਓ

### ਸਿਆਸੀ ਪੱਧਰ ਤੇ ਪੰਜਾਬ ਟਾਈਮਜ਼ ਨੇ ਹਮੇਸ਼ਾ ਨਿਰਪੱਖ ਪੱਤਰਕਾਰੀ ਕੀਤੀ ਹੈ
### ਖਬਰਾਂ ਦੇ ਇਲਾਵਾ ਚੰਗਾ ਸਮਾਜ ਸਿਰਜਣ ਤੇ ਉਸਾਰੂ ਸੇਧ ਦੇਣ ਲਈ ਲਿਖਿਆ ਜਾਂਦਾ ਹੈ
### ਅਸੀਂ ਹਮੇਸ਼ਾਂ ਖੇਤਰੀ ਪਾਰਟੀਆਂ ਦੇ ਹੱਕ ਵਿੱਚ ਅਵਾਜ਼ ਉਠਾਈ ਹੈ ਤੇ ਜਾਰੀ ਰੱਖਾਂਗੇ

## ਅਦਾਰਾ ਪੰਜਾਬ ਟਾਈਮਜ਼ ਮਾਂ ਬੋਲੀ ਪੰਜਾਬੀ, ਆਪਣੇ ਸਮਾਜ ਤੇ ਸੱਭਿਆਚਾਰ ਲਈ ਕੀ ਕਰ ਰਿਹੈ

ਪੰਜਾਬ ਟਾਈਮਜ਼ ਹਫ਼ਤਾਵਾਰ ਅਖ਼ਬਾਰ 1993 ਦਾ ਜਦੋਂ ਤੋਂ ਡਰਬੀ ਤੋਂ ਛਪਣਾ ਸ਼ੁਰੂ ਹੋਇਆ ਹੈ, ਪੰਜਾਬੀਆਂ ਦੇ ਬਹੁਤ ਸਾਰੇ ਮਸਲਿਆਂ ਬਾਰੇ ਆਪਣੇ ਪਾਠਕਾਂ ਨੂੰ ਜਾਗਰਿਤ ਕੀਤਾ ਹੈ ਅਤੇ ਅਨੇਕਾਂ ਮੁੱਦੇ ਉਠਾਏ ਹਨ। ਪੰਜਾਬ ਟਾਈਮਜ਼ ਤੁਹਾਡਾ ਆਪਣਾ ਪੇਪਰ ਹੈ, ਜੋ ਯੂ ਕੇ ਭਰ ਵਿਚ ਗਰੋਸਰੀ ਦੁਕਾਨਾਂ, ਨਿਊਜ਼ ਏਜੰਟਾਂ ਦੀਆਂ ਦੁਕਾਨਾਂ ਤੋਂ 2 ਪੌਂਡ ਦਾ ਮਿਲਦਾ ਹੈ।

**ਪੰਜਾਬ ਟਾਈਮਜ਼ ਇੰਟਰਨੈੱਟ 'ਤੇ :-**

ਵਿਦੇਸ਼ ਵਿੱਚ ਛਪਦਾ ਇਹ ਪਹਿਲਾ ਪੰਜਾਬੀ ਪੇਪਰ ਹੈ ਜੋ ਦੁਨੀਆ ਭਰ 'ਚ ਇੰਟਰਨੈੱਟ 'ਤੇ ਵੀ ਉਪਲੱਬਧ ਹੈ ਅਤੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਭਾਰਤ ਅਤੇ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਲੱਖਾਂ ਪਾਠਕ ਇਹ ਪੇਪਰ ਔਨ ਲਾਈਨ, ਵੈਬ ਸਾਈਟ www.panjabtimes.uk 'ਤੇ ਪੜ੍ਹਦੇ ਹਨ।

**ਲੋੜਵੰਦ ਅੰਗਹੀਣ ਲੋਕਾਂ ਦੀ ਸੇਵਾ :-**

ਪੰਜਾਬ ਟਾਈਮਜ਼ ਪਿਛਲੇ 35 ਸਾਲਾਂ ਤੋਂ ਪੰਜਾਬ ਵਿੱਚ ਗਰੀਬ, ਲੋੜਵੰਦ ਤੇ ਅੰਗਹੀਣ ਲੋਕਾਂ ਦੇ ਬਨਾਉਟੀ ਅੰਗ ਲਵਾਉਣ, ਤਿੰਨ ਪਈਆ ਸਾਈਲ ਅਤੇ ਸਿਲਾਈ ਮਸ਼ੀਨਾਂ ਦੇਣ ਦੀ ਸੇਵਾ ਵੀ ਕਰਦਾ ਆ ਰਿਹਾ ਹੈ।

**ਜੋਤਿਸ਼ੀਆਂ ਤਾਂਤਰਿਕਾਂ ਦੇ ਇਸ਼ਤਿਹਾਰ ਨਹੀਂ ਲਾਉਂਦਾ :-**

ਪੰਜਾਬ ਟਾਈਮਜ਼ ਨੇ ਜੋਤਿਸ਼ੀ ਬਾਬਿਆਂ ਬਾਰੇ ਪੰਜਾਬੀਆਂ ਨੂੰ ਜਾਗਰਿਤ ਕਰਨ ਦੀ ਲੰਮੇ ਸਮੇਂ ਤੋਂ ਮੁਹਿੰਮ ਚਲਾਈ ਹੋਈ ਹੈ, ਜਾਦੂ ਟੂਣੇ ਵਾਲੇ ਕੁਝ ਬਾਬਿਆਂ ਨੂੰ ਜੇਹਲ ਦੀ ਸਜ਼ਾ ਵੀ ਕਰਵਾਈ। ਬਹੁਤ ਸਾਰੇ ਬਾਬੇ ਇਥੋਂ ਭੱਜ ਗਏ, ਕੁਝ ਬਾਬੇ ਆਪਣੇ ਕਾਰੋਬਾਰ ਇੰਡੀਆ ਤੇ ਪਾਕਿਸਤਾਨ ਤੋਂ ਕਰਨ ਲੱਗ ਪਏ। ਪੰਜਾਬ ਟਾਈਮਜ਼ ਨੇ ਜਦੋਂ ਤੋਂ ਇਹਨਾਂ ਦੇ ਇਸ਼ਤਿਹਾਰ ਬੰਦ ਕੀਤੇ ਹਨ, ਬੱਜਟ ਵਿਚ ਕਾਫ਼ੀ ਘਾਟਾ ਪਿਆ ਹੈ, ਬਹੁਤ ਸਾਰੇ ਗੁਰੂ ਘਰਾਂ ਅਤੇ ਵਪਾਰਕ ਅਦਾਰਿਆਂ ਵੱਲੋਂ ਜਿਵੇਂ ਭਰੋਸਾ ਦਿੱਤਾ ਗਿਆ ਸੀ, ਓਨਾ ਸਹਿਯੋਗ ਨਹੀਂ ਮਿਲਿਆ।

**ਪੰਜਾਬੀ ਬੋਲੀ ਨੂੰ ਜਿਊਂਦਾ ਰੱਖਣ ਲਈ ਪੇਪਰਾਂ ਦੀ ਜ਼ਰੂਰਤ :-**

ਯੂ ਕੇ ਵਿਚ ਕਿਸੇ ਸਮੇਂ ਦਾ ਬਾਰਾਂ ਪਰਚੇ ਛਪਦੇ ਸਨ, ਜਿਹਨਾਂ ਵਿੱਚੋਂ ਸਾਰੇ ਪਰਚੇ ਬਿਜਨੈਸ ਦੀ ਘਾਟ ਕਾਰਨ ਬੰਦ ਹੋ ਚੁੱਕੇ ਹਨ। ਇਥੇ ਕੇਵਲ ਇੱਕ ਹੀ ਪੇਪਰ ਪੰਜਾਬ ਟਾਈਮਜ਼ ਛਪਦਾ ਹੈ। ਬੇਸ਼ੱਕ ਇਲੈਕਟ੍ਰੋਨਿਕ ਮੀਡੀਆ ਇਸ ਵੇਲੇ ਕਾਫ਼ੀ ਕਾਰੋਬਾਰ ਕਰ ਰਿਹਾ ਹੈ, ਪਰ ਪੇਪਰ ਮੀਡੀਆ ਦੀ ਲੋੜ ਨੂੰ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਜੇ ਕੋਈ ਖ਼ਬਰ ਜਾਂ ਲੇਖ ਅਖਬਾਰ ਵਿਚ ਛਪਿਆ ਹੋਵੇ ਤਾਂ ਪੇਪਰ ਤੁਸੀਂ ਦਸਾਂ/ਵੀਹਾਂ ਸਾਲਾਂ ਬਾਅਦ ਵੀ ਜਦੋਂ ਚਾਹੋ ਆਸਾਨੀ ਨਾਲ ਪੁਰਾਣਾ ਰਿਕਾਰਡ ਲੈ ਕੇ ਦੇਖ ਸਕਦੇ ਹੋ।

**ਪੰਜਾਬ ਟਾਈਮਜ਼ ਵੱਲੋਂ ਜਾਗਰੂਕਤਾ ਲਿਆਂਦੀ ਗਈ :-**

ਵਿਆਹ ਸ਼ਾਦੀਆਂ ਉਤੇ ਅੰਨ੍ਹੇਵਾਹ ਖਰਚ ਅਤੇ ਨਸ਼ਿਆਂ ਨੂੰ ਰੋਕਣ ਲਈ, ਸਿੱਖ ਵਿਰੋਧੀ ਪ੍ਰਚਾਰ ਦਾ ਜਵਾਬ ਦੇਣ ਲਈ, ਇੰਡੀਆ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਮੁਹਿੰਮ ਚਲਾਈ ਗਈ। ਆਪਣੀ ਮਾਂ ਬੋਲੀ ਨੂੰ ਜਿਊਂਦਾ ਰੱਖਣ ਅਤੇ ਚੰਗਾ ਸਮਾਜ ਸਿਰਜਣ ਲਈ ਆਓ ਸਾਰੇ ਰਲ ਮਿਲ ਕੇ ਹੰਭਲਾ ਮਾਰੀਏ।

## ਆਪਣੀ ਮਾਂ ਬੋਲੀ ਪੰਜਾਬੀ ਨੂੰ ਜਿਊਂਦਾ ਰੱਖਣ ਲਈ ਤੁਸੀਂ ਵੀ ਸਾਥ ਦੇ ਸਕਦੇ ਹੋ

* ਕਾਰੋਬਾਰੀ ਅਦਾਰੇ, ਬਿਜਨੈਸਮੈਨ ਆਪਣੇ ਕਾਰੋਬਾਰ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ ਦੇ ਕੇ ਸਹਿਯੋਗ ਦੇ ਸਕਦੇ ਹਨ।
* ਗੁਰਦੁਆਰੇ ਆਪਣੇ ਧਾਰਮਿਕ ਪ੍ਰੋਗਰਾਮਾਂ ਬਾਰੇ ਅਤੇ ਗੁਰੂ ਘਰ ਵੱਲੋਂ ਸੰਗਤਾਂ ਲਈ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਪੰਜਾਬ ਟਾਈਮਜ਼ ਵਿੱਚ ਦੇ ਕੇ ਸੰਗਤਾਂ ਨਾਲ ਸਾਂਝੀ ਕਰ ਸਕਦੇ ਹਨ। ਗ੍ਰੰਥੀ ਰੱਖਣ, ਜਾਂ ਜਥਿਆਂ ਨੂੰ ਬੁਲਾਉਣ ਬਾਰੇ ਵੀ ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇ ਸਕਦੇ ਹੋ। ਇਸ ਨਾਲ ਹੋਰ ਪ੍ਰੋਗਰਾਮ ਕਰਾਉਣ ਲਈ ਸੰਗਤਾਂ ਵਿੱਚ ਉਤਸ਼ਾਹ ਵਧੇਗਾ।
* ਧਾਰਮਿਕ ਅਦਾਰੇ, ਸਮਾਜਿਕ ਤੇ ਸਿਆਸੀ ਜਥੇਬੰਦੀਆਂ ਅਤੇ ਲੋਕ ਸੇਵਾ ਕਰਨ ਵਾਲੀਆਂ ਚੈਰਿਟੀ ਸੰਸਥਾਵਾਂ ਆਪਣੇ ਪ੍ਰੋਗਰਾਮ ਅਤੇ ਏਜੰਡੇ ਬਾਰੇ ਜਾਣਕਾਰੀ ਪੰਜਾਬ ਟਾਈਮਜ਼ ਰਾਹੀਂ ਪਾਠਕਾਂ ਤੱਕ ਪਹੁੰਚਾ ਸਕਦੀਆਂ ਹਨ।
* ਸਾਡੇ ਪਾਠਕ ਆਪਣੇ ਬੱਚਿਆਂ ਦੇ ਜਨਮ ਦਿਨ, ਵਿਆਹੇ ਜੋੜਿਆਂ ਦੇ ਵਿਆਹ ਵਰ੍ਹੇਗੰਢ ਅਤੇ ਖਾਸ ਪ੍ਰਾਪਤੀਆਂ ਸਬੰਧੀ ਤਸਵੀਰਾਂ ਪੇਪਰ ਵਿੱਚ ਛਪਵਾ ਕੇ ਪੇਪਰ ਦੀ ਮਦਦ ਕਰ ਸਕਦੇ ਹਨ।
* ਡਾਕ ਰਾਹੀਂ ਪੇਪਰ ਲਈ ਸਾਲ ਦਾ ਚੰਦਾ ਭੇਜ ਕੇ ਮਦਦ ਕਰ ਸਕਦੇ ਹੋ।
* ਇੱਕ ਸਾਲ ਦੀ ਮੈਂਬਰਸ਼ਿੱਪ £205 ਪੌਂਡ ਹੈ। ਇੱਕ ਪੇਪਰ ਡਾਕ ਰਾਹੀਂ ਭੇਜਣ ਤੇ £3.60 ਪੈਨੀਆਂ ਖਰਚਾ ਆਉਂਦਾ ਹੈ, 2 ਪੌਂਡ ਪੇਪਰ ਦੀ ਕੀਮਤ ਹੈ ਇਸ ਤਰ੍ਹਾਂ ਇੱਕ ਪੇਪਰ £5.60 ਪੈਨੀਆਂ ਦਾ ਪੈਂਦਾ ਹੈ।
* ਬੱਚੇ, ਨੌਜਵਾਨ, ਸਿਆਣੇ ਜਾਂ ਬਜ਼ੁਰਗ ਦੀ ਕਿਸੇ ਖੇਤਰ 'ਚ ਕੋਈ ਪ੍ਰਾਪਤੀ ਹੋਵੇ ਉਹ ਵੀ ਆਪਣੀ ਤਸਵੀਰ ਛਾਪਣ ਲਈ ਭੇਜ ਸਕਦੇ ਹਨ।

*ਨੋਟ:- ਫੋਟੋ ਭੇਜਣ ਸਮੇਂ ਆਪਣਾ ਟੈਲੀਫ਼ੋਨ ਨੰਬਰ ਜ਼ਰੂਰ ਲਿਖੋ ਤਾਂ ਜੋ ਲੋੜ ਪੈਣ 'ਤੇ ਹੋਰ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਜਾ ਸਕੇ।*

ਇਸ ਦੇ ਇਲਾਵਾ ਤੁਸੀਂ ਪੰਜਾਬ ਟਾਈਮਜ਼ ਪਾਸੋਂ ਪ੍ਰਿੰਟਿੰਗ ਕਰਵਾ ਸਕਦੇ ਹੋ, ਜਿਵੇਂ ਕਿ ਪੋਸਟਰ, ਲੀਫਲਿਟ, ਬੁੱਕਲਿੱਟ, ਨਵੇਂ ਸਾਲ ਦੇ ਕੈਲੰਡਰ ਅਤੇ ਕਿਤਾਬਾਂ ਵੀ ਛਾਪਦੇ ਹਾਂ।

**ਪੰਜਾਬੀ ਅਖਬਾਰ ਚਲਦੇ ਰਹਿਣਗੇ ਤਾਂ ਆਪਣੀ ਬੋਲੀ ਵੀ ਜਿਊਂਦੀ ਰਹੇਗੀ। ਇਸ ਵਾਸਤੇ ਆਪਣੀ ਮਾਂ ਬੋਲੀ 'ਪੰਜਾਬੀ' ਨੂੰ ਜਿਊਂਦਾ ਰੱਖਣ ਲਈ 'ਪੰਜਾਬ ਟਾਈਮਜ਼' ਨੂੰ ਸਹਿਯੋਗ ਦਿਓ।**

'ਪੰਜਾਬ ਟਾਈਮਜ਼' ਵਿਚ ਛਪਣ ਵਾਲੇ ਲੇਖਕਾਂ/ਕਹਾਣੀਕਾਰਾਂ, ਕਵੀਆਂ/ਕਵਿਤਰੀਆਂ, ਸਾਹਿਤਕਾਰਾਂ ਅਤੇ ਪੱਤਰਕਾਰਾਂ ਨੂੰ ਬੇਨਤੀ ਹੈ ਕਿ ਲੇਖ, ਕਹਾਣੀਆਂ, ਕਵਿਤਾਵਾਂ, ਅਣਛਪੀਆਂ ਰਚਨਾਵਾਂ ਅਤੇ ਖ਼ਬਰਾਂ ਹੇਠਾਂ ਦਿੱਤੇ ਪਤੇ ਉੱਤੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

**ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫ਼ੋਨ ਕਰੋ :**


**PANJAB TIMES WEEKLY, BRIDLE GATE LANE, DERBY. DE24 0QW (UK)**

**Tel: 01332 372851 - Mobile-WhatsApp: 07966 388 388**

*Website: panjabtimes.uk - Email: Panjabtimes@aol.com*



Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਪੰਜਾਬ ਵਿੱਚ ਪੰਜਾਬੀ ਦੀ ਅਣਦੇਖੀ ਬਰਦਾਸ਼ਤ ਨਹੀਂ : ਪ੍ਰੋ. ਸਰਚਾਂਦ ਸਿੰਘ ਖਿਆਲਾ

*** ਪੰਜਾਬੀ ਗੁਰੂਆਂ, ਸ਼ਹੀਦਾਂ ਅਤੇ ਪੰਜਾਬ ਦੀ ਰੂਹ ਦੀ ਭਾਸ਼ਾ — ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਨੂੰ ਹਾਸ਼ੀਏ 'ਤੇ ਧੱਕਣਾ ਚਿੰਤਾਜਨਕ।**

***ਪੰਜਾਬ 'ਚ ਪੰਜਾਬੀ ਦੀ ਅਣਦੇਖੀ ਨਵੀਂ ਸਿੱਖਿਆ ਨੀਤੀ ਦੇ ਉਲਟ, ਹਰ ਸਕੂਲ ਵਿੱਚ ਪੰਜਾਬੀ ਲਾਜ਼ਮੀ ਬਣਾਈ ਰੱਖਣ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੀ ।**

***ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਚਟਾਨ ਵਾਂਗ ਖੜੀ ਹੈ ਭਾਜਪਾ। ਸੰਸਕ੍ਰਿਤ ਦਾ ਸਤਿਕਾਰ, ਪਰ ਪੰਜਾਬੀ ਦੀ ਕੀਮਤ 'ਤੇ ਨਹੀਂ।**

**ਅੰਮ੍ਰਿਤਸਰ-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਦੇ ਸੀਬੀਐਸਈ ਨਾਲ ਸੰਬੰਧਿਤ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਅਣਦੇਖੀ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੀਬੀਐਸਈ ਅਤੇ ਸੰਬੰਧਿਤ ਅਥਾਰਟੀਆਂ ਨੂੰ ਪੰਜਾਬ ਦੀ ਭਾਸ਼ਾਈ ਸੰਵੇਦਨਸ਼ੀਲਤਾ ਅਤੇ ਸੰਵਿਧਾਨਕ ਹਕੀਕਤ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ।**

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰ ਸਕੂਲ ਵਿੱਚ ਪੰਜਾਬੀ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਏ ਜਾਣ ਸਬੰਧੀ "ਪੰਜਾਬ ਅਤੇ ਹੋਰ ਭਾਸ਼ਾਵਾਂ ਦੀ ਸਿੱਖਿਆ ਐਕਟ, 2008", ਜੋ ਅਕਾਲੀ-ਭਾਜਪਾ ਸਰਕਾਰ ਦੌਰਾਨ ਲਿਆਂਦਾ ਗਿਆ ਸੀ, ਦੀਆਂ ਧਾਰਾਵਾਂ ਦਾ ਪਾਲਣ ਕੀਤਾ ਜਾਣਾ ਚਾਹੀਦਾ ਹੈ। ਇਸ ਕਾਨੂੰਨ ਤਹਿਤ ਪੰਜਾਬ ਦੇ ਹਰੇਕ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜ਼ਮੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਇਸ ਮਸਲੇ ਨੂੰ ਸਿਆਸੀ ਜਾਂ ਫ਼ਿਰਕੂ ਰੰਗ ਦੇਣ ਦੀ ਬਜਾਏ ਸੰਵਾਦ ਅਤੇ ਸਹਿਮਤੀ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਦਬਾਅ ਜਾਂ ਥੋਪਣ ਵਾਲੀ ਨੀਤੀ ਰਾਹੀਂ।

ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਚਟਾਨ ਵਾਂਗ ਖੜੀ ਹੈ। ਪੰਜਾਬੀ ਗੁਰੂਆਂ, ਸ਼ਹੀਦਾਂ ਅਤੇ ਲੋਕ-ਸੱਭਿਆਚਾਰ ਦੀ ਭਾਸ਼ਾ ਹੈ। ਇਸ ਨੂੰ ਹਾਸ਼ੀਏ 'ਤੇ ਧੱਕਣ ਦੀ ਇਜਾਜ਼ਤ ਕਿਸੇ ਵੀ ਕੀਮਤ 'ਤੇ ਨਹੀਂ ਦਿੱਤੀ ਜਾ ਸਕਦੀ।ਉਨ੍ਹਾਂ ਕਿਹਾ ਕਿ ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਪੰਜਾਬ ਦੀ ਰੂਹ, ਸੱਭਿਆਚਾਰ, ਇਤਿਹਾਸ ਅਤੇ ਸਾਂਝੀ ਵਿਰਾਸਤ ਦੀ ਪਹਿਚਾਣ ਹੈ। ਪੰਜਾਬੀ ਦੀ ਅਣਦੇਖੀ ਕਿਸੇ ਵੀ ਹਾਲਤ ਵਿੱਚ ਕਬੂਲਯੋਗ ਨਹੀਂ। ਪੰਜਾਬ ਭਾਜਪਾ ਦਾ ਸਪਸ਼ਟ ਮੱਤ ਹੈ ਕਿ ਪੰਜਾਬ ਦੀ ਧਰਤੀ 'ਤੇ ਪੰਜਾਬੀ ਨੂੰ ਉਸ ਦਾ ਬਣਦਾ ਸਨਮਾਨ ਅਤੇ ਸੰਵਿਧਾਨਕ ਦਰਜਾ ਹਰ ਹਾਲਤ ਵਿੱਚ ਬਰਕਰਾਰ ਰਹਿਣਾ ਚਾਹੀਦਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਸੰਸਕ੍ਰਿਤ ਸਿੱਖਣਾ ਜਾਂ ਸਿਖਾਉਣਾ ਗ਼ਲਤ ਨਹੀਂ, ਪਰ ਇਹ ਪੰਜਾਬੀ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਪਰੰਪਰਾ ਨੇ ਗੁਰਬਾਣੀ ਨੂੰ ਲੋਕ-ਭਾਸ਼ਾ ਵਿੱਚ ਰਚ ਕੇ ਲੋਕ-ਭਾਸ਼ਾਵਾਂ ਨੂੰ ਮਾਣ ਬਖ਼ਸ਼ਿਆ। ਗੁਰਬਾਣੀ ਲੋਕਾਂ ਦੀ ਸਮਝ ਵਾਲੀ ਭਾਸ਼ਾ ਵਿੱਚ ਉਚਾਰੀ ਗਈ ਤਾਂ ਜੋ ਆਮ ਇਨਸਾਨ ਰੱਬੀ ਗਿਆਨ ਅਤੇ ਅਧਿਆਤਮਿਕਤਾ ਨਾਲ ਜੁੜ ਸਕੇ।

ਪ੍ਰੋ. ਖਿਆਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਵੱਲੋਂ ਜੁਲਾਈ 2020 ਵਿੱਚ ਲਿਆਂਦੀ ਗਈ ਨਵੀਂ ਸਿੱਖਿਆ ਨੀਤੀ (Naitonal Educaiton Poilcy-2020) ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨੀਤੀ ਸਿੱਖਿਆ ਨੂੰ ਹੋਰ ਲਚਕੀਲਾ, ਹੁਨਰ-ਅਧਾਰਿਤ, ਮਾਂ-ਬੋਲੀ ਕੇਂਦਰਿਤ ਅਤੇ ਵਿਸ਼ਵ ਪੱਧਰੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਵਿੱਚ ਮਾਂ-ਬੋਲੀ ਵਿੱਚ ਸਿੱਖਿਆ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ। ਇਸ ਤਹਿਤ ਘੱਟੋ-ਘੱਟ ਪੰਜਵੀਂ ਜਮਾਤ ਤੱਕ ਅਤੇ ਸੰਭਵ ਹੋਵੇ ਤਾਂ ਅੱਠਵੀਂ ਜਮਾਤ ਤੱਕ ਬੱਚਿਆਂ ਨੂੰ ਮਾਂ-ਬੋਲੀ ਜਾਂ ਸਥਾਨਕ ਭਾਸ਼ਾ ਵਿੱਚ ਪੜ੍ਹਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਹ ਨੀਤੀ ਮੰਨਦੀ ਹੈ ਕਿ ਮਾਂ-ਬੋਲੀ ਬੱਚਿਆਂ ਦੇ ਬੌਧਿਕ ਅਤੇ ਭਾਵਨਾਤਮਕ ਵਿਕਾਸ ਲਈ ਸਭ ਤੋਂ ਉਚਿਤ ਮਾਧਿਅਮ ਹੈ।

ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਮਾਂ-ਬੋਲੀ ਨੂੰ ਮਜ਼ਬੂਤ ਕਰਨ ਦੀ ਗੱਲ ਕਰਦੀ ਹੈ। ਇਸ ਲਈ ਪੰਜਾਬ ਵਿੱਚ ਪੰਜਾਬੀ ਨੂੰ ਕਮਜ਼ੋਰ ਕਰਨ ਵਾਲਾ ਕੋਈ ਵੀ ਕਦਮ ਨਵੀਂ ਸਿੱਖਿਆ ਨੀਤੀ ਦੀ ਮੂਲ ਭਾਵਨਾ ਦੇ ਉਲਟ ਮੰਨਿਆ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਸੰਬੰਧਿਤ ਅਥਾਰਟੀਆਂ ਪੰਜਾਬ ਵਿੱਚ ਪੰਜਾਬੀ ਦੀ ਮਰਿਆਦਾ, ਸਨਮਾਨ ਅਤੇ ਸੰਵਿਧਾਨਕ ਹੱਕਾਂ ਨੂੰ ਬਰਕਰਾਰ ਰੱਖਣ।

ਪ੍ਰੋ. ਖਿਆਲਾ ਨੇ ਪੰਜਾਬ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਸੰਵਿਧਾਨਕ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦਾ ਪ੍ਰਯੋਗ ਕਰਦਿਆਂ ਪੰਜਾਬੀ ਭਾਸ਼ਾ ਦੇ ਹਿੱਤਾਂ ਦੀ ਰੱਖਿਆ ਲਈ ਪ੍ਰਭਾਵਸ਼ਾਲੀ ਦਖ਼ਲ ਦੇਵੇ।

# ਨਵੀਆਂ ਕਲਮਾਂ ਨਵੀ ਉਡਾਣ !





ਕੁਲਵੰਤ ਕੌਰ ਚੰਨ, ਫਰਾਂਸ ਹੋਰਾਂ ਦੀ ਸੰਪਾਦਕ ਕੀਤੀ ਕਿਤਾਬ 'ਨਵੀਆ ਕਲਮਾਂ ਨਵੀ ਉਡਾਣ' ਲੋਕ ਅਰਪਣ ਕਲੱਬ ਹਾਊਸ ਲੇ-ਮੂਸੋ ਵੀਲਪੰਥ, ਫਰਾਂਸ ਵਿਚ ਮਿਤੀ 18/04/2026 ਨੂੰ ਕੀਤੀ ਗਈ। ਮੁੱਖ ਮਹਿਮਾਨ ਸ੍ਰੀ ਸੁੱਖੀ ਬਾਠ ਜੀ ਸੰਸਥਾਪਕ ਪੰਜਾਬ ਭਵਨ ਸਰੀ ਕਨੇਡਾ ਜਿੰਨਾਂ ਦਾ ਉਪਰਾਲਾ ਬੱਚਿਆਂ ਨੂੰ ਮੋਬਾਇਲਾਂ ਦੀ ਥਾਂ ਹੱਥਾਂ ਵਿਚ ਕਲਮ ਫੜਾ, ਬੱਚਿਆਂ ਨੂੰ ਅਪਣੇ ਅਮੀਰ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਵਿਰਸੇ ਨਾਲ, ਮਾਂ ਬੋਲੀ ਪੰਜਾਬੀ ਨਾਲ ਜੋੜਨ ਦੇ ਮੁੱਖ ਉਦੇਸ਼ ਨੂੰ ਲੈ ਕੇ ਚੱਲਦਿਆਂ ਦੁਨੀਆਂ ਭਰ ਦੇ ਵੱਖ-ਵੱਖ ਮੁਲਕਾਂ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ। ਇਸੇ ਮੁੱਖ ਉਦੇਸ਼ ਨੂੰ ਧਿਆਨ ਵਿੱਚ ਰੱਖਦਿਆਂ ਉਹਨਾਂ ਯੂਰਪ ਵਿੱਚ 'ਨਵੀਆਂ ਕਲਮਾਂ ਨਵੀਂ ਉਡਾਣ' ਦੀ ਜਿੰਮੇਵਾਰੀ ਸ਼ਾਇਰਾ ਕੁਲਵੰਤ ਕੌਰ ਚੰਨ, ਫਰਾਂਸ ਨੂੰ ਸੌਂਪੀ ਗਈ ਸੀ। ਕੁਲਵੰਤ ਕੌਰ ਚੰਨ ਕਈ ਦਹਾਕਿਆਂ ਤੋਂ ਮਾਂ ਬੋਲੀ ਪੰਜਾਬੀ ਦਾ ਪ੍ਰਚਾਰ ਕਰ ਰਹੇ ਹਨ। ਸ੍ਰੀ ਸੁੱਖੀ ਬਾਠ ਜੀ ਦੀ ਦਿੱਤੀ ਜਿੰਮੇਵਾਰੀ ਉਹਨਾਂ ਪੂਰੇ ਤਨ ਮਨ ਨਾਲ ਨਿਭਾਈ ਤੇ ਜਿਸ ਨੂੰ ਭਾਗ ਲੱਗੇ ਵੇਖਣ ਲਈ ਸ੍ਰੀ ਸੁੱਖੀ ਬਾਠ ਜੀ ਕਨੇਡਾ ਤੋਂ ਫਰਾਂਸ ਪਹੁੰਚੇ। ਉਹਨਾਂ ਦੇ ਪਹੁੰਚਣ ਤੇ ਫਰਾਂਸ ਦੇ ਜੰਮਪਲ ਨਿੱਕੇ ਨਿੱਕੇ ਬੱਚਿਆਂ ਦੀ ਮਾਂ ਬੋਲੀ ਪੰਜਾਬੀ ਵਿੱਚ ਲਿਖੀਆਂ ਰਚਨਾਵਾਂ ਦੀ ਪੁਸਤਕ 'ਨਵੀਆਂ ਕਲਮਾਂ ਨਵੀਂ ਉਡਾਣ' ਲੋਕ ਅਰਪਣ ਕੀਤੀ ਗਈ। ਸੁੱਖੀ ਬਾਠ ਜੀ ਬੱਚਿਆਂ ਦੀਆਂ ਕਵਿਤਾਵਾਂ ਤੇ ਗੀਤ ਸੁਣ ਕੇ ਬਹੁਤ ਖੁਸ਼ ਹੋਏ ਤੇ ਉਹਨਾਂ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਨਾਲ ਹੀ ਉਹਨਾਂ ਕਿਹਾ ਕਿ ਕੁਲਵੰਤ ਕੌਰ ਚੰਨ ਭੈਣ ਜੀ ਹੋਰਾਂ ਨੇ ਬਹੁਤ ਘੱਟ ਸਮੇਂ ਵਿੱਚ ਬਹੁਤ ਲਗਨ, ਮਿਹਨਤ ਕਰਕੇ ਬਾਕਮਾਲ ਬੱਚਿਆਂ ਨੂੰ ਤਿਆਰ ਕੀਤਾ ਹੈ, ਨਾਲ ਹੀ ਉਹਨਾਂ ਕਿਹਾ ਕਿ ਫਰਾਂਸ ਦੇ ਜੰਮਪਲ ਬੱਚਿਆਂ ਨੂੰ ਪੰਜਾਬੀ ਬੋਲਦਿਆਂ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ।ਸ੍ਰੀ ਸੁੱਖੀ ਬਾਠ ਜੀ ਨੇ ਪੰਜਾਬ ਭਵਨ ਸਰੀ ਕਨੇਡਾ ਵਲੋਂ ਸ਼ਾਇਰਾ ਕੁਲਵੰਤ ਕੌਰ ਚੰਨ ਜੀ ਹੋਰਾਂ ਨੂੰ "ਪੰਜਾਬੀ ਮਾਂ ਬੋਲੀ ਦਾ ਮਾਣ" ਐਵਾਰਡ ਅਤੇ ਫੁਲਕਾਰੀ ਨਾਲ ਸਨਮਾਨਿਤ ਕੀਤਾ ਅਤੇ ਚੇਅਰਮੈਨ ਸਰਦਾਰ ਰਣਜੀਤ ਸਿੰਘ, ਫਰਾਂਸ ਨੂੰ ਗਰਮ ਛਾਲ ਨਾਲ ਸਨਮਾਨਿਤ ਕੀਤਾ। ਸੰਸਥਾ ਦੇ ਜਨਰਲ ਸਕੱਤਰ ਸੁਖਪਾਲ ਸਿੰਘ ਜੀ ਵਲੋਂ ਸ੍ਰੀ ਸੁੱਖੀ ਬਾਠ ਜੀ ਨੂੰ ਸ਼ੁਕਰਾਨੇ ਵਜੋਂ ਸਨਮਾਨਿਤ ਕਰਦਿਆਂ ਕੀਮਤੀ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਇੰਗਲੈਂਡ ਤੋਂ 'ਸਿੱਖ ਚੈਨਲ' ਦੇ 'ਰੰਗ ਪੰਜਾਬ ਦੇ' ਪ੍ਰਸਿੱਧ ਐਂਕਰ ਬੀਬੀ ਪ੍ਰਵਿੰਦਰ ਸਰੋਆ ਜੀ ਇਸ ਪ੍ਰੋਗਰਾਮ ਵਿਚ ਕੁਲਵੰਤ ਕੌਰ ਚੰਨ ਜੀ ਦੇ ਸੱਦੇ ਤੇ ਫਰਾਂਸ ਪਹੁੰਚੇ ਜਿੰਨਾਂ ਨੂੰ ਵੀਲਪੰਥ ਦੀ ਸੰਗਤ ਵਲੋਂ ਫੁਲਕਾਰੀ ਭੇਟ ਕਰਕੇ ਸਨਮਾਨਤ ਕੀਤਾ ਗਿਆ। ਬੀਬੀ ਸਰੋਆ ਜੀ ਵਲੋਂ ਕੁਲਵੰਤ ਕੌਰ ਚੰਨ ਜੀ ਨੂੰ ਫੁਲਕਾਰੀ ਤੇ ਰਣਜੀਤ ਸਿੰਘ ਚੰਨ ਜੀ ਨੂੰ ਗਰਮ ਛਾਲ ਨਾਲ ਸਨਮਾਨਿਤ ਕੀਤਾ। ਵੀਲਪੰਥ, ਫਰਾਂਸ ਦੀਆਂ ਬੀਬੀਆਂ ਵਲੋਂ ਸਪੈਸ਼ਲ ਕੁਲਵੰਤ ਕੌਰ ਚੰਨ ਜੀ ਨੂੰ ਫੁੱਲਕਾਰੀਆਂ ਨਾਲ ਸਨਮਾਨਿਤ ਕੀਤਾ।

ਅੰਤਰਰਾਸ਼ਟਰੀ ਪੰਜਾਬੀ ਸੁਰਸੰਗਮ ਫਰਾਂਸ ਦੇ ਚੇਅਰਮੈਨ ਸ੍ਰ ਰਣਜੀਤ ਸਿੰਘ ਜੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਮੀਡੀਆ ਨਾਲ ਗੱਲਬਾਤ ਕਰਦਿਆਂ ਕੁਲਵੰਤ ਕੌਰ ਚੰਨ ਜੀ ਨੇ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਰੇ ਕਾਰਜ ਨੂੰ ਸ਼ੁਰੂ ਤੋਂ ਅਖੀਰ ਤੱਕ ਸਫਲ ਬਣਾਉਣ ਵਿੱਚ ਮਾਪਿਆਂ ਦਾ ਪੂਰਾ ਸਹਿਯੋਗ ਰਿਹਾ ਅਤੇ ਅੰਤਰਰਾਸ਼ਟਰੀ ਪੰਜਾਬੀ ਸੁਰ-ਸੰਗਮ, ਫਰਾਂਸ ਦੀ ਪੂਰੀ ਟੀਮ ਦਾ ਵੀ ਪੂਰਨ ਸਹਿਯੋਗ ਰਿਹਾ। ਨਾਲ ਹੀ ਉਹਨਾਂ ਕਿਹਾ ਕਿ ਸੰਸਥਾਪਕ ਪੰਜਾਬ ਭਵਨ ਸਰੀ, ਕੈਨੇਡਾ ਤੋਂ ਸ੍ਰੀ ਸੁੱਖੀ ਬਾਠ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਸਤਿਕਾਰ ਸਾਹਿਤ ਧੰਨਵਾਦ ਕਰਦੀ ਹਾਂ ਜਿਹਨਾਂ ਦੇ ਉਪਰਾਲੇ ਸਦਕਾ ਅਸੀ ਉੱਦਮ ਕਰ ਸਕੇ ਅਤੇ ਓਂਕਾਰ ਸਿੰਘ ਤੇਜੇ ਪ੍ਰੋਜੈਕਟ ਇੰਚਾਰਜ 'ਨਵੀਆਂ ਕਲਮਾਂ ਨਵੀਂ ਉਡਾਣ' ਜਿੰਨਾ ਦੀ ਬਹੁਤ ਸੇਵਾ ਹੈ ਇਸ ਲਹਿਰ ਵਿਚ ਸਾਡਾ ਭਾਰਤ ਦੇਸ਼ ਤੋਂ ਬਹੁਤ ਸਾਥ ਦਿੱਤਾ। ਨਾਲ ਹੀ ਉਹਨਾਂ ਫਰਾਂਸ ਦੇ ਸਾਥੀਆਂ ਦਾ ਧੰਨਵਾਦ ਕੀਤਾ ਜਿਹਨਾਂ ਵਿੱਚ ਅੰਮ੍ਰਿਤ, ਮੋਨਿਕਾ, ਸੁਖਦੀਪ, ਮਨਜਿੰਦਰ, ਅਪਿੰਦਰ, ਕਮਲਮਨਦੀਪ, ਰਮਨਜੀਤ, ਮਨੂੰ, ਗੁਰਮੀਤ, ਪਰਮਜੀਤ, ਕਮਲਜੀਤ, ਸੁਖਵੀਨ ਸਤਿੰਦਰਜੀਤ, ਪ੍ਰਦੀਪ, ਰੋਜ਼ੀ, ਸਾਨੀਆ, ਸ਼ਾਰਦਾ ਰਾਣੀ, ਪ੍ਰੀਤੀ, ਰੇਨੂੰ, ਸੀਮਾ, ਸੁਰਿੰਦਰ, ਮੀਨਾ, ਬੇਵੀ, ਸੁਮਨਦੀਪ, ਰਮਨਜੀਤ ਦੀਆਂ ਬੇਟੀਆਂ ਤੇ ਉਨ੍ਹਾਂ ਨਾਲ ਆਏ ਸਾਥੀਆਂ ਦਾ ਹੁਸਨਜੀਤ ਸਿੰਘ, ਸੁਖਚੈਨ ਸਿੰਘ, ਸੁਖਪਾਲ ਸਿੰਘ, ਹਸਪਿੰਦਰਜੀਤ ਸਿੰਘ, ਅਵਤਾਰ ਸਿੰਘ , ਮਨਦੀਪ ਸਿੰਘ, ਮਨਪ੍ਰੀਤ ਸਿੰਘ, ਹਰਜਿੰਦਰ ਸਿੰਘ, ਕਮਲਜੀਤ ਸਿੰਘ ਹਰਦੀਪ ਸਿੰਘ ਸਾਰਿਆਂ ਨੇ ਪ੍ਰੋਗਰਾਮ ਨੂੰ ਚਾਰ ਚੰਨ ਲਾਏ।

- ਸਰਬਜੀਤ ਸਿੰਘ ਜਰਮਨੀ

# ਕੈਨੇਡਾ ਜਾਣ ਦੇ ਚਾਹਵਾਨਾਂ ਲਈ ਵੱਡੀ ਰਾਹਤ

# ਠੱਗੀ ਮਾਰਨ ਵਾਲੇ ਏਜੰਟਾਂ ਦੀ ਹੁਣ ਖ਼ੈਰ ਨਹੀਂ, ਸਰਕਾਰ ਦੇਵੇਗੀ ਮੁਆਵਜ਼ਾ

>> 15 ਜੁਲਾਈ ਤੋਂ ਲਾਗੂ ਹੋਣਗੇ ਨਵੇਂ ਨਿਯਮ



ਓਟਾਵਾ-ਕੈਨੇਡਾ ਜਾਣ ਦਾ ਸੁਪਨਾ ਦੇਖਣ ਵਾਲੇ ਭਾਰਤੀ ਨੌਜਵਾਨਾਂ, ਖ਼ਾਸ ਕਰਕੇ ਪੰਜਾਬੀਆਂ ਲਈ ਇੱਕ ਬਹੁਤ ਹੀ ਅਹਿਮ ਅਤੇ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਦੇ ਨਾਂ 'ਤੇ ਹੋਣ ਵਾਲੀ ਲੁੱਟ-ਖਸੁੱਟ ਨੂੰ ਨੱਥ ਪਾਉਣ ਲਈ ਇੱਕ ਇਤਿਹਾਸਕ ਫੈਸਲਾ ਲਿਆ ਹੈ। ਹੁਣ ਜੇਕਰ ਕੋਈ ਲਾਇਸੰਸਸ਼ੁਦਾ ਏਜੰਟ ਕਿਸੇ ਵਿਦਿਆਰਥੀ ਜਾਂ ਕਾਮੇ ਨਾਲ ਧੋਖਾਧੜੀ ਕਰਦਾ ਹੈ, ਤਾਂ ਉਸ ਦਾ ਮੁਆਵਜ਼ਾ ਖ਼ੁਦ ਕੈਨੇਡਾ ਸਰਕਾਰ ਅਦਾ ਕਰੇਗੀ। ਕੈਨੇਡਾ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਇਹ ਨਵੇਂ ਨਿਯਮ 15 ਜੁਲਾਈ ਤੋਂ ਪੂਰੀ ਤਰ੍ਹਾਂ ਲਾਗੂ ਹੋ ਜਾਣਗੇ। ਇਸ ਯੋਜਨਾ ਦਾ ਮੁੱਖ ਉਦੇਸ਼ ਉਨ੍ਹਾਂ ਪੀੜਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ ਜੋ ਗਲਤ ਇਮੀਗ੍ਰੇਸ਼ਨ ਕੰਸਲਟੈਂਟਸ ਦੇ ਹੱਥੇ ਚੜ੍ਹ ਕੇ ਆਪਣੀ ਮਿਹਨਤ ਦੀ ਕਮਾਈ ਗੁਆ ਚੁੱਕੇ ਹਨ। ਠੱਗੀ ਦੇ ਸ਼ਿਕਾਰ ਲੋਕਾਂ ਨੂੰ ਸਰਕਾਰੀ ਫੰਡ ਵਿੱਚੋਂ ਪੈਸੇ ਵਾਪਸ ਮਿਲਣਗੇ। ਇਹ ਸਹੂਲਤ ਉਨ੍ਹਾਂ ਲੋਕਾਂ ਲਈ ਹੋਵੇਗੀ ਜੋ 23 ਨਵੰਬਰ 2021 ਤੋਂ ਬਾਅਦ ਠੱਗੀ ਦਾ ਸ਼ਿਕਾਰ ਹੋਏ ਹਨ। ਦੋਸ਼ੀ ਏਜੰਟਾਂ ਨੂੰ 9 ਕਰੋੜ ਰੁਪਏ (ਕੈਨੇਡੀਅਨ ਡਾਲਰਾਂ ਮੁਤਾਬਕ) ਤੱਕ ਦਾ ਜੁਰਮਾਨਾ ਅਤੇ 2 ਸਾਲ ਦੀ ਕੈਦ ਹੋ ਸਕਦੀ ਹੈ।

### ਪੰਜਾਬ ਅਤੇ ਗੁਜਰਾਤ 'ਤੇ ਪਵੇਗਾ ਸਭ ਤੋਂ ਵੱਧ ਅਸਰ

ਰਿਪੋਰਟਾਂ ਮੁਤਾਬਕ ਕੈਨੇਡਾ ਵਿੱਚ ਫੜੇ ਗਏ ਲਗਭਗ 10,000 ਫਰਜ਼ੀ ਐਡਮਿਸ਼ਨ ਲੈਟਰਾਂ ਵਿੱਚੋਂ 80 ਫੀਸਦੀ ਮਾਮਲੇ ਇਕੱਲੇ ਪੰਜਾਬ ਅਤੇ ਗੁਜਰਾਤ ਨਾਲ ਸਬੰਧਤ ਸਨ। ਅਜਿਹੇ ਵਿੱਚ ਇਹ ਫੈਸਲਾ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਉਮੀਦ ਦੀ ਕਿਰਨ ਬਣਿਆ ਹੈ ਜੋ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਦੇ ਹਨ। ਸਰਕਾਰ ਅਪ੍ਰੈਲ 2027 ਤੱਕ ਲਾਇਸੰਸਸ਼ੁਦਾ ਕੰਸਲਟੈਂਟਸ ਦੀ ਇੱਕ ਜਨਤਕ ਆਨਲਾਈਨ ਸੂਚੀ ਵੀ ਜਾਰੀ ਕਰੇਗੀ, ਜਿਸ ਰਾਹੀਂ ਕੋਈ ਵੀ ਵਿਅਕਤੀ ਏਜੰਟ ਦਾ ਪਿਛਲਾ ਰਿਕਾਰਡ ਅਤੇ ਉਸ ਵਿਰੁੱਧ ਹੋਈਆਂ ਸ਼ਿਕਾਇਤਾਂ ਦੀ ਜਾਂਚ ਕਰ ਸਕੇਗਾ। ਜਿੱਥੇ ਠੱਗੀ ਵਿਰੁੱਧ ਸਖ਼ਤੀ ਹੋਈ ਹੈ, ਉੱਥੇ ਹੀ ਪੱਕੇ ਹੋਣ ਦੀ ਰਾਹ ਦੇਖ ਰਹੇ ਨੌਜਵਾਨਾਂ ਲਈ ਇੱਕ ਚਿੰਤਾਜਨਕ ਖ਼ਬਰ ਵੀ ਹੈ। ਕੈਨੇਡਾ ਸਰਕਾਰ ਨੇ ਆਪਣੀ ਤਰਜੀਹੀ ਲਿਸਟ ਵਿੱਚੋਂ ਫੂਡ ਅਤੇ ਸਰਵਿਸ ਸੈਕਟਰ ਨੂੰ ਹਟਾ ਦਿੱਤਾ ਹੈ।

ਹੁਣ ਸਬਵੇਅ, ਟਿਮ ਹੌਰਟਨਸ ਅਤੇ ਗੈਸ ਸਟੇਸ਼ਨਾਂ ਵਰਗੀਆਂ ਥਾਵਾਂ 'ਤੇ ਕੰਮ ਕਰਨ ਵਾਲੇ ਨੌਜਵਾਨਾਂ ਲਈ ਪੀ.ਆਰ. ਲੈਣੀ ਔਖੀ ਹੋ ਜਾਵੇਗੀ। ਹੁਣ ਸਰਕਾਰ ਸਿਰਫ਼ ਹੈਲਥਕੇਅਰ, ਕੰਸਟ੍ਰਕਸ਼ਨ (ਉਸਾਰੀ) ਅਤੇ ਸਾਇੰਸ ਵਰਗੇ ਖੇਤਰਾਂ ਵਿੱਚ ਮਾਹਿਰ ਲੋਕਾਂ ਨੂੰ ਹੀ ਪਹਿਲ ਦੇ ਰਹੀ ਹੈ।

# ਸਰਹੱਦ ਪਾਰੋਂ ਨਵੀਂ ਸਾਜ਼ਿਸ਼: ਪਾਕਿਸਤਾਨੀ ਤਸਕਰਾਂ ਦੇ ਜਾਲ ਵਿੱਚ ਫਸ ਰਹੇ ਪੰਜਾਬ ਦੇ ਨਾਬਾਲਗ

**✪ ਡਰੋਨ, ਡਿਜੀਟਲ ਗੇਮਿੰਗ ਤੇ ਲਾਲਚ: ਨਾਬਾਲਗਾਂ ਨੂੰ 'ਕੈਰੀਅਰ' ਵਜੋਂ ਵਰਤ ਰਹੇ ਨੇ ਸਰਹੱਦ ਪਾਰਲੇ ਹੈਂਡਲਰ ✪ ਪੰਜਾਬ ਪੁਲਿਸ ਦੀ ਜਾਂਚ 'ਚ ਨਾਬਾਲਗਾਂ ਦੀ ਤਸਕਰੀ 'ਚ ਸ਼ਮੂਲੀਅਤ ਦਾ ਪਰਦਾਫਾਸ਼**

ਪਾਕਿਸਤਾਨੀ ਤਸਕਰ ਅਤੇ ਉਨ੍ਹਾਂ ਦੇ ਭਾਰਤੀ ਹੈਂਡਲਰ ਹੁਣ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੇ ਨਾਬਾਲਗ ਬੱਚਿਆਂ ਨੂੰ ਆਪਣੀ ਨਾਪਾਕ ਸਾਜ਼ਿਸ਼ ਦਾ ਹਿੱਸਾ ਬਣਾ ਰਹੇ ਹਨ। ਅੰਮ੍ਰਿਤਸਰ, ਫਾਜ਼ਿਲਕਾ, ਬਟਾਲਾ ਅਤੇ ਤਰਨਤਾਰਨ ਵਰਗੇ ਖੇਤਰਾਂ ਵਿੱਚ ਬੱਚਿਆਂ ਦਾ ਤਸਕਰੀ ਦੇ ਜਾਲ ਵਿੱਚ ਫਸਣਾ ਪ੍ਰਸ਼ਾਸਨ ਅਤੇ ਸਮਾਜ ਲਈ ਇੱਕ ਵੱਡੀ ਚੇਤਾਵਨੀ ਹੈ। ਪਾਕਿਸਤਾਨੀ ਹੈਂਡਲਰਾਂ ਨੇ ਆਪਣੀ ਰਣਨੀਤੀ ਬਦਲ ਲਈ ਹੈ।

ਉਹ ਜਾਣਦੇ ਹਨ ਕਿ ਨਾਬਾਲਗਾਂ 'ਤੇ ਸੁਰੱਖਿਆ ਬਲਾਂ ਦਾ ਸ਼ੱਕ ਘੱਟ ਹੁੰਦਾ ਹੈ ਅਤੇ ਫੜੇ ਜਾਣ ਦੀ ਸੂਰਤ ਵਿੱਚ ਉਹ ਕਾਨੂੰਨੀ ਸਜ਼ਾ ਤੋਂ ਵੀ ਬਚ ਸਕਦੇ ਹਨ। ਸੋਸ਼ਲ ਮੀਡੀਆ ਅਤੇ ਮੋਬਾਈਲ ਗੇਮਿੰਗ ਐਪਸ ਰਾਹੀਂ ਇਨ੍ਹਾਂ ਮਾਸੂਮਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਗਰੀਬੀ ਅਤੇ ਜਲਦੀ ਪੈਸਾ ਕਮਾਉਣ ਦੇ ਲਾਲਚ ਵਿੱਚ ਇਹ ਬੱਚੇ ਮਹਿਜ਼ ਕੁਝ ਹਜ਼ਾਰ ਰੁਪਏ ਬਦਲੇ ਅਣਜਾਣੇ ਵਿੱਚ ਅਜਿਹੇ ਪੈਕੇਟ ਚੁੱਕ ਰਹੇ ਹਨ, ਜਿਨ੍ਹਾਂ ਵਿੱਚ ਹੈਰੋਇਨ, ਹਥਿਆਰ ਜਾਂ ਵਿਸਫੋਟਕ ਹੁੰਦੇ ਹਨ। ਮਾਰਚ ਅਤੇ ਅਪ੍ਰੈਲ 2026 ਦੌਰਾਨ ਹੋਈਆਂ ਗ੍ਰਿਫ਼ਤਾਰੀਆਂ ਦੇ ਅੰਕੜੇ ਦੱਸਦੇ ਹਨ ਕਿ ਇਹ ਕੋਈ ਇੱਕ-ਦੁੱਕਾ ਘਟਨਾ ਨਹੀਂ, ਸਗੋਂ ਇੱਕ ਸੰਗਠਿਤ ਅਪਰਾਧ ਹੈ। ਜਦੋਂ 16 ਸਾਲ ਦਾ ਬੱਚਾ ਆਧੁਨਿਕ ਪਿਸਤੌਲਾਂ ਅਤੇ ਨਸ਼ੀਲੇ ਪਦਾਰਥਾਂ ਨਾਲ ਫੜਿਆ ਜਾਂਦਾ ਹੈ, ਤਾਂ ਇਹ ਸਿਰਫ਼ ਪੁਲਿਸ ਦਾ ਮਸਲਾ ਨਹੀਂ ਰਹਿ ਜਾਂਦਾ, ਸਗੋਂ ਇਹ ਇੱਕ ਗੰਭੀਰ ਸਮਾਜਿਕ ਬਿਮਾਰੀ ਦਾ ਲੱਛਣ ਬਣ ਜਾਂਦਾ ਹੈ। ਬੇਰੁਜ਼ਗਾਰੀ ਅਤੇ ਸਰਹੱਦੀ ਪਿੰਡਾਂ ਵਿੱਚ ਸਿੱਖਿਆ ਤੇ ਜਾਗਰੂਕਤਾ ਦੀ ਘਾਟ ਨੇ ਤਸਕਰਾਂ ਦਾ ਕੰਮ ਆਸਾਨ ਕਰ ਦਿੱਤਾ ਹੈ।

ਪੰਜਾਬ ਟਾਈਮਜ਼ ਅਨੁਸਾਰ ਹੁਣ ਸਮਾਂ ਸਿਰਫ਼ ਸੁਰੱਖਿਆ ਏਜੰਸੀਆਂ ਵੱਲੋਂ ਨਿਗਰਾਨੀ ਵਧਾਉਣ ਦਾ ਨਹੀਂ ਹੈ, ਸਗੋਂ ਇੱਕ ਸਰਬਪੱਖੀ ਰਣਨੀਤੀ ਦੀ ਲੋੜ ਹੈ। ਸਰਹੱਦੀ ਪਿੰਡਾਂ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਡਿਜੀਟਲ ਗਤੀਵਿਧੀਆਂ ਪ੍ਰਤੀ ਸੁਚੇਤ ਕਰਨਾ ਪਵੇਗਾ। ਜੇਕਰ ਅਸੀਂ ਅੱਜ ਆਪਣੇ ਨਾਬਾਲਗਾਂ ਨੂੰ ਇਸ ਦਲਦਲ ਵਿੱਚੋਂ ਨਾ ਕੱਢਿਆ, ਤਾਂ ਆਉਣ ਵਾਲੀ ਨਸਲ ਦਾ ਭਵਿੱਖ ਤਾਰ-ਤਾਰ ਹੋ ਜਾਵੇਗਾ। ਪੁਲਿਸ ਦੀ ਡਿਜੀਟਲ ਟਰੈਕਿੰਗ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ ਦੀ ਲਹਿਰ ਹੀ ਪਾਕਿਸਤਾਨੀ ਤਸਕਰਾਂ ਦੇ ਇਨ੍ਹਾਂ ਇਰਾਦਿਆਂ ਨੂੰ ਮਾਤ ਦੇ ਸਕਦੀ ਹੈ।

# ਏਅਰ ਇੰਡੀਆ ਵੱਲੋਂ ਅੰਤਰਰਾਸ਼ਟਰੀ ਉਡਾਨਾਂ ਵਿੱਚ ਕਟੌਤੀ ਦਿੱਲੀ-ਸ਼ਿਕਾਗੋ ਸਮੇਤ 6 ਵਿਦੇਸ਼ੀ ਰੂਟਾਂ 'ਤੇ ਸੇਵਾਵਾਂ ਬੰਦ

ਨਵੀਂ ਦਿੱਲੀ: ਏਅਰ ਇੰਡੀਆ ਨੇ ਬੁੱਧਵਾਰ ਨੂੰ ਵਿਦੇਸ਼ੀ ਉਡਾਣਾਂ ਦੇ ਸੰਚਾਲਨ ਵਿੱਚ ਵੱਡੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਹਵਾਈ ਖੇਤਰ ਦੀਆਂ ਪਾਬੰਦੀਆਂ ਅਤੇ ਹਵਾਈ ਜਹਾਜ਼ਾਂ ਦੇ ਤੇਲ (ਈਂਧਨ) ਦੀਆਂ ਵਧਦੀਆਂ ਕੀਮਤਾਂ ਕਾਰਨ ਕੰਪਨੀ ਨੇ ਦਿੱਲੀ-ਸ਼ਿਕਾਗੋ ਸਮੇਤ ਛੇ ਮਹੱਤਵਪੂਰਨ ਵਿਦੇਸ਼ੀ ਰੂਟਾਂ 'ਤੇ ਆਪਣੀਆਂ ਸੇਵਾਵਾਂ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਹਨ।ਕਟੌਤੀ ਦੇ ਮੁੱਖ ਕਾਰਨ ਏਅਰਲਾਈਨ ਵੱਲੋਂ ਜਾਰੀ ਬਿਆਨ ਅਨੁਸਾਰ, ਇਸ ਫੈਸਲੇ ਪਿੱਛੇ ਕਈ ਅਹਿਮ ਕਾਰਨ ਹਨ: ਤੇਲ ਦੀਆਂ ਵਧੀਆਂ ਕੀਮਤਾਂ: ਅੰਤਰਰਾਸ਼ਟਰੀ ਪੱਧਰ 'ਤੇ ਜੈੱਟ ਈਂਧਨ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਗਈਆਂ ਹਨ, ਜਿਸ ਕਾਰਨ ਉਡਾਣਾਂ ਦਾ ਖ਼ਰਚਾ ਕੱਢਣਾ ਮੁਸ਼ਕਿਲ ਹੋ ਰਿਹਾ ਹੈ।ਹਵਾਈ ਖੇਤਰ ਦੀਆਂ ਪਾਬੰਦੀਆਂ: ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਅਤੇ ਕੁਝ ਖੇਤਰਾਂ ਵਿੱਚ ਹਵਾਈ ਰਸਤੇ ਬੰਦ ਹੋਣ ਕਾਰਨ ਉਡਾਣਾਂ ਦੇ ਰੂਟ ਲੰਬੇ ਹੋ ਗਏ ਹਨ।ਆਰਥਿਕ ਘਾਟਾ: ਕੰਪਨੀ ਅਨੁਸਾਰ, ਇਨ੍ਹਾਂ ਹਾਲਾਤਾਂ ਵਿੱਚ ਉਡਾਣਾਂ ਜਾਰੀ ਰੱਖਣਾ ਵਪਾਰਕ ਪੱਖੋਂ ਨੁਕਸਾਨਦੇਹ ਸਾਬਤ ਹੋ ਰਿਹਾ ਸੀ।

# ਮੋਦੀ ਸਰਕਾਰ ਦਾ ਫੈਸਲਾ: ਹੁਣ 'ਰਾਸ਼ਟਰ ਗੀਤ' (ਵੰਦੇ ਮਾਤਰਮ) ਦਾ ਨਿਰਾਦਰ ਕਰਨ 'ਤੇ ਹੋਵੇਗੀ ਸਜ਼ਾ



ਨਵੀਂ ਦਿੱਲੀ-ਕੇਂਦਰ ਦੀ ਮੋਦੀ ਸਰਕਾਰ ਨੇ ਇੱਕ ਇਤਿਹਾਸਕ ਫੈਸਲਾ ਲੈਂਦਿਆਂ 'ਰਾਸ਼ਟਰ ਗੀਤ' (ਵੰਦੇ ਮਾਤਰਮ) ਨੂੰ ਵੀ 'ਰਾਸ਼ਟਰ ਗਾਣ' (ਜਨ-ਗਣ-ਮਨ) ਦੇ ਬਰਾਬਰ ਦਾ ਦਰਜਾ ਅਤੇ ਸਤਿਕਾਰ ਦੇਣ ਦੀ ਤਿਆਰੀ ਕਰ ਲਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਮੰਗਲਵਾਰ ਨੂੰ ਹੋਈ ਕੈਬਨਿਟ ਮੀਟਿੰਗ ਵਿੱਚ 'ਰਾਸ਼ਟਰੀ ਗੌਰਵ ਅਪਮਾਨ ਨਿਵਾਰਣ ਐਕਟ, 1971' ਵਿੱਚ ਸੋਧ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ।

ਹੁਣ ਤੱਕ ਇਸ ਕਾਨੂੰਨ ਦੇ ਤਹਿਤ ਸਿਰਫ਼ ਰਾਸ਼ਟਰੀ ਝੰਡੇ, ਸੰਵਿਧਾਨ ਅਤੇ ਰਾਸ਼ਟਰ ਗਾਣ ਦੇ ਅਪਮਾਨ 'ਤੇ ਹੀ ਕਾਰਵਾਈ ਹੁੰਦੀ ਸੀ। ਪਰ ਨਵੀਂ ਸੋਧ ਤੋਂ ਬਾਅਦ ਰਾਸ਼ਟਰ ਗੀਤ (ਵੰਦੇ ਮਾਤਰਮ) ਦਾ ਨਿਰਾਦਰ ਕਰਨ 'ਤੇ 3 ਸਾਲ ਦੀ ਸਜ਼ਾ, ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਜਿਵੇਂ ਰਾਸ਼ਟਰ ਗਾਣ ਲਈ 52 ਸਕਿੰਟ ਦਾ ਸਮਾਂ ਤੈਅ ਹੈ, ਉਸੇ ਤਰ੍ਹਾਂ ਰਾਸ਼ਟਰ ਗੀਤ ਲਈ 3 ਮਿੰਟ 52 ਸਕਿੰਟ ਦਾ ਸਮਾਂ ਤੈਅ ਕੀਤਾ ਗਿਆ ਹੈ। ਹੁਣ ਰਾਸ਼ਟਰ ਗੀਤ ਦੇ ਸਾਰੇ 6 ਸ਼ਲੋਕਾਂ ਨੂੰ ਗਾਉਣਾ ਲਾਜ਼ਮੀ ਹੋਵੇਗਾ। ਅਧੂਰਾ ਗੀਤ ਗਾਉਣਾ ਜਾਂ ਇਸ ਵਿੱਚ ਵਿਘਨ ਪਾਉਣਾ ਵੀ ਨਿਰਾਦਰ ਦੀ ਸ਼੍ਰੇਣੀ ਵਿੱਚ ਆਵੇਗਾ।

ਜ਼ਿਕਰਯੋਗ ਹੈ ਕਿ 1937 ਵਿੱਚ ਕਾਂਗਰਸ ਦੇ ਇਜਲਾਸ ਦੌਰਾਨ, ਭਾਰਤ ਮਾਤਾ ਦੇ ਹਿੰਦੂ ਪ੍ਰਤੀਕਾਂ ਦੇ ਵਿਰੋਧ ਨੂੰ ਦੇਖਦੇ ਹੋਏ ਸਿਰਫ਼ ਪਹਿਲੇ ਦੋ ਸ਼ਲੋਕ ਗਾਉਣ ਦਾ ਫੈਸਲਾ ਲਿਆ ਗਿਆ ਸੀ। ਹਾਲਾਂਕਿ, ਮੌਜੂਦਾ ਸਰਕਾਰ ਨੇ ਇਸ ਨੂੰ ਬੰਕਿਮ ਚੰਦਰ ਚੈਟਰਜੀ ਦਾ ਨਿਰਾਦਰ ਦੱਸਦਿਆਂ ਹੁਣ ਪੂਰੇ ਗੀਤ ਨੂੰ ਮਾਨਤਾ ਦੇਣ ਦਾ ਫੈਸਲਾ ਕੀਤਾ ਹੈ।

ਇਹ ਫੈਸਲਾ ਬੰਗਾਲ ਦੀ ਸਿਆਸਤ ਅਤੇ ਭਾਵਨਾਵਾਂ ਦੇ ਲਿਹਾਜ਼ ਨਾਲ ਵੀ ਅਹਿਮ ਮੰਨਿਆ ਜਾ ਰਿਹਾ ਹੈ। ਬੰਕਿਮ ਚੰਦਰ ਚੈਟਰਜੀ ਵੱਲੋਂ 1875 ਵਿੱਚ ਲਿਖਿਆ ਗਿਆ ਇਹ ਗੀਤ ਆਜ਼ਾਦੀ ਦੇ ਅੰਦੋਲਨ ਦਾ ਮੁੱਖ ਨਾਅਰਾ ਬਣਿਆ ਸੀ। ਸਰਕਾਰ ਦੇ ਇਸ ਕਦਮ ਨੂੰ ਬੰਗਾਲ ਦੀ ਵਿਰਾਸਤ ਨੂੰ ਸਨਮਾਨ ਦੇਣ ਦੇ ਰੂਪ ਵਿੱਚ ਵੀ ਦੇਖਿਆ ਜਾ ਰਿਹਾ ਹੈ।

# ਬੇਅਦਬੀ ਕਾਨੂੰਨ 'ਚ ਤਰੁੱਟੀਆਂ ਦੂਰ ਕਰਵਾਉਣ ਲਈ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਜ਼ਿੰਮੇਵਾਰੀ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕੋਰ ਕਮੇਟੀ ਦੀ ਅਹਿਮ ਮੀਟਿੰਗ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਸਟੈਂਡ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਮੀਟਿੰਗ ਦੇ ਮੁੱਖ ਫੈਸਲੇ ਅਤੇ ਰਾਇ-ਕੋਰ ਕਮੇਟੀ ਵਿੱਚ ਇਹ ਆਮ ਰਾਏ ਬਣੀ ਕਿ ਕਾਨੂੰਨ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਬਜਾਏ ਇਸ ਦੀਆਂ ਤਰੁੱਟੀਆਂ ਨੂੰ ਦੂਰ ਕਰਵਾਉਣ ਲਈ ਯਤਨ ਕੀਤੇ ਜਾਣ। ਮੀਟਿੰਗ ਦੌਰਾਨ ਹੇਠ ਲਿਖੇ ਨੁਕਤੇ ਉਭਰ ਕੇ ਸਾਹਮਣੇ ਆਏ:

ਮੈਂਬਰਾਂ ਨੇ ਚਿੰਤਾ ਪ੍ਰਗਟਾਈ ਕਿ ਕਾਨੂੰਨ ਵਿੱਚ ਕੁਝ ਅਜਿਹੀਆਂ ਖਾਮੀਆਂ ਹਨ ਜਿਸ ਕਾਰਨ ਆਮ ਸਿੱਖ ਸ਼ਰਧਾਲੂ ਗੁਟਕਾ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਭ-ਸੰਭਾਲ ਤੋਂ ਭੈ-ਭੀਤ ਹੋ ਸਕਦੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਕਿਹਾ ਗਿਆ ਹੈ ਕਿ ਉਹ ਸਿੱਖ ਬੁੱਧੀਜੀਵੀਆਂ, ਇਤਿਹਾਸਕਾਰਾਂ ਅਤੇ ਸੀਨੀਅਰ ਸਿੰਘ ਸਾਹਿਬਾਨਾਂ ਦਾ ਇੱਕ ਪੈਨਲ ਬਣਾਉਣ। ਇਹ ਪੈਨਲ ਕਾਨੂੰਨ ਦੀਆਂ ਤਰੁੱਟੀਆਂ ਸਬੰਧੀ ਇੱਕ ਵਿਸਥਾਰਤ ਦਸਤਾਵੇਜ਼ ਤਿਆਰ ਕਰੇਗਾ, ਜਿਸ ਦੀ ਕਾਪੀ ਪੰਜਾਬ ਦੇ ਰਾਜਪਾਲ ਨੂੰ ਸੌਂਪੀ ਜਾਵੇਗੀ।

ਮੀਟਿੰਗ ਦੀ ਕਾਰਵਾਈ ਤੋਂ ਸੰਕੇਤ ਮਿਲਦੇ ਹਨ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਫਿਲਹਾਲ ਰਾਜ ਸਰਕਾਰ ਨਾਲ ਸਿੱਧੇ ਟਕਰਾਅ ਤੋਂ ਬਚਣਾ ਚਾਹੁੰਦੇ ਹਨ, ਪਰ ਧਾਰਮਿਕ ਅਕੀਦੇ ਦੀ ਰਾਖੀ ਲਈ ਕਾਨੂੰਨੀ ਸੋਧਾਂ 'ਤੇ ਜ਼ੋਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਬਿਕਰਮ ਸਿੰਘ ਮਜੀਠੀਆ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਡਾ. ਦਲਜੀਤ ਸਿੰਘ ਚੀਮਾ, ਅਤੇ ਹੋਰ ਸੀਨੀਅਰ ਆਗੂ ਤੇ ਕੋਰ ਕਮੇਟੀ ਮੈਂਬਰ ਹਾਜ਼ਰ ਸਨ।

## ਮੁੱਖ ਮੰਤਰੀ ਦੇ ਪਰਿਵਾਰ 'ਚ ਭਾਜਪਾ ਦੀ ਸੰਨ੍ਹ: ਚਚੇਰਾ ਭਰਾ ਗਿਆਨ ਸਿੰਘ ਮਾਨ ਭਾਜਪਾ ਵਿੱਚ ਸ਼ਾਮਿਲ

ਚੰਡੀਗੜ੍ਹ-ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਵੱਡਾ ਧਮਾਕਾ ਹੋਇਆ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਪੱਲਾ ਫੜ ਲਿਆ। ਚੰਡੀਗੜ੍ਹ ਸਥਿਤ ਭਾਜਪਾ ਦਫ਼ਤਰ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਇਆ।



ਕੌਣ-ਕੌਣ ਹੋਏ ਸ਼ਾਮਿਲ ?-ਗਿਆਨ ਸਿੰਘ ਮਾਨ ਦੇ ਨਾਲ-ਨਾਲ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਭਾਜਪਾ ਜੁਆਇਨ ਕੀਤੀ। ਬਲਜਿੰਦਰ ਸਿੰਘ ਵੜਿੰਗ: ਬਰਨਾਲਾ ਦੇ ਮਸ਼ਹੂਰ ਕਾਰੋਬਾਰੀ ਅਤੇ ਐਨ. ਆਰ. ਆਈ.।

ਮਨਜਿੰਦਰ ਸਿੰਘ ਸਾਜਣ ਖੇੜਾ: ਜਲਾਲਾਬਾਦ ਤੋਂ 'ਆਪ' ਵਿਧਾਇਕ ਗੋਲਡੀ ਕੰਬੋਜ ਦੇ ਸਾਬਕਾ ਪੀ.ਏ. ਅਤੇ ਅਰਨੀਵਾਲਾ ਜ਼ੋਨ ਇੰਚਾਰਜ।

## ਭਗਤਾ ਭਾਈਕਾ ਵਿੱਚ ਭਾਜਪਾ ਨੂੰ ਵੱਡਾ ਸਿਆਸੀ ਝਟਕਾ

### ਐਲਾਨੇ ਉਮੀਦਵਾਰ ਸੁਖਮੰਦਰ ਸਿੰਘ ਨੇ ਚੋਣ ਲੜਨ ਤੋਂ ਕੀਤੀ ਨਾਂਹ



ਭਗਤਾ ਭਾਈਕਾ (ਬਠਿੰਡਾ)-ਨਗਰ ਪੰਚਾਇਤ ਚੋਣਾਂ ਦੇ ਮੈਦਾਨ ਵਿੱਚ ਉਤਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਉਸ ਵੇਲੇ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦੋਂ ਪਾਰਟੀ ਵੱਲੋਂ ਐਲਾਨੇ ਗਏ ਇੱਕ ਉਮੀਦਵਾਰ ਨੇ ਟਿਕਟ ਮਿਲਣ ਦੇ 24 ਘੰਟਿਆਂ ਦੇ ਅੰਦਰ ਹੀ ਚੋਣ ਲੜਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੁਖਮੰਦਰ ਸਿੰਘ ਮੰਦਰ ਨੇ ਭਾਜਪਾ ਤੋਂ ਦੂਰੀ ਬਣਾਉਣ ਦਾ ਕਾਰਨ ਪਾਰਟੀ ਦੀਆਂ ਨੀਤੀਆਂ ਨੂੰ ਦੱਸਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਹ ਭਾਜਪਾ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹਨ, ਜਿਸ ਕਾਰਨ ਉਹ ਪਾਰਟੀ ਛੱਡ ਚੁੱਕੇ ਹਨ। ਹੁਣ ਉਨ੍ਹਾਂ ਦਾ ਭਾਜਪਾ ਨਾਲ ਕੋਈ ਸਬੰਧ ਨਹੀਂ ਹੈ। ਉਹ ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਰਨਗੇ।

## ਮਲੋਟ ਵਿਚ ਭਾਜਪਾ ਵਰਕਰ ਰਾਘਵ ਗੋਇਲ ਦੇ ਘਰ ਸੀਬੀਆਈ ਦੀ ਛਾਪੇਮਾਰੀ



ਮਲੋਟ-ਬੀਤੇ ਦਿਨੀਂ ਚੰਡੀਗੜ੍ਹ ਸੀਬੀਆਈ ਦੀ ਇੱਕ ਟੀਮ ਨੇ ਮਲੋਟ ਦੇ ਵਾਟਰ ਵਰਕਸ ਰੋਡ 'ਤੇ ਸਥਿਤ ਭਾਜਪਾ ਵਰਕਰ ਅਤੇ ਉਸਾਰੀ ਠੇਕੇਦਾਰ ਰਾਘਵ ਗੋਇਲ ਦੇ ਘਰ ਛਾਪਾ ਮਾਰਿਆ। ਇਹ ਕਾਰਵਾਈ ਡੀ.ਐਸ.ਪੀ. ਪਵਿੱਤਰ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਛਾਪੇਮਾਰੀ ਦੌਰਾਨ ਰਾਘਵ ਗੋਇਲ ਅਤੇ ਉਸ ਦੇ ਪਿਤਾ ਵਿਕਾਸ ਗੋਇਲ ਘਰ ਮੌਜੂਦ ਨਹੀਂ ਸਨ। ਸੂਤਰਾਂ ਅਨੁਸਾਰ ਟੀਮ ਆਪਣੇ ਨਾਲ ਕੁਝ ਅਹਿਮ ਦਸਤਾਵੇਜ਼ ਅਤੇ ਨਕਦੀ ਲੈ ਕੇ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਾਰਵਾਈ ਜਾਇਦਾਦ ਨਾਲ ਸਬੰਧਤ ਕਿਸੇ ਰਿਸ਼ਵਤ ਮਾਮਲੇ ਦੇ ਸਬੰਧ ਵਿੱਚ ਕੀਤੀ ਗਈ ਹੈ। ਰਾਘਵ ਅਤੇ ਉਸ ਦੇ ਪਿਤਾ ਸੜਕਾਂ ਦੇ ਨਿਰਮਾਣ ਦੇ ਠੇਕੇਦਾਰ ਹਨ। ਰਾਘਵ ਭਾਜਪਾ ਦਾ ਵਰਕਰ ਹੈ ਅਤੇ ਸੋਸ਼ਲ ਮੀਡੀਆ 'ਤੇ ਕੇਂਦਰੀ ਭਾਜਪਾ ਆਗੂਆਂ ਨਾਲ ਆਪਣੀਆਂ ਤਸਵੀਰਾਂ ਕਾਰਨ ਚਰਚਾ ਵਿੱਚ ਰਹਿੰਦਾ ਹੈ। ਇਲਾਕੇ ਵਿੱਚ ਉਸਦਾ ਕਾਫ਼ੀ ਪ੍ਰਭਾਵ ਹੈ ਅਤੇ ਉਸ ਕੋਲ ਸਰਕਾਰੀ ਸੁਰੱਖਿਆ ਵੀ ਹੈ। ਇਲਾਕੇ ਵਿੱਚ ਚਰਚਾ ਹੈ ਕਿ ਰਾਘਵ ਗੋਇਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਛੋਟੇ ਥਾਣੇਦਾਰ ਦੀ ਗੁੰਡਾਗਰਦੀ: ਪੀਆਰਟੀਸੀ ਬੱਸ ਦੇ ਕੰਡਕਟਰ 'ਤੇ ਤਾਣਿਆ ਰਿਵਾਲਵਰ, ਵੀਡੀਓ ਵਾਇਰਲ

ਡਡਵਿੰਡੀ (ਕਪੂਰਥਲਾ)-ਸੁਲਤਾਨਪੁਰ ਲੋਧੀ-ਕਪੂਰਥਲਾ ਰੂਟ 'ਤੇ ਚੱਲ ਰਹੀ ਪੀਆਰਟੀਸੀ ਦੀ ਬੱਸ ਵਿੱਚ ਉਸ ਵੇਲੇ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਇੱਕ ਏ.ਐੱਸ.ਆਈ. ਨੇ ਮਹਿਜ਼ ਮਾਮੂਲੀ ਗੱਲ ਪਿੱਛੇ ਬੱਸ ਕੰਡਕਟਰ 'ਤੇ ਆਪਣਾ ਸਰਕਾਰੀ ਰਿਵਾਲਵਰ ਤਾਣ ਦਿੱਤਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਵਿੱਚ ਪੁਲਿਸ ਮੁਲਾਜ਼ਮ ਸ਼ਰੇਆਮ ਧਮਕੀਆਂ ਦਿੰਦਾ ਨਜ਼ਰ ਆ ਰਿਹਾ ਹੈ।





ਕਿਵੇਂ ਹੋਇਆ ਝਗੜਾ ?-ਜਦੋਂ ਏ.ਐੱਸ.ਆਈ. ਸੁਲਤਾਨਪੁਰ ਲੋਧੀ ਬਾਈਪਾਸ ਤੋਂ ਬੱਸ ਵਿੱਚ ਸਵਾਰ ਹੋਇਆ, ਤਾਂ ਕੰਡਕਟਰ ਨੇ ਉਸ ਪਾਸੋਂ ਵਾਊਚਰ ਮੰਗਿਆ, ਜਿਸ ਲਈ ਪੁਲਿਸ ਮੁਲਾਜ਼ਮ ਨੇ ਸਾਫ਼ ਨਾਂਹ ਕਰ ਦਿੱਤੀ। ਕੰਡਕਟਰ ਨੇ ਜਦੋਂ ਏ.ਐੱਸ.ਆਈ. ਨੂੰ ਆਪਣਾ ਬੈਗ ਚੁੱਕ ਕੇ ਨਾਲ ਵਾਲੀ ਸੀਟ 'ਤੇ ਇੱਕ ਹੋਰ ਸਵਾਰੀ ਬਿਠਾਉਣ ਲਈ ਕਿਹਾ, ਤਾਂ ਪੁਲਿਸ ਮੁਲਾਜ਼ਮ ਗੁੱਸੇ ਵਿੱਚ ਆ ਗਿਆ। ਤਕਰਾਰ ਇੰਨੀ ਵੱਧ ਗਈ ਕਿ ਗੁੱਸੇ ਵਿੱਚ ਆਏ ਏ.ਐੱਸ.ਆਈ. ਨੇ ਆਪਣਾ ਸਰਕਾਰੀ ਰਿਵਾਲਵਰ ਕੱਢ ਲਿਆ ਅਤੇ ਕੰਡਕਟਰ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਬੱਸ ਵਿੱਚ ਮੌਜੂਦ ਸਵਾਰੀਆਂ ਇਸ ਮੰਜ਼ਰ ਨੂੰ ਵੇਖ ਕੇ ਸਹਿਮ ਗਈਆਂ। ਇਸ ਦੌਰਾਨ ਇੱਕ ਯਾਤਰੀ ਨੇ ਮੌਕੇ 'ਤੇ ਵੀਡੀਓ ਬਣਾ ਲਈ, ਜੋ ਹੁਣ ਪੁਲਿਸ ਪ੍ਰਸ਼ਾਸਨ ਲਈ ਸਬੂਤ ਬਣ ਗਈ ਹੈ। ਇਸ ਘਟਨਾ ਤੋਂ ਬਾਅਦ ਪੀ.ਆਰ.ਟੀ.ਸੀ ਦੇ ਕਰਮਚਾਰੀਆਂ ਵਿੱਚ ਪੁਲਿਸ ਮੁਲਾਜ਼ਮ ਦੇ ਵਤੀਰੇ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਰਮਚਾਰੀ ਜਥੇਬੰਦੀਆਂ ਨੇ ਦੋਸ਼ੀ ਪੁਲਿਸ ਮੁਲਾਜ਼ਮ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਪ੍ਰਸ਼ਾਸਨ ਨੇ ਵਾਇਰਲ ਵੀਡੀਓ ਅਤੇ ਕੰਡਕਟਰ ਦੇ ਬਿਆਨਾਂ ਦੇ ਆਧਾਰ 'ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

*ਮਾਂ ਦਿਵਸ ਸੰਬੰਧੀ ਫੇਸਬੁੱਕ ਤੇ ਕੁਝ ਕਵਿਤਾਵਾਂ ਪੜਨ ਦਾ ਮੌਕਾ ਮਿਲਿਆ। ਪਰ ਇਹਨਾਂ ਨਾਲ ਕਵੀਆਂ ਦੇ ਨਾਂ ਨਹੀਂ ਸੀ ਲਿਖੇ ਹੋਏ। ਇਹਨਾਂ ਦਾ ਖੁੱਲ੍ਹਾ ਅਨੁਵਾਦ ਕਰਕੇ ਭੇਜ ਰਿਹਾ ਹਾਂ। ਮਾਂ ਦਿਵਸ 10 ਮਈ ਦਾ ਹੈ।*

## ਇਕ ਦਿਨ ਤੁਸੀਂ ਸਮਝੋਗੇ...


ਮੈਂ ਨਹੀਂ ਸੀ ਕੋਈ ਵਧੀਆ ਮਾਂ
ਮੇਰੇ ਤੇ ਵੀ ਆਏ ਔਖੇ ਦਿਨ
ਮੈਂ ਜਾਂਦੀ ਸੀ ਥੱਕ
ਗੁੱਸਾ ਵੀ ਆਉਂਦਾ
ਮੈਂ ਗਲਤੀਆ ਕੀਤੀਆਂ ਕਈ
ਪਰ ਨਹੀਂ ਸੀ ਛੱਡਿਆ
ਤੁਹਾਨੂੰ ਪਿਆਰ ਕਰਨਾ।

ਉਹਨਾਂ ਦਿਨਾਂ ਵਿਚ
ਜਦੋਂ ਮੈਂ ਖੁਦ
ਟੁੱਟ ਰਹੀ ਸੀ
ਮੈਂ ਹਮੇਸ਼ਾਕੀਤਾ ਤੁਹਾਨੂੰ ਦਿਲੋਂ ਪਿਆਰ।

ਜੇ ਮੈਂ ਕਰਦੀ ਸੀ
ਸਖਤੀ ਤੁਹਾਡੇ ਨਾਲ
ਸਿਰਫ ਇਸ ਲਈ
ਕਿਉਂ ਕਿ ਤੁਸੀਂ ਸੀ ਮੇਰੀ ਪੂਰੀ ਦੁਨੀਆਂ।

ਤੁਸੀਂ ਕਦੇ ਨਹੀਂ ਸੀ ਮੇਰੇ ਲਈ ਬੋਝ
ਤੁਸੀਂ ਹੀ ਸੀ ਮੇਰੇ ਜਿਉਣ ਦਾ ਸਾਧਨ
ਅੱਜ ਵੀ ਹੋ।

ਪਿਆਰ ਨਾਲ
..ਮਾਂ



## ਇਹ ਯਾਦ ਰੱਖੋ

ਬਹੁਤੇ ਬੱਚੇ ਵੱਡੇ ਹੋ
ਰੱਖਦੇ ਯਾਦ ਮਾਂ ਦੀਆਂ ਗਲਤੀਆ
ਭੁੱਲ ਜਾਂਦੇ ਮਾਂ ਦੇ ਅਹਿਸਾਨ।

ਤੁਹਾਡੀ ਮਾਂ ਨਹੀਂ ਸੀ ਸੰਪੂਰਨ
ਕਈ ਬਾਰ ਹੁੰਦੀ ਸੀ ਥੱਕੀ
ਫਿਕਰਾਂ 'ਚ ਘਿਰੀ
ਅਤੇ ਕਦੇ
ਚੁਪਚਾਪ ਅੰਦਰੋ ਟੁੱਟ ਰਹੀ।

ਸ਼ਾਇਦ ਨਾ ਦੇ ਸਕੀ ਹੋਵੇ
ਇਕ ਵਧੀਆ ਬਚਪਨ
ਪਰ ਉਸਨੇ ਤੁਹਾਨੂੰ ਉਹ ਸਭ ਕੁਝ ਦਿੱਤਾ
ਜੋ ਉਹ ਸਕਦੀ ਸੀ ਦੇ।

ਉਸ ਦੀਆਂ ਗਲਤੀਆ ਦਾ
ਫੈਸਲਾ ਕਰਨ ਤੋਂ ਪਹਿਲਾਂ
ਇਹ ਵੀ ਰੱਖੋ ਯਾਦ
ਉਹ ਖੁਦ ਵੀ ਸਿੱਖ ਰਹੀ ਸੀ ਮਾਂ ਬਣਨਾ
ਉਹ ਉਨ੍ਹਾਂ ਲੜਾਈਆ ਨਾਲ ਰਹੀ ਸੀ ਜੂਝ
ਜਿੰਨਾਂ ਬਾਰੇ ਤੁਹਾਨੂੰ ਕੁਝ ਨਹੀਂ ਪਤਾ।

ਇਕ ਦਿਨ ਤੁਹਾਨੂੰ ਹੋਵੇਗਾ ਅਹਿਸਾਸ
ਉਸ ਨੇ ਤੁਹਾਡੇ ਲਈ ਦਿੱਤੀਆਂ
ਬਹੁਤ ਕੁਰਬਾਨੀਆਂ।

ਇਸ ਲਈ ਕਰੋ ਉਸ ਨੂੰ ਪਿਆਰ
ਜਦੋਂ ਤੱਕ ਉਹ ਹੈ ਤੁਹਾਡੇ ਨਾਲ
ਉਸ ਨੂੰ ਰੱਖੋ ਆਪਣੇ ਆਸ-ਪਾਸ।

## ਮਾਂ ਤੇ ਗੁੱਸਾ

ਮਾਂ ਤੇ ਗੁੱਸਾ ਕਰਨ ਤੋਂ ਪਹਿਲਾਂ
ਸੋਚੋ ਇਕ ਬਾਰ।

ਆਪਣੀ ਆਵਾਜ ਉੱਚੀ ਕਰਨ ਤੋਂ ਪਹਿਲਾਂ
ਕਰੋ ਇਹ ਯਾਦ
ਜਦੋਂ ਉਹ ਰਹੀ ਸੀ ਚੁੱਪ ਤੁਹਾਡੇ ਲਈ।

ਉਹ ਕਈ ਬਾਰ ਸਹਾਰਦੀ ਦਰਦ ਆਪਣਾ
ਤੁਹਾਨੂੰ ਹੱਸਦਾ ਰੱਖਣ ਲਈ।

ਤੁਹਾਨੂੰ ਲੱਗਦੇ ਉਸ ਦੇ ਬੋਲ
ਸਖਤ ਅਤੇ ਖਰਵੇ
ਤੁਸੀਂ ਕਦੇ ਨਾ ਦੇਖਿਆ
ਉਸ ਦੇ ਬੋਲਾਂ 'ਚ ਛੁਪਿਆ ਡਰ।

ਉਸਦੀ ਹਰ ਸਖਤੀ 'ਚ ਹੁੰਦਾ ਸੀ ਪਿਆਰ
ਤੁਸੀਂ ਜਦ ਵੀ ਦਿੱਤਾ ਉਸ ਨੂੰ ਕੋਈ ਦੁੱਖ
ਉਹ ਕਰਦੀ ਰਹੀ ਮੁਆਫ
ਉਸ ਦਾ ਦਿਲ ਭਾਵੇਂ
ਟੁੱਟਿਆ ਕਈ ਬਾਰ
ਉਸਦਾ ਪਿਆਰ ਰਿਹਾ ਕਾਇਮ।

ਇਨ ਦਿਨ ਉਸਦੀ ਆਵਾਜ ਕਰੋਗੇ ਯਾਦ
ਭਾਲੋ ਗੇ ਗੱਲ ਕਰਨ ਦਾ ਮੌਕਾ
ਇਸ ਲਈ
ਮਾਂ ਤੇ ਗੁੱਸਾ ਕਰਨ ਤੋਂ ਪਹਿਲਾਂ
ਸੋਚੋ ਫੇਰ ਇਕ ਬਾਰ
ਤੁਹਾਡੀ ਮਾਂ ਹੈ
ਤੁਹਾਡਾ ਸੰਸਾਰ



**ਪੰਜਾਬੀ ਰੂਪ:**
**ਰਵਿੰਦਰ ਸਿੰਘ ਸੋਢੀ, ਕੈਨੇਡਾ**

## ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਯਾਦ 'ਚ ਫ਼ਰੈਂਕਫੋਰਟ ਜਰਮਨੀ ਵਿਖੇ ਸ਼ਹੀਦੀ ਸਮਾਗਮ ਮੌਕੇ ਦੇਸ਼ ਵਿਦੇਸ਼ ਤੋਂ ਪਹੁੰਚੇ ਪੰਥਕ ਆਗੂ * ਸੰਘਰਸ਼ 'ਚ ਸ਼ਹਾਦਤ ਪ੍ਰਾਪਤ ਕਰਨ ਵਾਲੀਆਂ ਬੀਬੀਆਂ ਦੀ ਗਾਥਾ 'ਕੌਰਨਾਮਾ" ਭਾਗ ਤੀਜਾ ਰੀਲੀਜ਼ ਕੀਤਾ ਗਿਆ




ਨਵੀਂ ਦਿੱਲੀ- (ਮਨਪ੍ਰੀਤ ਸਿੰਘ ਖਾਲਸਾ):- ਖਾਲਿਸਤਾਨ ਕਮਾਂਡੋ ਫੋਰਸ ਦੇ ਚੌਥੇ ਮੁਖੀ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੀ ਯਾਦ ਵਿੱਚ ਤੀਜਾ ਸ਼ਹੀਦੀ ਸਮਾਗਮ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਵਿਖੇ ਪੰਜਵੜ੍ਹ ਪਰਿਵਾਰ ਅਤੇ ਸਿੱਖ ਫੈਡਰੇਸ਼ਨ ਜਰਮਨੀ ਵੱਲੋਂ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਦੀਵਾਨ ਸਜਿਆ। ਗੁਰਦੁਆਰਾ ਸਾਹਿਬ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬੱਚਿਆਂ ਨੇ ਵੀ ਸ਼ਬਦ ਕੀਰਤਨ ਨਾਲ ਹਾਜ਼ਰੀ ਲਵਾਈ। ਇਸ ਮੌਕੇ ਪੰਜਾਬ ਤੋਂ ਪਹੁੰਚੇ ਪ੍ਰਸਿੱਧ ਪੰਥਕ ਢਾਡੀ ਗਿਆਨੀ ਮਿਲਖਾ ਸਿੰਘ ਮੌਜੀ ਦੇ ਜਥੇ ਨੇ ਭਾਈ ਪੰਜਵੜ੍ਹ ਦੀ ਸ਼ਹਾਦਤ ਨੂੰ ਸਮਰਪਿਤ ਢਾਡੀ ਵਾਰਾਂ ਰਾਹੀਂ ਸ਼ਰਧਾਂਜਲੀ ਅਰਪਣ ਕਰਦਿਆਂ ਪਿੰਡ ਪੰਜਵੜ੍ਹ ਦੇ ਮਾਣਮੱਤੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਹ ਨਗਰ ਸੂਰਬੀਰਾਂ, ਯੋਧਿਆਂ ਤੇ ਸ਼ਹੀਦਾਂ ਦਾ ਨਗਰ ਹੈ। ਸਿੱਖ ਫੈਡਰੇਸ਼ਨ ਜਰਮਨੀ ਦੇ ਸੀਨੀਅਰ ਆਗੂ ਭਾਈ ਗੁਰਦਿਆਲ ਸਿੰਘ ਲਾਲੀ ਹੋਰਾਂ ਨੇ ਸਟੇਜ ਦੀ ਆਰੰਭਤਾ ਕੀਤੀ।

ਭਾਈ ਲਾਲੀ ਵੱਲੋਂ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ ਦੇ ਮੁੱਢਲੇ ਜੀਵਨ ਤੋਂ ਲੈ ਕੇ ਸ਼ਹਾਦਤ ਤੱਕ ਦੇ ਸਫ਼ਰ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ। ਭਾਈ ਮਨਿੰਦਰ ਸਿੰਘ ਆਗੂ ਸਿੱਖ ਫੈਡਰੇਸ਼ਨ ਕੈਨੇਡਾ, ਭਾਈ ਕਲਦੀਪ ਸਿੰਘ ਚਹੇੜੂ ਆਗੂ ਸਿੱਖ ਫੈਡਰੇਸ਼ਨ ਬਰਤਾਨੀਆ, ਫੈਡਰੇਸ਼ਨ ਫਰਾਂਸ ਦੇ ਆਗੂ ਭਾਈ ਰਘਬੀਰ ਸਿੰਘ ਕੋਹਾੜ, ਸਿੱਖ ਫੈਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ, ਬੱਬਰ ਖ਼ਾਲਸਾ ਜਰਮਨੀ ਦੇ ਮੁਖੀ ਭਾਈ ਰੇਸ਼ਮ ਸਿੰਘ ਬੱਬਰ, ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਭਾਈ ਗੁਰਚਰਨ ਸਿੰਘ ਗੁਰਾਇਆ, ਬੈਲਜ਼ੀਅਮ ਸਿੱਖ ਫੈਡਰੇਸ਼ਨ ਆਗੂ ਭਾਈ ਮਨਜੋਤ ਸਿੰਘ ਭੂਰਾ, ਦਲ ਖਾਲਸਾ ਜਰਮਨੀ ਦੇ ਆਗੂ ਭਾਈ ਗੁਰਦੀਪ ਸਿੰਘ ਪ੍ਰਦੇਸੀ, ਕਰਨਪਾਲ ਸਿੰਘ ਹੋਰਾਂ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ ਦੇ ਪ੍ਰਧਾਨ ਭਾਈ ਹੀਰਾ ਸਿੰਘ ਮੱਤੇਵਾਲ, ਅਕਾਲੀ ਦਲ ਵਾਰਿਸ ਪੰਜਾਬ ਦੇ ਯੂਰਪੀਅਨ ਆਗੂ ਭਾਈ ਜਗਤਾਰ ਸਿੰਘ ਮਾਹਲ, ਭਾਈ ਦਲਜੀਤ ਸਿੰਘ ਤੇ ਸਮੂਹ ਬੁਲਾਰਿਆਂ ਨੇ ਸਿੱਖ ਸੰਘਰਸ਼, ਸਿੱਖ ਕੌਮ ਦੀ ਆਜ਼ਾਦੀ ਦੀ ਪ੍ਰਾਪਤੀ ਕਰਨ ਲਈ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਪ੍ਰਣ ਕੀਤਾ ਗਿਆ ਕਿ ਸੰਘਰਸ਼ ਜਾਰੀ ਰਹੇਗਾ। ਫਰਾਂਸ ਦੇ ਉਘੇ ਸਿੱਖ ਆਗੂ ਭਾਈ ਰਘਬੀਰ ਸਿੰਘ ਕੋਹਾੜ ਨੇ ਸਿੱਖ ਸੰਘਰਸ਼ ਦੇ ਕੌਮੀ ਜਰਨੈਲ ਭਾਈ ਦਲਜੀਤ ਸਿੰਘ ਖ਼ਾਲਸਾ ( ਬਿੱਟੂ) ਹੁਰਾਂ! ਵੱਲੋਂ ਪੁੱਜਿਆ ਲਿਖ਼ਤੀ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ ਅਤੇ ਸਮੂੰਹ ਪੰਥਕ ਜਥੇਬੰਦੀਆਂ ਨੇ ਸਰਬਸੰਮਤੀ ਨਾਲ ਮਤੇ ਰਾਹੀਂ ਸਾਲ 2025 ਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਭਾਈ ਰਘਬੀਰ ਸਿੰਘ ਵੱਲੋਂ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ੍ਹ, ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਅਤੇ ਭਾਈ ਗਜਿੰਦਰ ਸਿੰਘ ਜੀ ਦੀਆਂ ਸਿੱਖ ਅਜਾਇਬ ਘਰ ਚ ਸ਼ਸੋਬਤ ਕਰਨ ਦੇ ਅਦੇਸਾ ਦੀ ਪਾਲਣਾ ਕਰਨ ਦਾ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਮਤੇ ਅਤੇ ਸੰਦੇਸ਼ ਦਾ ਸਵਾਗਤ ਕੀਤਾ ਗਿਆ।


ਇਸ ਮੌਕੇ ਸ਼ਹੀਦ ਭਾਈ ਪੰਜਵੜ੍ਹ ਦੇ ਪੁੱਤਰ ਸ਼ਾਹਬਾਜ਼ ਸਿੰਘ ਪੰਜਵੜ੍ਹ ਤੇ ਭਤੀਜੇ ਹਰਿੰਦਰ ਸਿੰਘ ਪੰਜਵੜ੍ਹ ਅਤੇ ਹਾਜ਼ਰ ਸ਼ਹੀਦ ਪਰਿਵਾਰਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਗਿਆਨੀ ਮਿਲਖਾ ਸਿੰਘ ਮੌਜੀ ਦੇ ਜਥੇ ਨੂੰ ਵੀ ਸਨਮਾਨਿਤ ਕੀਤਾ ਗਿਆ। ਭਾਈ ਕਸ਼ਮੀਰ ਸਿੰਘ ਬਰਤਾਨੀਆ, ਭਾਈ ਕਿਰਪਾਲ ਸਿੰਘ, ਭਾਈ ਸਤਪਾਲ ਸਿੰਘ ਪੱਡਾ, ਭਾਈ ਅਮਰਜੀਤ ਸਿੰਘ ਮੰਗੂਪੁਰ, ਭਾਈ ਬਲਕਾਰ ਸਿੰਘ ਦਿਓਲ, ਭਾਈ ਕਸ਼ਮੀਰ ਸਿੰਘ ਗੋਸਲ ਸਿੱਖ ਆਗੂ ਫਰਾਂਸ, ਭਾਈ ਸੁਖਦੇਵ ਸਿੰਘ ਹੇਰਾਂ, ਭਾਈ ਕਲਵੰਤ ਸਿੰਘ, ਭਾਈ ਗੁਰਦਿਆਂਲ ਸਿੰਘ ਢਕੰਸੂ ਭਾਈ ਪ੍ਰਿਥੀਪਾਲ ਸਿੰਘ , ਭਾਈ ਸੁਖਦੇਵ ਸਿੰਘ ਖਾਲੂ ਆਦਿ ਵੀ ਸ਼ਾਮਿਲ ਸਨ। ਵਿਸ਼ੇਸ਼ ਤੌਰ ਤੇ ਸਿੱਖ ਸੰਘਰਸ਼ ਵਿੱਚ ਸ਼ਹਾਦਤ ਸ਼ਹਾਦਤ ਪ੍ਰਾਪਤ ਕਰਨ ਵਾਲੀਆਂ ਧਰਮੀ ਸਿੱਖ ਬੀਬੀਆਂ ਦੀ ਗਾਥਾ ਨੂੰ ਬਿਆਨ ਕਰਦੀ ਕਿਤਾਬ "ਕੌਰਨਾਮਾ " ਭਾਗ ਤੀਜਾ ਸੰਘਰਸ਼ਸ਼ੀਲ ਬੀਬੀਆਂ ਵੱਲੋਂ ਰਿਲੀਜ਼ ਕੀਤਾ ਗਿਆ। ਗੁਰਦੁਆਰਾ ਸਿੱਖ ਸੈਂਟਰ ਦੇ ਪ੍ਰਧਾਨ ਭਾਈ ਅਨੂਪ ਸਿੰਘ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਦਰਸ਼ਨ ਸਿੰਘ ਦਰਸ਼ ਪਸਿਆਣਾ ਦਾ ਕਾਵਿ-ਸੰਗ੍ਰਹਿ 'ਮੁਹੱਬਤ ਜ਼ਿੰਦਾਬਾਦ' ਸਮਾਜਿਕਤਾ ਦਾ ਪ੍ਰਤੀਕ

ਉਜਾਗਰ ਸਿੰਘ



ਦਰਸ਼ਨ ਸਿੰਘ ਦਰਸ਼ ਪਸਿਆਣਾ ਆਪਣੀਆਂ ਕਵਿਤਾਵਾਂ ਵਿੱਚ ਦਿਹਾਤੀ ਸਭਿਆਚਾਰ ਦੇ ਪਤ੍ਰੀਬਿੰਬ ਪੇਸ਼ ਕਰਨ ਵਾਲਾ ਕਵੀ ਹੈ। ਉਹ ਪੰਜਾਬੀ ਦਿਹਾਤੀ ਸਭਿਆਚਾਰ ਨੂੰ ਪ੍ਰਣਾਇਆ ਹੋਇਆ ਸੰਵੇਦਨਸ਼ੀਲ ਸ਼ਾਇਰ ਹੈ, ਜਿਹੜਾ ਪਿੰਡਾਂ ਵਿੱਚ ਧਰਾਤਲ ਪੱਧਰ 'ਤੇ ਵਾਪਰ ਰਹੀਆਂ ਘਟਨਾਵਾਂ, ਸਰਗਰਮੀਆਂ, ਲੋਕਾਈ ਦੇ ਵਿਹਾਰਕ ਜੀਵਨ ਅਤੇ ਖਾਸ ਤੌਰ 'ਤੇ ਕਿਸਾਨੀ ਤੇ ਮਜ਼ਦੂਰ ਵਰਗ ਨਾਲ ਸੰਬੰਧਤ ਕਿੱਤਿਆਂ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਤੇ ਸੰਦਾਂ ਨੂੰ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਉਂਦਾ ਹੈ। ਉਸਦੀਆਂ ਕਵਿਤਾਵਾਂ ਪਿੰਡਾਂ ਦੇ ਵਾਤਾਵਰਨ, ਕਾਰ ਵਿਹਾਰ, ਰਸਮ ਰਿਵਾਜ਼ਾਂ, ਪਰੰਪਰਾਵਾਂ, ਖੇਡਾਂ, ਸਮਾਜਿਕ, ਆਰਥਿਕ ਸੰਗੀਤਕ ਅਤੇ ਸਭਿਆਚਾਰਕ ਸਰਗਰਮੀਆਂ ਦਾ ਬ੍ਰਿਤਾਂਤ ਸਿਰਜਦੀਆਂ ਹਨ। ਉਸਨੂੰ ਰਿਦਮ ਤੇ ਸੁਰ-ਤਾਲ ਦੀ ਵੀ ਸਮਝ ਲੱਗਦੀ ਹੈ। ਉਸਦੇ ਕਾਵਿ-ਸੰਗ੍ਰਹਿ ਦੇ ਨਾਮ 'ਮੁਹੱਬਤ ਜ਼ਿੰਦਾਬਾਦ' ਤੋਂ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਇਸ ਕਾਵਿ-ਸੰਗ੍ਰਹਿ ਵਿੱਚ ਇਸ਼ਕ-ਮੁਸ਼ਕ ਦੇ ਵਿੱਚ ਲਬਰੇਜ਼ ਕਵਿਤਾਵਾਂ ਹੋਣਗੀਆਂ, ਪ੍ਰੰਤੂ ਕਾਵਿ-ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਉਸਦੀ ਮੁਹੱਬਤ ਗ਼ਰੀਬ ਵਰਗ ਦੇ ਦਿਹਾਤੀ ਲੋਕਾਂ ਦੇ ਸਭਿਆਚਾਰ ਨਾਲ ਹੈ। ਦਰਸ਼ਨ ਸਿੰਘ ਦਰਸ਼ ਪਸਿਆਣਾ ਅਜਿਹਾ ਕਵੀ ਹੈ, ਜਿਹੜਾ ਆਪਣੀ ਵਿਰਾਸਤ ਦੀ ਪਹਿਰੇਦਾਰੀ ਕਰਨ ਵਾਲੀਆਂ ਕਵਿਤਾਵਾਂ ਲਿਖਣ ਨੂੰ ਤਰਜ਼ੀਹ ਦਿੰਦਾ ਹੈ। ਆਮ ਤੌਰ 'ਤੇ ਲਗਪਗ ਜਿਤਨੇ ਵੀ ਪੰਜਾਬੀ ਸ਼ਾਇਰ ਹਨ, ਉਨ੍ਹਾਂ ਦੀਆਂ ਕਵਿਤਾਵਾਂ ਆਧੁਨਿਕਤਾ ਦੀ ਪਿਉਂਦ ਵਾਲੀਆਂ ਤੇ ਸ਼ਹਿਰੀ ਵਰਗ ਦੀ ਪ੍ਰੀਨਿਧਤਾ ਕਰਨ ਵਾਲੀਆਂ ਹੁੰਦੀਆਂ ਹਨ। ਦਰਸ਼ ਆਪਣੀ ਦਿਹਾਤੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਉਸਦੀਆਂ ਕਵਿਤਾਵਾਂ ਆਧੁਨਿਕਤਾ ਦੇ ਦੌਰ ਤੋਂ ਕੋਹਾਂ ਦੂਰ ਹਨ। ਉਸਦੀਆਂ ਕਵਿਤਾਵਾਂ ਨੂੰ ਦਿਹਾਤੀ ਸਭਿਆਚਾਰ ਦੀਆਂ ਪ੍ਰਤੀਕ ਕਿਹਾ ਜਾ ਸਕਦਾ ਹੈ। ਉਸਦੀ ਕਵਿਤਾ ਅਮੀਰ ਗ਼ਰੀਬ ਦੇ ਪਾੜੇ ਨੂੰ ਖ਼ਤਮ ਕਰਕੇ ਆਪਸੀ ਪਿਆਰ, ਸ਼ਹਿਨਸ਼ੀਲਤਾ, ਸਹਿਯੋਗ ਅਤੇ ਸਹਿਹੋਂਦ ਦੀਆਂ ਭਾਵਨਾਵਾਂ ਨੂੰ ਵਧਾਉਣ ਵਾਲੀ ਹੈ। ਸਮਾਜ ਦੇ ਦੱਬੇ ਕੁਚਲੇ ਲੋਕਾਂ, ਗ਼ਰੀਬਾਂ, ਮਜ਼ਦੂਰਾਂ ਅਤੇ ਕਿਸਾਨਾ ਨਾਲ ਸ਼ਾਹੂਕਾਰਾਂ ਵੱਲੋਂ ਕੀਤੀਆਂ ਜਾਂਦੀਆਂ ਜ਼ਿਆਦਤੀਆਂ ਨੂੰ ਵੀ ਉਹ ਕਵਿਤਾਵਾਂ ਦਾ ਰੂਪ ਦਿੰਦਾ ਹੈ। ਸ਼ਾਇਰ ਜ਼ਾਤ-ਪਾਤ ਦੇ ਬੰਧਨਾ ਤੋਂ ਮੁਕਤ ਸਮਾਜ ਦੀ ਸਮਾਨਤਾ ਦੀ ਸਿਰਜਣਾ ਦਾ ਲਖਾਇਕ ਹੈ। ਅਮੀਰ ਗ਼ਰੀਬ ਦਾ ਪਾੜਾ ਵਧਾਉਣ ਵਿੱਚ ਵਿਓਪਾਰੀਆਂ, ਪੂੰਜੀਪਤੀਆਂ ਅਤੇ ਰਾਜਨੀਤਕ ਲੋਕਾਂ ਦੀਆਂ ਕਰੂਰ ਹਰਕਤਾਂ ਦਾ ਪਰਦਾ ਫਾਸ਼ ਵੀ ਕਰਦਾ ਹੈ, ਜਿਨ੍ਹਾਂ ਦੇ ਵਾਅਦੇ ਕਦੇ ਵਫ਼ਾ ਨਹੀਂ ਹੁੰਦੇ। ਭਾਵ ਕੁਸ਼ਾਸ਼ਨ ਨੂੰ ਆੜੇ ਹੱਥੀਂ ਲੈਂਦਾ ਹੈ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਆਜ਼ਾਦੀ ਦੀਆਂ ਬਰਕਤਾਂ ਹੇਠਲੇ ਪੱਧਰ ਤੱਕ ਨਹੀਂ ਪਹੁੰਚ ਰਹੀਆਂ, ਕੁਝ ਕੁ ਗਿਣੇ ਚੁਣੇ ਲੋਕ ਉਨ੍ਹਾਂ ਦਾ ਲਾਭ ਉਠਾ ਰਹੇ ਹਨ। ਇਸਤਰੀਆਂ ਨਾਲ ਹੋ ਰਹੇ ਵਰਤਾਰਿਆਂ ਅਤੇ ਸ਼ੋਸ਼ਣ ਦੀ ਵੀ ਉਹ ਆਪਣੀਆਂ ਕਵਿਤਾਵਾਂ ਵਿੱਚ ਨਿੰਦਿਆ ਕਰਦਾ ਹੋਇਆ, ਉਨ੍ਹਾਂ ਲਈ ਇਨਸਾਫ਼ ਦੀ ਆਸ ਕਰਦਾ ਹੈ। ਦਾਜ ਦਹੇਜ ਦੀ ਪਰੰਪਰਾ ਦਾ ਵਿਰੋਧੀ ਹੈ। ਸਮਾਜ ਦਾ ਇਸਤਰੀ ਬਾਰੇ ਜੋ ਮਾੜਾ ਵਿਵਹਾਰ ਹੈ, ਉਸਦੀ ਚਿੰਤਾ ਕਵੀ ਦੀਆਂ ਕਵਿਤਾਵਾਂ ਵਿੱਚੋਂ ਝਲਕਦੀ ਹੈ। ਔਰਤ ਨੂੰ ਸਮਾਜ ਦੀ ਸਿਰਜਕ ਦਾ ਖ਼ਿਤਾਬ ਦਿੰਦਾ ਹੋਇਆ, ਸ਼ਾਇਰ ਮਰਦ ਪ੍ਰਧਾਨ ਸਮਾਜ ਵੱਲੋਂ ਉਸ ਨਾਲ ਕੀਤੀ ਜਾਂਦੀ ਦੁਰਗਤੀ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦਾ ਹੈ। ਇਸ ਕਾਵਿ-ਸੰਗ੍ਰਹਿ ਵਿੱਚ 46 ਕਵਿਤਾਵਾਂ ਹਨ, ਕਵੀ ਉਨ੍ਹਾਂ ਵਿੱਚੋਂ ਲਗਪਗ ਇੱਕ ਦਰਜਨ ਕਵਿਤਾਵਾਂ ਵਿੱਚ ਇਸਤਰੀਆਂ ਦੇ ਯੋਗਦਾਨ ਅਤੇ ਉਨ੍ਹਾਂ ਨਾਲ ਹੋ ਰਹੇ ਵਿਤਕਰਿਆਂ ਦਾ ਜ਼ਿਕਰ ਕਰਦਾ ਹੈ।




ਸ਼ਾਇਰ 'ਮਹਿੰਗਾਈ ਤੇ ਬੇਰੋਜ਼ਗਾਰੀ ਬਾਰੇ ਵੀ ਚਿੰਤਾ ਪ੍ਰਗਟ ਕਰਦਾ ਹੈ। ਗ਼ਰੀਬਾਂ ਦਾ ਜਿਓਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਅਸਮਾਨ ਨੂੰ ਚੜ੍ਹ ਗਈ ਹੈ। ਜ਼ਰੂਰੀ ਵਸਤਾਂ ਵੀ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਜਾ ਰਹੀਆਂ ਹਨ। ਜ਼ਮੀਨਦੋਜ਼ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਲਈ ਜ਼ਮੀਨ ਦੋਜ਼ ਪਾਣੀ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਰਿਹਾ ਹੈ। ਪਾਣੀ ਨੂੰ ਪਲੀਤ ਵੀ ਕੀਤਾ ਜਾ ਰਿਹਾ ਹੈ ਸਮਾਜ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਰਿਹਾ ਹੈ। ਸ਼ਾਹੂਕਾਰਾਂ ਦੇ ਕਰਜ਼ਿਆਂ ਦਾ ਪਾਰ ਸਹਿਣਾ ਔਖਾ ਹੋ ਗਿਆ ਹੈ। ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ।

'ਪੰਜਾਬ ਸਿਆਂ', 'ਮਾਂ ਬਾਝੋਂ', 'ਧੀ ਬਚਾਓ', 'ਸਵੈ-ਵਾਰਤਾ', 'ਨਾਰੀ ਦਿਵਸ', 'ਮਾਪੇ ਹੁੰਦੇ ਦੁਨੀਆ ਵਾਲਿਓ', 'ਔਰਤ ਮਰਦ ਵਿਚ ਅੰਤਰ', 'ਸੰਧਾਰਾ', ਗੁਸਤਾਖ਼', 'ਰੱਖੜੀ', ਅਤੇ 'ਧੀ ਜੰਮਣ ਲਈ' ਕਵਿਤਾਵਾਂ ਔਰਤਾਂ ਨਾਲ ਸੰਬੰਧਤ ਹਨ। ਧੀ ਜੰਮਣ 'ਤੇ ਮਰਦ ਪ੍ਰਧਾਨ ਸਮਾਜ ਬੁਰਾ ਮਨਾਉਂਦਾ ਹੈ। ਹਾਲਾਂ ਕਿ ਧੀ ਤੋਂ ਬਿਨਾ ਸਮਾਜ ਦੀ ਸਿਰਜਣਾ ਦਾ ਸਪਨਾ ਵੀ ਨਹੀਂ ਲਿਆ ਜਾ ਸਕਦਾ, ਪ੍ਰੰਤੂ ਫਿਰ ਵੀ ਮਰਦਾਂ ਦੀ ਮਾਨਸਿਕਤਾ ਔਰਤ ਦੀ ਨਿੰਦਿਆ ਕਰਦੀ ਹੈ। ਧੀਆਂ ਦੇ ਰਾਖਿਆਂ ਦਾ ਕੁੜੀਮਾਰਾਂ ਵਿੱਚ ਨਾਂ ਵੱਜਦਾ ਹੈ। ਧੀ ਜੰਮਣ ਲਈ ਵਿਗਿਆਨ ਮਰਦ ਅਤੇ ਔਰਤ ਦੋਹਾਂ ਨੂੰ ਬਰਾਬਰ ਦਾ ਜ਼ਿੰਮੇਵਾਰ ਸਮਝਦਾ ਹੈ। ਪਰ ਮਰਦ ਔਰਤ ਨੂੰ ਧੀ ਪੈਦਾ ਕਰਨ ਦਾ ਜ਼ਿੰਮੇਵਾਰ ਕਹਿਕੇ ਉਸਤੇ ਤਸ਼ੱਦਦ ਕਰਦਾ ਹੋਇਆ, ਉਸ ਨਾਲ ਮਾੜਾ ਵਿਵਹਾਰ ਕਰਦਾ ਹੈ। 'ਧੀ ਜੰਮਣ ਲਈ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ:

ਧੀ ਜੰਮਣ ਲਈ ਪਿਉ ਵੀ ਐ,  
ਮਾਂ ਜਿੰਨਾ ਹੀ ਜ਼ਿੰਮੇਵਾਰ।  
ਬੰਦ ਕਰੋ ਫਿਰ ਕੇਵਲ ਮਾਂ ਨੂੰ,  
ਕਰਨਾ ਖੱਜਲ ਖੁਆਰ।  
ਧੀ ਜੰਮਣ ਦਾ ਦੋਸ਼ ਅਗਿਆਨੀਆਂ,  
ਮਾਵਾਂ ਦੇ ਸਿਰ ਮੜ੍ਹਿਆ।  
ਪਰ ਵਿਗਿਆਨੀਆਂ ਨੇ ਪਰਦਾ ਹੁਣ,  
ਝੂਠ ਤੋਂ ਪਾਸੇ ਕਰਿਆ।

ਸ਼ਾਇਰ 'ਮਹਿੰਗਾਈ ਤੇ ਬੇਰੋਜ਼ਗਾਰੀ ਬਾਰੇ ਵੀ ਚਿੰਤਾ ਪ੍ਰਗਟ ਕਰਦਾ ਹੈ। ਗ਼ਰੀਬਾਂ ਦਾ ਜਿਓਣਾ ਦੁੱਭਰ ਹੋ ਗਿਆ ਹੈ। ਮਹਿੰਗਾਈ ਅਸਮਾਨ ਨੂੰ ਚੜ੍ਹ ਗਈ ਹੈ। ਜ਼ਰੂਰੀ ਵਸਤਾਂ ਵੀ ਗ਼ਰੀਬਾਂ ਦੀ ਪਹੁੰਚ ਤੋਂ ਬਾਹਰ ਜਾ ਰਹੀਆਂ ਹਨ। ਜ਼ਮੀਨਦੋਜ਼ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਲਈ ਜ਼ਮੀਨ ਦੋਜ਼ ਪਾਣੀ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਰਿਹਾ ਹੈ। ਪਾਣੀ ਨੂੰ ਪਲੀਤ ਵੀ ਕੀਤਾ ਜਾ ਰਿਹਾ ਹੈ ਸਮਾਜ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋ ਰਿਹਾ ਹੈ। ਸ਼ਾਹੂਕਾਰਾਂ ਦੇ ਕਰਜ਼ਿਆਂ ਦਾ ਪਾਰ ਸਹਿਣਾ ਔਖਾ ਹੋ ਗਿਆ ਹੈ। ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ। 'ਪੰਜਾਬ ਸਿਆਂ' ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ:

ਚਾਅ ਤਿੜਕੇ ਪੁੱਤਰਾਂ ਦੇ,  
ਸੁਪਨੇ ਧੀਆਂ ਦੇ ਨਿੱਤ ਮਰਦੇ।  
ਅੰਨਦਾਤੇ ਆਖੀਦੇ ਵਿਚਾਰੇ,  
ਨਿੱਤ ਖ਼ੁਦਕਸ਼ੀਆਂ ਕਰਦੇ।

ਇਸੇ ਕਵਿਤਾ ਵਿੱਚ ਕਵੀ ਲਿਖਦਾ ਹੈ ਕਿ ਪੁਰਾਣੇ ਪਿਪਲਾਂ ਬੋਹੜਾਂ ਵਰਗੇ ਰੁੱਖਾਂ ਹੇਠ ਹੁਣ ਭੰਗੜੇ ਤੇ ਗਿੱਧੇ ਨਹੀਂ ਪੈਂਦੇ, ਪਿੰਡਾਂ ਦਾ ਦਿਹਾਤੀ ਸਭਿਆਚਾਰ ਕਿਧਰੇ ਵੇਖਣ ਨੂੰ ਵੀ ਨਹੀਂ ਮਿਲਦਾ। ਪਹਿਲੇ ਨੰਬਰ ਤੇ ਆਉਣ ਵਾਲਾ ਪੰਜਾਬ ਹੇਠਲੇ ਨੰਬਰ 'ਤੇ ਚਲਾ ਗਿਆ। ਨਸ਼ਾ ਚਾਰੇ ਪਾਸੇ ਫ਼ੈਲਿਆ ਹੋਇਆ ਹੈ। ਨੌਜਵਾਨੀ ਗੁਮਰਾਹ ਹੋਈ ਫਿਰਦੀ ਹੈ। ਸ਼ਾਇਰ ਕਲਮਾਂ ਵਾਲਿਆਂ ਨੂੰ ਵੀ ਨਿਹੋਰਾ ਮਾਰਦਾ ਹੈ ਕਿ ਉਹ ਵੀ ਲੋਕਾਈ ਦੇ ਹੱਕ ਵਿੱਚ ਆਵਾਜ਼ ਬੁਲੰਦ ਨਹੀਂ ਕਰ ਰਹੇ।

ਪੰਜਾਬ ਦੀ ਨੌਜਵਾਨੀ ਪਰਵਾਸ ਕਰੀ ਜਾ ਰਹੀ ਹੈ। ਬਜ਼ੁਰਗ ਮਾਪੇ ਪਿੱਛੇ ਰੁਲ ਰਹੇ ਹਨ। ਅਜੋਕੀ ਨੌਜਵਾਨੀ ਮਾਪਿਆਂ ਨਾਲ ਨਿਰਮੋਹੀ ਹੋ ਗਈ ਹੈ। ਮਾਂ ਬਾਪ ਨੇ ਦੁੱਖ ਤਸੀਹੇ ਝਲਦਿਆਂ ਬੱਚਿਆਂ ਨੂੰ ਐਸ਼ ਆਰਾਮ ਦਿੱਤਾ, ਪ੍ਰੰਤੂ ਬੱਚੇ ਮਾਪਿਆਂ ਬਿਰਧ ਆਸ਼ਰਮਾ ਵਿੱਚ ਛੱਡਕੇ ਆਪ ਆਨੰਦ ਮਾਣਦੇ ਹਨ। ਸ਼ਾਇਰ ਨੇ 'ਗੁਸਤਾਖੀ' ਕਵਿਤਾ ਵਿੱਚ ਲਿਖਿਆ ਹੈ:

ਸੋਚੋ ਉਏ ਨੌਜਵਾਨੋ  
ਸ਼ਰਮਾ ਨਾ ਘੋਲ ਪੀਓ,  
ਮਾਪੇ ਬਿਰਧ ਆਸ਼ਰਮਾਂ ਵਿੱਚ  
ਛੱਡ ਆਉਂਦੇ ਕਿਉਂ ਦੱਸਿਓ।  
ਰੋਲ ਕੇ ਮਾਪੇ ਦਰਸ਼ ਕਹੇ  
ਮਰ ਜਾਂਦੇ ਜਿਉਂਦੇ ਜੀਅ  
ਇਸ ਤੋਂ ਵੱਡੀ ਗੁਸਤਾਖੀ ਕੀ।

ਦਰਸ਼ਨ ਸਿੰਘ ਦਰਸ਼ ਦੀ ਸ਼ਬਦਾਵਲੀ ਠੇਠ ਤੇ ਸਰਲ ਦਿਹਾਤੀ ਹੈ, ਜਿਸਦੀ ਹਰ ਪਾਠਕ ਨੂੰ ਸਮਝਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ ਤੇ ਪਾਠਕ ਆਨੰਦ ਮਾਣਦੇ ਹਨ। ਉਸਦੀ ਦਿਹਾਤੀ ਸ਼ਬਦਾਵਲੀ ਵਿੱਚ ਚੋਏ, ਕੱਸੀਆਂ, ਡੁੱਡੇ, ਹੱਲਿਆਂ ਵੇਲੇ, ਭੰਨਾਂ, ਘਾੜਤਾਂ, ਦਿਹਾੜੀ, ਲੋਹੜੇ, ਢਾਈ, ਮਣ, ਘੋਲ਼, ਦਰਿੰਦੇ, ਸੋਭਾ, ਮਾਣ, ਚਾਟੀ, ਮਧਾਣੀ, ਤੜਕੇ, ਤੇਹ, ਹਾਕਾਂ, ਡੰਡਾ, ਟੂਉਏ, ਚਰਖੇ, ਤੰਬੀ, ਕੰਡਾ, ਚੰਡਾਲਣੀ, ਚੁੜੇਲ, ਫੜ੍ਹਾਂ,ਕੁਟੰਬ,ਦਾਤਾਂ, ਟੋਭੇ, ਖੂਹ, ਬਿਗਲ, ਚੁਲ੍ਹੇ, ਟੁੱਕਰਾਂ, ਘੁੱਗ, ਧੱਕੇ, ਧੌਲੇ ਅਤੇ ਡੱਬੂ ਆਦਿ ਦੀ ਆਮ ਵਰਤੋਂ ਕੀਤੀ ਗਈ ਹੈ, ਜਿਸਨੂੰ ਸਮਝਣ ਵਿੱਚ ਮੁਸ਼ਕਲ ਨਹੀਂ ਆਉਂਦੀ। ਭਵਿਖ ਵਿੱਚ ਦਰਸ਼ਨ ਸਿੰਘ ਦਰਸ਼ ਪਸਿਆਣਾ ਤੋਂ ਹੋ ਵਧੀਆ ਦਿਹਾਤੀ ਚਿਤਰਣ ਦੀ ਆਸ ਕੀਤੀ ਜਾ ਸਕਦੀ ਹਾਂ।

ਸੰਪਰਕ ਦਰਸ਼ਨ ਸਿੰਘ ਦਰਸ਼ ਪਸਿਆਣਾ: 9779585081, 112 ਪੰਨਿਆਂ, 290 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ  
ਮੋਬਾਈਲ-94178 13072  
ujagarsingh48@yahoo.com

# ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਇਤਿਹਾਸ ਅਤੇ ਭਵਿੱਖ

**ਸੰਦੀਪ ਕੁਮਾਰ**
7009807121





ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਨੂੰ ਮਸ਼ੀਨਾਂ ਵਿੱਚ ਉਤਾਰਨ ਦਾ ਇੱਕ ਲੰਮਾ ਅਤੇ ਰੋਚਕ ਸਫ਼ਰ ਹੈ। ਇਹ ਮਨੁੱਖੀ ਇਤਿਹਾਸ ਨੂੰ ਬਦਲਣ ਵਾਲੀਆਂ ਤਕਨਾਲੋਜੀਆਂ ਵਿੱਚੋਂ ਇੱਕ ਬਣ ਕੇ ਉਭਰਿਆ ਹੈ। ਇਸ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਮਨੁੱਖ ਨੇ ਸਵਾਲ ਕੀਤਾ ਕਿ ਕੀ ਮਸ਼ੀਨਾਂ ਵੀ ਸੋਚ ਸਕਦੀਆਂ ਹਨ। ਇਸ ਵਿਚਾਰ ਧਾਰਾ ਨੇ ਇੱਕ ਨਵੀਂ ਵਿਗਿਆਨਕ ਖੇਤਰ ਦੀ ਨੀਂਹ ਰੱਖੀ, ਜੋ ਅੱਜ ਗਲੋਬਲ ਆਰਥਿਕਤਾ, ਸਮਾਜ ਅਤੇ ਰੋਜ਼ਾਨਾ ਜੀਵਨ ਨੂੰ ਡੂੰਘੇ ਤੌਰ ਤੇ ਪ੍ਰਭਾਵਿਤ ਕਰ ਰਿਹਾ ਹੈ। ਅਗਲੇ 20-30 ਸਾਲਾਂ ਵਿੱਚ ਇਹ ਤਕਨਾਲੋਜੀ ਦੁਨੀਆਂ ਨੂੰ ਇਸ ਤਰ੍ਹਾਂ ਬਦਲ ਸਕਦੀ ਹੈ ਜਿਵੇਂ ਪਿਛਲੀਆਂ ਸਦੀਆਂ ਵਿੱਚ ਇਲੈਕਟ੍ਰੀਸਿਟੀ ਜਾਂ ਇੰਟਰਨੈੱਟ ਨੇ ਬਦਲਿਆ ਸੀ।

ਆਰਟੀਫਿਸ਼ੀਅਲ ਇੰਟੈਲੀਜੈਂਸ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਹਨ, ਪਰ ਆਧੁਨਿਕ ਰੂਪ ਵਿੱਚ ਇਸ ਦੀ ਸ਼ੁਰੂਆਤ 20ਵੀਂ ਸਦੀ ਦੇ ਮੱਧ ਵਿੱਚ ਹੋਈ। ਸਾਲ 1943 ਵਿੱਚ ਵਾਰਨ ਮੈਕਕਲੋਕ ਅਤੇ ਵਾਲਟਰ ਪਿਟਸ ਨੇ ਨਿਊਰਲ ਨੈੱਟਵਰਕਾਂ ਦਾ ਗਣਿਤੀ ਮਾਡਲ ਪੇਸ਼ ਕੀਤਾ, ਜਿਸ ਨੇ ਮਗਜ਼ ਦੀਆਂ ਗਤੀਵਿਧੀਆਂ ਨੂੰ ਮਸ਼ੀਨੀ ਢੰਗ ਨਾਲ ਸਮਝਣ ਦਾ ਰਾਹ ਖੋਲ੍ਹਿਆ। ਫਿਰ 1950 ਵਿੱਚ ਬ੍ਰਿਟਿਸ਼ ਗਣਿਤ ਵਿਗਿਆਨੀ ਐਲਨ ਟਿਊਰਿੰਗ ਨੇ ਆਪਣੇ ਲੇਖ "ਕੰਪਿਊਟਿੰਗ ਮਸ਼ੀਨਰੀ ਐਂਡ ਇੰਟੈਲੀਜੈਂਸ" ਵਿੱਚ ਇੱਕ ਐਸਾ ਟੈਸਟ ਪ੍ਰਸਤਾਵਿਤ ਕੀਤਾ ਜਿਸ ਨੂੰ ਅੱਜ ਟਿਊਰਿੰਗ ਟੈਸਟ ਕਿਹਾ ਜਾਂਦਾ ਹੈ। ਇਸ ਟੈਸਟ ਵਿੱਚ ਇਹ ਦੇਖਿਆ ਜਾਂਦਾ ਹੈ ਕਿ ਕੀ ਇੱਕ ਮਸ਼ੀਨ ਇਨਸਾਨ ਨਾਲ ਗੱਲਬਾਤ ਕਰਕੇ ਆਪਣੀ ਬੁੱਧੀ ਸਾਬਤ ਕਰ ਸਕਦੀ ਹੈ। ਟਿਊਰਿੰਗ ਦਾ ਇਹ ਵਿਚਾਰ ਬਹੁਤ ਵਿਵਾਦਾਸਪਦ ਸੀ, ਪਰ ਇਸ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਵੱਲ ਵਿਗਿਆਨੀਆਂ ਦਾ ਧਿਆਨ ਖਿੱਚਿਆ।

ਆਧੁਨਿਕ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਅਸਲ ਜਨਮ 1956 ਵਿੱਚ ਡਾਰਟਮਾਊਥ ਕਾਲਜ ਵਿੱਚ ਹੋਇਆ, ਜਿੱਥੇ ਜੌਨ ਮੈਕਕਾਰਥੀ, ਮਾਰਵਿਨ ਮਿਨਸਕੀ, ਨਾਥਾਨੀਅਲ ਰੋਚੈਸਟਰ ਅਤੇ ਕਲਾਉਡ ਸ਼ੈਨਨ ਵਰਗੇ ਵਿਗਿਆਨੀਆਂ ਨੇ ਇੱਕ ਗਰਮੀਆਂ ਦਾ ਵਰਕਸ਼ਾਪ ਆਯੋਜਿਤ ਕੀਤਾ। ਇਸ ਵਰਕਸ਼ਾਪ ਵਿੱਚ ਹੀ "ਆਰਟੀਫਿਸ਼ੀਅਲ ਇੰਟੈਲੀਜੈਂਸ" ਸ਼ਬਦ ਪਹਿਲੀ ਵਾਰ ਵਰਤਿਆ ਗਿਆ ਅਤੇ ਇਸ ਨੂੰ ਇੱਕ ਵੱਖਰੀ ਖੋਜ ਖੇਤਰ ਵਜੋਂ ਮਾਨਤਾ ਮਿਲੀ। ਵਿਗਿਆਨੀਆਂ ਨੇ ਉਮੀਦ ਕੀਤੀ ਕਿ ਮਸ਼ੀਨਾਂ ਨੂੰ ਭਾਸ਼ਾ ਸਮਝਣ, ਸਮੱਸਿਆ ਹੱਲ ਕਰਨ ਅਤੇ ਲੇਖਣ ਵਰਗੀਆਂ ਗਤੀਵਿਧੀਆਂ ਸਿਖਾਈਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ 1950 ਅਤੇ 1960 ਦੇ ਦਹਾਕੇ ਵਿੱਚ ਪਰਸੈਪਟ੍ਰਾਨ ਵਰਗੇ ਨਿਊਰਲ ਨੈੱਟਵਰਕ ਅਤੇ ਏਲੀਜ਼ਾ ਵਰਗੇ ਚੈਟਬਾਟ ਵਿਕਸਿਤ ਹੋਏ, ਜਿਨ੍ਹਾਂ ਨੇ ਲੋਕਾਂ ਨੂੰ ਇਸ ਗੱਲ ਤੋਂ ਪ੍ਰਭਾਵਿਤ ਕੀਤਾ ਕਿ ਮਸ਼ੀਨਾਂ ਗੱਲਬਾਤ ਕਰ ਸਕਦੀਆਂ ਹਨ। ਪਰ ਇਸ ਉਮੀਦ ਤੋਂ ਬਾਅਦ ਨਿਰਾਸ਼ਾ ਵੀ ਆਈ। ਫਿਰ 1970 ਅਤੇ 1980 ਦੇ ਦਹਾਕਿਆਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਤਰੱਕੀ ਰੁਕ ਗਈ ਕਿਉਂਕਿ ਮਸ਼ੀਨਾਂ ਗੁੰਝਲਦਾਰ ਸਮੱਸਿਆਵਾਂ ਹੱਲ ਨਹੀਂ ਕਰ ਪਾ ਰਹੀਆਂ ਸਨ ਅਤੇ ਫੰਡਿੰਗ ਘੱਟ ਹੋ ਗਈ। ਇਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੰਟਰ ਕਿਹਾ ਜਾਂਦਾ ਹੈ। ਫਿਰ 1990 ਦੇ ਦਹਾਕੇ ਵਿੱਚ ਇੱਕ ਨਵੀਂ ਲਹਿਰ ਆਈ ਜਦੋਂ ਆਈਬੀਐਮ ਦੇ ਸੁਪਰ ਕੰਪਿਊਟਰ ਡੀਪ ਬਲੂ ਨੇ 1997 ਵਿੱਚ ਸ਼ਤਰੰਜ ਦੇ ਵਿਸ਼ਵ ਚੈਂਪੀਅਨ ਗੈਰੀ ਕਾਸਪਾਰੋਵ ਨੂੰ ਹਰਾਇਆ। ਇਸ ਤੋਂ ਬਾਅਦ 2011 ਵਿੱਚ ਆਈਬੀਐਮ ਵਾਟਸਨ ਨੇ ਜੀਓਪਾਰਡੀ ਗੇਮ ਵਿੱਚ ਜਿੱਤ ਹਾਸਲ ਕੀਤੀ। ਸਾਲ 2012 ਵਿੱਚ ਐਲੈਕਸਨੈੱਟ ਨੇ ਡੀਪ ਲਰਨਿੰਗ ਵਿਗਿਆਨ ਨੂੰ ਨਵੀਂ ਉਚਾਈ ਤੱਕ ਪਹੁੰਚਾਇਆ, ਜਿਸ ਨਾਲ ਤਸਵੀਰਾਂ ਪਛਾਣਣ ਵਿੱਚ ਵੱਡੀ ਤਰੱਕੀ ਹੋਈ।

ਇਸ ਤੋਂ ਬਾਅਦ ਤਰੱਕੀ ਤੇਜ਼ ਹੋ ਗਈ। ਸਾਲ 2016 ਵਿੱਚ ਗੂਗਲ ਦਾ ਐਲਫਾਗੋ ਨੇ ਗੋ ਖੇਡ ਵਿੱਚ ਵਿਸ਼ਵ ਚੈਂਪੀਅਨ ਨੂੰ ਹਰਾਇਆ, ਜੋ ਇੱਕ ਬਹੁਤ ਗੁੰਝਲਦਾਰ ਖੇਡ ਹੈ। ਸਾਲ 2022-2023 ਵਿੱਚ ਚੈਟਜੀਪੀਟੀ ਵਰਗੀਆਂ ਜਨਰੇਟਿਵ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨਾਲੋਜੀਆਂ ਨੇ ਆਮ ਲੋਕਾਂ ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਪਹੁੰਚਾਇਆ। ਇਹ ਮਾਡਲ ਟੈਕਸਟ, ਤਸਵੀਰਾਂ ਅਤੇ ਵੀਡੀਓ ਤੱਕ ਬਣਾ ਸਕਦੇ ਹਨ। ਅੱਜ 2026 ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਰੋਜ਼ਾਨਾ ਜੀਵਨ ਵਿੱਚ ਡੂੰਘੇ ਤੌਰ ਤੇ ਘੁਲਮਿਲ ਚੁੱਕੀ ਹੈ। ਇਹ ਡਾਕਟਰੀ ਤਸਵੀਰਾਂ ਦਾ ਵਿਸ਼ਲੇਸ਼ਣ ਕਰਦੀ ਹੈ, ਡਰਾਈਵਿੰਗ ਸਹਾਇਤਾ ਦਿੰਦੀ ਹੈ ਅਤੇ ਵਪਾਰੀ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ। ਪਰ ਇਸ ਤਰੱਕੀ ਨਾਲ ਚੁਣੌਤੀਆਂ ਵੀ ਆਈਆਂ ਹਨ, ਜਿਵੇਂ ਡਾਟਾ ਪ੍ਰਾਈਵੇਸੀ, ਨੌਕਰੀਆਂ ਤੇ ਅਸਰ ਅਤੇ ਗਲਤ ਜਾਣਕਾਰੀ ਫੈਲਾਉਣ ਦਾ ਖਤਰਾ।

ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਇਤਿਹਾਸ ਉਮੀਦ ਅਤੇ ਨਿਰਾਸ਼ਾ ਦੇ ਚੱਕਰਾਂ ਨਾਲ ਭਰਿਆ ਹੈ। ਹਰ ਵਾਰ ਜਦੋਂ ਤਕਨਾਲੋਜੀ ਨਵੀਂ ਉਚਾਈ ਛੂੰਹਦੀ ਹੈ ਤਾਂ ਨਵੀਆਂ ਸੰਭਾਵਨਾਵਾਂ ਖੁੱਲ੍ਹਦੀਆਂ ਹਨ। ਡੀਪ ਲਰਨਿੰਗ, ਬਿਗ ਡਾਟਾ ਅਤੇ ਵਧਦੀ ਕੰਪਿਊਟਿੰਗ ਪਾਵਰ ਨੇ ਇਸ ਨੂੰ ਵਰਤਮਾਨ ਰੂਪ ਦਿੱਤਾ ਹੈ। ਹੁਣ ਇਹ ਸਵਾਲ ਉੱਠ ਰਿਹਾ ਹੈ ਕਿ ਅਗਲੇ 20-30 ਸਾਲਾਂ ਵਿੱਚ ਇਹ ਦੁਨੀਆ ਨੂੰ ਕਿਵੇਂ ਬਦਲੇਗੀ। ਅਗਲੇ ਦੋ ਤੋਂ ਤਿੰਨ ਦਹਾਕਿਆਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਇੱਕ ਤਬਦੀਲੀ ਲਿਆਉਣ ਵਾਲੀ ਤਾਕਤ ਬਣ ਸਕਦੀ ਹੈ। ਬਹੁਤ ਸਾਰੇ ਖੋਜੀ ਇਸ ਗੱਲ ਤੇ ਸਹਿਮਤ ਹਨ ਕਿ 2030 ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਵਧੇਰੇ ਉੱਨਤ ਏਜੰਟ ਬਣ ਜਾਵੇਗੀ ਜੋ ਆਪਣੇ ਆਪ ਕੰਮ ਕਰ ਸਕਦੀ ਹੈ। ਫਿਰ 2040-2050 ਤੱਕ ਇਹ ਆਰਟੀਫਿਸ਼ੀਅਲ ਜਨਰਲ ਇੰਟੈਲੀਜੈਂਸ ਤੱਕ ਪਹੁੰਚ ਸਕਦੀ ਹੈ, ਜੋ ਇਨਸਾਨ ਵਾਂਗ ਕਿਸੇ ਵੀ ਖੇਤਰ ਵਿੱਚ ਸਿਖ ਸਕਦੀ ਹੈ ਅਤੇ ਫੈਸਲੇ ਲੈ ਸਕਦੀ ਹੈ। ਇਸ ਤੋਂ ਬਾਅਦ ਆਰਟੀਫਿਸ਼ੀਅਲ ਸੁਪਰ ਇੰਟੈਲੀਜੈਂਸ ਵੱਲ ਵਧਣ ਦੀ ਸੰਭਾਵਨਾ ਵੀ ਹੈ, ਜਿਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਇਨਸਾਨੀ ਬੁੱਧੀ ਤੋਂ ਵੀ ਅੱਗੇ ਨਿਕਲ ਜਾਵੇਗੀ।

ਇਸ ਤਬਦੀਲੀ ਦਾ ਸਭ ਤੋਂ ਵੱਡਾ ਅਸਰ ਆਰਥਿਕਤਾ ਤੇ ਪਵੇਗਾ। ਆਰਟੀਫਿਸ਼ੀਅਲ ਇੰਟੈਲੀਜੈਂਸ ਉਤਪਾਦਕਤਾ ਵਧਾਏਗੀ ਅਤੇ ਨਵੀਆਂ ਨੌਕਰੀਆਂ ਬਣਾਏਗੀ, ਪਰ ਰੁਟੀਨ ਕੰਮਾਂ ਵਾਲੀਆਂ ਨੌਕਰੀਆਂ ਘਟ ਸਕਦੀਆਂ ਹਨ। ਡਾਕਟਰੀ ਖੇਤਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿਅਕਤੀਗਤ ਇਲਾਜ, ਤੁਰੰਤ ਡਾਇਗਨੋਸਿਸ ਅਤੇ ਰੋਬੋਟਿਕ ਸਰਜਰੀ ਰਾਹੀਂ ਲੋਕਾਂ ਦੀ ਉਮਰ ਵਧਾਉਣ ਵਿੱਚ ਮਦਦ ਕਰੇਗੀ। ਇੱਕ ਅਨੁਮਾਨ ਅਨੁਸਾਰ 2050 ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਬਿਮਾਰੀਆਂ ਦੀ ਭਵਿੱਖਬਾਣੀ ਅਤੇ ਰੋਕਥਾਮ ਆਮ ਹੋ ਜਾਵੇਗੀ। ਸਿੱਖਿਆ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿਅਕਤੀਗਤ ਟੀਚਰ ਵਾਂਗ ਕੰਮ ਕਰੇਗਾ, ਜਿਸ ਨਾਲ ਹਰ ਵਿਦਿਆਰਥੀ ਆਪਣੀ ਗਤੀ ਅਨੁਸਾਰ ਸਿਖ ਸਕੇਗਾ। ਟ੍ਰਾਂਸਪੋਰਟੇਸ਼ਨ ਵਿੱਚ ਆਟੋਨੋਮਸ ਵਾਹਨ ਆਮ ਹੋ ਜਾਣਗੇ, ਜਿਸ ਨਾਲ ਟ੍ਰੈਫਿਕ ਅਤੇ ਦੁਰਘਟਨਾਵਾਂ ਘੱਟ ਹੋਣਗੀਆਂ।

ਵਾਤਾਵਰਣ ਰੱਖਿਆ ਵਿੱਚ ਵੀ ਆਰਟੀਫਿਸ਼ੀਅਲ ਇੰਟੈਲੀਜੈਂਸ ਵੱਡੀ ਭੂਮਿਕਾ ਨਿਭਾਏਗੀ। ਇਹ ਊਰਜਾ ਖਪਤ ਨੂੰ ਔਪਟੀਮਾਈਜ਼ ਕਰਕੇ ਜਲਵਾਯੂ ਤਬਦੀਲੀ ਨਾਲ ਲੜਨ ਵਿੱਚ ਮਦਦ ਕਰ ਸਕਦੀ ਹੈ। ਖੇਤੀਬਾੜੀ ਵਿੱਚ ਬਿਹਤਰ ਫਸਲਾਂ ਉਗਾਉਣ ਅਤੇ ਭੁੱਖਮਰੀ ਘਟਾਉਣ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਉਪਯੋਗੀ ਸਾਬਤ ਹੋਵੇਗੀ। ਰੋਬੋਟਿਕਸ ਨਾਲ ਘਰਾਂ, ਫੈਕਟਰੀਆਂ ਅਤੇ ਹਸਪਤਾਲਾਂ ਵਿੱਚ ਰੋਜ਼ਾਨਾ ਕੰਮ ਆਸਾਨ ਹੋ ਜਾਣਗੇ। ਇਸ ਤੋਂ ਇਲਾਵਾ ਵਰਚੁਅਲ ਰਿਐਲਿਟੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਮਿਲਾਪ ਨਾਲ ਸਿੱਖਿਆ ਅਤੇ ਮਨੋਰੰਜਨ ਨਵੀਆਂ ਉਚਾਈਆਂ ਛੂੰਹ ਲੈਣਗੇ।

ਪਰ ਇਸ ਭਵਿੱਖ ਵਿੱਚ ਚੁਣੌਤੀਆਂ ਵੀ ਬਹੁਤ ਹਨ। ਨੌਕਰੀਆਂ ਦੀ ਤਬਦੀਲੀ ਨਾਲ ਬੇਰੁਜ਼ਗਾਰੀ ਵਧ ਸਕਦੀ ਹੈ, ਇਸ ਲਈ ਨਵੀਆਂ ਸਿਖਲਾਈਆਂ ਅਤੇ ਯੂਨਿਵਰਸਲ ਬੇਸਿਕ ਇਨਕਮ ਵਰਗੀਆਂ ਨੀਤੀਆਂ ਦੀ ਲੋੜ ਪਵੇਗੀ। ਏਥਿਕਲ ਮੁੱਦੇ ਜਿਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਪੱਖਪਾਤ, ਗਲਤ ਜਾਣਕਾਰੀ ਅਤੇ ਸੁਰੱਖਿਆ ਖਤਰੇ ਵੀ ਵੱਡੇ ਹੋਣਗੇ। ਜੇਕਰ ਆਰਟੀਫਿਸ਼ੀਅਲ ਇੰਟੈਲੀਜੈਂਸ ਬਹੁਤ ਤੇਜ਼ੀ ਨਾਲ ਵਿਕਸਿਤ ਹੋਈ ਤਾਂ ਇਸ ਨੂੰ ਨਿਯੰਤਰਣ ਵਿੱਚ ਰੱਖਣਾ ਚੁਣੌਤੀ ਬਣ ਸਕਦਾ ਹੈ। ਕੁਝ ਖੋਜੀ ਇਸ ਗੱਲ ਤੋਂ ਚਿੰਤਤ ਹਨ ਕਿ ਸੁਪਰ ਇੰਟੈਲੀਜੈਂਸ ਮਨੁੱਖੀ ਨਿਯੰਤਰਣ ਤੋਂ ਬਾਹਰ ਨਾ ਹੋ ਜਾਵੇ। ਇਸ ਲਈ ਅੰਤਰਰਾਸ਼ਟਰੀ ਸਹਿਯੋਗ ਅਤੇ ਨਿਯਮ ਬਣਾਉਣਾ ਜ਼ਰੂਰੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਨਾ ਸਿਰਫ਼ ਤਕਨਾਲੋਜੀ ਹੈ, ਬਲਕਿ ਇਹ ਮਨੁੱਖੀ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਾਲੀ ਤਾਕਤ ਵੀ ਹੈ। ਇਸ ਨਾਲ ਅਸੀਂ ਬਿਮਾਰੀਆਂ ਤੋਂ ਮੁਕਤੀ, ਵਾਤਾਵਰਣ ਸੰਤੁਲਨ ਅਤੇ ਵਧੇਰੇ ਖੁਸ਼ਹਾਲ ਜੀਵਨ ਵੱਲ ਵਧ ਸਕਦੇ ਹਾਂ। ਪਰ ਇਸ ਲਈ ਸਾਨੂੰ ਜ਼ਿੰਮੇਵਾਰੀ ਨਾਲ ਇਸ ਨੂੰ ਵਿਕਸਿਤ ਕਰਨਾ ਚਾਹੀਦਾ ਹੈ ਤਾਂ ਜੋ ਲਾਭ ਸਾਰਿਆਂ ਤੱਕ ਪਹੁੰਚ ਸਕਣ। ਅਗਲੇ 20-30 ਸਾਲ ਇਸ ਲਈ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਸ ਸਮੇਂ ਵਿੱਚ ਲਏ ਗਏ ਫੈਸਲਿਆਂ ਨਾਲ ਭਵਿੱਖ ਦੀ ਦੁਨੀਆਂ ਦਾ ਰੂਪ ਤੈਅ ਹੋਵੇਗਾ।

ਅੰਤ ਵਿੱਚ, ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਦਾ ਵਿਸਤਾਰ ਹੈ। ਇਸ ਨੇ ਪਿਛਲੀਆਂ ਸੱਤ-ਅੱਠ ਦਹਾਕਿਆਂ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਅਗਲੇ ਤੀਹ ਸਾਲਾਂ ਵਿੱਚ ਇਹ ਦੁਨੀਆ ਨੂੰ ਇੱਕ ਨਵੀਂ ਉਚਾਈ ਤੱਕ ਲੈ ਜਾ ਸਕਦੀ ਹੈ। ਜੇਕਰ ਅਸੀਂ ਇਸ ਨੂੰ ਠੀਕ ਤਰ੍ਹਾਂ ਵਰਤੀਏ ਤਾਂ ਇਹ ਮਨੁੱਖਤਾ ਲਈ ਇੱਕ ਵਰਦਾਨ ਬਣ ਸਕਦੀ ਹੈ, ਨਾ ਕਿ ਕੋਈ ਖਤਰਾ। ਇਸ ਲਈ ਵਿਗਿਆਨ, ਨੀਤੀ ਅਤੇ ਆਮ ਲੋਕਾਂ ਵਿਚਾਲੇ ਗੱਲਬਾਤ ਜਾਰੀ ਰੱਖਣੀ ਬਹੁਤ ਜ਼ਰੂਰੀ ਹੈ ਤਾਂ ਜੋ ਇੱਕ ਬਿਹਤਰ ਭਵਿੱਖ ਬਣਾਇਆ ਜਾ ਸਕੇ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com

# ਮਾਂ ਉਹ ਦੀਪਕ ਹੈ ਜੋ ਆਪਣੇ ਆਪ ਨੂੰ ਜਗਾ ਕੇ ਘਰ ਨੂੰ ਰੌਸ਼ਨ ਕਰਦੀ ਹੈ

**ਡਾ ਅਮਰਜੀਤ ਟਾਂਡਾ**
ਸੰਪਰਕ+61 412913021



ਮਾਂ ਰੱਬ ਦੀਆਂ ਦੁਆਵਾਂ ਦਾ ਜੀਊਂਦਾ ਦਰਿਆ, ਰੱਬ ਦੇ ਹੱਥਾਂ ਦੀ ਸਭ ਤੋਂ ਪਵਿੱਤਰ ਲਿਖਤ, ਦੁਆਵਾਂ ਦੇ ਚਾਨਣ ਨਾਲ ਭਰਿਆ ਅਸਮਾਨ, ਮਮਤਾ ਦੇ ਅਥਾਹ ਸਮੁੰਦਰ ਦੀ ਗੂੰਜ, ਰੂਹ ਦੀ ਪਹਿਲੀ ਅਰਦਾਸ, ਧਰਤੀ ਉੱਤੇ ਉਤਰਿਆ ਰੱਬ ਦਾ ਨੂਰ, ਤਿਆਗ ਦੇ ਚਾਨਣ ਨਾਲ ਜਗਦੀ ਕਾਇਨਾਤ, ਜੰਨਤ ਦੀ ਮਹਿਕ ਵਾਲੀ ਝੋਲੀ ਦਰਦਾਂ ਉੱਤੇ ਵਿਛੀ ਮਮਤਾ ਦੀ ਚਾਦਰ ਵਰਗੀ ਹੈ।

ਚੁੱਪ ਰਹਿ ਕੇ ਵੀ ਸਭ ਕੁਝ ਕਹਿ ਜਾਣ ਵਾਲੀ ਰੂਹ ਹੁੰਦੀ ਹੈ ਮਾਂ, ਅੱਖਾਂ ਵਿੱਚ ਵਸਦੀ ਦੁਆਵਾਂ ਦੀ ਗੰਗਾ, ਸਬਰ, ਸੇਵਾ ਤੇ ਸਨੇਹ ਦਾ ਵਗਦਾ ਦਰਿਆ ਜਾਂ ਰੱਬੀ ਰਹਿਮਤਾਂ ਦਾ ਵਰਗਾ ਨਰਮ ਬੱਦਲ ਹੈ।ਮਾਂ ਕੋਈ ਸ਼ਬਦ ਨਹੀਂ ਹੁੰਦੀ, ਉਹ ਤਾਂ ਅਰਦਾਸ ਦੇ ਅੱਖਰਾਂ ਵਿੱਚ ਵਸਦੀ ਉਹ ਰੌਸ਼ਨੀ ਹੁੰਦੀ ਹੈ ਜੋ ਮਨੁੱਖ ਦੇ ਹਨ੍ਹੇਰੇ ਅੰਦਰ ਤੱਕ ਚਾਨਣ ਕਰ ਜਾਂਦੀ ਹੈ।

ਮਾਂ ਧਰਤੀ ਦੇ ਸੀਨੇ ਉੱਤੇ ਤੁਰਦੀ ਉਹ ਮੌਨ ਗੁਰਬਾਣੀ ਹੈ ਜਿਸਦੀ ਹਰ ਧੁਨ ਵਿੱਚ ਮਮਤਾ ਦੀ ਮਹਿਕਦੀ ਹੋਈ ਰੂਹ ਸੁੱਤੀ ਪਈ ਹੁੰਦੀ ਹੈ। ਉਹ ਚੰਨ ਦੀ ਠੰਢਕ ਤੋਂ ਵੀ ਨਰਮ, ਸੂਰਜ ਦੀ ਰੌਸ਼ਨੀ ਤੋਂ ਵੀ ਪਵਿੱਤਰ ਅਤੇ ਸਮੁੰਦਰ ਦੀਆਂ ਲਹਿਰਾਂ ਤੋਂ ਵੀ ਡੂੰਘੀ ਹੁੰਦੀ ਹੈ। ਜਦੋਂ ਦੁਨੀਆਂ ਆਪਣੀਆਂ ਕਰੜੀਆਂ ਉਂਗਲਾਂ ਨਾਲ ਮਨੁੱਖ ਦੇ ਸੁਪਨਿਆਂ ਨੂੰ ਤੋੜਦੀ ਹੈ, ਉਸ ਵੇਲੇ ਮਾਂ ਆਪਣੇ ਪਿਆਰ ਦੇ ਰੇਸ਼ਮੀ ਪਰਾਂ ਨਾਲ ਉਸਦੀ ਟੁੱਟੀ ਰੂਹ ਨੂੰ ਢਕ ਲੈਂਦੀ ਹੈ।

ਉਹ ਦਰਦਾਂ ਦੀ ਧੁੱਪ ਵਿੱਚ ਛਾਂ ਬਣ ਜਾਂਦੀ ਹੈ, ਭੁੱਖੇ ਦਿਨਾਂ ਵਿੱਚ ਟੁੱਕ ਦੀ ਖ਼ੁਸ਼ਬੂ ਬਣ ਜਾਂਦੀ ਹੈ, ਤੇ ਅੰਧੇਰੇ ਵੇਲਿਆਂ ਵਿੱਚ ਦੀਵੇ ਦੀ ਲੋਅ ਵਾਂਗ ਕੰਬਦੀ ਹੋਈ ਵੀ ਘਰ ਨੂੰ ਰੌਸ਼ਨ ਰੱਖਦੀ ਹੈ।

ਮਾਂ ਦਾ ਦਿਲ ਉਹ ਅਸਮਾਨ ਹੈ ਜਿੱਥੇ ਮਾਫ਼ੀ ਦੇ ਬੱਦਲ ਕਦੇ ਖਤਮ ਨਹੀਂ ਹੁੰਦੇ। ਉਹ ਆਪਣੇ ਬੱਚਿਆਂ ਲਈ ਆਪਣੇ ਸੁਪਨਿਆਂ ਦੀਆਂ ਚੂੜੀਆਂ ਤੱਕ ਵੇਚ ਦਿੰਦੀ ਹੈ, ਪਰ ਚਿਹਰੇ ਉੱਤੇ ਮੁਸਕਰਾਹਟ ਦਾ ਦੀਵਾ ਬੁੱਝਣ ਨਹੀਂ ਦਿੰਦੀ। ਉਸ ਦੀਆਂ ਅੱਖਾਂ ਵਿੱਚ ਅਜਿਹੇ ਅਥਾਹ ਸਮੁੰਦਰ ਵੱਸਦੇ ਹਨ ਜਿੱਥੇ ਦੁੱਖ ਵੀ ਡੁੱਬ ਕੇ ਸੁਕੂਨ ਬਣ ਜਾਂਦੇ ਹਨ।

ਮਾਂ ਉਹ ਸੁੱਚੀ ਵੇਣੀ,ਬਹੁਤ ਸੁੰਦਰਤਾ, ਨਰਮੀ ਵਾਲੀ ਬਰਖਾ ਹੁੰਦੀ ਹੈ ਜੋ ਮਨੁੱਖ ਦੇ ਅੰਦਰ ਸੁੱਕ ਰਹੇ ਇਨਸਾਨ ਨੂੰ ਮੁੜ ਹਰਿਆ ਕਰ ਦਿੰਦੀ ਹੈ। ਉਹ ਪਿਪਲ ਦੀ ਛਾਂ ਵਰਗੀ ਠੰਢੀ, ਸਵੇਰ ਦੀ ਪਹਿਲੀ ਅਰਦਾਸ ਵਰਗੀ ਪਵਿੱਤਰ ਅਤੇ ਮੰਦਰ ਦੀ ਘੰਟੀ ਵਿੱਚ ਲੁਕਿਆ ਉਹ ਕੰਬਦਾ ਹੋਇਆ ਨਾਦ ਹੈ ਜੋ ਰੂਹ ਨੂੰ ਜਗਾ ਦਿੰਦਾ ਹੈ।

ਇਸ ਸੰਸਾਰ ਦੀ ਹਰ ਮਹਾਨਤਾ ਦੇ ਪਿੱਛੇ ਮਾਂ ਦੇ ਤਿਆਗ ਦੀ ਕੋਈ ਅਣਲਿਖੀ ਇਬਾਰਤ ਹੁੰਦੀ ਹੈ।

ਕੋਈ ਵੀ ਪੁੱਤਰ ਜੇ ਆਸਮਾਨ ਨੂੰ ਛੂਹ ਲੈਂਦਾ ਹੈ ਤਾਂ ਉਸਦੇ ਪੈਰਾਂ ਹੇਠ ਮਾਂ ਦੀਆਂ ਅਣਗਿਣਤ ਜਾਗੀਆਂ ਰਾਤਾਂ ਦੀਆਂ ਪੌੜੀਆਂ ਹੁੰਦੀਆਂ ਹਨ।

ਮਾਂ ਆਪਣੀ ਨੀਂਦ ਵੇਚ ਕੇ ਬੱਚਿਆਂ ਲਈ ਸੁਪਨੇ ਖਰੀਦਦੀ ਹੈ। ਉਹ ਆਪਣੀ ਉਮਰ ਦੀ ਰੌਸ਼ਨੀ ਗਲਾ ਕੇ ਬੱਚਿਆਂ ਦੇ ਰਾਹਾਂ ਵਿੱਚ ਚਾਨਣ ਬੀਜਦੀ ਹੈ। ਕਈ ਵਾਰੀ ਲੱਗਦਾ ਹੈ ਕਿ ਮਾਂ ਧਰਤੀ ਉੱਤੇ ਰੱਬ ਦਾ ਉਹ ਰੂਪ ਹੈ ਜਿਸਨੂੰ ਮਨੁੱਖ ਛੂਹ ਸਕਦਾ ਹੈ, ਗਲੇ ਲਾ ਸਕਦਾ ਹੈ, ਰੋ ਕੇ ਆਪਣਾ ਦਰਦ ਸੁਣਾ ਸਕਦਾ ਹੈ।

ਰੱਬ ਸ਼ਾਇਦ ਹਰ ਥਾਂ ਨਾ ਪਹੁੰਚ ਸਕਿਆ ਹੋਵੇ, ਇਸ ਲਈ ਉਸਨੇ ਮਾਂ ਬਣਾਈ ਹੋਵੇਗੀ। ਮਾਂ ਦੀਆਂ ਦੁਆਵਾਂ ਉਹ ਅਦ੍ਰਿਸ਼ਟ ਪਰਿੰਦੇ ਹਨ ਜੋ ਬੱਚਿਆਂ ਦੇ ਸਿਰ ਉੱਤੇ ਉੱਡਦੇ ਰਹਿੰਦੇ ਹਨ। ਜਦੋਂ ਜ਼ਿੰਦਗੀ ਦੀਆਂ ਹਨੇਰੀਆਂ ਆਂਧੀਆਂ ਸਭ ਕੁਝ ਉਜਾੜਣ ਲੱਗਦੀਆਂ ਹਨ, ਉਹੀ ਦੁਆਵਾਂ ਚੁੱਪਚਾਪ ਇਕ ਅਦਿੱਖ ਕੰਧ ਬਣ ਕੇ ਮਨੁੱਖ ਨੂੰ ਟੁੱਟਣ ਤੋਂ ਬਚਾ ਲੈਂਦੀਆਂ ਹਨ।



ਸਾਡੇ ਬੀਜੀ, ਜੋ ਕਈ ਸਾਲ ਪਹਿਲਾਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ

ਮਦਰ ਡੇ ਸਿਰਫ਼ ਇੱਕ ਦਿਨ ਨਹੀਂ, ਇਹ ਤਾਂ ਉਸ ਅਨੰਤ ਮਮਤਾ ਅੱਗੇ ਨਿਵਣ ਦਾ ਦਿਨ ਹੈ ਜਿਸਨੇ ਸਾਨੂੰ ਤੁਰਨਾ ਸਿਖਾਇਆ, ਬੋਲਣਾ ਸਿਖਾਇਆ, ਇਨਸਾਨ ਬਣਨਾ ਸਿਖਾਇਆ।

ਮਾਂ ਦੇ ਪੈਰਾਂ ਦੀ ਧੂੜ ਵਿੱਚ ਜੰਨਤ ਦੀ ਮਹਿਕ ਹੁੰਦੀ ਹੈ। ਉਸਦੀ ਝੋਲੀ ਉਹ ਕਾਇਨਾਤ ਹੈ ਜਿੱਥੇ ਹਰ ਥੱਕੀ ਰੂਹ ਨੂੰ ਆਖ਼ਿਰਕਾਰ ਸੁਕੂਨ ਮਿਲ ਜਾਂਦਾ ਹੈ।

ਅੱਜ ਦੇ ਇਸ ਮਦਰ ਡੇ ਉੱਤੇ ਆਓ ਮਾਂ ਦੇ ਹੱਥਾਂ ਦੀਆਂ ਲਕੀਰਾਂ ਵਿੱਚ ਲੁਕੇ ਤਿਆਗ ਨੂੰ ਪੜ੍ਹੀਏ, ਉਸ ਦੀਆਂ ਝੁਰੜੀਆਂ ਵਿੱਚ ਸੁੱਤੇ ਸੰਘਰਸ਼ਾਂ ਨੂੰ ਸਮਝੀਏ ਅਤੇ ਉਸਦੇ ਚਿਹਰੇ ਉੱਤੇ ਖਿੜਦੀ ਮੁਸਕਰਾਹਟ ਨੂੰ ਸਿਰਫ਼ ਆਦਤ ਨਹੀਂ, ਇਕ ਮਹਾਨ ਕੁਰਬਾਨੀ ਦਾ ਚਾਨਣ ਮੰਨੀਏ। ਕਿਉਂਕਿ -

ਮਾਂ ਉਹ ਕਵਿਤਾ ਹੈ ਜੋ ਕਦੇ ਪੂਰੀ ਨਹੀਂ ਲਿਖੀ ਜਾ ਸਕਦੀ। ਉਹ ਉਹ ਦਰਿਆ ਹੈ ਜੋ ਕਦੇ ਸੁੱਕਦਾ ਨਹੀਂ। ਉਹ ਉਹ ਰੱਬੀ ਸੁਰ ਹੈ ਜੋ ਮਨੁੱਖ ਦੇ ਅੰਦਰ ਹਮੇਸ਼ਾਂ ਵੱਜਦਾ ਰਹਿੰਦਾ ਹੈ।

ਅਤੇ ਸੱਚ ਤਾਂ ਇਹ ਹੈ -
ਜਿਸ ਘਰ ਵਿੱਚ ਮਾਂ ਹੱਸਦੀ ਹੋਵੇ,
ਉਥੇ ਰੱਬ ਖੁਦ ਦੀਵੇ ਜਗਾਉਂਦਾ ਹੈ।

ਮਾਂ ਸੁੱਕੇ ਮਨਾਂ ਉੱਤੇ ਵਰ੍ਹਦੀ ਪਿਆਰ ਦੀ ਬਰਖਾ, ਜ਼ਿੰਦਗੀ ਦੇ ਹਨ੍ਹੇਰਿਆਂ ਵਿੱਚ ਜਗਦਾ ਚਿਰਾਗ਼, ਮੌਨ ਵਿੱਚ ਵੱਜਦੀ ਰੱਬੀ ਬਾਂਸਰੀ, ਝੁਰੜੀਆਂ ਵਿੱਚ ਲੁਕੀਆਂ ਕੁਰਬਾਨੀਆਂ ਦੀ ਮਹਾਂਕਾਵਿ, ਪੈਰਾਂ ਹੇਠਾਂ ਵਸਦੀ ਜੰਨਤ ਦਾ ਨੂਰ, ਉਹ ਛਾਂ ਜੋ ਧੁੱਪਾਂ ਤੋਂ ਪਹਿਲਾਂ ਆ ਖੜ੍ਹਦੀ ਹੈ।

ਮਾਂ : ਇਸ਼ਕ, ਇਬਾਦਤ ਤੇ ਇਨਸਾਨੀਅਤ ਦਾ ਮਿਲਾਪ, ਧੜਕਣਾਂ ਵਿੱਚ ਵੱਜਦੀ ਮਮਤਾ ਦੀ ਰਾਗਨੀ, ਅਣਕਹੇ ਦਰਦਾਂ ਦੀ ਮੁਸਕਰਾਉਂਦੀ ਤਸਵੀਰ, ਘਰ ਦੇ ਆਂਗਣ ਵਿੱਚ ਖਿੜਿਆ ਰੱਬੀ ਚੰਨ, ਸਮੇਂ ਦੇ ਮੱਥੇ ਉੱਤੇ ਲਿਖਿਆ ਪਿਆਰ ਦਾ ਸ਼ਲੋਕ ਜਾਂ ਉਹ ਅਮਰ ਰੌਸ਼ਨੀ ਜੋ ਕਦੇ ਨਹੀਂ ਬੁੱਝਦੀ।

*-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ*

# ਘਰ ’ਚ ਮਿੱਟੀ ਦੀਆਂ ਪੈੜਾਂ ਤੇ ਜੂਠੇ ਭਾਂਡੇ: ਜੀਵਨ ਦੀ ਧੜਕਦੀ ਰੌਣਕ ਦਾ ਰੂਹਾਨੀ ਦਰਪਣ

**ਡਾ ਅਮਰਜੀਤ ਟਾਂਡਾ**
ਸੰਪਰਕ+61 412913021



ਘਰ ਦੇ ਦਰਵਾਜ਼ਿਆਂ ਦਰਾਂ ’ਤੇ ਮਿੱਟੀ-ਘੱਟੇ ਦੀਆਂ ਪੈੜਾਂ, ਵਿਹੜੇ ਅੰਗਣ ਵਿੱਚ ਪੈਰਾਂ ਦੇ ਨਰਮ ਨਿਸ਼ਾਨ, ਤੇ ਰਸੋਈ ਕੋਣੇ ਵਿੱਚ ਪਏ ਜੂਠੇ ਭਾਂਡੇ- ਇਹ ਸਿਰਫ਼ ਰੋਜ਼ਮਰਰਾ ਦੀ ਬੇਤਰਤੀਬੀ ਨਹੀਂ; ਇਹ ਜੀਵਨ ਦੇ ਰਾਗ ਦੀਆਂ ਉਹ ਅਦ੍ਰਿਸ਼ਟ ਸੁਰ ਲਹਿਰਾਂ ਹਨ ਜੋ ਘਰ ਨੂੰ ਇੱਕ ਧੜਕਦੀ ਕਾਇਨਾਤ ਬਣਾਉਂਦੀਆਂ ਹਨ। ਜੀਵਨ ਦੇ ਚੱਲਦੇ ਸਾਹ ਦੀ ਨਿਸ਼ਾਨੀ ਹੁੰਦੇ ਹਨ ਜਿਵੇਂ ਸਵੇਰੇ ਦੀ ਤਰੇਲ ਕਣਕ ਦੇ ਕੰਨਾਂ ’ਤੇ ਮੋਤੀ ਬਣ ਬੈਠਦੀ ਹੈ, ਓਹੋ ਜਿਹੀਆਂ ਇਹ ਮਿੱਟੀ ਦੀਆਂ ਪੈੜਾਂ ਘਰ ਦੇ ਦਿਲ ‘ਤੇ ਖੁਸ਼ੀ ਦੇ ਮੋਤੀ ਵਾਂਗ ਜੜੀਆਂ ਹੁੰਦੀਆਂ ਹਨ।

ਅਸੀਂ ਅਕਸਰ ਚਮਕਦੇ ਫਰਸ਼ਾਂ ਅਤੇ ਸਜੀਆਂ-ਧਜੀਆਂ ਅਲਮਾਰੀਆਂ ਵਿੱਚ ਸੁਖ ਲੱਭਦੇ ਹਾਂ, ਪਰ ਜਿੰਦਗੀ ਦੀ ਅਸਲ ਖੁਸ਼ਬੂ ਉਸ ਅਧੂਰੀ ਸੁੰਦਰਤਾ ਵਿੱਚ ਵੱਸਦੀ ਹੈ ਜਿਵੇਂ ਬਰਸਾਤ ਮਗਰੋਂ ਮਿੱਟੀ ਦੀ ਸੁਗੰਧ, ਜਿਵੇਂ ਝੁਕੇ ਹੋਏ ਦਰੱਖਤ ਦੀ ਨਿਮਰ ਛਾਂ, ਜਿਵੇਂ ਮਾਂ ਦੇ ਹੱਥਾਂ ਦੀ ਰੋਟੀ ਵਿੱਚ ਪਿਆਰ ਦੀ ਗਰਮਾਹਟ ਭਰੀ ਛੋਹ।

ਮਿੱਟੀ ਦੀ ਪੈੜ ਸਿਰਫ਼ ਇਕ ਨਿਸ਼ਾਨ ਨਹੀਂ; ਇਹ ਧਰਤੀ ਨਾਲ ਸਾਡੀ ਅਟੁੱਟ ਗੱਲਬਾਤ ਹੈ। ਜਦੋਂ ਬੱਚਿਆਂ ਦੇ ਪੈਰ ਮਿੱਟੀ ਨਾਲ ਰੰਗੇ ਹੋਏ ਦਰਾਂ ਵਿੱਚ ਦਾਖ਼ਲ ਹੁੰਦੇ ਹਨ, ਉਹ ਐਸਾ ਲੱਗਦਾ ਹੈ ਜਿਵੇਂ ਖੁਸ਼ੀ ਨੇ ਆਪਣੇ ਖੰਭ ਪੰਖ ਖੋਲ੍ਹ ਕੇ ਘਰ ਵਿੱਚ ਉਡਾਣ ਭਰੀ ਹੋਵੇ। ਉਹ ਪੈੜਾਂ ਕਵਿਤਾ ਦੀਆਂ ਉਹਨਾਂ ਲਕੀਰਾਂ ਵਾਂਗ ਹੁੰਦੀਆਂ ਹਨ ਜੋ ਕਾਗਜ਼ ‘ਤੇ ਨਹੀਂ, ਦਿਲਾਂ ’ਤੇ ਲਿਖੀਆਂ ਜਾਂਦੀਆਂ ਹਨ।

ਅਤੇ ਜੂਠੇ ਭਾਂਡੇ-ਓਹ ਤਾਂ ਘਰ ਦੀ ਰਸੋਈ ਦਾ ਸੰਗੀਤ ਜਲ ਤਰੰਗ ਹੁੰਦੇ ਹਨ। ਉਹ ਚੁੱਪਚਾਪ ਵੀ ਬੋਲਦੇ ਹਨ, ਜਿਵੇਂ ਸ਼ਾਮ ਦੀ ਆਰਤੀ ਦਾ ਨਿਰਵਚਨ ਨਾਦ। ਉਹ ਦੱਸਦੇ ਹਨ ਕਿ ਇੱਥੇ ਕਿਸੇ ਨੇ ਪਿਆਰ ਨਾਲ ਖਾਧਾ, ਕਿਸੇ ਨੇ ਰੋਟੀ ਟੁੱਕ ਦੀ ਗਰਾਹੀ ਬੁਰਕੀ ਤੋੜਦਿਆਂ ਹੱਸਿਆ ਸੀ, ਕਿਸੇ ਨੇ ਆਪਣੀ ਥਕਾਵਟ ਨੂੰ ਅੱਖ ਦੀ ਇਕ ਫੋਰ ਵਿੱਚ ਭੁਲਾ ਦਿੱਤਾ ਸੀ। ਜੇ ਭਾਂਡੇ ਸਦਾ ਹੀ ਖਾਲੀ ਤੇ ਚਮਕਦੇ ਰਹਿਣ, ਤਾਂ ਉਹ ਰਸੋਈ ਨਹੀਂ, ਇੱਕ ਠੰਢਾ ਦਰਸ਼ਨਘਰ ਬਣ ਜਾਂਦਾ ਹੈ-ਜਿੱਥੇ ਰੂਹ ਦੀ ਗਰਮੀ ਗੁੰਮ ਹੋ ਜਾਂਦੀ ਹੈ।

ਇਹ ਸਾਰਾ ਦ੍ਰਿਸ਼ ਇੱਕ ਡੂੰਘੀ ਫਿਲੋਸਫੀ ਨੂੰ ਜਨਮ ਦਿੰਦਾ ਹੈ-ਸੁੰਦਰਤਾ ਹਮੇਸ਼ਾਂ ਪੂਰਨਤਾ ਵਿੱਚ ਨਹੀਂ ਹੁੰਦੀ; ਉਹ ਅਧੂਰੇਪਨ ਦੀ ਮਿੱਠੀ ਖੁਰਦੁਰਾਹਟ ਵਿੱਚ ਲੁਕੀ ਹੁੰਦੀ ਹੈ। ਜਿਵੇਂ ਦਰਿਆ ਆਪਣੇ ਮੈਲੇਪਣ ਵਿੱਚ ਵੀ ਜੀਵਨ ਵਾਂਗ ਵਹਿੰਦਾ ਝੂਲਦਾ ਹੈ, ਜਿਵੇਂ ਅਸਮਾਨ ਦੇ ਬੱਦਲ ਆਪਣੇ ਵਿਖਰਾਅ ਵਿੱਚ ਵੀ ਨਜ਼ਮ ਜਾਂ ਗ਼ਜ਼ਲ ਬਣ ਜਾਂਦੇ ਹਨ, ਓਹੋ ਜਿਹਾ ਮਨੁੱਖ ਵੀ ਆਪਣੇ ਅਧੂਰੇਪਣ ਵਿੱਚ ਹੀ ਪੂਰਾ ਹੁੰਦਾ ਹੈ।

ਅਧਿਆਤਮਕ ਤੌਰ ’ਤੇ ਵੇਖੀਏ ਤਾਂ ਇਹ ਪੈੜਾਂ ਅਹੰਕਾਰ ਦੀ ਚਾਦਰ ‘ਤੇ ਪਏ ਨਿਮਰਤਾ ਦੇ ਫੁੱਲ ਹੁੰਦੇ ਹਨ। ਇਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਜ਼ਿੰਦਗੀ ਕੋਈ ਸਾਫ਼-ਸੁਥਰੀ ਤਸਵੀਰ ਨਹੀਂ, ਸਗੋਂ ਰੰਗਾਂ ਨਾਲ ਭਰੀ ਇੱਕ ਜੀਵੰਤ ਕੈਨਵਸ ਹੈ-ਜਿੱਥੇ ਹਰ ਦਾਗ ਵੀ ਇੱਕ ਅਰਥ ਰੱਖਦਾ ਹੈ। ਜਦੋਂ ਅਸੀਂ ਇਸ ਨੂੰ ਸਵੀਕਾਰ ਕਰਦੇ ਹਾਂ, ਤਾਂ ਅਸੀਂ ਅਸਲ ਵਿੱਚ ਆਪਣੇ ਅੰਦਰ ਦੀ ਕਠੋਰਤਾ ਨੂੰ ਗਲਾ ਕੇ ਇੱਕ ਨਰਮ ਰੂਹ ਬਣਾਉਂਦੇ ਉਸਾਰਦੇ ਹਾਂ।

ਹਾਂ, ਸ਼ਫ਼ਾਈ ਦੀ ਮਹੱਤਤਾ ਅਣਦੇਖੀ ਨਹੀਂ ਕੀਤੀ ਜਾ ਸਕਦੀ। ਪਰ ਜੇ ਸ਼ਫ਼ਾਈ ਦੇ ਚੱਕਰ ਵਿੱਚ ਅਸੀਂ ਜੀਵਨ ਦੀ ਮਸਤ ਰਵਾਨਗੀ ਨੂੰ ਕੈਦ ਕਰ ਲਈਏ, ਤਾਂ ਇਹ ਉਸ ਦਰਿਆ ਵਰਗਾ ਹੋ ਜਾਵੇਗਾ ਜੋ ਆਪਣੇ ਹੀ ਕੰਢਿਆਂ ਵਿੱਚ ਬੱਝ ਕੇ ਸੁੱਕ ਜਾਂਦਾ ਹੈ। ਘਰ ਨੂੰ ਘਰ ਬਣਾਉਣ ਲਈ ਥੋੜ੍ਹੀ ਮਿੱਟੀ ਦੀ ਖੁਸ਼ਬੂ, ਥੋੜ੍ਹੀ ਹਾਸਿਆਂ ਮੁਸਕਰਾਟਾਂ ਦੀ ਗੂੰਜ, ਤੇ ਥੋੜ੍ਹੀ ਬੇਤਰਤੀਬੀ ਦੀ ਲਹਿਰ ਬਹੁਤ ਹੀ ਜ਼ਰੂਰੀ ਹੁੰਦੀ ਹੈ।

ਸੋ ਇਹ ਕਹਿਣਾ ਕੋਈ ਵੱਡੀ ਗੱਲ ਨਹੀਂ ਕਿ ਜਿੱਥੇ ਦਰਾਂ ’ਤੇ ਮਿੱਟੀ ਦੀਆਂ ਪੈੜਾਂ ਹਨ, ਉੱਥੇ ਆਉਣ ਵਾਲੇ ਕਦਮਾਂ ਦੀ ਉਮੀਦ ਜਿੰਦਾ ਹੈ; ਜਿੱਥੇ ਜੂਠੇ ਭਾਂਡੇ ਹਨ, ਉੱਥੇ ਸਾਂਝ ਦਾ ਪਿਆਰ ਅਜੇ ਵੀ ਗਰਮ ਹੈ। ਇਹ ਘਰ ਹੀ ਅਸਲ ਇਬਾਦਤ ਘਰ ਹੁੰਦੇ ਹਨ-ਜਿੱਥੇ ਪਵਿੱਤਰਤਾ ਸਜਾਵਟ ਨਾਲ ਨਹੀਂ, ਸਹਿਜ ਜੀਵਨ ਦੀ ਮਿੱਠੀ ਅਫਰਾਤਫਰੀ ਨਾਲ ਜਨਮ ਲੈਂਦੀ ਹੈ।

-ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ

# ਦੋ ਸਰਦਾਰ-ਦੋ ਕੈਲੰਡਰ

ਸਰਬਜੀਤ ਸਿੰਘ ਸੈਕਰਾਮੈਂਟੋ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਧੁਮੱਕੜਸ਼ਾਹੀ ਕੈਲੰਡਰ (ਸੰਮਤ ਨਾਨਕਸ਼ਾਹੀ 558) ਵਿੱਚ ਇਕੋ ਨਾਮ ਵਾਲੇ, ਦੋ ਸਿੱਖ ਸਰਦਾਰਾਂ ਦੇ ਜਨਮ ਦਿਹਾੜੇ ਦਰਜ ਹਨ। ਰਾਮਗੜ੍ਹੀਆ ਮਿਸਲ ਦੇ ਬਾਨੀ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ 22 ਵੈਸਾਖ (5 ਮਈ) ਅਤੇ ਆਹਲੂਵਾਲੀਆ ਮਿਸਲ ਦੇ ਸੰਸਥਾਪਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ 5 ਜੇਠ (19 ਮਈ) ਦਾ ਦਰਜ ਹੈ। ਜਦੋਂ ਇਨ੍ਹਾਂ ਦੋਵਾਂ ਸਰਦਾਰਾਂ ਦੀਆਂ ਜਨਮ ਤਾਰੀਖਾਂ ਦੀ ਭਾਲ ਕੀਤੀ ਗਈ ਤਾਂ, ਸ. ਜੱਸਾ ਸਿੰਘ ਆਹਲੂਵਾਲੀਆ ਦੀ ਜਨਮ ਤਾਰੀਖ ਤਾਰੀਖ 5 ਜੇਠ ਸੰਮਤ 1775 ਬਿਕ੍ਰਮੀ (3 ਮਈ 1718 ਈ ਜੂਲੀਅਨ) ਦਿਨ ਸ਼ਨਿਚਰਵਾਰ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਤਾਰੀਖ 7 ਜੇਠ ਸੰਮਤ 1780 ਬਿਕ੍ਰਮੀ ਦਿਨ ਐਤਵਾਰ (5 ਮਈ 1723 ਜੂਲੀਅਨ) ਮਿਲਦੀਆਂ ਹਨ। ਇਨ੍ਹਾਂ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਕੋਈ ਮੱਤਭੇਦ ਨਹੀਂ ਹੈ। ਅਸਲ ਤਾਰੀਖਾਂ ਮੁਤਾਬਕ ਦੋਵਾਂ ਸਰਦਾਰਾਂ ਦੇ ਜਨਮ ਦਿਹਾੜੇ ਵਿੱਚ ਦੋ ਦਿਨਾਂ (5 ਜੇਠ/3 ਮਈ-7 ਜੇਠ/5 ਮਈ) ਦਾ ਫਰਕ ਹੈ। ਪਰ ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ 14 ਦਿਨਾਂ (22 ਵੈਸਾਖ-5 ਜੇਠ) ਦਾ ਫਰਕ ਹੈ ਅਜੇਹਾ ਕਿਓ? ਆਓ ਇਸ ਦੇ ਕਾਰਨ ਨੂੰ ਜਾਣੀਏ!

ਸ਼੍ਰੋਮਣੀ ਕਮੇਟੀ ਵੱਲੋ ਜਾਰੀ ਕੀਤੇ ਗਏ ਪਿਛਲੇ ਸਾਲਾਂ ਦੇ ਕੈਲੰਡਰਾਂ ਦੀ ਪੜਤਾਲ ਕਰਨ 'ਤੇ ਜਾਣਕਾਰੀ ਮਿਲੀ ਹੈ ਕਿ ਸ. ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ ਸੰਮਤ 553 ਨ.ਸ. (2021 ਈ:) ਤੋਂ ਦਰਜ ਕਰਨਾ ਆਰੰਭ ਕੀਤਾ ਹੈ। ਇਹ ਅਸਲ ਪ੍ਰਵਿਸ਼ਟੇ ਮੁਤਾਬਕ 5 ਜੇਠ ਦਾ ਦਰਜ ਕੀਤਾ ਗਿਆ ਹੈ। ਸੰਮਤ 1775 ਬਿਕ੍ਰਮੀ ਵਿੱਚ 5 ਜੇਠ ਵਾਲੇ ਦਿਨ 3 ਮਈ (ਜੂਲੀਅਨ) ਸੀ। ਅੱਜ 5 ਜੇਠ (ਬਿਕ੍ਰਮੀ) ਵਾਲੇ ਦਿਨ 18-19 ਮਈ (ਗਰੈਗੋਰੀਅਨ) ਆਉਂਦੀ ਹੈ। ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਕਮੇਟੀ ਨੇ ਆਪਣੇ ਕੈਲੰਡਰ ਵਿੱਚ, ਸੰਮਤ 555 ਨਾ.ਸ਼ਾ. (2023 ਈ:) ਤੋਂ ਦਰਜ ਕਰਨਾ ਆਰੰਭ ਕੀਤਾ ਹੈ। ਇਥੇ ਪ੍ਰਵਿਸ਼ਟੇ ਨੂੰ ਮੁੱਖ ਰੱਖਣ ਦੀ ਬਿਜਾਏ, ਜੂਲੀਅਨ ਕੈਲੰਡਰ ਦੀ ਤਾਰੀਖ (5 ਮਈ) ਨੂੰ ਮੁੱਖ ਰੱਖਿਆ ਹੈ। ਅੱਜ-ਕੱਲ 5 ਮਈ ਨੂੰ 22-23 ਵੈਸਾਖ ਆਉਂਦੀ ਹੈ

ਪਾਠਕਾਂ ਦੀ ਜਾਣਕਾਰੀ ਲਈ ਇਹ ਦੱਸਣਾ ਜਰੂਰੀ ਹੈ ਕਿ ਜੂਲੀਅਨ ਕੈਲੰਡਰ ਕਦੇਂ ਵੀ ਆਪਣੇ ਦੇਸ਼ ਵਿੱਚ ਲਾਗੂ ਨਹੀਂ ਹੋਇਆ। ਇਹ ਠੀਕ ਹੈ ਕਿ ਜੂਲੀਅਨ ਕੈਲੰਡਰ ਵਿੱਚ ਸੋਧ ਅਕਤੂਬਰ 1582 ਈ: ਕੀਤੀ ਗਈ ਸੀ। ਪਰ ਇੰਗਲੈਂਡ ਨੇ ਇਸ ਸੋਧ ਨੂੰ ਪ੍ਰਵਾਨ ਨਹੀਂ ਸੀ ਕੀਤਾ। ਇੰਗਲੈਂਡ ਨੇ ਇਸ ਸੋਧ ਨੂੰ 170 ਸਾਲ ਪਿਛੋਂ, ਭਾਵ ਸਤੰਬਰ 1752 ਈ: ਵਿੱਚ ਪ੍ਰਵਾਨ ਕੀਤਾ ਸੀ। ਆਪਣੇ ਦੇਸ਼ ਵਿੱਚ ਅੰਗਰੇਜਾਂ ਦੇ ਆਉਂਣ ਨਾਲ ਗਰੈਗੋਰੀਅਨ ਕੈਲੰਡਰ ਹੀ ਆਇਆ ਸੀ। ਸ਼੍ਰੋਮਣੀ ਕਮੇਟੀ ਨੇ ਇਕ ਤਾਰੀਖ ਪ੍ਰਵਿਸ਼ਟਿਆਂ ਮੁਤਾਬਕ (5 ਜੇਠ) ਅਤੇ ਦੂਜੀ ਤਾਰੀਖ ਜੂਲੀਅਨ ਕੈਲੰਡਰ ਮੁਤਾਬਕ (5 ਮਈ) ਦਰਜ ਕੀਤੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਦੋਵਾਂ ਸਰਦਾਰਾਂ ਦੇ ਜਨਮ ਦਿਹਾੜੇ ਇਕੋ ਕੈਲੰਡਰ ਮੁਤਾਬਕ (3 ਜੇਠ ਅਤੇ 5 ਜੇਠ) ਨੂੰ ਕਿਉਂ ਨਹੀਂ ਮਨਾਏ ਜਾ ਸਕਦੇ?

ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ, ਆਪਣੇ ਕੈਲੰਡਰ ਵਿੱਚ ਕੁਝ ਦਿਹਾੜੇ ਵਦੀ-ਸੁਦੀ ਮੁਤਾਬਕ ਭਾਵ ਚੰਦ ਦੇ ਕੈਲੰਡਰ ਮੁਤਾਬਕ (ਸਾਲ ਦੀ ਲੰਬਾਈ 354 ਦਿਨ, ਕਦੇਂ-ਕਦੇਂ 384 ਦਿਨ) ਕੁਝ ਦਿਹਾੜੇ ਪ੍ਰਵਿਸ਼ਟਿਆਂ ਮੁਤਾਬਕ (ਸਾਲ ਦੀ ਲੰਬਾਈ 365.2563 ਦਿਨ) ਅਤੇ ਕੁਝ ਦਿਹਾੜੇ ਅੰਗਰੇਜੀ ਤਾਰੀਖਾਂ ਮੁਤਾਬਕ (ਸਾਲ ਦੀ ਲੰਬਾਈ 365.2425 ਦਿਨ) ਦਰਜ ਕਰਦੀ ਹੈ। ਤਿੰਨ ਬੇੜੀਆਂ ਦੀ ਸਵਾਰੀ ਕਰਨ ਦਾ ਕੀ ਕਾਰਨ ਹੈ? ਜੇ ਸਾਰੇ ਦਿਹਾੜੇ ਅਸਲ ਪ੍ਰਵਿਸ਼ਟਿਆਂ ਮੁਤਾਬਕ ਹੀ ਮਨਾਏ ਜਾਣ ਤਾਂ ਇਤਿਹਾਸ ਅਤੇ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?





| ਸੰਮਤ | ਸ. ਜੱਸਾ ਸਿੰਘ ਰਾਮਗੜ੍ਹੀਆ | | ਸ. ਜੱਸਾ ਸਿੰਘ ਆਹਲੂਵਾਲੀਆ | |
|---|---|---|---|---|
| 553 (21-22) | | | 5 ਜੇਠ | 18 ਮਈ |
| 554 (22-23) | | | 5 ਜੇਠ | 18 ਮਈ |
| 555 (23-24) | 22 ਵੈਸਾਖ | 5 ਮਈ | 5 ਜੇਠ | 19 ਮਈ |
| 556(24-25) | 23 ਵੈਸਾਖ | 5 ਮਈ | 5 ਜੇਠ | 18 ਮਈ |
| 557 (25-26) | 23 ਵੈਸਾਖ | 5 ਮਈ | 5 ਜੇਠ | 18 ਮਈ |
| 558 (26-27) | 22 ਵੈਸਾਖ | 5 ਮਈ | 5 ਜੇਠ | 19ਮਈ |

## ਮਾਂ

ਮਾਂ ਸ਼ਬਦ ਹੈ ਭਾਵੇਂ
ਸਭ ਰਿਸ਼ਤਿਆਂ ਚੋਂ ਨਿੱਕਾ
ਪਰ ਦੁਨੀਆਂ ਦਾ ਹਰ ਰਿਸ਼ਤਾ
ਇਸ ਰਿਸ਼ਤੇ ਅੱਗੇ
ਪੈ ਜਾਂਦਾ ਹੈ ਫਿੱਕਾ।

ਮਾਂ ਦੇ ਚਰਨਾਂ ਵਿੱਚ
ਜੰਨਤ ਹੁੰਦੀ
ਸਾਰੀ ਦੁਨੀਆਂ ਮੰਨੇ
ਨਿਰਇੱਛਤ ਹੋ ਕੇ
ਕਾਰਜ ਕਰਦੀ
ਨਹੀਂ ਪੈਂਦੀ ਵਿੱਚ ਹੱਦ ਬੰਨੇ।

ਮਾਂ ਦੀ ਸੂਰਤ
ਮਾਂ ਦੀ ਮੂਰਤ
ਵਸੀ ਰਹੇ ਮਨ ਦੇ ਵਿਹੜੇ
ਰੱਬ ਦੀ ਪੂਜਾ ਸਫ਼ਲ ਹੋ ਜਾਂਦੀ
ਮਾਂ ਦੀ ਪੂਜਾ ਕਰ ਲੈਂਦੇ ਜਿਹੜੇ।

ਮਾਂ ਇੱਕ ਅਹਿਸਾਸ ਹੈ
ਜੋ ਸਦਾ ਰਹੇ ਜਿਉਂਦਾ
ਭਾਵੇਂ ਦੇਸ਼ ਹੋਵੇ
ਭਾਵੇਂ ਪ੍ਰਦੇਸ਼
ਹਰ ਥਾਂ ਧਰਮਿੰਦਰਾ
ਮਾਂ ਦਾ ਚੇਤਾ ਆਉਂਦਾ।

ਧਰਮਿੰਦਰ ਸਿੰਘ (ਲੈਕਚਰਾਰ)
ਮੰਨਵੀ, ਮਲੇਰਕੋਟਲਾ

# ਚੰਦਰੀ ਚੌਧਰ ਦਾ ਸਵਾਲ ?

ਤਰਲੋਚਨ ਸਿੰਘ ਦੁਪਾਲ ਪੁਰ
001-408-905-5517
tsdupalpuir@yahoo.com

ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਵਿਰੁੱਧ ਬਣਾਏ ਗਏ ਕਾਨੂੰਨ ਦੀ ਭਰਵੀਂ ਸ਼ਲਾਘਾ ਵੀ ਹੋ ਰਹੀ ਹੈ ਅਤੇ ਕੁੱਝ ਅਵਾਜਾਂ ਵਿਰੋਧ ਦੀਆਂ ਵੀ ਆ ਰਹੀਆਂ ਹਨ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਕਾਨੂੰਨ ਦੇ ਕੀਤੇ ਜਾ ਰਹੇ ਵਿਰੋਧ ਵਿੱਚ ਕਈ ਕਾਨੂੰਨੀ ਘਾਟਾਂ/ਖਦਸ਼ਿਆਂ ਤੋਂ ਇਲਾਵਾ ਵੱਡੇ ਜੋਰ ਸ਼ੋਰ ਨਾਲ ਇਹ ਕਾਰਨ ਵੀ ਉਭਾਰਿਆ ਜਾ ਰਿਹਾ ਹੈ ਕਿ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਅਰੰਭ ਕਰਨ ਵੇਲੇ ਸਾਨੂੰ ਪੁੱਛਿਆ ਤੱਕ ਨਹੀਂ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਬ ਨੇ ਇਸ ਕਾਨੂੰਨ ਦੇ ਬਣਦੇ ਸਾਰ ਸ਼੍ਰੋਮਣੀ ਸੰਸਥਾ ਵਲੋਂ ਪਹਿਲਾਂ ਕੀਤੀ 'ਪੁਰਜ਼ੋਰ ਸ਼ਲਾਘਾ' ਅਤੇ ਪੰਜਾਬ ਸਰਕਾਰ ਦੇ ਕੀਤੇ ਗਏ 'ਧੰਨਵਾਦ' ਦੀ, ਹਫਤੇ ਕੁ ਮਗਰੋਂ ਮੁਆਫੀ ਮੰਗਦਿਆਂ ਵਿਰੋਧ ਦਾ ਇਹ ਕਾਰਨ ਉਚੇਚ ਨਾਲ ਦੁਹਰਾਇਆ ਕਿ ਸਿੱਖ ਪੰਥ ਦੇ ਇਸ਼ਟ ਸਬੰਧੀ ਇਹ ਕਾਨੂੰਨ ਬਣਾਉਣ ਵੇਲੇ ਰਾਏ ਦੇਣ ਦੇ ਅਸੀਂ 'ਪ੍ਰਥਮ ਹੱਕਦਾਰ' ਸਾਂ ਪਰ ਮਾਨ ਸਰਕਾਰ ਨੇ ਸਾਨੂੰ ਅਣਗੌਲ਼ਿਆ ਕਰ ਦਿੱਤਾ।

ਵੈਸੇ ਮੇਰਾ ਮੰਨਣਾ ਹੈ ਕਿ ਜੇ ਏਹੀ ਕਾਨੂੰਨ ਸੁਖਬੀਰ ਸਿੰਘ ਬਾਦਲ ਦੇ ਰਾਜ-ਭਾਗ ਵਿੱਚ ਬਣਿਆਂ ਹੁੰਦਾ ਤਾਂ ਧਾਮੀ ਸਾਹਬ ਨੇ ਸਾਰੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿੱਚ ਸੁਖਬੀਰ ਬਾਦਲ ਨੂੰ ਸੱਦ ਸੱਦ ਕੇ ਉਹਦੀ ਗਰਦਣ ਸਿਰੋਪਿਆਂ ਨਾਲ਼ ਭਰ ਦੇਣੀ ਸੀ!

ਚਲੋ ਖੈਰ ਕਾਨੂੰਨੀ ਬਰੀਕੀਆਂ ਦੀ ਕੋਈ ਚੀਰ-ਫਾੜ ਕਰਨ ਦੀ ਬਜਾਇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਧਾਮੀ ਜੀ ਦੇ ਉਕਤ ਹਿਰਖ ਬਾਰੇ ਮੈਨੂੰ ਪੇਂਡੂ ਪਿਛੋਕੜ ਵਾਲ਼ੀ ਇਕ ਲੋਕ-ਵਾਰਤਾ ਚੇਤੇ ਆ ਗਈ ਜੋ ਇਸ ਘਟਨਾਕ੍ਰਮ ਨਾਲ ਕਾਫੀ ਢੁਕਦੀ ਹੈ-



ਕਹਿੰਦੇ ਕਿਸੇ ਪੇਂਡੂ ਘਰ ਵਿੱਚ ਨਵੀਂ ਨਵੀਂ ਆਈ ਵਹੁਟੀ ਨੇ ਆਪਣੇ ਸਹੁਰਾ ਪ੍ਰਵਾਰ ਦੇ ਜੀਆਂ ਦੀ ਫਿਤਰਤ ਬਾਰੇ ਜਾਣ ਲਿਆ ਕਿ ਇਹ ਏਨੇ ਕੰਜੂਸ ਹਨ ਕਿ ਦਰ ਆਏ ਕਿਸੇ ਮੰਗਤੇ ਫਕੀਰ ਨੂੰ ਖ਼ੈਰ ਵੀ ਨਹੀਂ ਪਾਉਂਦੇ!

ਇਕ ਦਿਨ ਕੀ ਹੋਇਆ ਕਿ ਵਹੁਟੀ ਝਾੜੂ-ਬਹਾਰੂ ਕਰਕੇ ਜਿਉਂ ਹੀ ਕੂੜਾ ਸੁੱਟਣ ਦਰਵਾਜਿਉਂ ਬਾਹਰ ਨਿਕਲ਼ੀ ਤਾਂ ਇਕ ਮੰਗਤੇ ਨੇ ਅਲਖ ਜਗਾਈ। ਵਹੁਟੀ ਨੇ ਹੱਥ ਦਾ ਇਸ਼ਾਰਾ ਕਰਦਿਆਂ ਦੱਬਵੀਂ ਜ਼ੁਬਾਨੇ ਮੰਗਤੇ ਨੂੰ ਕਹਿ'ਤਾ ਕਿ ਭਾਈ ਅਗਲੇ ਘਰ ਚਲਾ ਜਾਹ ਇੱਥੋਂ ਕੁੱਝ ਨਹੀਂ ਮਿਲਣਾ ਤੈਨੂੰ!

ਮੰਗਤਾ ਤਾਂ ਇਹ ਘਰ ਛੱਡਕੇ ਗਲ਼ੀ ਓ ਗਲ਼ੀ ਅਗਲੇ ਘਰ ਨੂੰ ਤੁਰ ਪਿਆ ਪਰ ਓਧਰ ਘਰ ਵਿੱਚ ਤੁਰੀ ਫਿਰਦੀ ਸੱਸ ਨੇ ਸੁਣ ਲਿਆ ਕਿ ਵਹੁਟੀ ਨੇ ਦਰ ਆਏ ਮੰਗਤੇ ਨੂੰ 'ਕੁੱਝ ਕਿਹਾ' ਹੈ। ਸੋ ਉਹ 'ਮੌਕਾ ਦੇਖਣ ਵਾਲ਼ਿਆਂ' ਵਾਂਗ ਦਰਵਾਜੇ ਵੱਲ੍ਹ ਨੂੰ ਦੌੜੀ ਆਈ ਤੇ ਇਹ ਘਰ ਛੱਡ ਕੇ ਅਗਲੇ ਘਰ ਵੱਲ੍ਹ ਤੁਰੇ ਜਾਂਦੇ ਮੰਗਤੇ ਨੂੰ 'ਵਾਜ ਮਾਰ ਕੇ ਪਿੱਛੇ ਨੂੰ ਮੋੜ ਲਿਆ।

ਕਹਿੰਦੀ-ਵੇ ਭਾਈ, ਸਾਡੇ ਘਰ ਮੰਗਣ ਆਏ ਨੂੰ ਤੈਨੂੰ ਵਹੁਟੀ ਨੇ ਕੀ ਕਹਿ ਦਿੱਤਾ ?

ਨਿਮਾਣਾ ਜਿਹਾ ਹੁੰਦਿਆਂ ਮੰਗਤਾ ਕਹਿੰਦਾ ਜੀ ਬੀਬੀ ਨੇ ਏਹੀ ਕਿਹਾ ਕਿ ਇਸ ਘਰੋਂ ਤੈਨੂੰ ਖ਼ੈਰ ਨਹੀਂ ਮਿਲਣੀ...!

ਸੱਸ ਮਾਤਾ ਉਹਨੂੰ ਵਿੱਚੋਂ ਹੀ ਟੋਕਦਿਆਂ ਬੋਲੀ-

"ਉਹ ਕੌਣ ਹੁੰਦੀ ਐ ਤੈਨੂੰ ਜਵਾਬ ਦੇਣ ਵਾਲ਼ੀ! ਕੱਲ੍ਹ ਆ ਕੇ 'ਪ੍ਰਧਾਨ' ਬਣ ਗਈ ਐ? ਜਵਾਬ ਤਾਂ ਤੈਨੂੰ ਮੈਂ ਦੇਣਾ ਸੀ ! .... ਜਾਹ ਭਾਈ ਭੱਜ ਜਾ ਇੱਥੋਂ !"

# • ਪੰਜਾਬੀ ਫ਼ਿਲਮ ਦਰਪਣ •

## ਇੰਟਰਨੈੱਟ ਵੀ ਗਵਾਹ ਹਰਬੀਰ ਢੀਂਡਸਾ ਦੇ ਨੇ ਬੇਕਸੂਰ ਸਹੁਰੇ



ਪੰਜਾਬੀ ਲਘੂ ਫਿਲਮਾਂ ਵਿੱਚ ਸਮਾਂ ਬਦਲਣ ਨਾਲ ਹਰਬੀਰ ਸਿੰਘ ਢੀਂਡਸਾ ਨੇ ਵੀ ਆਪਣੇ ਨਿਰਦੇਸ਼ਕ ਤੇ ਲੇਖਕ ਵਜੋਂ ਕੈਰੀਅਰ ਵਿੱਚ ਕਈ ਨਵੇਂ ਕ੍ਰਾਂਤੀ ਕਾਰੀ ਫੈਸਲੇ ਲਏ ਨੇ ਤੇ ਹੁਣ ਓਹਨਾਂ ਸ਼ੋਰਟ ਫ਼ਿਲਮਾਂ ਬਾਅਦ ਵੈੱਬ ਸੀਰੀਜ਼ ਕਿਸ਼ਤਾਂ ਵਿੱਚ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਸ ਨਾਲ ਵੈੱਬ ਸੀਰੀਜ਼ ਦਾ ਬਜ਼ਾਰ ਗਰਮ ਹੁੰਦਾ ਹੈ। ਓਹਨਾਂ ਮਿਊਜ਼ਿਕ ਹੱਟ ਟੀਵੀ ਦੇ ਬੈਨਰ ਹੇਠ ਵੈੱਬ ਸੀਰੀਜ਼ ਭਾਗ ਪਹਿਲਾ "ਬੇਕਸੂਰ ਸਹੁਰੇ" ਲਿਆਂਦੀ ਹੈ ਜਿਸ ਨੂੰ ਅੱਛਾ ਹੁੰਗਾਰਾ ਮਿਲਿਆ ਹੈ। ਕੁਲਦੀਪ ਦੋਸਾਂਝ ਤੇ ਰਵਿੰਦਰ ਪਿੰਕੀ ਦੇ ਨਾਲ ਸੁਮਨ ਬਾਠ ਤੇ ਸਿਮਰਨ ਸਿੱਧੂ ਇਸ ਵਿੱਚ ਹਨ। ਜਗਨਾਰ ਤੇ ਵਿਸ਼ਵਜੀਤ ਦਾ ਵੀ ਫ਼ਿਲਮ ਵਿੱਚ ਅੱਛਾ ਕੰਮ ਰੱਖਿਆ ਗਿਆ ਹੈ ਜੱਸ ਮਾਨਸਾ, ਅਵਤਾਰ ਪਨੇਸਰ, ਮਨਜੀਤ ਜੱਸਲ ਵੀ ਫ਼ਿਲਮ ਦੇ ਕਲਾਕਾਰ ਹਨ। ਬਾਕੀ ਫ਼ਿਲਮ ਵਿੱਚ ਪੋਸਟਰ ਤੇ ਤਸਵੀਰ ਅਮਨ ਪੂਨੀਆ ਦੀ ਵੀ ਪੁਲਿਸ ਪਹਿਰਾਵੇ ਵਿੱਚ ਹੈ ਪਰ ਓਸ ਦਾ ਨਾਮ ਨਹੀਂ। ਖ਼ੈਰ ਇਹ ਤੇ ਨਿਰਦੇਸ਼ਕ ਹਰਬੀਰ ਢੀਂਡਸਾ ਹੀ ਦੱਸ ਸਕਦੇ ਹਨ। ਪ੍ਰੀਤ ਗਰੇਵਾਲ ਕਨੇਡਾ ਤੇ ਹਰਪ੍ਰੀਤ ਢੀਂਡਸਾ, ਪਰਮਜੀਤ ਕੌਰ ਤੇ ਅਮਿਤੋਜ਼ ਢੀਂਡਸਾ ਫ਼ਿਲਮ ਦੇ ਮੁੱਖ ਸਹਯੋਗੀ ਹਨ। ਇਸ ਤਰਾਂ ਲੱਗਦਾ ਹੈ ਕਿ ਹਰਬੀਰ ਸਿੰਘ ਢੀਂਡਸਾ ਵੱਡੇ ਪੱਧਰ ਤੇ ਪੰਜਾਬੀ ਵੈੱਬ ਸੀਰੀਜ਼ ਨੂੰ ਉਤਸ਼ਾਹ ਕਰਨ ਲਈ ਆਪਣਾ ਯੋਗਦਾਨ ਦੇ ਰਹੇ ਹਨ।

## ਕੌਰ ਸਿੰਮੀ ਝੂਮ ਝੂਮ ਕਿ ਗਾਏ ਜੈ ਜੈ ਕਿੰਨਰ ਫ਼ਕੀਰ

ਸਟੀਜ਼ੇ ਰਿਕਾਰਡਜ਼ ਕੰਪਨੀ ਨੇ ਪੰਜਾਬ ਦੀ ਸੁੰਦਰ ਸੂਰਤ ਤੇ ਸੀਰਤ ਵਾਲੀ ਆਵਾਜ਼ ਕੌਰ ਸਿੰਮੀ ਦਾ ਇੱਕ ਐਸਾ ਗੀਤ ਰਲੀਜ਼ ਕੀਤਾ ਜਿਸ ਵਰਗ ਵੱਲ ਕਿਸੇ ਕਲਾਕਾਰ



ਖਾਸ ਕਰ ਪੰਜਾਬੀ ਦਾ ਧਿਆਨ ਹੀ ਨਹੀਂ ਸੀ ਗਿਆ ਅੱਜ ਤੱਕ। ਇਸ ਗੀਤ ਦੇ ਆਉਂਦੇ ਹੀ ਸੂਫ਼ੀਆਨਾ ਗਾਇਕੀ ਤੇ ਵੱਖਰੀ ਨਿਵੇਕਲੀ ਗਾਇਕੀ ਵਿੱਚ ਸਿੰਮੀ ਰਾਤੋ ਰਾਤ ਸਟਾਰ ਗਾਇਕਾ ਬਣ ਚੁੱਕੀ ਹੈ। ਅਹਿਮ ਗੱਲ ਇਹ ਹੈ ਕਿ ਲੋਕ ਪ੍ਰਿਅ ਕਲਾਕਾਰ ਚਿਹਰੇ ਸਿਮਰਨ ਧੁੱਗਾ ਨੇ ਕੌਰ ਸਿੰਮੀ ਲਈ ਇਹ ਗੀਤ ਖਾਸ ਤੌਰ ਤੇ ਲਿਖਿਆ ਹੈ। ਇਸ ਗੀਤ ਦਾ ਟਾਈਟਲ ਹੈ "ਜੈ ਜੈ ਕਿੰਨਰ ਫ਼ਕੀਰ" ਤੇ ਕਿੰਨਰ ਵਰਗ ਇਸ ਗੀਤ ਨੂੰ ਪ੍ਰੇਮ ਨਾਲ ਆਪਣੀ ਝੋਲੀ ਪੁਆ ਰਿਹਾ ਹੈ।ਕੌਰ ਸਿੰਮੀ ਮੇਲਿਆਂ ਦਾ ਸੀਜ਼ਨ ਲਾਓਣ ਬਾਅਦ ਚੁੱਪ ਸੀ ਤੇ ਇਹ ਚੁੱਪ ਸ਼ਾਨ ਨਾਲ ਓਸ ਦੀ ਕਾਮਯਾਬੀ ਦੇ ਰੌਲੇ ਨਾਲ ਟੁੱਟ ਰਹੀ ਹੈ। ਗੁਰਜਿੰਦਰ ਗੁਰੀ ਨੇ ਟਰੈਕ ਮਿਕਸ ਅੱਤੀ ਉੱਤਮ ਕੀਤਾ ਹੈ ਤੇ ਵਿਰਦੀ ਸਾਬ ਨੇ ਕੌਰ ਸਿੰਮੀ ਦੀ ਆਵਾਜ਼ ਨੂੰ ਆਪਣੇ ਮਧੁਰ ਬਾਖ਼ੂਬੀ ਸੰਗੀਤ ਨਾਲ ਸ਼ਿੰਗਾਰ ਕਿ ਪੇਸ਼ ਕੀਤਾ ਹੈ। ਸੋਨੂੰ ਬੈਂਸ ਨੇ ਵੀਡੀਓ ਨਿਰਦੇਸ਼ਕ ਬਣ ਆਪਣੇ ਕੰਮ ਨੂੰ ਕਾਮਯਾਬ ਕੀਤਾ ਹੈ ਤੇ ਡੀ ਓ ਪੀ ਵੀ ਸੋਨੂੰ ਹੀ ਹਨ। ਨੂਰ ਸਾਈਂ ਜੀ, ਭੋਲੀ ਸਾਈ ਜੀ ਤੇ ਪ੍ਰੀਤੀ ਮਲ ਜੀ ਨਾਲ ਮਾਈ ਸੋਨੀਆ ਸਬਰੀ ਦਾ ਅਸ਼ੀਰਵਾਦ ਕੌਰ ਸਿੰਮੀ ਨੂੰ ਮਿਲਿਆ ਹੈ ਤੇ ਇਸ ਸਹਿਯੋਗ ਨੇ ਕੌਰ ਸਿੰਮੀ ਨੂੰ ਅਲੱਗ ਅਲੱਗ ਕਿਸਮ ਦੇ ਬੈਸਟ ਬੀਟ ਗੀਤ ਗਾ ਕਿ ਚਰਚਿਤ ਹੋਣ ਵਾਲੀ ਕਲਾਕਾਰ ਬਣਾ ਦਿੱਤਾ ਹੈ। ਇਸ ਸਭ ਲਈ ਸਿਮਰਨ ਧੁੱਗਾ, ਵਿਰਦੀ ਸਾਬ, ਟੀਮ ਕੌਰ ਸਿੰਮੀ ਵਧਾਈ ਦੀ ਪਾਤਰ ਹੈ।

## ਪ੍ਰੇਮ ਨਗਰ ਦਾ ਰਹਿਣੇ ਵਾਲਾ ਹੂੰ ਮੇਰਾ ਨਾਮ ਅਸ਼ੋਕ ਮਲਹੋਤਰਾ



ਜਿਆਦਾ ਰੇਡੀਓ ਨਾਟਕ ਕਰਨ ਦਾ ਵੀ ਰਿਕਾਰਡ ਅਸ਼ੋਕ ਮਲਹੋਤਰਾ ਕੋਲ ਹੈ ਤੇ ਆਸ਼ਿਕ ਏ ਐਕਟਿੰਗ ਅਸ਼ੋਕ ਮਲਹੋਤਰਾ ਆਪਣੇ ਦੋਸਤਾਂ ਵਿੱਚ ਰਜੇਸ਼ ਖੰਨਾ ਅਖਵਾਉਂਦੇ ਰਹੇ ਹਨ। ਵੈਸੇ ਅੱਜ ਮੁੰਬਈ ਦੇ ਸਟਾਰ ਐਕਟਰ ਤੇ ਡਾਇਰੈਕਟਰ ਹੁੰਦੇ ਜੇਕਰ ਨੌਕਰੀ ਦੀਆਂ ਰੁਕਾਵਟਾਂ ਨਾ ਹੁੰਦੀਆਂ। ਅਸ਼ੋਕ ਮਲਹੋਤਰਾ ਦੂਰਦਰਸ਼ਨ ਜਲੰਧਰ ਦੇ ਨਾਮਵਰ ਐਕਟਰ ਵੀ ਹਨ ਤੇ ਸਰਦਾਰਜੀਤ ਬਾਵਾ ਜਿਹੇ ਦਿੱਗਜ ਵੀ ਆਖਦੇ ਨੇ ਕਿ ਅਸ਼ੋਕ ਮਲਹੋਤਰਾ ਨਾਟਕ, ਫ਼ਿਲਮ ਤੇ ਬਾਕੀ ਕਈ ਖੇਤਰਾਂ ਵਿੱਚ ਅੱਗੇ ਹਨ ।ਅਸ਼ੋਕ ਮਲਹੋਤਰਾ ਕੋਲ ਵਿਸ਼ਾਲ ਬਾਲੀਵੁੱਡ ਤਜ਼ਰਬਾ ਹੈ ਤੇ ਗੱਲ ਓਹਨਾਂ ਦੇ ਰੋਮਾਂਟਿਕ ਸੁਭਾਅ ਦੀ ਤਾਂ ਦੱਸਦੇ ਨੇ ਕਿ ਓਹ ਸ਼ੁਰੂ ਤੋਂ ਐਸੇ ਨੇ ਤੇ ਓਹਨਾਂ ਦੀ ਪਤਨੀ ਵੀ ਆਖਦੇ ਨੇ ਕਿ ਇਹ ਵਿਆਹ ਦੇ ਚਾਰ ਪੰਜ ਸਾਲ ਤਾਂ ਬਿਲਕੁਲ ਰਜੇਸ਼ ਖੰਨਾ ਮੁਮਤਾਜ ਜਿਹਾ ਵਤੀਰਾ ਕਰਦੇ ਰਹੇ। ਅਸ਼ੋਕ ਮਲਹੋਤਰਾ ਸ਼ਾਨਦਾਰ ਡਾਇਰੈਕਟਰ ਬਣ ਚੌਪਾਲ ਟੀਵੀ ਤੇ ਸ਼ਲਾਘਾ ਪ੍ਰਾਪਤ ਕਰ ਚੁੱਕੇ ਨੇ ਤੇ ਇਸ ਵੇਲੇ ਦੋ ਹੋਰ ਫ਼ਿਲਮਜ਼ ਦੇ ਨਿਰਦੇਸ਼ਨ ਦੀ ਤਿਆਰੀ ਵਿੱਚ ਹਨ। ਇਸ ਦੇ ਨਾਲ ਓਹ ਫ਼ਿਲਮ ਟੀਵੀ ਕਲਾਕਾਰ ਅੰਮ੍ਰਿਤਸਰ ਦੇ ਪ੍ਰਮੁੱਖ ਵੀ ਹਨ ਤੇ ਸਮਾਜ ਸੇਵਾ ਵਿੱਚ ਵੀ ਮਸ਼ਰੂਫ ਰਹਿੰਦੇ ਹਨ। ਅਸ਼ੋਕ ਮਲਹੋਤਰਾ ਦੇ ਪਤਨੀ ਹੱਸਦੇ ਨੇ ਕਿ ਓਹ ਮੇਰੇ ਨਾਲ ਪੰਜ ਸਾਲ ਵਿਆਹ ਬਾਅਦ ਪ੍ਰੇਮ ਪੀਂਘਾਂ ਝੂਟਣ ਲਈ ਡਲਹੌਜੀ, ਸ਼ਿਮਲਾ ਲਿਜਾਂਦੇ ਸਨ। ਅਸ਼ੋਕ ਦੀ ਹਰ ਫ਼ਿਲਮ ਵਿੱਚ ਇੱਕ ਰੋਮਾਂਟਿਕ ਦ੍ਰਿਸ਼ ਜ਼ਰੂਰ ਹੁੰਦਾ ਹੈ।

## ਮਾਂ ਤੁਝੇ ਸਲਾਮ ਮਾਂ ਯਾਦ ਆਉਂਦੀ ਐ ਬੰਨੀ ਸ਼ਰਮਾ



ਬੰਨੀ ਸ਼ਰਮਾ ਅੱਜ ਵੀ ਓਸ ਤਰਾਂ ਹੀ ਚੁਸਤ ਤੇ ਸਰਗਰਮ ਨੇ ਜਿੰਨਾ ਓਹ ਤਦ ਸਨ ਜਦ ਓਹਨਾਂ ਦੇ ਜਲੰਧਰ ਟੀਵੀ ਤੇ ਤਿੰਨ ਤਿੰਨ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਸਨ। ਬੰਨੀ ਸ਼ਰਮਾ ਨੇ "ਮਾਣ ਪੰਜਾਬ ਦੇ" ਨਾਲ ਕਲਾਕਾਰ ਚਮਕਾ ਦਿੱਤੇ। ਬੰਨੀ ਸ਼ਰਮਾ ਸੰਸਕਾਰੀ ਇਨਸਾਨ ਨੇ ਤੇ "ਮਦਰ ਡੇਅ" ਤੇ ਓਹ ਹਰ ਸਾਲ ਆਪਣੀ ਮਾਤਾ ਜੀ ਨੂੰ ਯਾਦ ਕਰਦੇ ਸ਼ਰਧਾ ਫੁੱਲ ਦਿੰਦੇ ਹਨ। ਇਹ ਮਾਂ ਦੀਆਂ ਅਸੀਸਾਂ ਨੇ ਕਿ ਓਹ ਅੱਜ ਕਨੇਡਾ ਤੱਕ ਸੰਗੀਤ ਤੇ ਕਲਚਰ ਹਲਕਿਆਂ ਵਿੱਚ ਜਾਣ ਪਛਾਣ ਰੱਖਦੇ ਹਨ। ਬੰਨੀ ਸ਼ਰਮਾ ਨੇ ਬਕਾਇਦਾ ਇੰਸਟਾਗ੍ਰਾਮ ਤੇ ਸਟੋਰੀ ਹਰ ਸਾਲ ਮਾਂ ਨੂੰ ਸਮਰਪਿਤ ਪਾਉਣੀ ਹੁੰਦੀ ਹੈ। ਲਿਖਿਆ ਕਿ ਮਾਤਾ ਜੀ ਤੁਹਾਡੀ ਘਾਟ ਬਹੁਤ ਮਹਿਸੂਸ ਹੁੰਦੀ ਹੈ ਤੇ ਤੁਹਾਡੀ ਪ੍ਰਭੂ ਚਰਨਾਂ ਵਿੱਚ ਸਦਾ ਥਾਂ ਰਹੇ ਅਰਜ਼ੋਈ ਰੱਬ ਅੱਗੇ ਹੈ। ਹਰ ਵੇਲੇ ਅੱਛੇ ਕਰਮ ਕਰਾਂ, ਨੇਕੀ ਨਾਲ ਆਪਣੀ ਔਲਾਦ ਨੂੰ ਵਕਤ ਵਕਤ ਤੇ ਗਾਈਡ ਕਰਦਾ ਰਹਾਂ। ਬੰਨੀ ਸ਼ਰਮਾ ਦੇ ਇਸ ਵੇਲੇ ਤਿੰਨ ਪ੍ਰੋਜੈਕਟ ਆਰ ਜੇ ਬੀਟਸ ਚੋ ਆ ਕਿ ਮਾਰਕੀਟ ਦਾ ਸ਼ਿੰਗਾਰ ਹਨ।ਬੰਨੀ ਸ਼ਰਮਾ ਨੇ ਕਲਾਕਾਰਾਂ ਤੇ ਸਮਾਜ ਨੂੰ ਕਿਹਾ ਕਿ ਮਾਂ ਇੱਕ ਤਰਾਂ ਰੱਬ ਦਾ ਹੀ ਰੂਪ ਹੈ। ਮਾਤਾ ਦੀ ਸੇਵਾ ਹੀ ਪਰਮਾਤਮਾ ਨੂੰ ਖੁਸ਼ ਕਰਦੀ ਹੈ। ਬੰਨੀ ਸ਼ਰਮਾ ਇਸ ਵੇਲੇ ਜਰਨੈਲ ਘੁਮਾਣ ਨਾਲ ਨਵੇਂ ਗੀਤਕਾਰਾਂ ਦੇ ਗੀਤ ਏ ਆਈ ਨਾਲ ਕਰ ਰਲੀਜ਼ ਕਰ ਰਹੇ ਹਨ।

## ਪੰਜਾਬੀ ਲਘੂ ਫਿਲਮਾਂ ਦੇ ਖ਼ੈਰ ਖ਼ਵਾਹ ਨੇ ਭਗਵੰਤ ਕੰਗ



ਸੱਚ ਤੇ ਇਹ ਹੈ ਕਿ ਪੰਜਾਬੀ ਲਘੂ ਫਿਲਮਾਂ ਦਾ ਮੂੰਹ ਮੁਹਾਂਦਰਾ ਨਿਰਦੇਸ਼ਕ ਭਗਵੰਤ ਸਿੰਘ ਕੰਗ ਨੇ ਹੀ ਬਣਾਇਆ ਹੈ। ਭਗਵੰਤ ਸਿੰਘ ਕੰਗ ਹਮੇਸ਼ਾ ਇਹ ਸੋਚ ਕਿ ਚਲਦੇ ਨੇ ਕਿ ਘੱਟ ਪੈਸਿਆਂ ਵਿੱਚ ਸ਼ੋਰਟ ਫ਼ਿਲਮ ਵਧੀਆ ਬਣ ਮਨੋਰੰਜਕ ਪੂਰੀ ਹੁੰਦੀ ਹੈ ਤੇ ਨੈੱਟ ਤੇ ਦਰਸ਼ਕ ਜਿਆਦਾ ਹਨ। ਭਗਵੰਤ ਸਿੰਘ ਕੰਗ ਇਸ ਕਰ ਕਿ ਪੰਜਾਬੀ ਲਘੂ ਫਿਲਮਾਂ ਨੂੰ ਉੱਨਤ ਦੇਖਣਾ ਚਾਹੁੰਦੇ ਹਨ। ਇਹ ਹੱਕ ਹੈ ਸਾਡਾ ਕਿ ਅਸੀਂ ਵੀ ਪਾਲੀਵੁੱਡ ਦਾ ਹਿੱਸਾ ਹਾਂ ਤੇ ਅਜਿਹੀ ਸੋਚ ਭਗਵੰਤ ਕੰਗ ਦੀ ਦਾ ਫਲ ਕਿ ਅੱਜ ਪੰਜਾਬੀ ਲਘੂ ਫਿਲਮਾਂ ਦੇ ਮੇਲੇ ਪੰਜਾਬੀ ਫ਼ਿਲਮਾਂ ਤੇ ਟੀਵੀ ਕਲਾਕਾਰ ਲੋਕਾਂ ਦੀ ਸੰਸਥਾ ਕਰਵਾ ਰਹੀ ਹੈ। ਪਿਛਲੇ ਸਾਲ ਲਘੂ ਫਿਲਮਾਂ ਦਾ ਮੇਲਾ ਕਾਮਯਾਬ ਰਿਹਾ ਤੇ ਇਸ ਸਾਲ ਜੂਨ ਵਿੱਚ ਇਹ ਮੇਲਾ ਹੋਣ ਦੀ ਖ਼ਬਰ ਹੈ। ਭਗਵੰਤ ਕੰਗ ਦੀ ਖ਼ੂਬੀ ਕਿ ਓਸ ਨੇ ਸਾਹਿਤ ਤੇ ਫ਼ਿਲਮਜ਼ ਭੈਣ ਭਰਾ ਬਣਾ ਦਿੱਤੇ ਨੇ ਤੇ ਨਾਵਲਾਂ ਤੇ ਫ਼ਿਲਮਜ਼ ਬਣਾ ਹਿੱਟ ਕਰ ਦਿਖਾ ਦਿੱਤੀਆਂ ਹਨ। ਹੁਣ ਕੁੱਝ ਚਿਰ ਤੋਂ ਚੁੱਪ ਨੇ ਕੰਗ ਤੇ ਅੱਜ ਕਲ ਓਹ ਜਿਆਦਾ ਘੁੰਮਣ ਫਿਰਨ ਤੇ ਹਨ ਤੇ ਫ਼ਿਲਮ ਆਲੋਚਕਾਂ ਨਾਲ ਮੀਟਿੰਗ ਕਰਦੇ ਨੇ ਪਰ ਭਗਵੰਤ ਸਿੰਘ ਕੰਗ ਸਾਬ ਇਹਨਾਂ ਦੀ ਵਾਹ ਵਾਹ ਨਾਲੋ ਪਹਿਲਾਂ ਦੀ ਤਰਾਂ ਜਲਦੀ ਫ਼ਿਲਮ ਬਣਾ ਕਿ ਦਿਓ ਜਿਵੇਂ "ਪੁੱਤਾਂ ਦੇ ਵਪਾਰੀ" "ਬਲਦੇ ਦਰਿਆ" ਬਣਾ ਕਿ ਦਿੱਤੀਆਂ ਸਨ।

## ਐਚ ਆਰ ਡੀ ਸਿੰਘ ਨੂੰ ਇੱਕ ਹੱਥ ਦੁੱਖ ਦੂਜੇ ਹੱਥ ਸੁੱਖ




ਐਚ ਆਰ ਡੀ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੇ ਐਕਟਰ ਤੇ ਸ਼ੋਰਟ ਫ਼ਿਲਮਾਂ ਦੇ ਮੇਕਰ ਤੇ ਨਿਰਦੇਸ਼ਕ ਨੇ ਤੇ ਨਾਲ ਓਹ ਵੀਡੀਓ ਗਾਣੇ ਵੀ ਕਰਦੇ ਰਹਿੰਦੇ ਹਨ। ਐਚ ਆਰ ਡੀ ਸਿੰਘ ਸਿੱਖੀ ਤੇ ਸਰਦਾਰੀ ਰੂਪ ਵਿੱਚ ਕੰਮ ਕਰਦੇ ਨੇ ਇਹ ਫਖਰ ਵਾਲੀ ਗੱਲ ਹੈ। ਐਚ ਆਰ ਡੀ ਸਿੰਘ ਯੂ ਐਸ ਏ ਤੱਕ ਫ਼ਿਲਮਜ਼ ਕਰਨ ਗਏ ਇੱਕ ਪਾਸੇ ਢੇਰ ਖੁਸ਼ੀਆਂ ਪਰ ਅਚਾਨਕ ਐਡਾ ਵੱਡਾ ਦੁੱਖ ਕਿ ਓਹਨਾਂ ਦੀ ਜੀਵਨ ਸਾਥਣ ਰੱਬ ਨੇ ਖੋਹ ਲਈ ਕੋਈ ਜ਼ੋਰ ਨਹੀਂ ਇਹੀ ਹੁੱਕਮ ਓਸ ਦੇ ਲਿਖੇ ਨੇ ਇਨਸਾਨ ਕੁੱਝ ਨਹੀਂ ਕਰ ਸਕਦਾ ਤੇ ਉਦਾਸ ਮਨ ਨਾਲ ਆਪਣੇ ਕੰਮ ਨੂੰ ਮਿਲੀ ਵੱਡੀ ਪ੍ਰਾਪਤੀ ਓਹ ਦੱਸ ਰਹੇ ਨੇ ਪਰ ਖੁੱਲ੍ਹ ਕਿ ਇਸ ਦਾ ਓਹ ਜਸ਼ਨ ਵੀ ਨਹੀਂ ਮਨਾ ਸਕਦੇ ਉਫ਼ ਖ਼ੈਰ ਓਹਨਾਂ ਨੇ ਵੀਡੀਓ "ਬਾਬਲ ਦਾ ਵੇਹੜਾ" ਕੀਤਾ ਤੇ ਬੀਦਿਓ ਵਾਲੇ ਵੱਲੋਂ ਬਣਾਏ ਇਸ ਵੀਡੀਓ ਵਿੱਚ ਐਚ ਆਰ ਡੀ ਸਿੰਘ ਦਾ ਕਿਰਦਾਰ ਸਭ ਨੇ ਪਸੰਦ ਕੀਤਾ ਤੇ ਅੱਜ 65 ਮਿਲੀਅਨ ਵਿਊ ਇਸ ਦੇ ਹੋਏ ਨੇ ਕਾਸ਼ ਸਰਦਾਰਨੀ ਐਚ ਆਰ ਡੀ ਸਿੰਘ ਹੁੰਦੇ ਤਾਂ ਐਚ ਆਰ ਡੀ ਸਿੰਘ ਅੱਜ ਓਹਨਾਂ ਨਾਲ ਇਹ ਵੱਡੀ ਪ੍ਰਾਪਤੀ ਵਾਲੀ ਖੁਸ਼ੀ ਸਾਂਝੀ ਕਰਦੇ।

## ਅੰਤ ਵਿੱਚ ਦੁੰਮ ਛੱਲਾ

"ਜੈ ਜੈ ਕਿੰਨਰ ਫ਼ਕੀਰ" ਕਰਦੀ ਕਿੰਨਰ ਸਮਾਜ ਲਾਈ ਕਵੀਨ ਆਫ ਸਿੰਗਿੰਗ ਬਣੀ ਤਾਂ ਹਰਬੀਰ ਢੀਂਡਸਾ ਨੇ ਕਿਹਾ "ਬੇਕਸੂਰ ਸਹੁਰੇ" ਕਸੂਰਵਾਰ ਬਣਾਉਣ ਵਾਲੇ ਰਿਸ਼ਤੇਦਾਰਾਂ ਦਾ ਰੱਬ ਭਲਾ ਕਰੇ। ਰੋਮਾਂਸ ਕਿੰਗ ਅਸ਼ੋਕ ਮਲਹੋਤਰਾ ਦੀ ਘਰਵਾਲੀ ਬੋਲੀ ਸੱਸ ਮੇਰੀ ਨੇ ਰੋਮਾਂਟਿਕ ਹੀਰੋ ਜੰਮਿਆ ਤੇ ਬੰਨੀ ਸ਼ਰਮਾ ਬੋਲੇ "ਮਾਂ ਰੱਬ ਦਾ ਨਾਮ" ਜਦ ਕਿ ਭਗਵੰਤ ਕੰਗ ਨੇ ਕਿਹਾ "ਬਾਬਲ ਦਾ ਵੇਹੜਾ" ਧੀ ਨੂੰ ਨਹੀਂ ਭੁੱਲਦਾ ਐਚ ਆਰ ਡੀ ਸਿੰਘ ਪੰਜਾਬ ਦਾ ਏ ਅਮੀਰ ਕਲਚਰ।

-ਅੰਮ੍ਰਿਤ ਪਵਾਰ